MOVING To INDIANA?

ਇੰਡੀਆਨਾ 'ਚ ਕਿਫਾਇਤੀ ਰਿਹਾਇਸ਼ ਲਈ ਸਾਡੇ ਨਾਲ ਸੰਪਰਕ ਕਰੋ

*ਇੰਡੀਅਨਐਪੋਲਿਸ, ਇੰਡੀਆਨਾ ਵਿਚ ਨਵੇਂ ਅਤੇ ਵਾਜਬ ਕੀਮਤਾਂ ਉਤੇ ਘਰ ਉਪਲਬਧ ਹਨ *ਘੱਟ ਪ੍ਰਾਪਰਟੀ ਟੈਕਸ ਤੇ ਘਰਾਂ ਦੀ ਇੰਸ਼ੋਰੈਂਸ ਵੀ ਸਸਤੀ *ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ



Beenu Sikand
Legacy Homes Intl.
Broker Owner,
Realtor, CRS, MBA

Contact me today to BUY/SELL/INVEST in Indiana.

Ph: (317) 670-1055

Successfully Selling Real Estate for 17 Years!

Beenu.sikand@gmail.com www.LegacyHomesInternational.com



Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ

One of the Fastest Growing City in America and Best School System...

- ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
- 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ
- 4-6 ਬੈਡ ਰੂਮ, 3-4 ਬਾਥ ਰੂਮ
- ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
- ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ



Kamaljeet Kaur

For the Best advice for BUYING-SELLING-RENTING

Ben Singh Bashal (Realtor/Broker) Ph: 317-809-1818 midlandrealtygroup@yahoo.com

Kamaljeet Kaur (Realtor/Broker) Ph: 317-909-9295 kahlonkamaljeet@gmail.com

Midland Realty Group-Company You Trust

Mortgage rates available from 2.1% to 3%



Twenty-Second Year of Publication

ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 22, Issue 03, January 16, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਕਿਸਾਨ ਘੋਲ ਡੱਕਣ ਦਾ ਅਦਾਲਤੀ ਹਰਬਾ ਵੀ ਫੇਲ੍ਹ

## ਕਿਸਾਨ ਜਥੇਬੰਦੀਆਂ ਘੋਲ ਜਾਰੀ ਰੱਖਣ ਲਈ ਦ੍ਰਿੜ; ਸੁਪਰੀਮ ਕੋਰਟ ਦੀ ਬਣਾਈ ਕਮੇਟੀ ਰੱਦ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਉਠੀ ਲਹਿਰ ਨੂੰ ਦਬਾਉਣ ਲਈ ਹਰ ਹਰਬਾ ਵਰਤਣ ਤੋਂ ਬਾਅਦ ਮੋਦੀ ਸਰਕਾਰ ਨੇ ਦੇਸ਼ ਦੀਸੁਪਰੀਮ ਕੋਰਟ ਦੀ ਓਟ ਲੈਣ ਦੀ ਕੋਸ਼ਿਸ਼ ਕੀਤੀ ਹੈ। ਸੁਪਰੀਮ ਕੋਰਟ ਨੇ ਤਿੰਨੇ ਖੇਤੀ ਕਾਨੂੰਨਾਂ ਦੇ ਅਮਲ 'ਤੇ ਰੋਕ ਲਗਾ ਦਿੱਤੀ ਹੈ ਅਤੇ ਮਾਹਿਰਾਂ ਦੀ 4 ਮੈਂਬਰੀ ਕਮੇਟੀ ਬਣਾਈ ਹੈ ਜੋ 2 ਮਹੀਨਿਆਂ ਬਾਅਦ ਆਪਣੀ ਰਿਪੋਰਟ ਦੇਵੇਗੀ ਪਰ ਕਿਸਾਨ ਜਥੇਬੰਦੀਆਂ ਅਦਾਲਤ ਦੇ ਫੈਸਲੇ ਤੋਂ ਸੰਤੁਸ਼ਟ ਨਹੀਂ ਹਨ ਤੇ ਉਨ੍ਹਾਂ ਨੇ ਕਮੇਟੀ ਨੂੰ ਮੰਨਣ ਤੋਂ ਕੋਰੀ ਨਾਂਹ ਕਰਦਿਆਂ ਤੈਅ ਰਣਨੀਤੀ ਮੁਤਾਬਕ ਸੰਘਰਸ਼ ਅੱਗੇ ਵਧਾਉਣ ਦਾ ਅਹਿਦ ਲਿਆ ਹੈ।

ਕਿਸਾਨਾਂ ਦੇ ਇਸ ਫੈਸਲੇ ਤੋਂ ਤੈਅ ਹੈ ਕਿ ਸਰਕਾਰ ਦਾ ਸੁਪਰੀਮ ਕੋਰਟ ਰਾਹੀਂ ਮਸਲਾ ਹੱਲ ਕਰਵਾਉਣ ਵਾਲਾ ਦਾਅ ਵੀ ਪੁੱਠਾ ਪਵੇਗਾ। ਕਿਸਾਨ ਜਥੇਬੰਦੀਆਂ ਦਾ ਤਰਕ ਹੈ ਕਿ ਨਾ ਤਾਂ ਉਹ ਕਦੇ ਕਾਨੂੰਨੀ ਲੜਾਈ ਵਿਚ ਧਿਰ ਬਣੀਆਂ ਹਨ ਤੇ ਨਾ ਹੀ ਕਿਸੇ ਕਮੇਟੀ ਜਾਂ ਵਿਚੋਲੇ ਦੀ ਮੰਗ ਰੱਖੀ ਹੈ। ਕਿਸਾਨਾਂ ਦੀ ਲੜਾਈ ਸੰਵਿਧਾਨਕ ਹੈ ਤੇ ਇਹ ਸਿਰਫ ਮੋਦੀ ਸਰਕਾਰ ਤੱਕ ਸੀਮਤ ਹੈ। ਜਥੇਬੰਦੀਆਂ ਨੇ ਸੁਪਰੀਮ ਕੋਰਟ ਦੀ ਕਮੇਟੀ ਉਤੇ ਵੀ ਸਵਾਲ ਚੁੱਕੇ ਹਨ। ਕਮੇਟੀ ਵਿਚ ਸ਼ਾਮਲ ਚਾਰੇ ਮੈਂਬਰ ਖੇਤੀ ਕਾਨੂੰਨਾਂ ਦੇ ਸ਼ੁਰੂ ਤੋਂ ਹੀ ਹਮਾਇਤੀ ਰਹੇ ਹਨ। ਹੁਣ ਇਹ ਕਮੇਟੀ ਜਥੇਬੰਦੀਆਂ ਨਾਲ ਮੀਟਿੰਗ ਕਰਕੇ 2 ਮਹੀਨਿਆਂ ਬਾਅਦ ਕੀ ਰਿਪੋਰਟ ਦੇਵੇਗੀ ਅਤੇ ਅਦਾਲਤ ਉਸ ਉਤੇ ਕੀ ਫੈਸਲਾ ਸੁਣਾਏਗੀ, ਇਹ ਹੁਣ ਤੋਂ ਹੀ ਤੈਅ ਹੈ।

ਅਦਾਲਤ ਦੇ ਰਵੱਈਏ ਉਤੇ ਇਸ ਗੱਲੋਂ ਵੀ ਸਵਾਲ ਕੀਤੇ ਜਾ ਰਹੇ ਹਨ ਕਿ ਜਦੋਂ ਕਰੋਨਾ ਮਹਾਮਾਰੀ ਦੀ ਓਟ ਲੈ ਕੇ ਸੰਸਦ ਵਿਚ ਗੈਰ ਸੰਵਿਧਾਨਕ ਤਰੀਕੇ ਨਾਲ ਕਾਨੂੰਨ ਪਾਸ ਕਰਵਾਏ



ਗਏ, ਉਸ ਵੇਲੇ ਸੁਪਰੀਮ ਕੋਰਟ ਨੇ ਅੱਖਾਂ ਕਿਉਂ ਬੰਦ ਕਰੀ ਰੱਖੀਆਂ। ਉਸ ਤੋਂ ਬਾਅਦ ਪੰਜਾਬ ਵਿਚ ਢਾਈ ਮਹੀਨੇ ਅੰਦੋਲਨ ਚੱਲਦਾ ਰਿਹਾ ਅਤੇ ਸਰਕਾਰ ਗੱਲਬਾਤ ਕਰਨ ਤੋਂ ਵੀ ਆਕੜਦੀ ਰਹੀ, ਉਸ ਵੇਲੇ ਵੀ ਅਦਾਲਤ ਚੁੱਪ ਰਹੀ, ਹੁਣ ਜਦੋਂ ਸਰਕਾਰ ਦੇ ਨਾਸੀਂ ਧੂੰਆਂ ਨਿਕਲਿਆ ਹੈ ਤੇ ਗੱਲ ਕਿਸਾਨੀ ਲਹਿਰ ਨੂੰ ਖਦੇੜਨ ਦੀ ਆਈ ਹੈ ਤਾਂ ਅਦਾਲਤ ਝੱਟ ਤਿਆਰ ਹੋ ਗਈ ਹੈ।

ਯਾਦ ਰਹੇ ਕਿ ਕਿਸਾਨ ਜਥੇਬੰਦੀਆਂ ਸ਼ੁਰੂ ਤੋਂ ਹੀ ਆਖਦੀਆਂ ਰਹੀਆਂ ਹਨ ਕਿ ਉਨ੍ਹਾਂ ਦੀ ਲੜਾਈ ਮੋਦੀ ਸਰਕਾਰ ਦੇ ਗੈਰ ਸੰਵਿਧਾਨਕ ਫੈਸਲਿਆਂ ਦੇ ਖਿਲਾਫ ਹੈ, ਦੂਜਾ ਸੁਪਰੀਮ ਕੋਰਟ ਵੱਲੋਂ ਬੀਤੇ ਵਿਚ ਕਈ ਅਹਿਮ ਮਾਮਲਿਆਂ ਵਿਚ ਕੀਤੇ ਫੈਸਲਿਆਂ ਕਾਰਨ ਨਿਆਂ ਪ੍ਰਣਾਲੀ ਨੇ ਆਪਣਾ ਭਰੋਸਾ ਗਵਾਇਆ ਹੈ, ਇਸ ਲਈ ਉਹ ਲੜਾਈ ਆਪਣੇ ਦਮ ਉਤੇ ਲੜਨਗੇ; ਹਾਲਾਂਕਿ ਅਦਾਲਤ ਵੱਲੋਂ ਕਾਨੂੰਨਾਂ ਦਾ ਅਮਲ ਰੋਕਣ ਤੋਂ ਇਕ ਦਿਨ ਪਹਿਲਾਂ ਕੇਂਦਰ ਸਰਕਾਰ ਨੂੰ ਪਾਈਆਂ ਝਾੜਾਂ ਪਿੱਛੋਂ ਕੁਝ ਲੋਕਾਂ ਨੂੰ ਅਜੇ ਵੀ ਵੱਡੀਆਂ

(ਬਾਕੀ ਸਫਾ 6 ਉਤੇ)

### ਸੁਪਰੀਮ ਕੋਰਟ ਦੀ ਕਮੇਟੀ ਸਵਾਲਾਂ ਦੇ ਘੇਰੇ ਵਿਚ

ਸੁਪਰੀਮ ਕੋਰਟ ਦੀ ਬਣਾਈ ਕਮੇਟੀ ਬਾਰੇ ਸਭ ਤੋਂ ਵੱਡਾ ਸਵਾਲ ਇਹੀ ਬਣ ਗਿਆ ਹੈ ਕਿ ਜਦ ਕਮੇਟੀ ਵਿਚ ਨਿਯੁਕਤ ਕੀਤੇ ਗਏ ਸਾਰੇ ਮਾਹਿਰ ਹੀ ਕਾਰਪੋਰੇਟ ਅਤੇ ਸਰਕਾਰ-ਪੱਖੀ ਹਨ ਤਾਂ ਇਸ ਤੋਂ ਕੀ ਉਮੀਦ ਕੀਤੀ ਜਾ ਸਕਦੀ ਹੈ। ਚਾਰ ਮੈਂਬਰੀ ਕਮੇਟੀ ਵਿਚ ਭੁਪਿੰਦਰ ਸਿੰਘ ਮਾਨ ਇਕ ਵੱਖਰੀ ਆਲ ਇੰਡੀਆ ਕਿਸਾਨ ਕੋ-ਆਰਡੀਨੇਸ਼ਨ ਕਮੇਟੀ ਦਾ ਚੇਅਰਮੈਨ ਹੈ ਜਿਹੜੀ ਦਸੰਬਰ ਵਿਚ ਖੇਤੀ ਮੰਤਰੀ ਨੂੰ ਮਿਲ ਕੇ ਇਨ੍ਹਾਂ ਕਾਨੂੰਨਾਂ ਦੀ ਹਮਾਇਤ ਕਰ ਚੁੱਕੀ ਹੈ। ਅਨਿਲ ਘਣਵਤ ਕਾਨੂੰਨਾਂ ਨੂੰ ਰੱਦ ਕਰਨ ਦਾ ਵਿਰੋਧ ਕਰਦਿਆਂ ਹੋਇਆਂ ਇਨ੍ਹਾਂ ਵਿਚ ਕੁਝ ਸੀਮਤ ਸੋਧਾਂ ਕਰਵਾਉਣ ਦਾ ਹੀ ਹਮਾਇਤੀ ਹੈ, ਭਾਵ ਉਸ ਦੀ ਪੁਜੀਸ਼ਨ ਇੰਨ-ਬਿੰਨ ਕੇਂਦਰ ਸਰਕਾਰ ਵਾਲੀ ਹੈ। ਅਸ਼ੋਕ ਗੁਲਾਟੀ ਖੁੱਲ੍ਹੇ ਤੌਰ 'ਤੇ ਕਾਰਪੋਰੇਟ-ਪੱਖੀ ਅਰਥ ਸ਼ਾਸਤਰੀ ਹੈ ਜਿਸ ਨੇ ਖੇਤੀ ਕਾਨੂੰਨਾਂ ਨੂੰ ਵੱਡੇ ਖੇਤੀ ਸੁਧਾਰਾਂ ਵਜੋਂ ਪੇਸ਼ ਕਰਨ ਲਈ ਟਿੱਲ ਲਾਇਆ ਹੈ। ਪਰਮੋਦ ਜੋਸ਼ੀ ਨੇ ਵੀ ਇਕ ਅੰਗਰੇਜੀ ਅਖਬਾਰ ਵਿਚ ਲੇਖ ਲਿਖ ਕੇ ਕਿਸਾਨਾਂ 'ਤੇ ਦੋਸ਼ ਲਾਇਆ ਸੀ ਕਿ ਉਹ ਹਮੇਸ਼ਾ ਆਪਣੀਆਂ ਮੰਗਾਂ ਬਦਲਦੇ ਰਹਿੰਦੇ ਹਨ।

## ਪੰਜਾਬ ਦੇ ਸਿਆਸੀ ਭਵਿੱਖ ਬਾਰੇ ਛਿੜੀ ਨਵੀਂ ਚਰਚਾ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਕਿਸਾਨੀ ਲਹਿਰ ਦੇ ਸਿਖਰ ਪਿੱਛੋਂ ਪੰਜਾਬ ਦੇ ਸਿਆਸੀ ਭਵਿੱਖ ਬਾਰੇ ਵੀ ਚਰਚਾ ਜ਼ੋਰਾਂ ਉਤੇ ਹਨ। ਪੂਰਾ ਪੰਜਾਬ ਇਸ ਵੇਲੇ ਲੋਕ ਲਹਿਰ ਬਣ ਦਿੱਲੀ ਦੀਆਂ ਹੱਦਾਂ ਉਤੇ ਡਟਿਆ ਹੋਇਆ ਹੈ। ਇਸ ਲਹਿਰ ਨੂੰ ਸਿਆਸੀ ਪਰਛਾਵੇਂ ਤੋਂ ਬਚਾਉਣ ਲਈ ਜਥੇਬੰਦੀਆਂ ਨੇ ਪੂਰਾ ਟਿੱਲ ਲਾਇਆ ਹੋਇਆ ਹੈ। ਸਿਆਸੀ ਆਗੂਆਂ ਨੂੰ ਸੰਘਰਸ਼ ਦੇ ਨੇੜੇ ਨਹੀਂ ਢੁਕਣ ਦਿੱਤਾ ਜਾ ਰਿਹਾ ਹੈ। ਇਹ ਸ਼ਾਇਦ ਇਤਿਹਾਸ ਬਣੇਗਾ ਕਿ ਕਿਸੇ ਸੂਬੇ ਵਿਚੋਂ ਐਡੇ ਵੱਡੇ ਪੱਧਰ ਉਤੇ ਉਠੀ ਲਹਿਰ ਵਿਚ ਸਿਆਸੀ ਯੋਗਦਾਨ ਮਨਫੀ ਰਿਹਾ ਹੈ।

ਪੰਜਾਬ ਦੀਆਂ ਸਿਆਸੀ ਧਿਰਾਂ ਦੀ ਹਾਲਾਤ ਇਸ ਸਮੇਂ ਇਹ ਹੈ ਕਿ ਉਹ ਸੂਬੇ ਵਿਚ ਇਕ-ਦੂਜੇ ਉਤੇ ਦੂਸ਼ਣਬਾਜ਼ੀ ਕਰ ਕੇ ਆਪਣੀ ਹੋਂਦ ਦਿਖਾਉਣ ਲਈ ਟਿੱਲ ਲਾ ਰਹੀਆਂ ਹਨ। ਸਿਆਸੀ ਮਾਹਿਰ ਵੀ ਇਸ਼ਾਰਾ ਕਰਨ ਲੱਗੇ ਹਨ ਕਿ ਇਹ ਅੰਦੋਲਨ ਪੰਜਾਬ ਦੀ ਸਿਆਸਤ ਦਾ ਭਵਿੱਖ ਤੈਅ ਕਰਨ ਵਾਲਾ ਹੋ ਨਿੱਬੜੇਗਾ। ਅਸਲ ਵਿਚ, ਸਾਢੇ ਤਿੰਨ ਮਹੀਨਿਆਂ ਤੋਂ ਜਾਰੀ ਕਿਸਾਨ ਅੰਦੋਲਨ ਦਾ ਸਿਆਸੀ ਅਸਰ ਲਗਾਤਾਰ ਵਧ ਰਿਹਾ ਹੈ।

ਅਕਾਲੀ ਦਲ ਵੱਲੋਂ ਕੌਮੀ ਜਮਹੂਰੀ ਗੱਠਜੋੜ ਤੋਂ ਨਾਤਾ ਤੋੜ ਲੈਣ ਅਤੇ ਹਰਸਿਮਰਤ ਕੌਰ ਬਾਦਲ ਦੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫੇ ਪਿੱਛੋਂ ਪੰਜਾਬ ਦੇ ਕਈ ਭਾਜਪਾ ਆਗੂ ਪਾਰਟੀ ਛੱਡ ਚੁੱਕੇ ਹਨ। ਲੋਕਾਂ ਦਾ ਕਾਂਗਰਸ ਸਰਕਾਰ ਖਿਲਾਫ ਗੁੱਸਾ ਸੱਤਵੇਂ ਆਸਮਾਨ ਉਤੇ ਹੈ। ਆਮ ਆਦਮੀ ਪਾਰਟੀ ਆਪਣੀ ਹੋਂਦ ਦੀ ਲੜਾਈ ਲੜ ਰਹੀ ਹੈ।

ਤਾਜ਼ਾ ਹਾਲਾਤ ਇਹ ਬਣ ਗਏ ਹਨ ਕਿ ਸੂਬੇ ਦੇ ਲੋਕਾਂ ਦਾ ਮੌਜੂਦਾ ਸਿਆਸੀ ਧਿਰਾਂ ਤੋਂ ਭਰੋਸਾ ਉਠ ਚੁੱਕਾ ਹੈ। ਕਿਸਾਨਾਂ ਤੇ ਸੂਬੇ ਦੇ ਹੱਕਾਂ ਲਈ ਉਠੀ ਲਹਿਰ ਸਿਆਸੀ ਪਿੜ ਵਿਚ ਕੀ ਰੋਲ ਨਿਭਾਏਗੀ, ਹੁਣ ਸਭ ਦੇ ਨਜ਼ਰਾਂ ਇਸ ਵੱਲ ਹਨ।


FRONTIER FUEL CARD

No obligation or contracts
(cancel anytime)
No minimum amount of fuel to buy
Minimal up front to put down
Receive detailed fuel reports

Jagdeep Bains
Jbains@frontierfundinginc.com
Ph: 417-818-1054





Rajwinder Gill
(Your Real Estate Pro.)
MBA (Finance)
Red 1 Realty

"Serving All Your Real Estate Needs"

Columbus, Ohio is one of the fastest growing city in USA and With Best Schools.

ਜੇ ਤੁਸੀਂ ਕੋਲੰਬਸ, ਓਹਾਇਓ ਵਿਚ ਘਰ ਖਰੀਦਣਾ, ਵੇਚਣਾ ਜਾਂ ਕਿਸੇ ਵੀ ਤਰ੍ਹਾਂ ਦੀ ਇਨਵੈਸਟਮੈਂਟ ਕਰਨਾ ਚਾਹੁੰਦੇ ਹੋ ਤਾਂ ਸੰਪਰਕ ਕਰੋ:

ਰਾਜਵਿੰਦਰ ਗਿੱਲ, ਫੋਨ: 740-621-4455

Email: Realtorgill1@gmail.com
Website: www.gill-realty.com





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419

# ਲੋਕ ਲਹਿਰ ਬਣਿਆ ਕਿਸਾਨ ਅੰਦੋਲਨ, ਵਿਦੇਸ਼ਾਂ ਤੱਕ ਪਈ ਗੂੰਜ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਹੱਦਾਂ ਉਤੇ ਬੈਠੇ ਕਿਸਾਨਾਂ ਦਾ ਅੰਦੋਲਨ ਹੁਣ ਲੋਕ ਅੰਦੋਲਨ ਬਣ ਚੁਕਾ ਹੈ। ਇਸ ਦੀ ਗੂੰਜ ਵਿਦੇਸ਼ਾਂ 'ਚ ਵੀ ਸੁਣ ਰਹੀ ਹੈ। ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਨੇ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਦੇ ਹੱਕ ਦੀ ਤਾਈਦ ਕੀਤੀ ਸੀ।

ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਆਉਣ ਵਾਲੇ ਬਰਤਾਨਵੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦਾ ਦੌਰਾ ਰੱਦ ਹੋ ਗਿਆ ਹੈ ਤੇ ਬਰਤਾਨੀਆ ਦੇ ਸੌ ਸੰਸਦ ਮੈਂਬਰਾਂ ਨੇ ਜੌਹਨਸਨ ਕੋਲ ਮੁੱਦਾ ਉਠਾਇਆ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਕਿਸਾਨਾਂ ਦੇ ਮੁੱਦੇ 'ਤੇ ਗੱਲਬਾਤ ਜ਼ਰੂਰ ਕਰਨ। ਪੰਜਾਬੀ ਮੂਲ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀ ਪਹਿਲਕਦਮੀ 'ਤੇ ਸੰਸਦ ਮੈਂਬਰਾਂ ਤੋਂ ਕਰਵਾਏ ਦਸਤਖਤਾਂ ਦਾ ਮਕਸਦ ਪੰਜਾਬੀਆਂ ਦੇ ਹੱਕ 'ਚ ਖੜ੍ਹੇ ਹੋਣ ਦੇ ਨਾਲ ਨਾਲ ਮਨੁੱਖਤਾ ਦੇ ਆਧਾਰ 'ਤੇ ਮਾਮਲਾ ਹੱਲ ਕਰਵਾਉਣ 'ਚ ਮਦਦਗਾਰ ਹੋਣਾ ਹੈ।

ਤਨਮਨਜੀਤ ਸਿੰਘ ਢੇਸੀ ਨੇ ਪਹਿਲਾਂ ਵੀ ਕਿਸਾਨਾਂ ਦਾ ਮੁੱਦਾ ਬਰਤਾਨਵੀ ਸੰਸਦ ਵਿਚ ਉਠਾਇਆ ਸੀ। ਇਸ ਤੋਂ ਇਲਾਵਾ ਕੈਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਜਰਮਨੀ ਸਮੇਤ ਪੰਜਾਬੀਆਂ ਦੀ ਮੌਜੂਦਗੀ ਵਾਲੇ ਤਮਾਮ ਮੁਲਕਾਂ ਅੰਦਰ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਲੋਕ ਰਾਇ ਲਾਮਬੰਦ ਕੀਤੀ ਜਾ



ਚੁੱਕੀ ਹੈ। ਕਈ ਹੋਰ ਦੇਸ਼ਾਂ ਦੇ ਸੰਸਦ ਮੈਂਬਰਾਂ ਨੇ ਵੀ ਅੰਦੋਲਨ ਬਾਰੇ ਸਰਕਾਰੀ ਬੇਰੁਖੀ ਦੇ ਮੁੱਦੇ ਉਤੇ ਚਿੰਤਾ ਪ੍ਰਗਟ ਕੀਤੀ ਗਈ ਹੈ ਅਤੇ ਇਸ ਨੂੰ ਮਨੁੱਖੀ ਅਧਿਕਾਰਾਂ ਨਾਲ ਜੋੜ ਕੇ ਦੇਖਿਆ ਹੈ। ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਦੇਸ਼ ਦੀ ਸਰਕਾਰ ਦਾ ਕੋਵਿਡ-19 ਜਿਹੀ ਮਹਾਮਾਰੀ ਦੌਰਾਨ ਤਿੰਨ ਆਰਡੀਨੈਂਸ ਜਾਰੀ ਕਰਨ ਪਿੱਛੇ ਮਕਸਦ ਕੀ ਸੀ। ਇਸ ਬਾਰੇ ਸਰਕਾਰ ਖਾਮੋਸ਼ ਹੈ ਅਤੇ ਇਹ ਵੀ ਦੱਸਣ ਦੀ ਕੋਸ਼ਿਸ਼ ਨਹੀਂ ਕੀਤੀ ਜਾ ਰਹੀ ਹੈ ਕਿ ਆਰਡੀਨੈਂਸ ਕਿਹੜੇ ਖਾਸ ਹਾਲਾਤ ਅਤੇ ਜ਼ਰੂਰਤ ਕਾਰਨ ਜਾਰੀ ਕੀਤੇ ਗਏ।

ਸੰਯੁਕਤ ਰਾਸ਼ਟਰ ਦਾ 17 ਦਸੰਬਰ 2018 ਨੂੰ ਪਾਸ ਕੀਤਾ ਮਤਾ ਵੀ ਸਲਾਹ ਦਿੰਦਾ ਹੈ ਕਿ ਖੇਤੀ ਤੇ ਦਿਹਾਤੀ ਖੇਤਰ ਬਾਰੇ ਕਾਨੂੰਨ ਜਾਂ ਨੀਤੀ ਸਬੰਧਿਤ ਲੋਕਾਂ ਨਾਲ ਸਲਾਹ ਕਰ ਕੇ ਹੀ ਬਣਾਈ ਜਾਣੀ ਚਾਹੀਦੀ ਹੈ। ਪ੍ਰਧਾਨ ਮੰਤਰੀ ਨੇ ਅਜੇ ਤੱਕ ਕਿਸਾਨਾਂ ਨਾਲ ਗੱਲਬਾਤ ਕਰਨ ਦਾ ਸਮਾਂ ਨਹੀਂ ਕੱਢਿਆ। ਪ੍ਰਧਾਨ ਮੰਤਰੀ ਨੇ ਵੈਸੇ ਵੀ ਖੁਦ ਨੂੰ ਸਵਾਲਾਂ ਲਈ ਪੇਸ਼ ਨਹੀਂ ਕੀਤਾ, ਦੂਸਰੀ ਵਾਰ ਸਰਕਾਰ ਬਣਾਉਣ ਦੇ ਬਾਵਜੂਦ ਕੋਈ ਪ੍ਰੈਸ ਕਾਨਫਰੰਸ ਨਹੀਂ ਕੀਤੀ। ਲੋਕਤੰਤਰ ਵਿਚ ਆਗੂਆਂ ਦੀ ਜਵਾਬਦੇਹੀ ਬੁਨਿਆਦੀ ਅਸੂਲ ਵਜੋਂ ਲਈ ਜਾਂਦੀ ਹੈ। ਪਰਵਾਸੀ ਭਾਰਤੀ ਆਪਣੇ ਰਿਸ਼ਤੇਦਾਰਾਂ ਅਤੇ ਪਿਆਰਿਆਂ ਦੀ ਹੋਣੀ ਨੂੰ ਲੈ ਕੇ ਚਿੰਤਤ ਹਨ। ਉਹ ਆਪੋ ਆਪਣੇ ਸਥਾਨਕ ਆਗੂਆਂ ਰਾਹੀਂ ਆਪਣੀ ਰਾਇ ਭਾਰਤ ਦੇ ਆਗੂਆਂ ਤੱਕ ਪਹੁੰਚਾਉਣ ਦਾ ਦਬਾਅ ਪਾ ਰਹੇ ਹਨ।

## ਪਰਵਾਸੀ ਪੰਜਾਬੀਆਂ ਨੇ ਦਿੱਲੀ ਵੱਲ ਵਹੀਰਾਂ ਘੱਤੀਆਂ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਦਿੱਲੀ ਵਿਚ ਚੱਲ ਰਹੇ ਕਿਸਾਨ ਸੰਘਰਸ਼ 'ਚ ਕੁੱਦਣ ਲਈ ਹੁਣ ਐਨ.ਆਰ.ਆਈਜ਼. ਵੀ ਪੰਜਾਬ ਪੁੱਜਣ ਲੱਗੇ ਹਨ। ਬੀਤੇ ਦਿਨੀਂ ਸੰਘਰਸ਼ 'ਚ ਸ਼ਾਮਲ ਹੋਣ ਲਈ ਅਮਰੀਕਾ ਤੋਂ ਐਨ.ਆਰ.ਆਈਜ਼. ਤੇ ਸਮਾਜ ਸੇਵਕ ਦਰਸ਼ਨ ਸਿੰਘ ਧਾਲੀਵਾਲ ਤੇ ਚਰਨਜੀਤ ਸਿੰਘ ਰੱਖੜਾ ਆਪਣੇ ਪਿੰਡ ਰੱਖੜਾ ਪੁੱਜੇ। ਦੋਵਾਂ ਦੀ ਅਗਵਾਈ ਹੇਠ ਪਟਿਆਲਾ ਜ਼ਿਲ੍ਹੇ ਤੋਂ ਹਜ਼ਾਰਾਂ ਕਿਸਾਨ ਟਰਾਲੀਆਂ ਦੇ ਕਾਫਲੇ ਜ਼ਰੀਏ ਦਿੱਲੀ ਮੋਰਚੇ ਲਈ ਰਵਾਨਾ ਹੋਏ। ਇਸ ਕਾਫਲੇ ਨੂੰ ਦਰਸ਼ਨ ਸਿੰਘ ਧਾਲੀਵਾਲ ਨੇ ਹਰੀ ਝੰਡੀ ਦਿੱਤੀ ਅਤੇ ਉਨ੍ਹਾਂ ਨਾਲ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਵੀ ਹਾਜ਼ਰ ਸਨ। ਦੱਸਣਯੋਗ ਹੈ ਕਿ ਅਮਰੀਕਾ ਦੇ ਉਘੇ ਕਾਰੋਬਾਰੀ ਦਰਸ਼ਨ ਸਿੰਘ ਧਾਲੀਵਾਲ ਸਾਬਕਾ ਅਕਾਲੀ ਮੰਤਰੀ ਤੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਰੱਖੜਾ ਦੇ ਵੱਡੇ ਭਰਾ ਹਨ। ਰੱਖੜਾ ਪਰਿਵਾਰ ਵੱਲੋਂ ਸੌ ਤੋਂ ਵੱਧ ਟਰਾਲੀਆਂ ਦਿੱਲੀ ਰਵਾਨਾ ਕੀਤੀਆਂ ਗਈਆਂ, ਜਿਨ੍ਹਾਂ 'ਚੋਂ ਬਹੁਤੀਆਂ 'ਚ ਰਸਦ ਸੀ।

## ਬਰਤਾਨੀਆ ਦੇ 100 ਤੋਂ ਵੱਧ ਸੰਸਦ ਮੈਂਬਰਾਂ ਦੀ ਬੋਰਿਸ ਤੱਕ ਪਹੁੰਚ

ਬਰਤਾਨੀਆ ਦੇ 100 ਤੋਂ ਵੱਧ ਸੰਸਦ ਮੈਂਬਰਾਂ ਨੇ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਭਾਰਤ ਵਿਚ ਚੱਲ ਰਹੇ ਸ਼ਾਂਤਮਈ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨ ਬਾਰੇ ਗੰਭੀਰਤਾ ਨਾਲ ਵਿਚਾਰ ਕਰਨ ਲਈ ਕਿਹਾ ਹੈ। ਇਸ ਬਾਰੇ ਪੱਤਰ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਲਿਖਿਆ ਹੈ ਤੇ ਬਾਕੀ ਸੰਸਦ ਮੈਂਬਰਾਂ ਨੇ ਇਸ ਉਪਰ ਦਸਤਖਤ ਕੀਤੇ ਹਨ। ਸ੍ਰੀ ਢੇਸੀ ਨੇ ਪ੍ਰਧਾਨ ਮੰਤਰੀ ਜੌਹਨਸਨ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਬਾਰੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਗੱਲ ਕਰਨ।

## ਟਰੰਪ ਵੱਲੋਂ ਐਚ1ਬੀ ਵੀਜ਼ਾ ਪ੍ਰਕਿਰਿਆ 'ਚ ਸੋਧ

**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਐਚ1ਬੀ ਵੀਜ਼ਾ ਦੀ ਚੋਣ ਪ੍ਰਕਿਰਿਆ ਨੂੰ ਸੋਧਦਿਆਂ ਇਸ ਦੀ ਮੌਜੂਦਾ ਲਾਟਰੀ ਪ੍ਰਕਿਰਿਆ ਦੀ ਥਾਂ ਤਨਖਾਹ ਤੇ ਹੁਨਰ ਨੂੰ ਪਹਿਲ ਦਿੱਤੀ ਹੈ। ਇਸ ਸਬੰਧੀ ਨੋਟੀਫਿਕੇਸ਼ਨ ਸੰਘੀ ਰਜਿਸਟਰ 'ਚ ਪ੍ਰਕਾਸ਼ਿਤ ਹੋਇਆ ਹੈ ਤੇ ਇਹ 60 ਦਿਨਾਂ ਅੰਦਰ ਲਾਗੂ ਹੋਵੇਗਾ। ਐਚ1ਬੀ ਗੈਰ-ਪਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਮਾਹਿਰਾਂ ਦੇ ਅਹੁਦਿਆਂ 'ਤੇ ਵਿਦੇਸ਼ੀ ਪੇਸ਼ੇਵਰਾਂ ਦੀ ਨਿਯੁਕਤੀ ਦੀ ਇਜਾਜ਼ਤ ਦਿੰਦਾ ਹੈ। ਇਸ ਵੀਜ਼ੇ ਰਾਹੀਂ ਅਮਰੀਕੀ ਤਕਨੀਕੀ ਕੰਪਨੀਆਂ ਹਜ਼ਾਰਾਂ ਦੀ ਗਿਣਤੀ 'ਚ ਭਾਰਤ ਤੇ ਚੀਨ ਦੇ ਪੇਸ਼ੇਵਰਾਂ ਦੀ ਨਿਯੁਕਤੀ ਕਰਦੀਆਂ ਹਨ। ਐਚ1ਬੀ ਵੀਜ਼ੇ ਲਈ ਅਰਜ਼ੀਆਂ ਦੇਣ ਦਾ ਅਗਲਾ ਸੈਸ਼ਨ ਪਹਿਲੀ ਅਪਰੈਲ ਤੋਂ ਸ਼ੁਰੂ ਹੋਵੇਗਾ।

# ਕਿਸਾਨਾਂ ਖਿਲਾਫ ਮਾੜੀਆਂ ਟਿੱਪਣੀਆਂ ਕਰਨ ਵਾਲਿਆਂ ਨੂੰ ਕਾਨੂੰਨੀ ਘੇਰਾ

**ਚੰਡੀਗੜ੍ਹ:** ਸੰਘਰਸ਼ਸ਼ੀਲ ਕਿਸਾਨਾਂ ਖਿਲਾਫ ਇਤਰਾਜ਼ਯੋਗ ਟਿੱਪਣੀਆਂ ਕਰਨ ਦੇ ਮਾਮਲੇ ਵਿਚ ਬੌਲੀਵੁੱਡ ਅਦਾਕਾਰਾ ਕੰਗਨਾ ਰਣੌਤ ਤੇ ਕੇਂਦਰੀ ਮੰਤਰੀ ਰਾਓ ਸਾਹਿਬ ਦਾਨਵੇ ਸਣੇ ਪੰਜ ਜਣਿਆਂ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਕਿਸਾਨਾਂ ਨੇ ਆਮ ਆਦਮੀ ਪਾਰਟੀ (ਆਪ) ਦੀ ਮਦਦ ਨਾਲ ਜਿਨ੍ਹਾਂ ਤਿੰਨ ਹੋਰ ਭਾਜਪਾ ਸੰਸਦ ਮੈਂਬਰਾਂ ਨੂੰ ਨੋਟਿਸ ਭੇਜੇ ਗਏ ਹਨ, ਉਨ੍ਹਾਂ ਵਿਚ ਰਵੀ ਕਿਸ਼ਨ, ਮਨੋਜ ਤਿਵਾੜੀ ਅਤੇ ਰਾਮੇਸ਼ ਬਿਧੂੜੀ ਸ਼ਾਮਲ ਹਨ।

'ਆਪ' ਪੰਜਾਬ ਦੇ ਸਹਿ-ਇੰਚਾਰਜ ਅਤੇ ਦਿੱਲੀ ਦੇ ਵਿਧਾਇਕ ਰਾਘਵ ਚੱਢਾ ਨੇ ਕਿਹਾ ਕਿ ਕੁਝ ਕਿਸਾਨਾਂ ਨੇ ਇਨਸਾਫ ਲਈ ਭਾਜਪਾ ਆਗੂਆਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਵੱਲੋਂ ਕਾਨੂੰਨੀ ਸਹਾਇਤਾ ਦਿੱਤੀ ਜਾ ਰਹੀ ਹੈ।

ਸ੍ਰੀ ਚੱਢਾ ਨੇ ਕਿਹਾ ਕਿ ਕਈ ਮਹੀਨਿਆਂ ਤੋਂ ਸੰਘਰਸ਼ ਕਰ ਰਹੇ ਕਿਸਾਨਾਂ ਦੀ ਗੱਲ ਸੁਣਨ ਦੀ ਥਾਂ ਮੋਦੀ ਸਰਕਾਰ ਉਨ੍ਹਾਂ ਨੂੰ ਪਹਿਲੇ ਦਿਨ ਤੋਂ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਘੜ ਰਹੀ ਹੈ। ਇਸ ਦੇ ਮੱਦੇਨਜ਼ਰ ਭਾਜਪਾ ਆਗੂਆਂ ਵੱਲੋਂ ਕਿਸਾਨਾਂ ਲਈ 'ਦੇਸ਼ ਧ੍ਰੋਹੀ', 'ਖਾਲਿਸਤਾਨੀ' 'ਟੁਕੜੇ ਟੁਕੜੇ ਗੈਂਗ' 'ਪਾਕਿਸਤਾਨ ਤੇ ਚੀਨ ਸਮਰਥਕ' ਵਰਗੇ ਲਕਬ ਵਰਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਇਤਰਾਜ਼ਯੋਗ ਟਿੱਪਣੀਆਂ ਖਿਲਾਫ ਇਨਸਾਫ ਲੈਣ ਲਈ ਕਿਸਾਨ ਅਦਾਲਤ ਦਾ ਦਰਵਾਜ਼ਾ ਖੜਕਾ ਰਹੇ ਹਨ।

ਸ੍ਰੀ ਚੱਢਾ ਨੇ ਦੱਸਿਆ ਕਿ ਜੀਵਨਜੋਤ ਕੌਰ ਨੇ ਸੰਘਰਸ਼ਸ਼ੀਲ ਬਿਰਧ ਔਰਤ ਖਿਲਾਫ ਇਤਰਾਜ਼ਯੋਗ ਟਿੱਪਣੀਆਂ ਦੇ ਮਾਮਲੇ 'ਤੇ ਅਦਾਕਾਰਾ ਕੰਗਨਾ ਰਣੌਤ ਨੂੰ ਨੋਟਿਸ ਭੇਜਿਆ ਹੈ। ਇਸੇ ਤਰ੍ਹਾਂ ਸੰਸਦ ਮੈਂਬਰ ਮਨੋਜ ਤਿਵਾੜੀ ਵੱਲੋਂ ਕਿਸਾਨ ਅੰਦੋਲਨ ਸਮਰਥਕਾਂ ਨੂੰ ਟੁਕੜੇ-ਟੁਕੜੇ ਗੈਂਗ ਦੇ ਮੈਂਬਰ ਕਹਿਣ ਦੇ ਮਾਮਲੇ ਵਿਚ ਮਾਨਸਾ ਜ਼ਿਲ੍ਹੇ ਦੇ ਕਿਸਾਨ ਸੁਖਵਿੰਦਰ ਪਾਲ ਸੁਖੀ ਨੇ ਨੋਟਿਸ ਭੇਜਿਆ ਹੈ। ਪਟਿਆਲਾ ਦੇ ਕਿਸਾਨ ਗੁਰਿੰਦਰ ਸਿੰਘ ਅਤੇ ਚੇਤਨ ਸਿੰਘ ਨੇ ਕ੍ਰਮਵਾਰ ਸੰਸਦ ਮੈਂਬਰ ਰਵੀ ਕਿਸ਼ਨ ਤੇ ਕੇਂਦਰੀ ਮੰਤਰੀ ਰਾਓ ਸਾਹਿਬ ਦਾਨਵੇ ਅਤੇ ਮੁਹਾਲੀ ਦੇ ਨਰਿੰਦਰ ਸਿੰਘ ਸ਼ੇਰਗਿੱਲ ਨੇ ਸੰਸਦ ਮੈਂਬਰ ਰਾਮੇਸ਼ ਬਿਧੂੜੀ ਨੂੰ ਨੋਟਿਸ ਭੇਜੇ ਹਨ।

# ਪੂਰੇ ਮੁਲਕ ਵਿਚੋਂ ਦਿੱਲੀ ਵੱਲ ਨੂੰ ਤੁਰੇ ਕਾਫਲੇ

**ਸਿੰਘੂ ਸਰਹੱਦ:** ਦਿੱਲੀ 'ਚ ਚੱਲ ਰਹੇ ਕਿਸਾਨ ਸੰਘਰਸ਼ 'ਚ ਵੱਡੀ ਗਿਣਤੀ ਵਿਚ ਦੂਜੇ ਸੂਬਿਆਂ ਤੋਂ ਵੀ ਕਿਸਾਨਾਂ ਦੇ ਵੱਡੇ ਕਾਫਲੇ ਪੁੱਜੇ। ਕੇਂਦਰ ਸਰਕਾਰ ਇਸ ਨੂੰ ਪਹਿਲਾਂ ਪੰਜਾਬ ਦੇ ਕਿਸਾਨਾਂ ਦਾ ਹੀ ਸੰਘਰਸ਼ ਦੱਸ ਰਹੀ ਸੀ, ਉਸ ਤੋਂ ਬਾਅਦ ਹਰਿਆਣਾ ਦੇ ਕਿਸਾਨਾਂ ਨੇ ਵੱਡੀ ਗਿਣਤੀ 'ਚ ਆ ਕੇ ਹਰ ਤਰ੍ਹਾਂ ਦਾ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ ਅਤੇ ਵੱਡੀ ਗਿਣਤੀ 'ਚ ਟਰੈਕਟਰ ਮਾਰਚ ਵਿਚ ਵੀ ਹਿੱਸਾ ਲਿਆ।



ਪੰਜਾਬ-ਹਰਿਆਣਾ ਦੇ ਕਿਸਾਨਾਂ ਤੋਂ ਬਾਅਦ ਉੱਤਰ ਪ੍ਰਦੇਸ, ਰਾਜਸਥਾਨ, ਕਰਨਾਟਕ, ਗੁਜਰਾਤ ਅਤੇ ਹੋਰ ਸੂਬਿਆਂ ਤੋਂ ਵੀ ਕਿਸਾਨ ਕਾਫਲੇ ਸਿੰਘੂ ਸਰਹੱਦ 'ਤੇ ਪੁੱਜਣੇ ਸ਼ੁਰੂ ਹੋ ਗਏ। ਉੱਤਰ ਪ੍ਰਦੇਸ ਤੋਂ ਪੁੱਜੇ ਕਿਸਾਨਾਂ ਨੇ ਆਖਿਆ ਕਿ ਇਹ ਸੰਘਰਸ਼ ਸਿਰਫ ਪੰਜਾਬ ਜਾਂ ਹਰਿਆਣਾ ਦੇ ਕਿਸਾਨਾਂ ਦਾ ਹੀ ਨਹੀਂ ਸਗੋਂ ਸਮੁੱਚੇ ਦੇਸ ਦੇ ਕਿਸਾਨਾਂ ਦਾ ਹੈ। ਕਰਨਾਟਕ ਤੋਂ ਕਿਸਾਨ ਮੋਰਚੇ ਦੇ ਆਗੂ ਸ਼ਿਵ ਕੁਮਾਰ ਚੇਤਨ ਨੇ ਆਖਿਆ ਕਿ ਕੇਂਦਰ ਸਰਕਾਰ ਦਾ ਮੀਡੀਆ ਇਸ ਸੰਘਰਸ਼ ਨੂੰ ਪੰਜਾਬ ਦੇ ਕਿਸਾਨਾਂ ਦੇ ਸੰਘਰਸ਼ ਨਾਲ ਹੀ ਜੋੜ ਕੇ ਦੇਸ ਦੇ ਕਿਸਾਨਾਂ ਨੂੰ ਗੁੰਮਰਾਹ ਕਰ ਰਿਹਾ ਹੈ ਜਦ ਕਿ ਇਹ ਸੰਘਰਸ਼ ਸਮੁੱਚੀ ਕਿਸਾਨੀ ਨਾਲ ਸਬੰਧ ਰੱਖਦਾ ਹੈ। ਮੱਧ ਪ੍ਰਦੇਸ ਤੋਂ ਆਏ ਕਿਸਾਨਾਂ ਵਲੋਂ ਸਿੰਘੂ ਮਾਰਗ ਤੋਂ ਟਿਕਰੀ ਸਰਹੱਦ ਤੱਕ ਰੋਸ ਮਾਰਚ ਕੀਤਾ ਗਿਆ।

ਉਧਰ, ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੇਸ਼ ਭਰ ਦੇ ਕਿਸਾਨ ਸਾਥੀਆਂ ਨੂੰ ਖੁਦਕੁਸ਼ੀਆਂ ਦਾ ਰਾਹ ਛੱਡਦਿਆਂ ਸੰਘਰਸ਼ ਦਾ ਪੱਲਾ ਫੜਨ ਦੀ ਅਪੀਲ ਕੀਤੀ ਹੈ।

ਕਿਸਾਨ ਆਗੂਆਂ ਨੇ ਸਰਕਾਰ ਨੂੰ ਦੋ ਟੁੱਕ ਸ਼ਬਦਾਂ 'ਚ ਸਾਫ ਕਰ ਦਿੱਤਾ ਕਿ ਉਹ ਕੋਈ ਸਿਆਸੀ ਪਾਰਟੀ ਨਹੀਂ ਹਨ ਤੇ ਕਾਨੂੰਨਾਂ ਨੂੰ ਰੱਦ ਕਰਵਾਉਣ ਮਗਰੋਂ ਹੀ ਘਰਾਂ ਨੂੰ ਮੁੜਨਗੇ। 'ਹਾਂ ਜਾਂ ਨਾਂਹ' ਦਾ ਨਾਅਰਾ ਦੇਣ ਵਾਲੇ ਕਿਸਾਨਾਂ ਨੇ ਦੋ ਹੋਰ ਨਾਅਰੇ 'ਬਿੱਲ ਵਾਪਸੀ ਤੋਂ ਘਰ ਵਾਪਸੀ' ਤੇ 'ਜਾਂ ਮਰਾਂਗੇ ਜਾਂ ਜਿੱਤਾਂਗੇ' ਦੇ ਨਾਅਰੇ ਦਿੱਤੇ।

ਉਧਰ, ਖੇਤੀ ਮੰਤਰੀ ਨਰੇਂਦਰ ਤੋਮਰ ਨੇ ਕਿਹਾ ਕਿ ਮੀਟਿੰਗ ਬੇਸਿੱਟਾ ਰਹੀ ਕਿਉਂਕਿ ਕਿਸਾਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਆਪਣੀ ਮੰਗ ਦਾ ਕੋਈ ਸੰਭਾਵੀ ਬਦਲ ਨਹੀਂ ਦੇ ਸਕੇ। ਕਿਸਾਨ ਆਗੂਆਂ ਨੇ ਇਸ ਮੌਕੇ ਕਾਨੂੰਨ ਵਾਪਸੀ ਤੋਂ ਘਰ ਵਾਪਸੀ' ਤੇ 'ਜਾਂ ਮਰਾਂਗੇ ਜਾਂ ਜਿੱਤਾਂਗੇ' ਦੇ ਦੋ ਨਵੇਂ ਨਾਅਰੇ ਵੀ ਦਿੱਤੇ। ਮੀਟਿੰਗ ਉਪਰੰਤ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਮੀਟਿੰਗ ਬੇਨਤੀਜਾ ਰਹੀ ਤੇ ਅਗਲੇ ਗੇੜ ਦੀ ਗੱਲਬਾਤ ਦੌਰਾਨ ਵੀ ਇਸ ਮਸਲੇ ਦਾ ਕੋਈ ਹੱਲ ਨਿਕਲਣ ਦੇ ਆਸਾਰ ਘੱਟ ਹਨ। ਉਨ੍ਹਾਂ ਕਿਹਾ, 'ਸਾਨੂੰ ਕਾਨੂੰਨ ਰੱਦ ਕਰਨ ਤੋਂ ਛੁੱਟ ਕੁਝ ਵੀ ਸਵੀਕਾਰ ਨਹੀਂ। ਕਿਸਾਨ ਆਪਣੇ ਆਖਰੀ ਸਾਹਾਂ ਤੱਕ ਲੜਨਗੇ ਤੇ ਅਦਾਲਤ ਦੇ ਦਰਾਂ 'ਤੇ ਜਾਣਾ ਕੋਈ ਬਦਲ ਨਹੀਂ ਹੈ।

## ਕੇਂਦਰ ਧੱਕਾ ਨਹੀਂ ਕਰ ਸਕਦਾ: ਰਾਜੇਵਾਲ

**ਨਵੀਂ ਦਿੱਲੀ:** ਬੀ.ਕੇ.ਯੂ. (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਖੇਤੀ ਮੰਤਰੀ ਨੂੰ ਕਿਹਾ ਕਿ ਕਿਸਾਨ ਯੂਨੀਅਨਾਂ ਨੂੰ ਖੇਤੀ ਕਾਨੂੰਨਾਂ 'ਤੇ ਲੀਕ ਮਾਰੇ ਜਾਣ ਤੋਂ ਛੁੱਟ ਕੁਝ ਵੀ ਮਨਜ਼ੂਰ ਨਹੀਂ। ਰਾਜੇਵਾਲ ਨੇ ਕਿਹਾ ਕਿ ਖੇਤੀ ਰਾਜਾਂ ਦਾ ਵਿਸ਼ਾ ਹੈ ਤੇ ਕੇਂਦਰ ਸਰਕਾਰ ਰਾਜਾਂ ਨਾਲ ਇਸ ਵਿਸ਼ੇ 'ਤੇ ਧੱਕਾ ਨਹੀਂ ਕਰ ਸਕਦੀ। ਰਾਜੇਵਾਲ ਨੇ ਕਿਹਾ, 'ਇਹ ਪ੍ਰਵਾਨਿਤ ਤੱਥ ਹੈ ਕਿ ਤੁਸੀਂ ਖੇਤੀ ਦੇ ਵਿਸ਼ੇ 'ਚ ਦਖਲ ਨਹੀਂ ਦੇ ਸਕਦੇ। ਪਰ ਤੁਸੀਂ ਆਪਣੇ ਸਕੱਤਰ ਤੇ ਸੰਯੁਕਤ ਸਕੱਤਰ ਨੂੰ ਇਸ ਕੰਮ 'ਤੇ ਲਾਈ ਰੱਖਿਆ ਹੈ, ਤੇ ਉਹ ਆਏ ਦਿਨ ਕੋਈ ਨਾ ਕੋਈ ਬਹਾਨਾ (ਦਖਲ ਦਾ) ਘੜਦੇ ਰਹਿੰਦੇ ਹਨ। ਮੇਰੇ ਕੋਲ ਅਜਿਹੇ ਕਈ ਕੇਸਾਂ ਦੀ ਸੂਚੀ ਹੈ, ਜਿਸ ਵਿਚ ਸੁਪਰੀਮ ਕੋਰਟ ਦੇ ਪੂਰੇ ਬੈਂਚ ਨੇ ਫੈਸਲਾ ਦਿੱਤਾ ਹੈ ਕਿ ਕੇਂਦਰ ਸਰਕਾਰ ਇਸ (ਖੇਤੀ) ਵਿਸ਼ੇ 'ਚ ਦਖਲ ਨਹੀਂ ਦੇ ਸਕਦੀ।'

## ਕਿਸਾਨਾਂ ਦੇ ਹੱਕ 'ਚ ਨਿੱਤਰੇ ਕਲਾਕਾਰ

**ਨਵੀਂ ਦਿੱਲੀ:** ਟਿਕਰੀ ਬਾਰਡਰ 'ਤੇ ਦੇਸ਼ ਦੇ ਨਾਮੀਂ ਅਦਾਕਾਰਾਂ ਤੇ ਗਾਇਕਾਂ ਨੇ ਕਿਸਾਨਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਹਰਭਜਨ ਮਾਨ, ਰੱਬੀ ਸ਼ੇਰਗਿੱਲ, ਸਵਰਾ ਭਾਸਕਰ ਤੇ ਹੋਰ ਕਲਾਕਾਰਾਂ ਨੇ ਆਪਣੀ ਹਾਜ਼ਰੀ ਟਿਕਰੀ 'ਤੇ ਲੁਆਈ। ਕੰਵਰ ਗਰੇਵਾਲ, ਰਵਿੰਦਰ ਗਰੇਵਾਲ ਤੇ ਹੋਰ ਗਾਇਕ ਪਹਿਲਾਂ ਹੀ ਧਰਨਿਆਂ 'ਚ ਸ਼ਮੂਲੀਅਤ ਕਰਕੇ ਕਿਸਾਨੀ ਘੋਲ ਦਾ ਹਿੱਸਾ ਬਣੇ ਹੋਏ ਹਨ। 'ਆਰਟਿਸਟਸ ਫਾਰ ਫਾਰਮਰਜ਼' ਦੇ ਨਾਂ ਹੇਠ ਉਲੀਕੇ ਗਏ ਇਸ ਪ੍ਰੋਗਰਾਮ ਦੌਰਾਨ ਹਰਭਜਨ ਮਾਨ ਨੇ ਕਿਹਾ ਕਿ ਕਲਾਕਾਰ ਜੋ ਅੱਜ ਜਿਸ ਮੁਕਾਮ 'ਤੇ ਹਨ, ਉਹ ਕਿਸਾਨਾਂ ਸਦਕਾ ਹਨ।

# ਹਸਪਤਾਲ 'ਚ ਅੱਗ; ਦਸ ਨਵਜੰਮੇ ਬੱਚਿਆਂ ਦੀ ਮੌਤ

**ਨਾਗਪੁਰ/ਪੁਣੇ:** ਮਹਾਰਾਸ਼ਟਰ ਦੇ ਭੰਡਾਰਾ ਜ਼ਿਲ੍ਹਾ ਹਸਪਤਾਲ ਦੇ ਨਵਜੰਮੇ ਬੱਚਿਆਂ ਦੀ ਦੇਖ-ਰੇਖ ਵਾਲੀ ਇਕਾਈ ਵਿਚ ਅੱਗ ਲੱਗਣ ਨਾਲ ਇਕ ਤੋਂ ਤਿੰਨ ਮਹੀਨਿਆਂ ਦੇ ਦਸ ਨਵਜੰਮੇ ਬੱਚਿਆਂ ਦੀ ਮੌਤ ਹੋ ਗਈ ਜਦਕਿ ਹਸਪਤਾਲ ਦੇ ਸੁਰੱਖਿਆ ਗਾਰਡਾਂ ਤੇ ਫਾਇਰ ਬ੍ਰਿਗੇਡ ਅਧਿਕਾਰੀਆਂ ਨੇ ਸੱਤ ਬੱਚਿਆਂ ਨੂੰ ਬਚਾ ਲਿਆ।



ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਘਟਨਾ 'ਤੇ ਦੁੱਖ ਜ਼ਾਹਿਰ ਕਰਦਿਆਂ ਕਿਹਾ ਕਿ ਸਰਕਾਰ ਨੇ ਉੱਚ ਪੱਧਰੀ ਜਾਂਚ ਦੇ ਹੁਕਮ ਦੇ ਦਿੱਤੇ ਹਨ ਤੇ ਨੈਸ਼ਨਲ ਫਾਇਰ ਸਰਵਿਸ ਕਾਲਜ ਅਤੇ ਵਿਸ਼ਵੇਸਵਰਿਆ ਨੈਸ਼ਨਲ ਇੰਸਟੀਚਿਊਟ ਆਫ ਟੈਕਨਾਲੋਜੀ ਨਾਗਪੁਰ ਦੇ ਮਾਹਿਰ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕਰਨਗੇ। ਉਨ੍ਹਾਂ ਕਿਹਾ ਕਿ ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸੇ ਤਰ੍ਹਾਂ ਇਸ ਘਟਨਾ ਨੂੰ ਦੁਖਦਾਇਕ ਦੱਸਦਿਆਂ ਉਪ ਮੁੱਖ ਮੰਤਰੀ ਅਜੀਤ ਪਵਾਰ ਨੇ ਕਿਹਾ ਕਿ ਅੱਗ ਲੱਗਣ ਦੇ ਜ਼ਿੰਮੇਵਾਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪੀੜਤ ਪਰਿਵਾਰਾਂ ਨੂੰ ਪੰਜ-ਪੰਜ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਸੂਬੇ ਦੇ ਸਾਰੇ ਜ਼ਿਲ੍ਹਾ ਹਸਪਤਾਲਾਂ, ਜਿਨ੍ਹਾਂ 'ਚ ਨਵਜੰਮੇ ਬੱਚਿਆਂ ਲਈ ਵਿਸ਼ੇਸ਼ ਦੇਖਭਾਲ ਦੇ ਯੂਨਿਟ ਸਥਾਪਤ ਹਨ, ਦਾ ਆਡਿਟ ਕਰਨ ਦੇ ਹੁਕਮ ਦਿੱਤੇ ਗਏ ਹਨ। ਸੂਬੇ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਆਗੂ ਦੇਵੇਂਦਰ ਫੜਨਵੀਸ ਨੇ ਕਿਹਾ, 'ਅਜਿਹਾ ਲੱਗਦਾ ਹੈ ਕਿ ਹਸਪਤਾਲ ਦੇ ਵਾਰਡ ਦੇ ਏਸੀ ਵਿਚ ਚੰਗਿਆੜੀ ਮਗਰੋਂ ਅੱਗ ਲੱਗੀ।' ਘਟਨਾ ਦੇ ਪਿੱਛੇ ਅਣਗਹਿਲੀ ਦੱਸਦਿਆਂ ਉਨ੍ਹਾਂ ਪੀੜਤ ਪਰਿਵਾਰਾਂ ਲਈ 10-10 ਲੱਖ ਰੁਪਏ ਮੁਆਵਜ਼ਾ ਮੰਗਿਆ। ਸੂਬੇ ਦੇ ਸਿਹਤ ਮੰਤਰੀ ਰਾਜੇਸ਼ ਟੋਪੇ ਨੇ ਕਿਹਾ ਕਿ ਦਸ ਵਿਚੋਂ ਤਿੰਨ ਬੱਚਿਆਂ ਦੀ ਮੌਤ ਝੁਲਸਣ ਕਾਰਨ ਹੋਈ ਜਦਕਿ ਸੱਤ ਦੀ ਮੌਤ ਧੂੰਏਂ ਕਾਰਨ ਸਾਹ ਘੁਟਣ ਕਰਕੇ ਹੋਈ।

# ਪੰਜਾਬ ਵਿਚ ਨਿਗਮ ਚੋਣਾਂ ਲਈ ਜ਼ੋਰ-ਅਜ਼ਮਾਈ ਸ਼ੁਰੂ


**ਚੰਡੀਗੜ੍ਹ:** ਪੰਜਾਬ ਵਿਚ 9 ਨਗਰ ਨਿਗਮਾਂ ਅਤੇ 118 ਨਗਰ ਕੌਂਸਲਾਂ ਦੀ ਚੋਣ 20 ਫਰਵਰੀ ਤੱਕ ਕਰਾਉਣ ਦੀ ਸੰਭਾਵਨਾ ਹੈ, ਹਾਲਾਂਕਿ ਪੰਜਾਬ ਚੋਣ ਕਮਿਸ਼ਨ ਵਲੋਂ ਚੋਣ ਪ੍ਰਕਿਰਿਆ ਨੂੰ ਪੂਰਾ ਕਰਨ ਲਈ 13 ਫਰਵਰੀ ਤੱਕ ਦੀ ਤਰੀਕ ਨਿਰਧਾਰਤ ਕਰਕੇ ਰਾਜ ਸਰਕਾਰ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਫਿਲਹਾਲ ਚੋਣਾਂ ਸਬੰਧੀ ਤਰੀਕਾਂ ਦਾ ਐਲਾਨ ਨਹੀਂ ਹੋਇਆ ਹੈ ਪਰ ਰਾਜ ਦੇ ਸਿਆਸੀ ਦਲਾਂ ਨੇ ਜੋੜ-ਤੋੜ ਦੀ ਰਾਜਨੀਤੀ ਸ਼ੁਰੂ ਕਰ ਦਿੱਤੀ ਹੈ।

ਸੱਤਾਧਾਰੀ ਪਾਰਟੀ ਕਾਂਗਰਸ ਮੌਜੂਦਾ ਕਿਸਾਨ ਅੰਦੋਲਨ ਦੇ ਚੱਲਦੇ ਜਿਥੇ ਆਪਣੀ ਸਥਿਤੀ ਵਧੀਆ ਮੰਨਦੀ ਹੋਈ ਇਨ੍ਹਾਂ ਚੋਣਾਂ 'ਚ ਹੂੰਝਾ ਫੇਰ ਜਿੱਤ ਦਾ ਦਾਅਵਾ ਕਰਦੀ ਨਜ਼ਰ ਆ ਰਹੀ ਹੈ, ਉਥੇ ਅਕਾਲੀ ਦਲ ਨਾਰਾਜ ਕਿਸਾਨਾਂ ਨੂੰ ਮਨਾਉਣ ਲਈ ਪੰਥਕ ਅਤੇ ਧਾਰਮਿਕ ਨੇਤਾਵਾਂ ਦਾ ਸਹਾਰਾ ਲੈਣ ਦੀ ਕੋਸ਼ਿਸ਼ ਵਿਚ ਜੁੱਟ ਗਿਆ ਦੱਸਿਆ ਜਾ ਰਿਹਾ ਹੈ। ਉਧਰ, ਆਮ ਆਦਮੀ ਪਾਰਟੀ ਵੀ ਕਿਸਾਨ ਅੰਦੋਲਨ ਦੇ ਸਹਾਰੇ ਪਿੰਡ-ਪਿੰਡ ਵਿਚ ਆਪਣਾ ਆਧਾਰ ਬਣਾਉਣ 'ਚ ਜੁਟ ਗਈ ਹੈ, ਜਦੋਂਕਿ ਭਾਜਪਾ ਲਈ ਇਹ ਸਮਾਂ ਬਹੁਤ ਵਧੀਆ ਨਹੀਂ ਦੱਸਿਆ ਜਾ ਰਿਹਾ ਪਰ ਫਿਰ ਵੀ ਭਾਜਪਾ ਵਲੋਂ ਪੂਰੀ ਜੋਰ ਅਜ਼ਮਾਇਸ਼ ਕੀਤੀ ਜਾ ਰਹੀ ਹੈ। ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦਾ ਸਬੰਧੀ ਕਹਿਣਾ ਹੈ ਕਿ ਕਾਂਗਰਸ ਇਨ੍ਹਾਂ ਚੋਣਾਂ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਉਮੀਦਵਾਰਾਂ ਦੀ ਚੋਣ ਲਈ ਅਰਜੀਆਂ ਮੰਗਵਾਈਆਂ ਗਈਆਂ ਹਨ। ਆਮ ਆਦਮੀ ਪਾਰਟੀ ਅਤੇ ਅਕਾਲੀ ਦਲ ਨੇ ਵੀ ਆਪਣੇ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਸਰਗਰਮੀਆਂ ਤੇਜ ਕਰ ਦਿੱਤੀਆਂ ਹਨ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਵਲੋਂ 9 ਨਗਰ ਨਿਗਮਾਂ, 109 ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਹਨ।

## ਹਰਸਿਮਰਤ ਵੱਲੋਂ ਭਾਰੀ ਸੁਰੱਖਿਆ ਹੇਠ ਵਰਕਰਾਂ ਨਾਲ ਮੀਟਿੰਗਾਂ

**ਮਾਨਸਾ:** ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਵੱਲੋਂ ਭਾਰੀ ਸੁਰੱਖਿਆ ਹੇਠ ਪਾਰਟੀ ਦੇ ਬੀਸੀ ਵਿੰਗ ਨਾਲ ਮੀਟਿੰਗ ਕੀਤੀ ਗਈ। ਕੁਝ ਦਿਨ ਪਹਿਲਾਂ ਬੁਢਲਾਡਾ ਵਿਚ ਆਏ ਉਨ੍ਹਾਂ ਦਾ ਕਿਸਾਨਾਂ ਵੱਲੋਂ ਕਾਲੀਆਂ ਝੰਡੀਆਂ ਦਿਖਾ ਕੇ ਵਿਰੋਧ ਕੀਤਾ ਗਿਆ ਸੀ। ਇਸੇ ਕਰਕੇ ਅਕਾਲੀ ਆਗੂ ਦੀ ਫੇਰੀ ਤੋਂ ਪਹਿਲਾਂ ਹੀ ਪੁਲਿਸ ਵੱਲੋਂ ਸੁਰੱਖਿਆ ਪ੍ਰਬੰਧ ਕਰ ਲਏ ਗਏ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਹਰਸਿਮਰਤ ਨੇ ਕਿਹਾ ਕਿ ਅਕਾਲੀ ਦਲ ਵਿਚ ਪੱਛੜੀਆਂ ਸ਼੍ਰੇਣੀਆਂ ਵੱਡਾ ਆਧਾਰ ਰੱਖਦੀਆਂ ਹਨ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਚੋਣਾਂ ਵਿਚ ਬੀਸੀ ਵਰਗ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਪੰਜਾਬ 'ਚ ਅਕਾਲੀ ਦਲ ਦੀ ਸਰਕਾਰ ਆਉਣ 'ਤੇ ਮੰਡਲ ਕਮਿਸ਼ਨ ਦੀ ਰਿਪੋਰਟ ਪਾਸ ਕਰਨ ਦਾ ਵੀ ਭਰੋਸਾ ਦਿੱਤਾ।


**Tanya`s Beauty Salon**



*Threading/Waxing
*Facial (Men & Women)
*Anti-Aging Facial-Bleach
*Hair Cut-Color & Style

We Specialize in Bridal & Henna

85-03 Roosevelt Ave, Jackson Heights, NY 11373
Ph: 718-205-7832


## ਸਾਬਕਾ ਵਿਧਾਇਕ ਗਰੇਵਾਲ ਨੂੰ 22 ਸਾਲ ਪੁਰਾਣੇ ਮਾਮਲੇ 'ਚ ਹਾਈਕੋਰਟ ਤੋਂ ਰਾਹਤ

**ਚੰਡੀਗੜ੍ਹ:** ਸਾਬਕਾ ਵਿਧਾਇਕ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਮੈਂਬਰ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਹੋਰਨਾਂ ਨਾਲ ਜੁੜੇ 22 ਸਾਲ ਪੁਰਾਣੇ ਇਕ ਵਿਵਾਦ ਨੂੰ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਖਤਮ ਕਰ ਦਿੱਤਾ ਹੈ। ਗਰੇਵਾਲ ਅਤੇ ਹੋਰਨਾਂ ਨੂੰ ਧੋਖਾਧੜੀ ਅਤੇ ਹੋਰ ਧਾਰਾਵਾਂ 'ਚ ਦਾਇਰ ਇਕ ਸ਼ਿਕਾਇਤ 'ਚ ਹੇਠਲੀ ਅਦਾਲਤ ਨੇ ਸੰਮਨ ਜਾਰੀ ਕੀਤੇ ਸਨ।

ਹਾਈਕੋਰਟ ਜਸਟਿਸ ਸੰਜੈ ਕੁਮਾਰ ਨੇ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਬੰਧਤ ਆਦੇਸ਼ ਕਾਨੂੰਨ ਦੀ ਲੋੜ ਨੂੰ ਸੰਤੁਸ਼ਟ ਨਹੀਂ ਕਰਦੇ। ਹਾਈਕੋਰਟ ਨੇ ਮਾਮਲੇ ਵਿਚ ਐਡੀਸ਼ਨਲ ਸੈਸ਼ਨ ਜੱਜ ਦੇ ਉਸ ਆਦੇਸ਼ ਨੂੰ ਵੀ ਬਰਕਰਾਰ ਰੱਖਿਆ ਹੈ ਜਿਸ ਵਿਚ ਸ਼ੁਰੂਆਤ ਵਿਚ ਸੰਮਨ ਆਰਡਰ ਨੂੰ ਰੱਦ ਕਰ ਦਿੱਤਾ ਗਿਆ ਸੀ। ਮਾਮਲੇ ਵਿਚ ਗੁਰਬੀਰ ਸਿੰਘ ਨਾਮ ਦੇ ਵਿਅਕਤੀ ਨੇ ਮਈ 1998 ਵਿਚ ਸਬੰਧਤ ਕਾਨੂੰਨੀ ਧਾਰਾਵਾਂ ਵਿਚ ਸ਼ਿਕਾਇਤ ਦਰਜ ਕਰਵਾਈ ਸੀ। ਇਹ ਕਥਿਤ ਘਪਲਾ ਗੁਰੂ ਨਾਨਕ ਐਜੂਕੇਸ਼ਨਲ ਟਰੱਸਟ, ਗੁਰੂ ਨਾਨਕ ਗਰਲਜ ਕਾਲਜ, ਲੁਧਿਆਣਾ ਅਤੇ ਹੋਰ ਸਿੱਖਿਆ ਸੰਸਥਾਵਾਂ ਦੇ ਫੰਡ ਵਿਚ ਹੋਇਆ ਸੀ। ਮਾਮਲੇ ਵਿਚ ਲੁਧਿਆਣਾ ਦੇ ਮੈਜਿਸਟਰੇਟ ਨੇ ਸਥਾਨਕ ਪੁਲਿਸ ਨੂੰ ਜਾਂਚ ਕਰ ਕੇ ਰਿਪੋਰਟ ਸੌਂਪਣ ਨੂੰ ਕਿਹਾ ਸੀ।


# Matrimonials

### ਲੜਕੀ ਦੀ ਲੋੜ ਹੈ

Wanted suitable match for US citizen Grewal boy 33, 5'-9" tall from Fresno, California; has a computer degree. Bride's family send bio to groom directly at what's app +1 (510) 512-8055 47-50

ਸੈਣੀ ਸਿੱਖ, ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 46-

Wanted suitable match for handsome Jatt Sikh boy, 5'-11", 27 years, completed Engineering Masters in US, landlord family. Currently working in USA. Please send detailed particulars to email: singhusa93@gmail.com 44-

### ਲੜਕੇ ਦੀ ਲੋੜ ਹੈ

PhD, Beautiful Sikh Ahluwalia girl likely to settle abroad 1986, 5'-5" looking for a well educated and NRI match working in MNC or reputed place. Holds the US visitor visa. Brother works in the US. +91-97798-08043, +1-650-417-8804 3-6

Wanted suitable match for green card, Sikh Khatri, pretty girl, 35, 5'-5", MBA (India) MS (USA), working MNC in NY upstate. Divorced issueless. Looking for an educated Sikh Boy who working in USA E-mail: singhfdb@gmail.com or W/app +1-913-742-1102 40-41

ਪੰਜਾਬ ਟਾਈਮਜ਼
Punjabtimes1@gmail.com
www.punjabtimesusa.com


## ਯੂ.ਐਨ. 'ਚ 3 ਅਹਿਮ ਕਮੇਟੀਆਂ ਦੀ ਅਗਵਾਈ ਕਰੇਗਾ ਭਾਰਤ

**ਸੰਯੁਕਤ ਰਾਸ਼ਟਰ:** ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (ਯੂ.ਐਨ.ਐਸ.ਸੀ.) 'ਚ ਅਸਥਾਈ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ ਤਾਲਿਬਾਨ ਤੇ ਲਿਬੀਆ 'ਤੇ ਪਾਬੰਦੀ ਕਮੇਟੀਆਂ ਤੇ ਅਤਿਵਾਦ ਰੋਕੂ ਕਮੇਟੀ ਦੀ ਪ੍ਰਧਾਨਗੀ ਕਰੇਗਾ।


ਸੰਯੁਕਤ ਰਾਸ਼ਟਰ ਦੀ 15 ਮੈਂਬਰੀ ਸੁਰੱਖਿਆ ਕੌਂਸਲ 'ਚ ਸਾਲਾਂ ਤੋਂ ਸੁਧਾਰ ਦੀ ਮੰਗ ਕਰ ਰਹੇ ਭਾਰਤ ਨੇ ਅਸਥਾਈ ਮੈਂਬਰ ਵਜੋਂ ਪਹਿਲੀ ਜਨਵਰੀ ਤੋਂ ਆਪਣੇ ਦੋ ਸਾਲਾ ਕਾਰਜਕਾਲ ਦੀ ਸ਼ੁਰੂਆਤ ਕੀਤੀ ਹੈ। ਕੌਂਸਲ 'ਚ ਪੰਜ ਸਥਾਈ ਤੇ 10 ਅਸਥਾਈ ਮੈਂਬਰ ਹਨ।


LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No. 866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship ਨੈਚੁਰਲਾਈਜ਼ੇਸ਼ਨ ਐਂਡ ਸਿਟੀਜਨਸ਼ਿਪ
- Removal Defense & Waivers ਰੀਮੁਵਲ ਡਿਫੈਂਸੀ ਐਂਡ ਵੈਵੇਰਸ

Languages SPOKEN Punjabi | Hindi | Urdu | Spanish & English



# ਕਿਚਨ ਹੈਲਪਰ ਦੀ ਲੋੜ ਹੈ

ਲਿਟਲ ਰਾਕ, ਅਰਕਨਸਾਸ ਵਿਖੇ ਇੰਡੀਆਨ ਰੈਸਟੋਰੈਂਟ ਲਈ ਕਿਚਨ ਹੈਲਪਰ ਦੀ ਲੋੜ ਹੈ

ਤਨਖਾਹ ਚੰਗੀ, ਰਿਹਾਇਸ਼ ਅਤੇ ਖਾਣਾ ਮੁਫਤ
ਛੇ ਦਿਨ ਕੰਮ, ਇਕ ਦਿਨ ਛੁੱਟੀ

ਸੰਪਰਕ ਕਰੋ

ਫੋਨ: 501-309-4140

sami_lal@yahoo.com



## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

***Live on Jas TV***
**Saturday 9:30AM and Sunday 4PM (Pacific Time)**

**7021 Village Park Way, Dublin, CA 94568**

Email: Homeomedicine@yahoo.com

# ਪੰਜਾਬ ਦੀਆਂ ਸਿਆਸੀ ਧਿਰਾਂ ਦਾ ਇਕ-ਦੂਜੇ ਨੂੰ ਘੇਰਨ ਉਤੇ ਹੀ ਲੱਗਾ ਜ਼ੋਰ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਖਿਲਾਫ ਪੰਜਾਬ ਤੋਂ ਉਠੀ ਰੋਹ ਦੀ ਲਹਿਰ ਪੂਰੇ ਮੁਲਕ ਵਿਚ ਫੈਲ ਗਈ ਹੈ। ਪੂਰੇ ਮੁਲਕ ਦੇ ਕਿਸਾਨ ਦਿੱਲੀ ਦੀਆਂ ਹੱਦਾਂ ਉਤੇ ਕਾਨੂੰਨ ਰੱਦ ਕਰਵਾਉਣ ਲਈ ਡਟੇ ਹੋਏ ਹਨ। ਨਿੱਤ ਦਿਨ ਇਕ-ਦੋ ਕਿਸਾਨਾਂ ਦੀਆਂ ਮੌਤਾਂ ਦੀਆਂ ਖਬਰਾਂ ਆ ਰਹੀਆਂ ਹਨ। ਇਸ ਵੇਲੇ ਜਿਥੇ ਪੂਰਾ ਪੰਜਾਬ ਇਕ ਪਾਸੇ ਖੜ੍ਹਾ ਸਿਰਫ ਕੇਂਦਰ ਸਰਕਾਰ ਦੀ ਘੇਰਾਬੰਦੀ ਲਈ ਜ਼ੋਰ ਲਾ ਰਿਹਾ ਹੈ, ਉਥੇ ਸੂਬੇ ਦੀਆਂ ਸਿਆਸੀ ਧਿਰਾਂ ਦਾ ਜ਼ੋਰ ਸਿਰਫ ਆਪਸੀ ਦੂਸ਼ਣਬਾਜ਼ੀ ਉਤੇ ਲੱਗਾ ਹੋਇਆ ਹੈ। ਕਾਂਗਰਸ, ਅਕਾਲੀ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਇਕ-ਦੂਜੇ ਦੀ ਘੇਰਾਬੰਦੀ ਉਤੇ ਟਿੱਲ ਲਾਇਆ ਹੋਇਆ ਹੈ।



ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਖ ਰਹੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਚ ਭਾਜਪਾ ਦੇ ਮੁੱਖ ਮੰਤਰੀ ਵਜੋਂ ਕੰਮ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਬਹੁਤ ਸਾਰੀਆਂ ਕਮਜ਼ੋਰੀਆਂ ਕੇਂਦਰ ਸਰਕਾਰ ਦੇ ਹੱਥ ਲੱਗੀਆਂ ਹੋਈਆਂ ਹਨ, ਇਸੇ ਕਰਕੇ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਦਬਾਅ ਹੇਠ ਕੰਮ ਕਰ ਰਹੇ ਹਨ। ਪੰਜਾਬ ਵਿਚ ਹੁਣ ਨੌਜਵਾਨਾਂ 'ਤੇ ਜਿਹੜੇ ਝੂਠੇ ਕੇਸ ਵੀ ਦਰਜ ਕੀਤੇ ਜਾ ਰਹੇ ਹਨ, ਉਹ ਵੀ ਕੇਂਦਰ ਦੇ ਇਸ਼ਾਰੇ 'ਤੇ ਹੀ ਹੋ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਇਹ ਸਪਸ਼ਟ ਹੈ ਕਿ ਕੇਂਦਰੀ ਗ੍ਰਹਿ ਮੰਤਰਾਲਾ ਮੁੱਖ ਮੰਤਰੀ ਦੀ ਕਮਜ਼ੋਰੀ ਜਾਣਦਾ ਹੈ ਤੇ ਇਸੇ ਲਈ ਮੁੱਖ ਮੰਤਰੀ ਸਿੱਧਾ ਮੰਤਰਾਲੇ ਤੋਂ ਹੁਕਮ ਲੈ ਰਹੇ ਹਨ ਅਤੇ ਭਾਜਪਾ ਆਗੂਆਂ ਵਿਰੁੱਧ ਪ੍ਰਦਰਸ਼ਨ ਕਰਨ ਵਾਲੇ ਪੰਜਾਬੀਆਂ ਖਿਲਾਫ ਇਰਾਦਾ ਕਤਲ ਦੇ ਕੇਸ ਦਰਜ ਕੀਤੇ ਜਾ ਰਹੇ ਹਨ। ਉਧਰ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਅਤੇ ਅਰਵਿੰਦ ਕੇਜਰੀਵਾਲ ਤੇ ਇਨ੍ਹਾਂ ਦੋਵਾਂ ਦੇ ਪਾਰਟੀ ਕਾਰਕੁਨ ਝੂਠ ਅਤੇ ਫਰੇਬ ਦਾ ਆਸਰਾ ਲੈ ਕੇ ਆਪਣੀਆਂ ਉਨ੍ਹਾਂ ਨਾਕਾਮੀਆਂ ਨੂੰ ਲੁਕਾਉਣਾ ਚਾਹੁੰਦੇ ਹਨ, ਜਿਸ ਦਾ ਸਾਹਮਣਾ ਉਨ੍ਹਾਂ ਨੂੰ ਖੇਤੀ ਕਾਨੂੰਨਾਂ ਕਾਰਨ ਪੈਦਾ ਹੋਏ ਸੰਕਟ ਦੌਰਾਨ ਕਰਨਾ ਪਿਆ ਹੈ।

ਆਮ ਆਦਮੀ ਪਾਰਟੀ ਦਾ ਕਹਿਣਾ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਖੇਤੀ ਕਾਨੂੰਨਾਂ ਸਬੰਧੀ ਪਾਸ ਕੀਤੇ ਕਾਨੂੰਨ ਰਾਸ਼ਟਰਪਤੀ ਕੋਲ ਨਾ ਪਹੁੰਚਾਉਣਾ ਕੈਪਟਨ ਅਮਰਿੰਦਰ ਸਿੰਘ ਅਤੇ ਗਵਰਨਰ ਦੀ ਮਿਲੀਭੁਗਤ ਦਾ ਨਤੀਜਾ ਹੈ। 'ਆਪ' ਆਗੂ ਭਗਵੰਤ ਮਾਨ ਨੇ ਕਿਹਾ ਹੈ ਕਿ ਇਸ ਤੋਂ ਕੈਪਟਨ ਅਮਰਿੰਦਰ ਸਿੰਘ ਦੁਆਰਾ ਨਰਿੰਦਰ ਮੋਦੀ ਨਾਲ ਮਿਲ ਕੇ ਇਨ੍ਹਾਂ ਕਾਨੂੰਨਾਂ ਸਬੰਧੀ ਪੰਜਾਬੀਆਂ ਨੂੰ ਗੁਮਰਾਹ ਕਰਨ ਦੇ ਮਨਸੂਬੇ ਨਾਲ ਨਾਟਕ ਕਰਨ ਦਾ ਪਰਦਾਫਾਸ਼ ਹੋਇਆ ਹੈ। ਮਾਨ ਨੇ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਕਾਨੂੰਨ ਬਣਾਉਣ ਦੀ ਡਰਾਮੇਬਾਜੀ ਕੀਤੀ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਜੇਕਰ ਸੱਚੇ ਦਿਲੋਂ ਕਿਸਾਨਾਂ ਦੀ ਕੋਈ ਚਿੰਤਾ ਹੁੰਦੀ ਤਾਂ ਉਹ ਇਸ ਦੀ ਪੈਰਵਾਈ ਕਰਦੇ।

### ਕਿਸਾਨਾਂ ਨਾਲ ਗੱਲਬਾਤ ਵਿਚ ਸਾਡੀ ਸਰਕਾਰ ਦੀ ਕੋਈ ਭੂਮਿਕਾ ਨਹੀਂ: ਕੈਪਟਨ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਦਿੱਲੀ ਸਰਹੱਦ 'ਤੇ ਮੁਜ਼ਾਹਰਾ ਕਰ ਰਹੇ ਕਿਸਾਨਾਂ ਨਾਲ ਗੱਲਬਾਤ ਕਰਨ ਲਈ ਪੁਲਿਸ ਅਫਸਰਾਂ ਦੀ ਤਾਇਨਾਤੀ ਕੀਤੇ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਨ੍ਹਾਂ ਸਾਰੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਕਿ ਗੇਂਦ ਹੁਣ ਕੇਂਦਰ ਸਰਕਾਰ ਦੇ ਪਾਲੇ ਵਿਚ ਹੈ ਅਤੇ ਕਿਸਾਨਾਂ ਨਾਲ ਗੱਲਬਾਤ ਵਿਚ ਪੰਜਾਬ ਸਰਕਾਰ ਦੀ ਕੋਈ ਭੂਮਿਕਾ ਨਹੀਂ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਦੇ ਕਿਸਾਨਾਂ ਵੱਲੋਂ ਦਿੱਲੀ ਸਰਹੱਦ 'ਤੇ ਕਾਫੀ ਪਹਿਲਾਂ ਦੇ ਸਮੇਂ ਤੋਂ ਹੀ ਮੁਜ਼ਾਹਰੇ ਕੀਤੇ ਜਾ ਰਹੇ ਹਨ। ਇਸ ਲਈ ਉਨ੍ਹਾਂ ਨੇ ਸੁਭਾਵਿਕ ਤੌਰ 'ਤੇ ਪੁਲਿਸ ਅਧਿਕਾਰੀਆਂ ਨੂੰ ਸਿਰਫ ਕੌਮੀ ਰਾਜਧਾਨੀ ਦਿੱਲੀ ਹੀ ਨਹੀਂ, ਸਗੋਂ ਸਮੁੱਚੇ ਪੰਜਾਬ ਦੀ ਸਥਿਤੀ ਬਾਰੇ ਨਿਯਮਿਤ ਰੂਪ ਵਿਚ ਤਾਜ਼ਾ ਹਾਲਾਤ ਦੀ ਜਾਣਕਾਰੀ ਅਤੇ ਖੁਫੀਆ ਰਿਪੋਰਟਾਂ ਦੇਣ ਲਈ ਕਿਹਾ ਸੀ।

# ਖੇਤੀ ਕਾਨੂੰਨ ਸੰਵਿਧਾਨ ਅਤੇ ਸੰਘਵਾਦ ਦੀ ਸੋਚ ਦੇ ਖਿਲਾਫ ਕਰਾਰ

ਚੰਡੀਗੜ੍ਹ: ਸਿਟੀਜ਼ਨਜ ਫਾਰ ਫਾਰਮਰਜ਼ ਵੱਲੋਂ ਕਰਵਾਏ 'ਕੌਮੀ ਸੈਮੀਨਾਰ' ਵਿਚ ਮੁੱਖ ਤੌਰ 'ਤੇ ਗੱਲ ਉਭਰੀ ਕਿ ਤਿੰਨੋਂ ਖੇਤੀ ਕਾਨੂੰਨਾਂ ਨੂੰ ਲੈ ਕੇ ਚੱਲ ਰਿਹਾ ਲੋਕ ਅੰਦੋਲਨ ਨਵੇਂ ਖੇਤੀ ਮਾਡਲ ਦਾ ਫੈਸਲਾ ਕਰੇਗਾ। ਅੰਦੋਲਨ ਹੀ ਇਹ ਫੈਸਲਾ ਕਰੇਗਾ ਕਿ ਕਿਸਾਨ ਖੇਤੀ ਦੇ ਸਹਿਕਾਰੀ ਮਾਡਲ ਨਾਲ ਖੜ੍ਹਨਗੇ ਜਾਂ ਕਾਰਪੋਰੇਟ ਮਾਡਲ ਦੇ ਸੰਗ ਤੁਰਨਗੇ। ਮੁੱਖ ਬੁਲਾਰਿਆਂ ਨੇ ਕਿਹਾ ਕਿ ਮੌਜੂਦਾ ਸੰਕਟ ਇਕੱਲਾ ਖੇਤੀ ਦਾ ਨਹੀਂ ਬਲਕਿ ਸਭਿਆਚਾਰਕ ਸੰਕਟ ਵੀ ਹੈ। ਬੁਲਾਰਿਆਂ ਨੇ ਫਿਕਰ ਜ਼ਾਹਰ ਕੀਤੇ ਕਿ ਵਿਦੇਸ਼ੀ ਤਰਜ਼ ਵਾਲੇ ਆਰਥਿਕ ਸੁਧਾਰ ਭਾਰਤੀ ਖੇਤੀ ਦੀ ਬਲੀ ਲੈਣ ਵਾਲੇ ਹਨ, ਜਿਨ੍ਹਾਂ ਨੂੰ ਵਿਸ਼ਾਲ ਲਾਮਬੰਦੀ ਠੱਲ੍ਹ ਪਾਏਗੀ। ਸੈਮੀਨਾਰ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕਰ ਕੇ ਮੰਗ ਕੀਤੀ ਗਈ ਕਿ ਭਾਰਤ ਸਰਕਾਰ ਤੁਰੰਤ ਇਨ੍ਹਾਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਵਾਪਸ ਲਵੇ।

ਸਥਾਨਕ ਪੰਜਾਬ ਕਲਾ ਭਵਨ 'ਚ ਕਿਸਾਨਾਂ ਦੇ 'ਹੱਕੀ ਸੰਘਰਸ਼ ਦੀ ਹਮਾਇਤ' ਵਿਸ਼ੇ 'ਤੇ ਕੌਮੀ ਸੈਮੀਨਾਰ ਨੂੰ ਮਜਬੂਤ ਹੁੰਗਾਰਾ ਮਿਲਿਆ ਅਤੇ ਬੁਲਾਰਿਆਂ ਦੀ ਦਲੀਲ ਨੂੰ ਹਾਜਰੀਨ ਨੇ ਸ਼ਿੱਦਤ ਨਾਲ ਸੁਣਿਆ। ਪੇਂਡੂ ਭਾਰਤ ਦੇ ਮਾਹਿਰ ਚਿੰਤਕ ਪੀ.ਸਾਈਨਾਥ ਨੇ ਮੁੱਖ ਭਾਸ਼ਣ 'ਚ ਕਿਹਾ ਕਿ ਤਿੰਨੋਂ ਖੇਤੀ ਕਾਨੂੰਨ ਸੰਵਿਧਾਨ ਦੀ ਮੂਲ ਸੋਚ ਅਤੇ ਸੰਘਵਾਦ ਦੀ ਧਾਰਾ ਦੇ ਉਲਟ ਖੜ੍ਹਦੇ ਹਨ। ਉਨ੍ਹਾਂ ਕਿਹਾ ਕਿ ਇਹ ਖੇਤੀ ਕਾਨੂੰਨ ਜਿਥੇ ਕਾਰਪੋਰੇਟਾਂ ਨੂੰ ਭਾਰਤੀ ਖੇਤੀ ਨੂੰ ਅਗਵਾ ਕਰਨ ਦਾ ਮੌਕਾ ਦੇਣਗੇ, ਉਥੇ ਲੁੱਟ ਦੇ ਨਵੇਂ ਰਾਹ ਖੋਲ੍ਹਣਗੇ। ਉਨ੍ਹਾਂ ਕਿਹਾ ਕਿ ਇਕ ਪਾਸੇ ਅਰਥਚਾਰੇ ਦੇ ਮੂਲਵਾਦੀ ਇਨ੍ਹਾਂ ਖੇਤੀ ਕਾਨੂੰਨਾਂ ਦੀ ਪਿੱਠ ਥਾਪੜ ਰਹੇ ਹਨ ਜਦੋਂ ਕਿ ਦੂਸਰੇ ਪਾਸੇ ਖੇਤੀ ਕਾਨੂੰਨਾਂ ਨੇ ਸਮੁੱਚੇ ਸਮਾਜ ਨੂੰ ਇਕਜੁੱਟ ਕੀਤਾ ਹੈ। ਉਨ੍ਹਾਂ ਕਿਸਾਨ ਅੰਦੋਲਨ ਨੂੰ ਹੁਣ ਤੱਕ ਦਾ ਸਭ ਤੋਂ ਵੱਧ ਜ਼ਾਬਤੇ ਵਾਲਾ ਘੋਲ ਦੱਸਦੇ ਹੋਏ ਕਿਹਾ ਕਿ ਭਾਰਤ ਸਰਕਾਰ ਨੇ ਪਹਿਲਾਂ ਸਵਾਮੀਨਾਥਨ ਰਿਪੋਰਟ ਦੀਆਂ ਸਿਫਾਰਸ਼ਾਂ ਨੂੰ ਹਕੂਮਤੀ ਲੇਪ ਲਾ ਸਿਆਸੀ ਭੱਲ ਖੱਟਣ ਦੀ ਕੋਸ਼ਿਸ਼ ਕੀਤੀ ਅਤੇ ਹੁਣ ਕਾਰਪੋਰੇਟਾਂ ਦੀ ਪਿੱਠ 'ਤੇ ਖੜ੍ਹ ਕੇ ਨਵੇਂ ਖੇਤੀ ਕਾਨੂੰਨਾਂ ਦੇ ਫਾਇਦੇ ਗਿਣਾ ਰਹੀ ਹੈ। ਸਾਈਨਾਥ ਨੇ ਕਿਹਾ ਕਿ ਜਮਹੂਰੀਅਤ ਤਾਂ ਪਹਿਲਾਂ ਹੀ ਖਤਰੇ ਵਿਚ ਸੀ, ਉਪਰੋਂ ਕੋਵਿਡ ਨੇ ਲੋਕ ਰਾਜ ਨੂੰ ਆਈਸੀਯੂ 'ਚ ਪਹੁੰਚਾ ਦਿੱਤਾ।

ਖਾਧ ਤੇ ਖੇਤੀ ਮਾਹਿਰ ਦਵਿੰਦਰ ਸ਼ਰਮਾ ਨੇ ਯੂਰਪ ਦੇ ਖੇਤੀ ਮਾਡਲ ਅਤੇ ਵਿਦੇਸ਼ੀ ਖੇਤੀ ਸਬਸਿਡੀਆਂ 'ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਖੇਤੀ ਸੁਧਾਰ ਮੰਗਦੀ ਹੈ ਪਰ ਕਿਸਾਨ ਯੂਰਪੀ ਤਰਜ਼ ਵਾਲੇ ਸੁਧਾਰ ਨਹੀਂ ਚਾਹੁੰਦੇ।



ਅਮਰੀਕਾ 'ਚ ਸਰਕਾਰੀ ਮਦਦ ਦੇ ਬਾਵਜੂਦ ਕਿਸਾਨ ਦੀ ਜ਼ਿੰਦਗੀ ਨਰਕਮਈ ਹੈ। ਉਨ੍ਹਾਂ ਕਿਹਾ ਕਿ ਆਰਥਿਕ ਸੁਧਾਰਾਂ ਵਾਲਾ ਜੋ ਡਿਜ਼ਾਈਨ ਯੂਰਪ ਦੀਆਂ ਵੱਡੀਆਂ ਖੇਤੀ ਜੋਤਾਂ 'ਤੇ ਕਾਮਯਾਬ ਨਹੀਂ ਹੋ ਸਕਿਆ, ਉਸ ਨੂੰ ਭਾਰਤ 'ਚ ਛੋਟੀਆਂ ਜੋਤਾਂ 'ਤੇ ਜਬਰੀ ਲਾਗੂ ਕੀਤਾ ਜਾ ਰਿਹੈ। ਸਰਕਾਰ ਖੇਤੀ ਸੈਕਟਰ 'ਚ 'ਘਾਟਿਆਂ ਦੀ ਪੈਦਾਵਾਰ' ਕਰਨ ਦੇ ਰਾਹ ਪਈ ਹੈ। ਕਾਰਪੋਰੇਟ ਕੰਪਨੀਆਂ ਨੇ ਜਿੱਥੇ ਕਿਸਾਨਾਂ ਨੂੰ ਖੇਤਾਂ ਦੇ ਰਫਿਊਜੀ ਬਣਾਉਣ ਲਈ ਰਾਹ ਪੱਧਰਾ ਕੀਤਾ, ਉਥੇ ਵਾਤਾਵਰਨ 'ਚ ਨਵੇਂ ਵਿਗਾੜ ਵੀ ਖੜ੍ਹੇ ਕਰ ਦਿੱਤੇ ਹਨ। ਉਨ੍ਹਾਂ ਸੁਝਾਅ ਦਿੱਤਾ ਕਿ ਕੀਮਤ ਨੀਤੀ ਤੋਂ ਹੁਣ ਕਿਸਾਨਾਂ ਲਈ 'ਆਮਦਨ ਨੀਤੀ' ਵੱਲ ਵਧਣਾ ਪਵੇਗਾ ਅਤੇ ਕਿਸਾਨ ਬਿਨਾਂ ਆਤਮ-ਨਿਰਭਰ ਹੋਣ ਦਾ ਸੁਪਨਾ ਪੂਰਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਹੈ ਜਦੋਂ ਕਿਸਾਨਾਂ ਨਾਲ ਸਮੁੱਚਾ ਤਬਕਾ ਖੜ੍ਹਾ ਹੋਇਆ ਹੈ। ਉਨ੍ਹਾਂ ਕਿਹਾ ਕਿ ਰਸਮੀ ਖੇਤਰ ਵਿਚ ਤਨਖਾਹਾਂ ਵਿਚ ਲੰਘੇ ਪੰਜ ਦਹਾਕਿਆਂ 'ਚ 120 ਗੁਣਾ ਵਾਧਾ ਹੋਇਆ, ਉਥੇ ਕਿਸਾਨੀ ਜਿਣਸਾਂ ਵਿਚ ਸਿਰਫ 19 ਗੁਣਾਂ ਵਾਧਾ ਹੋਇਆ। ਸਰਕਾਰਾਂ ਨੇ ਰਸਮੀ ਖੇਤਰ 'ਚ ਵਾਧੇ ਕਰਕੇ 1.25 ਲੱਖ ਕਰੋੜ ਦੇ ਵਾਧੂ ਬਜਟ ਦਾ ਪ੍ਰਬੰਧ ਕੀਤਾ ਹੈ।

ਆਂਧਰਾ ਪ੍ਰਦੇਸ਼ ਦੇ ਸਾਬਕਾ ਚੀਫ ਜਸਟਿਸ ਐਮ.ਐਸ.ਲਿਬਰਹਾਨ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਖੇਤੀ ਆਰਡੀਨੈਂਸਾਂ ਨੂੰ ਕੋਵਿਡ ਦੀ ਪ੍ਰਸਥਿਤੀ ਵਿਚ ਲਿਆ ਕੇ ਹੀ ਸਰਕਾਰ ਨੇ ਸ਼ੰਕੇ ਖੜ੍ਹੇ ਕਰ ਦਿੱਤੇ ਸਨ ਜਦੋਂ ਕਿ ਆਰਡੀਨੈਂਸ ਕੇਵਲ ਹੰਗਾਮੀ ਹਾਲਾਤ 'ਚ ਲਿਆਂਦੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮੁਲਕ ਦੇ ਕਿਸਾਨਾਂ ਦਾ ਵੱਡਾ ਹਿੱਸਾ ਅੱਜ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਖੜ੍ਹਾ ਹੈ ਅਤੇ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਸਰਕਾਰ ਜਬਰੀ ਲਾਗੂ ਨਹੀਂ ਸਕਦੀ। ਇਸ ਦੌਰਾਨ ਸੁਪਰੀਮ ਕੋਰਟ ਦੇ ਦੋ ਸਾਬਕਾ ਜੱਜਾਂ ਜਸਟਿਸ ਆਫਤਾਬ ਆਲਮ ਤੇ ਜਸਟਿਸ ਗੋਪਾਲ ਗੌੜਾ ਦੇ ਸੰਦੇਸ਼ ਪੜ੍ਹ ਕੇ ਸੁਣਾਏ ਗਏ।

ਸਟੇਜ ਸੰਚਾਲਨ ਕਰਦਿਆਂ ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਰਜਿੰਦਰ ਸਿੰਘ ਚੀਮਾ ਨੇ ਖੇਤੀ ਕਾਨੂੰਨਾਂ ਦੇ ਪੈਣ ਵਾਲੇ ਆਰਥਿਕ ਤੇ ਸਮਾਜਿਕ ਪ੍ਰਭਾਵਾਂ ਦੀ ਗੱਲ ਕੀਤੀ। ਉਨ੍ਹਾਂ ਖੇਤੀ ਕਾਨੂੰਨਾਂ ਨੂੰ ਸੂਬਿਆਂ ਦੇ ਅਧਿਕਾਰਾਂ ਵਿੱਚ ਦਖਲ ਦੱਸਿਆ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀ ਗੱਲ ਸੁਣਨ ਦੀ ਥਾਂ ਖੇਤੀ ਕਾਨੂੰਨਾਂ ਨੂੰ ਥੋਪਣ ਦੇ ਰਾਹ ਪਈ ਹੈ। ਪੰਜਾਬ ਅਤੇ ਹਰਿਆਣਾ ਬਾਰ ਕੌਂਸਲ ਦੇ ਚੇਅਰਮੈਨ ਐਡਵੋਕੇਟ ਕਰਨਜੀਤ ਸਿੰਘ ਨੇ ਸਾਬਕਾ ਜਸਟਿਸ ਗੋਪਾਲ ਗੌੜਾ ਦਾ ਸੁਨੇਹਾ ਸਟੇਜ ਤੋਂ ਪੜ੍ਹਿਆ ਅਤੇ ਪ੍ਰੋ. ਸੁਰਜੀਤ ਜੱਜ ਦੀ ਕਵਿਤਾ ਪਰਮਜੀਤ ਕੌਰ ਬਟਾਲਾ ਨੇ ਪੜ੍ਹੀ। ਸੈਮੀਨਾਰ ਦੌਰਾਨ ਸਰਬਸੰਮਤੀ ਨਾਲ ਮਤਾ ਪਾਸ ਕਰਦੇ ਹੋਏ ਮੰਗ ਕੀਤੀ ਗਈ ਕਿ ਭਾਰਤ ਸਰਕਾਰ ਤੁਰੰਤ ਇਨ੍ਹਾਂ ਤਿੰਨੋਂ ਖੇਤੀ ਕਾਨੂੰਨਾਂ ਨੂੰ ਵਾਪਸ ਲਵੇ।

## ਜਿੱਤ ਤੈਅ ਹੈ, ਕਿਉਂਕਿ ਇਹ ਜ਼ਿੰਦਾ ਦਿਲ ਵਾਲਿਆਂ ਦਾ ਸੰਘਰਸ਼ ਹੈ: ਅਰੁੰਧਤੀ ਰਾਏ

**ਨਵੀਂ ਦਿੱਲੀ:** ਉੱਘੀ ਲੇਖਕਾ ਅਰੁੰਧਤੀ ਰਾਏ ਕਿਸਾਨਾਂ ਦੇ ਸੰਘਰਸ਼ ਨਾਲ ਇਕਜੁੱਟਤਾ ਪ੍ਰਗਟਾਉਣ ਲਈ ਦਿੱਲੀ ਮੋਰਚੇ ਵਿਚ ਪੁੱਜੇ ਤੇ ਰੈਲੀ 'ਚ ਜੁੜੇ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ, 'ਇਹ ਸੰਘਰਸ਼ ਹਾਰਿਆ ਨਹੀਂ ਜਾ ਸਕਦਾ ਕਿਉਂਕਿ ਇਹ ਜ਼ਿੰਦਾ ਦਿਲ ਵਾਲਿਆਂ ਦਾ ਸੰਘਰਸ਼ ਹੈ। ਪੂਰੇ ਦੇਸ਼ ਦੀਆਂ ਉਮੀਦਾਂ ਤੁਹਾਡੇ ਨਾਲ ਹਨ ਕਿਉਂਕਿ ਲੜਨ ਵਾਲੇ ਲੋਕ ਦਿੱਲੀ ਆ ਗਏ ਹਨ ਤੇ ਇਹ ਹਾਰਨ ਵਾਲੇ ਨਹੀਂ ਹਨ। ਦੁਨੀਆ 'ਚ ਅਜਿਹਾ ਸੰਘਰਸ਼ ਹੋਰ ਕਿਤੇ ਨਹੀਂ ਹੋ ਰਿਹਾ, ਜਿਹੋ ਜਿਹਾ ਅੱਜ ਦਿੱਲੀ ਦੀਆਂ ਬਰੂਹਾਂ 'ਤੇ ਹੈ।'

ਅਰੁੰਧਤੀ ਨੇ ਕਿਸਾਨ ਸੰਘਰਸ਼ ਨੂੰ ਆਦਿਵਾਸੀ ਲੋਕਾਂ ਦੇ ਸੰਘਰਸ਼ਾਂ ਨਾਲ ਜੋੜਦਿਆਂ ਕਿਹਾ, 'ਜੋ ਅੱਜ ਤੁਹਾਡੇ ਨਾਲ ਹੋ ਰਿਹਾ ਹੈ, ਆਦਿਵਾਸੀ ਕਈ ਦਹਾਕਿਆਂ ਤੋਂ ਇਹ ਹੰਢਾਉਂਦੇ ਆ ਰਹੇ ਹਨ। ਉਥੇ ਕੰਪਨੀਆਂ ਨੂੰ ਜ਼ਮੀਨਾਂ ਦਿੱਤੀਆਂ ਗਈਆਂ ਹਨ ਤੇ ਆਦਿਵਾਸੀਆਂ ਨੂੰ ਜੰਗਲਾਂ ਵਿਚੋਂ ਉਜਾੜਿਆ ਗਿਆ ਹੈ।' ਉਨ੍ਹਾਂ ਕਿਹਾ ਕਿ ਇਸ ਅੰਦੋਲਨ ਨੇ ਦੇਸ਼ ਨੂੰ ਏਕਤਾ ਦੇ ਅਰਥ ਸਮਝਾਏ ਹਨ। ਸਰਕਾਰਾਂ ਵੱਖ-ਵੱਖ ਦਬਾਏ ਤਬਕਿਆਂ/ਵਰਗਾਂ ਨੂੰ ਇਕੱਲੇ- ਇਕੱਲੇ ਤਾਂ ਨਜਿੱਠ ਲੈਂਦੀਆਂ ਹਨ ਪਰ ਦਲਿਤਾਂ, ਆਦਿਵਾਸੀਆਂ, ਔਰਤਾਂ, ਕਿਸਾਨਾਂ ਤੇ ਮਜਦੂਰਾਂ ਦੀ ਏਕਤਾ ਤੋਂ ਘਬਰਾਉਂਦੀਆਂ ਹਨ। ਸਾਰੀਆਂ ਸਰਕਾਰਾਂ ਲੋਕਾਂ ਤੋਂ ਵੋਟਾਂ ਹਾਸਲ ਕਰਦੀਆਂ ਹਨ ਤੇ ਮਗਰੋਂ ਅੰਬਾਨੀਆਂ, ਅਡਾਨੀਆਂ ਤੇ ਸਾਮਰਾਜੀ ਬਹੁਕੌਮੀ ਕੰਪਨੀਆਂ ਦੇ ਹਿੱਤ ਪੂਰਦੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਤਕ ਜੋ ਕਿਤਾਬਾਂ ਵਿਚ ਪੜ੍ਹਦੇ-ਪੜ੍ਹਾਉਂਦੇ ਆ ਰਹੇ ਸਾਂ, ਉਨ੍ਹਾਂ ਧਾਰਨਾਵਾਂ ਨੂੰ ਦੇਸ਼ ਨੇ ਇਸ ਅੰਦੋਲਨ ਰਾਹੀਂ ਦੇਖ ਲਿਆ ਹੈ।

# ਕਿਸਾਨ ਮਸਲੇ ਦੇ ਹੱਲ ਲਈ ਧਾਰਮਿਕ ਪੱਤਾ ਖੇਡਣ ਦੀ ਰਣਨੀਤੀ

**ਚੰਡੀਗੜ੍ਹ:** ਕਿਸਾਨੀ ਅੰਦੋਲਨ ਕਰਕੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਨਮੋਸ਼ੀ ਝੱਲ ਰਹੀ ਮੋਦੀ ਸਰਕਾਰ ਇਸ ਮਸਲੇ ਦੇ ਹੱਲ ਲਈ ਵਿਚਕਾਰਲਾ ਰਾਹ ਲੱਭਣ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੀ ਹੈ। ਭਾਜਪਾ ਦੀ ਕੌਮੀ ਲੀਡਰਸ਼ਿਪ



ਵੱਲੋਂ ਕਿਸਾਨ ਜਥੇਬੰਦੀਆਂ ਨੂੰ ਮਨਾਉਣ ਲਈ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨਾਲ ਵੀ ਰਾਬਤਾ ਕਾਇਮ ਕੀਤਾ ਜਾ ਰਿਹਾ ਹੈ। ਕਿਸਾਨ ਜਥੇਬੰਦੀਆਂ ਨਾਲ ਗੱਲਬਾਤ ਚੱਲ ਰਹੀ ਸੀ ਤਾਂ ਅਚਾਨਕ ਨਾਨਕਸਰ ਸੰਪਰਦਾ ਦੇ ਬਾਬਾ ਲੱਖਾ ਸਿੰਘ ਦੀ ਮੀਟਿੰਗ ਕੇਂਦਰੀ ਖੇਤੀ ਮੰਤਰੀ ਨਰਿੰਦਰ ਤੋਮਰ ਨਾਲ ਹੋਣੀ ਵੀ ਇਸੇ ਕੜੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਇਸ ਮੀਟਿੰਗ ਦਾ ਪ੍ਰਬੰਧ ਪੰਜਾਬ ਦੇ ਇਕ ਵੱਡੇ ਸਿਆਸੀ ਘਰਾਣੇ ਵੱਲੋਂ ਕਰਵਾਇਆ ਦੱਸਿਆ ਜਾ ਰਿਹਾ ਹੈ। ਕਿਸਾਨ ਜਥੇਬੰਦੀਆਂ ਨਾਲ ਅੱਠਵੀਂ ਮੀਟਿੰਗ ਵੀ ਬੇਸਿੱਟਾ ਰਹਿਣ ਕਾਰਨ ਕੇਂਦਰ ਸਰਕਾਰ ਦੀਆਂ ਮੁਸ਼ਕਲਾਂ ਵਧ ਰਹੀਆਂ ਹਨ ਕਿਉਂਕਿ 26 ਜਨਵਰੀ ਨੇੜੇ ਆ ਰਹੀ ਹੈ ਜਿਸ ਦਿਨ ਕਿਸਾਨਾਂ ਨੇ 'ਟਰੈਕਟਰ ਪਰੇਡ' ਕਰਨ ਦਾ ਐਲਾਨ ਕੀਤਾ ਹੋਇਆ ਹੈ। ਕਿਸਾਨਾਂ ਤੇ ਕੇਂਦਰ ਵਿਚਾਲੇ ਸਾਲਸੀ ਬਾਰੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਾਗੀਰ ਕੌਰ ਨੇ ਕਿਹਾ, 'ਹਾਲਾਂਕਿ ਮੌਜੂਦਾ ਸੰਕਟ ਦਾ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਪਰ ਇਸ ਬਾਰੇ ਆਖਰੀ ਫੈਸਲਾ ਗਿਆਨੀ ਹਰਪ੍ਰੀਤ ਸਿੰਘ ਕਰਨਗੇ। ਕੇਂਦਰ ਕੋਲ ਬਹੁਤ ਸਾਰੇ ਬੁੱਧੀਜੀਵੀ ਹਨ ਜੋ ਸਾਲਸ ਦੀ ਭੂਮਿਕਾ ਨਿਭਾਅ ਸਕਦੇ ਹਨ।' ਦਿੱਲੀ ਤੋਂ ਭਾਜਪਾ ਦੇ ਇਕ ਸੀਨੀਅਰ ਆਗੂ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਮੋਦੀ ਸਰਕਾਰ ਇਸ ਮਸਲੇ ਦਾ ਨਿਬੇੜਾ ਚਾਹੁੰਦੀ ਹੈ ਤਾਂ ਜੋ ਦੋਵੇਂ ਧਿਰਾਂ ਦਾ ਇੱਜ਼ਤ-ਮਾਣ ਬਰਕਰਾਰ ਰਹੇ।

ਇਸ ਸਬੰਧੀ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਉਨ੍ਹਾਂ ਦੇ ਮੋਬਾਈਲ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਸੰਪਰਕ ਨਹੀਂ ਹੋ ਸਕਿਆ।

### ਅਕਾਲ ਤਖਤ ਦੀ ਕੋਈ ਭੂਮਿਕਾ ਨਹੀਂ: ਜਥੇਦਾਰ

**ਅੰਮ੍ਰਿਤਸਰ:** ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨ ਸੰਘਰਸ਼ 'ਚ ਕੋਈ ਦਖਲ ਦੇਣ ਤੋਂ ਇਨਕਾਰ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਹ ਮਸਲਾ ਕਿਸਾਨਾਂ ਅਤੇ ਸਰਕਾਰ ਦਾ ਹੈ, ਜੋ ਕਿ ਕਾਨੂੰਨ ਨਾਲ ਜੁੜਿਆ ਹੋਇਆ ਹੈ ਅਤੇ ਇਸ ਮਸਲੇ ਦਾ ਹੱਲ ਦੋਵਾਂ ਧਿਰਾਂ ਨੂੰ ਆਪਸ ਵਿਚ ਬੈਠ ਕੇ ਜਲਦੀ ਕੱਢਣਾ ਚਾਹੀਦਾ ਹੈ। ਕੇਂਦਰ ਸਰਕਾਰ ਮਸਲੇ ਦੇ ਹੱਲ ਲਈ ਆਪਣੇ ਵਿਚੋਲਿਆਂ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਤੱਕ ਪਹੁੰਚ ਕਰ ਰਹੀ ਹੈ, ਸਬੰਧੀ ਲਾਈਆਂ ਜਾ ਰਹੀਆਂ ਕਿਆਸਰਾਈਆਂ ਦੌਰਾਨ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ ਵਿਚ ਸ੍ਰੀ ਅਕਾਲ ਤਖਤ ਦੀ ਕੋਈ ਵੀ ਭੂਮਿਕਾ ਨਹੀਂ ਹੈ। ਇਹ ਕਿਸਾਨਾਂ ਅਤੇ ਸਰਕਾਰ ਦਾ ਮਸਲਾ ਹੈ, ਜੋ ਕਿ ਕਾਨੂੰਨ ਨਾਲ ਜੁੜਿਆ ਹੋਇਆ ਹੈ।

### ਕੇਂਦਰ ਸਰਕਾਰ ਦੇ ਹਥਕੰਡਿਆਂ 'ਚ ਨਹੀਂ ਫਸਾਂਗੇ: ਉਗਰਾਹਾਂ

ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਡੇਰਾ ਮੁਖੀਆਂ ਤੇ ਧਾਰਮਿਕ ਆਗੂਆਂ ਨੂੰ ਅੱਗੇ ਕਰਕੇ ਕੇਂਦਰ ਸਰਕਾਰ ਧਾਰਮਿਕ ਪੱਤਾ ਖੇਡਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ, 'ਜੇਕਰ ਅਸੀਂ ਜਥੇਦਾਰ ਵੱਲੋਂ ਆਖੀ ਗਈ ਗੱਲ ਨਾਲ ਸਹਿਮਤੀ ਜ਼ਾਹਿਰ ਨਾ ਕੀਤੀ ਤਾਂ ਉਹ ਕਹਿਣਗੇ ਕਿ ਅਸੀਂ ਅਕਾਲ ਤਖਤ ਦੀ ਪਾਲਣਾ ਨਹੀਂ ਕਰ ਰਹੇ। ਇਹ ਪੂਰੀ ਤਰ੍ਹਾਂ ਕਾਨੂੰਨੀ ਮੁੱਦਾ ਹੈ ਅਤੇ ਅਸੀਂ ਇਨ੍ਹਾਂ ਹਥਕੰਡਿਆਂ 'ਚ ਨਹੀਂ ਫਸਾਂਗੇ।'

# ਕਿਸਾਨਾਂ ਨੇ ਟਰੈਕਟਰ ਪਰੇਡ ਲਈ ਪੰਜਾਬ 'ਚ ਲਾਮਬੰਦੀ ਅਰੰਭੀ

**ਚੰਡੀਗੜ੍ਹ:** ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਵਿੱਢੇ ਸੰਘਰਸ਼ ਤਹਿਤ ਨਵੀਂ ਦਿੱਲੀ ਵਿੱਚ ਗਣਤੰਤਰ ਦਿਵਸ ਮੌਕੇ 26 ਜਨਵਰੀ ਨੂੰ ਕੀਤੀ ਜਾਣ ਵਾਲੀ ਟਰੈਕਟਰ ਪਰੇਡ ਲਈ ਕਿਸਾਨਾਂ ਨੇ ਪੰਜਾਬ ਵਿਚੋਂ ਲਾਮਬੰਦੀ ਆਰੰਭ ਦਿੱਤੀ ਹੈ। ਕਿਰਤੀ



ਕਿਸਾਨ ਯੂਨੀਅਨ ਦੇ ਆਗੂ ਰਾਜਿੰਦਰ ਸਿੰਘ ਨੇ ਦੱਸਿਆ ਕਿ ਕਿਸਾਨ ਜਥੇਬੰਦੀ ਤੇ ਸਹਿਯੋਗੀ ਜਥੇਬੰਦੀਆਂ ਨੇ ਵਲੰਟੀਅਰਾਂ ਦੀ ਭਰਤੀ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਟਰੈਕਟਰ ਪਰੇਡ ਮੋਦੀ ਸਰਕਾਰ ਦੇ ਸਾਰੇ ਭਰਮ-ਭੁਲੇਖੇ ਦੂਰ ਕਰ ਦੇਵੇਗੀ। ਪੰਜਾਬ ਵਿਚ ਚੱਲ ਰਹੇ ਧਰਨਿਆਂ 'ਚ ਵੀ ਟਰੈਕਟਰ ਪਰੇਡ ਲਈ ਹਰ ਤਰ੍ਹਾਂ ਦੀ ਲਾਮਬੰਦੀ ਦਾ ਸੱਦਾ ਦਿੱਤਾ ਜਾ ਰਿਹਾ ਹੈ। ਉਧਰ, ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ 26 ਜਨਵਰੀ ਦੀ ਟਰੈਕਟਰ ਪਰੇਡ ਤੋਂ ਪਹਿਲਾਂ ਖੇਤ ਮਜ਼ਦੂਰਾਂ ਦਾ ਵੱਡਾ ਜਥਾ 24 ਦਸੰਬਰ ਨੂੰ ਦਿੱਲੀ ਜਾਵੇਗਾ।

ਸੂਬੇ ਵਿਚ ਸਾਢੇ ਤਿੰਨ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਚੱਲ ਰਹੇ ਧਰਨਿਆਂ ਦੌਰਾਨ ਸੰਬੋਧਨ ਕਰਦਿਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਭਾਜਪਾ, ਕੇਂਦਰ ਸਰਕਾਰ ਅਤੇ ਕਾਰਪੋਰੇਟਾਂ ਦੇ ਸਾਰੇ ਭਰਮ-ਭੁਲੇਖੇ ਦੂਰ ਕਰਨ ਲਈ ਕਿਸਾਨਾਂ ਨੂੰ ਜ਼ੋਰਦਾਰ ਹੰਭਲਾ ਮਾਰਨ ਦੀ ਲੋੜ ਹੈ ਤਾਂ ਜੋ ਗੱਦੀ 'ਤੇ ਬੈਠੇ ਹੁਕਮਰਾਨਾਂ ਨੂੰ ਖੇਤਾਂ ਦੇ ਜਾਇਆਂ ਦੀ ਤਾਕਤ ਦਾ ਅਹਿਸਾਸ ਹੋ ਜਾਵੇ। ਉਨ੍ਹਾਂ ਕਿਹਾ ਕਿ ਅੰਦੋਲਨ ਦੌਰਾਨ ਜ਼ਿੰਦਗੀਆਂ ਦਾਅ 'ਤੇ ਲਾਉਣ ਵਾਲੇ ਕਿਸਾਨਾਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਜਾਣਗੀਆਂ ਅਤੇ ਸਰਕਾਰ ਨੂੰ ਕਿਸਾਨੀ ਅੰਦੋਲਨ ਦੀ ਮਹਿੰਗੀ ਕੀਮਤ ਅਦਾ ਕਰਨੀ ਪਵੇਗੀ।

ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਅਤੇ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਦੱਸਿਆ ਕਿ ਸੂਬੇ ਵਿੱਚ ਚੱਲ ਰਹੇ ਦਿਨ-ਰਾਤ ਦੇ ਧਰਨਿਆਂ 'ਚ ਕਿਸਾਨਾਂ ਨੇ ਐਲਾਨ ਕੀਤਾ ਹੈ ਕਿ ਉਹ ਕੇਂਦਰ ਸਰਕਾਰ ਦੇ ਹਰ ਜਬਰ-ਜ਼ੁਲਮ ਨੂੰ ਸਹਿ ਸਕਦੇ ਹਨ ਪਰ ਆਪਣੇ ਭਵਿੱਖ ਨੂੰ ਆਂਚ ਨਹੀਂ ਆਉਣ ਦੇਣਗੇ। ਬੁਲਾਰਿਆਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਤਾਂ ਪੰਜਾਬ ਤੇ ਹਰਿਆਣਾ ਦੇ ਕਿਸਾਨਾਂ ਨੂੰ ਹੀ ਚਾਨਣਾ ਹੋਇਆ ਸੀ ਕਿ ਮੋਦੀ ਸਰਕਾਰ ਸਮੁੱਚੀ ਕਿਸਾਨੀ ਨੂੰ ਅੰਬਾਨੀ ਅਤੇ ਅਡਾਨੀ ਕੋਲ ਵੇਚਣ ਜਾ ਰਹੀ ਹੈ ਪਰ ਹੁਣ ਦੇਸ਼ ਭਰ ਦੇ ਕਿਸਾਨਾਂ ਨੂੰ ਆਪਣਾ ਭਵਿੱਖ ਖਤਰੇ ਵਿਚ ਦਿਖ ਰਿਹਾ ਹੈ। ਪੰਜਾਬ ਦੇ ਧਰਨਿਆਂ ਤੋਂ ਕਿਸਾਨ ਅਤੇ ਮਜ਼ਦੂਰ ਆਗੂਆਂ ਨੇ ਆਖਿਆ ਕਿ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਖੇਤ ਮਜ਼ਦੂਰਾਂ ਦਾ ਆਪਣਾ ਸੰਘਰਸ਼ ਬਣਦਾ ਜਾ ਰਿਹਾ ਹੈ।

## ਹਰਿਆਣਾ 'ਚ ਟਰੈਕਟਰ ਚਲਾਉਣਾ ਸਿੱਖ ਰਹੀਆਂ ਨੇ ਔਰਤਾਂ

**ਚੰਡੀਗੜ੍ਹ:** ਹਰਿਆਣਾ ਦੇ ਜੀਂਦ ਜ਼ਿਲ੍ਹੇ ਦੇ ਪਿੰਡਾਂ ਦੀਆਂ ਕਈ ਔਰਤਾਂ ਖੇਤੀ ਕਾਨੂੰਨਾਂ ਖਿਲਾਫ 26 ਜਨਵਰੀ ਨੂੰ ਰਾਸ਼ਟਰੀ ਰਾਜਧਾਨੀ 'ਚ ਹੋ ਰਹੀ 'ਟਰੈਕਟਰ ਪਰੇਡ' ਵਿਚ ਹਿੱਸਾ ਲੈਣ ਲਈ ਟਰੈਕਟਰ ਚਲਾਉਣ ਦੀ ਸਿਖਲਾਈ ਲੈ ਰਹੀਆਂ ਹਨ। ਜੀਂਦ ਦੇ 3 ਪਿੰਡਾਂ ਸਫਾ ਖੇਰੀ, ਖਟਕਰ ਤੇ ਪੱਲਵਨ ਦੀਆਂ ਔਰਤਾਂ ਟਰੈਕਟਰ ਚਲਾਉਣ ਦੀ ਸਿਖਲਾਈ ਲੈ ਰਹੀਆਂ ਹਨ। 200 ਦੇ ਕਰੀਬ ਔਰਤਾਂ ਨੂੰ ਟਰੈਕਟਰ ਚਲਾਉਣ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਕੁਝ ਔਰਤਾਂ ਖੇਤਾਂ 'ਚ ਕੰਮ ਕਰਨ ਲਈ ਟਰੈਕਟਰ ਤਾਂ ਚਲਾ ਲੈਂਦੀਆਂ ਹਨ, ਪਰ ਉਨ੍ਹਾਂ ਨੂੰ ਸੜਕਾਂ 'ਤੇ ਟਰੈਕਟਰ ਚਲਾਉਣ ਦਾ ਤਜਰਬਾ ਨਹੀਂ ਹੈ। ਪਿੰਡਾਂ ਦੇ ਕਈ ਲੋਕਾਂ ਵਲੋਂ ਔਰਤਾਂ ਨੂੰ ਟਰੈਕਟਰ ਦੇ ਕੇ ਉਚਿਤ ਸਿਖਲਾਈ ਦਿੱਤੀ ਜਾ ਰਹੀ ਹੈ।

## ਦਿੱਲੀ ਦੀਆਂ ਹੱਦਾਂ ਉਤੇ ਸੁਰੱਖਿਆ ਵਧਾਈ

**ਨਵੀਂ ਦਿੱਲੀ:** ਦਿੱਲੀ ਦੇ ਚਾਰੇ ਪਾਸੇ ਧਰਨੇ ਦੇ ਕੇ ਬੈਠੇ ਕਿਸਾਨਾਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਦਿੱਲੀ ਪੁਲਿਸ ਨੇ ਚੌਕਸੀ ਵਧਾ ਦਿੱਤੀ ਹੈ ਅਤੇ ਆਏ ਦਿਨ ਸੁਰੱਖਿਆ ਬੰਦੋਬਸਤ ਸਖਤ ਕੀਤੇ ਜਾ ਰਹੇ ਹਨ। ਸਿੰਘੂ ਬਾਰਡਰ 'ਤੇ ਰੱਖੇ ਸੀਮਿੰਟ ਦੇ ਬਲਾਕ ਮੋਟੇ ਸੰਗਲਾਂ ਨਾਲ ਬੰਨ੍ਹ ਦਿੱਤੇ ਗਏ ਹਨ। ਕਿਸਾਨਾਂ ਲਈ ਪੈਦਲ ਆਉਣ-ਜਾਣ ਵਾਲੇ ਰਾਹ ਜੋ ਪਹਿਲਾਂ ਖੁੱਲ੍ਹੇ ਸਨ, ਉਨ੍ਹਾਂ 'ਤੇ ਹੁਣ ਹੌਲੀ-ਹੌਲੀ ਪਾਬੰਦੀਆਂ ਲਗਾ ਦਿੱਤੀਆਂ ਗਈਆਂ ਹਨ। ਸਿੰਘੂ ਬਾਰਡਰ ਨੂੰ ਦਿੱਲੀ ਤੋਂ ਜਾਂਦੀ ਮੁੱਖ ਸੜਕ ਦੀਆਂ ਬੰਦ ਪਈਆਂ ਲਾਲ ਬੱਤੀਆਂ ਦੀ ਮੁਰੰਮਤ ਕਰਕੇ ਉਨ੍ਹਾਂ ਨੂੰ ਚਾਲੂ ਕਰ ਦਿੱਤਾ ਗਿਆ ਹੈ। ਹੁਣ ਦਿੱਲੀ ਟਰੈਫਿਕ ਪੁਲਿਸ ਦੇ ਦਸਤੇ ਇਨ੍ਹਾਂ ਲਾਲ ਬੱਤੀਆਂ 'ਤੇ ਟਰੈਫਿਕ ਨਿਯਮਾਂ ਦੀ ਅਣਦੇਖੀ ਕਰਨ ਵਾਲਿਆਂ ਦੇ ਚਲਾਣ ਕੱਟਣ ਲੱਗੇ ਹਨ। ਇਹੀ ਹਾਲ ਗਾਜ਼ੀਪੁਰ ਤੇ ਟਿਕਰੀ ਮਾਰਗਾਂ 'ਤੇ ਚੱਲ ਰਹੇ ਧਰਨਿਆਂ ਦੇ ਰੂਟਾਂ ਉਪਰ ਹੈ ਜਿੱਥੇ ਟਰੈਫਿਕ ਪੁਲਿਸ ਨੇ ਵਾਹਨ ਚਾਲਕਾਂ ਦੇ ਧੜਾ-ਧੜ ਚਲਾਨ ਕੱਟਣੇ ਸ਼ੁਰੂ ਕੀਤੇ ਹਨ।

## ਕਿਸਾਨੀ ਸੰਘਰਸ਼ 'ਚ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਖੇਤ ਮਜ਼ਦੂਰਾਂ

**ਨਵੀਂ ਦਿੱਲੀ:** ਦਿੱਲੀ ਦੀਆਂ ਬਰੂਹਾਂ 'ਤੇ ਜਾਰੀ ਕਿਸਾਨ ਸੰਘਰਸ਼ ਦਾ ਜੋਸ਼ ਉਸ ਸਮੇਂ ਬੁਲੰਦੀਆਂ ਛੂਹ ਗਿਆ, ਜਦੋਂ ਖੇਤ ਮਜ਼ਦੂਰਾਂ ਨੇ ਆਪਣੇ ਪਰਿਵਾਰਾਂ ਸਮੇਤ ਸ਼ਿਰਕਤ ਕੀਤੀ। ਵਿਸਾਲ ਇਕੱਠ ਵੱਲੋਂ ਖੜ੍ਹੇ ਹੋ ਕੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਖੇਤ ਮਜ਼ਦੂਰਾਂ ਤੇ ਕਿਸਾਨਾਂ ਦੀ ਜੋਟੀ ਨੂੰ ਮਜਬੂਤ ਕਰਨ ਲਈ ਪਿੰਡ ਪਿੰਡ ਸਾਂਝੀ ਲਹਿਰ ਉਸਾਰਨ ਦਾ ਅਹਿਦ ਲਿਆ ਗਿਆ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੀ ਅਗਵਾਈ ਵਿਚ ਵੱਡੀ ਗਿਣਤੀ ਖੇਤ ਮਜ਼ਦੂਰਾਂ ਦੇ ਟਿਕਰੀ ਬਾਰਡਰ 'ਤੇ ਪੁੱਜਣ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ ਅਤੇ ਸਟੇਜ ਦੀ ਕਾਰਵਾਈ ਚਲਾਉਣ ਦੀ ਜ਼ਿੰਮੇਵਾਰੀ ਖੇਤ ਮਜ਼ਦੂਰ ਯੂਨੀਅਨ ਨੂੰ ਸੌਂਪ ਦਿੱਤੀ।

ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ, ਪ੍ਰਧਾਨ ਜ਼ੋਰਾ ਸਿੰਘ ਨਸਰਾਲੀ ਤੇ ਵਿੱਤ ਸਕੱਤਰ ਹਰਮੇਸ ਮਾਲੜੀ ਨੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜੋਟੀ ਦੇ ਮਹੱਤਵ ਨੂੰ ਉਘਾੜਿਆ। ਉਨ੍ਹਾਂ ਸੰਘਰਸ਼ ਦੇ ਮੋਰਚੇ 'ਚ ਡਟੇ ਕਿਸਾਨਾਂ ਦੇ ਦ੍ਰਿੜ੍ਹ ਇਰਾਦਿਆਂ ਨੂੰ ਸਲਾਮ ਕਰਦਿਆਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ ਦੇ ਸਾਂਝੀ ਤੇ ਖੇਤੀ ਸੰਕਟ ਤੋਂ ਸਭ ਤੋਂ ਵੱਧ ਪੀੜਤ ਖੇਤ ਮਜ਼ਦੂਰਾਂ ਨੂੰ ਮੌਜੂਦਾ ਸੰਘਰਸ਼ ਦਾ ਅੰਗ ਬਣਾਉਣ ਲਈ ਤਾਣ ਜੁਟਾਉਣ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਬਦੌਲਤ ਪਹਿਲਾਂ ਹੀ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਤੇ ਨਾਮੁਰਾਦ ਬਿਮਾਰੀਆਂ ਵਰਗੀਆਂ ਅਲਾਮਤਾਂ ਦੇ ਝੰਭੇ ਖੇਤ ਮਜ਼ਦੂਰਾਂ ਨੂੰ ਇਹ ਕਾਨੂੰਨ ਦੋ ਡੰਗ ਦੀ ਰੋਟੀ ਤੋਂ ਵੀ ਮੁਥਾਜ ਕਰ ਦੇਣਗੇ। ਉਨ੍ਹਾਂ ਕਿਹਾ ਕਿ ਮੋਦੀ ਹਕੂਮਤ ਦੇ ਦੇਸ ਨੂੰ ਹਿੰਦੂ ਰਾਸ਼ਟਰ ਬਣਾਉਣ ਦੇ ਫਾਸੀਵਾਦੀ ਹੱਲੇ ਪਿਛੋਂ ਦਲਿਤਾਂ 'ਤੇ ਜ਼ੁਲਮ ਵਧਦੇ ਜਾ ਰਹੇ ਹਨ।

## ਇੰਡੀਗੋ ਵਲੋਂ ਅੰਮ੍ਰਿਤਸਰ ਤੇ ਪੁਣੇ ਵਿਚਾਲੇ ਰੋਜ਼ਾਨਾ ਉਡਾਣਾਂ ਸ਼ੁਰੂ

**ਅੰਮ੍ਰਿਤਸਰ:** ਭਾਰਤ ਦੀ ਸਭ ਤੋਂ ਵੱਡੀ ਯਾਤਰੀ ਏਅਰਲਾਈਨ ਇੰਡੀਗੋ ਵਲੋਂ ਅੰਮ੍ਰਿਤਸਰ ਤੇ ਪੁਣੇ ਵਿਚਾਲੇ 5 ਜਨਵਰੀ ਤੋਂ ਰੋਜਾਨਾ ਲਈ ਉਡਾਣਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇੰਡੀਗੋ ਦੀ ਵੈੱਬਸਾਈਟ ਉਤੇ ਮਾਰਚ 27 ਤੱਕ ਟਿਕਟਾਂ ਦੀ ਬੁਕਿੰਗ ਉਪਲਬਧ ਹੈ। ਜਾਣਕਾਰੀ ਅਨੁਸਾਰ ਇੰਡੀਗੋ ਦੀ ਉਡਾਣ 15:45 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ, ਜੋ ਕਿ ਦਿੱਲੀ 'ਚ 45 ਮਿੰਟ ਦੇ ਠਹਿਰਾਅ ਉਪਰੰਤ 19:35 ਵਜੇ ਪੁਣੇ ਪਹੁੰਚੇਗੀ। ਪੁਣੇ ਤੋਂ 10:10 ਵਜੇ ਉਡਾਣ ਰਵਾਨਾ ਹੋਵੇਗੀ ਤੇ ਦਿੱਲੀ 'ਚ 1 ਘੰਟਾ 10 ਮਿੰਟ ਦੇ ਠਹਿਰਾਅ ਉਪਰੰਤ 14:50 ਵਜੇ ਅੰਮ੍ਰਿਤਸਰ ਪਹੁੰਚੇਗੀ।

# ਕਿਸਾਨਾਂ ਵਲੋਂ ਜਿਆਣੀ ਤੇ ਗਰੇਵਾਲ ਦੇ ਬਾਈਕਾਟ ਦਾ ਸੱਦਾ

**ਜਲੰਧਰ:** ਪੰਜਾਬ ਦੀਆਂ 31 ਕਿਸਾਨ ਜਥੇਬੰਦੀਆਂ ਤੇ ਸੰਯੁਕਤ ਕਿਸਾਨ ਮੋਰਚੇ ਦੀਆਂ ਮੀਟਿੰਗਾਂ ਵਿਚ ਇਸ ਵਿਚਾਰ ਉਪਰ ਜੋਰ ਦਿੱਤਾ ਕਿ ਸੁਪਰੀਮ ਕੋਰਟ ਨੂੰ ਖੇਤੀ ਵਿਰੋਧੀ ਚੱਲ ਰਹੇ ਕਿਸਾਨ ਅੰਦੋਲਨ ਵਿਚ ਕਾਨੂੰਨਾਂ ਬਾਰੇ ਕੋਈ ਫੈਸਲਾ ਲੈਣ ਦੀ ਥਾਂ ਸਰਕਾਰ ਨੂੰ ਫੈਸਲਾ ਲੈਣਾ ਚਾਹੀਦਾ ਹੈ। ਆਗੂਆਂ ਦਾ ਕਹਿਣਾ ਹੈ ਕਿ ਮੌਜੂਦਾ ਖੇਤੀ ਕਾਨੂੰਨ ਕੇਂਦਰ ਸਰਕਾਰ ਨੇ ਪਾਰਲੀਮੈਂਟ ਤੋਂ ਪਾਸ ਕਰਵਾਏ ਹਨ ਤੇ ਉਸ ਨੂੰ ਰੱਦ ਕਰਨ ਦਾ ਫੈਸਲਾ ਵੀ ਸਰਕਾਰ ਨੂੰ ਹੀ ਕਰਨਾ ਚਾਹੀਦਾ ਹੈ। ਕਿਸਾਨਾਂ ਦਾ ਮੰਨਣਾ ਹੈ ਕਿ ਕਿਸਾਨ ਅੰਦੋਲਨ ਅਮਨ ਕਾਨੂੰਨ ਦਾ ਮੁੱਦਾ ਨਹੀਂ ਹੈ, ਜਿਸ ਵਿਚ ਅਦਾਲਤ ਨੂੰ ਦਖਲ ਦੇਣ ਦੀ ਜਰੂਰਤ ਪਏ। ਇਹ ਮੁੱਦਾ ਕਿਸਾਨਾਂ ਦੀ ਹੋਂਦ ਨੂੰ ਖਤਰੇ ਮੂੰਹ ਪਾਉਣ ਵਾਲਾ ਹੈ ਤੇ ਸਰਕਾਰ ਨਵੇਂ ਕਾਨੂੰਨ ਬਣਾ ਕੇ ਦੇਸ ਨੂੰ ਕਾਰਪੋਰੇਟ ਕੰਪਨੀਆਂ ਕੋਲ ਵੇਚਣ ਦੇ ਰਾਹ ਪੈ ਰਹੀ ਹੈ। ਇਸ ਕਰਕੇ ਕਿਸਾਨ ਅੰਦੋਲਨ ਸਮੁੱਚੇ ਦੇਸ ਦੇ ਕਿਸਾਨਾਂ ਹੀ ਨਹੀਂ ਸਗੋਂ ਮਜਦੂਰਾਂ ਤੇ ਉਪਭੋਗਤਾਵਾਂ ਦੇ ਹੱਕਾਂ ਦੀ ਲੜਾਈ ਹੈ ਤੇ ਸਮੂਹ ਵਰਗ ਦੇ ਲੋਕ ਇਸੇ ਕਾਰਨ ਅੰਦੋਲਨ 'ਚ ਵਧ-ਚੜ੍ਹ ਕੇ ਸਾਥ ਦੇ ਰਹੇ ਹਨ। ਕਿਸਾਨ ਜਥੇਬੰਦੀਆਂ ਨੇ ਦਿੱਲੀ 'ਚ ਬੈਠ ਕੇ ਲਗਾਤਾਰ ਕੇਂਦਰੀ ਮੰਤਰੀਆਂ ਨਾਲ ਮੀਟਿੰਗਾਂ ਕਰ ਕੇ ਕਿਸਾਨ ਅੰਦੋਲਨ ਖਿਲਾਫ ਸਾਜਿਸਾਂ ਰਚਣ ਤੇ ਗੁਮਰਾਹਕੁੰਨ ਪ੍ਰਚਾਰ ਦੇ ਦੋਸ਼ ਹੇਠ ਭਾਜਪਾ ਆਗੂ ਸੁਰਜੀਤ ਜਿਆਣੀ ਤੇ ਹਰਜੀਤ ਸਿੰਘ ਗਰੇਵਾਲ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਪੰਜਾਬ ਭਰ ਵਿਚ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦਾ ਸਮਾਗਮ ਨਹੀਂ ਕਰਨ ਦਿੱਤਾ ਜਾਵੇਗਾ।

## ਜਿਆਣੀ ਤੇ ਗਰੇਵਾਲ ਦਾ ਸਮਾਜਿਕ ਬਾਈਕਾਟ ਗੈਰ-ਸੰਵਿਧਾਨਕ: ਮਿੱਤਲ

**ਸ੍ਰੀ ਆਨੰਦਪੁਰ ਸਾਹਿਬ:** ਸਮੁੱਚੀਆਂ ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਆਗੂ ਸੁਰਜੀਤ ਜਿਆਣੀ ਅਤੇ ਹਰਜੀਤ ਗਰੇਵਾਲ ਦੇ ਸਮਾਜਿਕ ਬਾਈਕਾਟ ਦੇ ਐਲਾਨ ਨੂੰ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਮਦਨ ਮੋਹਨ ਮਿੱਤਲ ਨੇ ਗੈਰਕਾਨੂੰਨੀ ਤੇ ਗੈਰ-ਸੰਵਿਧਾਨਕ ਕਰਾਰ ਦਿੱਤਾ। ਸ੍ਰੀ ਮਿੱਤਲ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦਾ ਇਹ ਫੈਸਲਾ ਪੂਰੀ ਤਰ੍ਹਾਂ ਗਲਤ ਹੈ ਕਿਉਂਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰਿਕ ਦੇਸ਼ ਅੰਦਰ ਜਿਥੇ ਵਿਚਾਰਾਂ ਦੀ ਆਜਾਦੀ ਹੈ, ਉਥੇ ਹੀ ਸਮਾਜਿਕ ਬਾਈਕਾਟ ਜਿਹੀਆਂ ਗੱਲਾਂ ਪੂਰੀ ਤਰ੍ਹਾਂ ਗੈਰਕਾਨੂੰਨੀ ਹਨ। ਅਜਿਹੀਆਂ ਗੈਰ ਵਿਧਾਨਕ ਗੱਲਾਂ ਕਰਕੇ ਕਿਸਾਨ ਆਗੂਆਂ ਨੂੰ ਭੜਕਾਹਟ ਵਾਲਾ ਮਾਹੌਲ ਪੈਦਾ ਨਹੀਂ ਕਰਨਾ ਚਾਹੀਦਾ ਹੈ।

## ਕਿਸਾਨਾਂ ਵੱਲੋਂ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਤਿੱਖਾ ਵਿਰੋਧ

**ਜਲੰਧਰ:** ਪੰਜਾਬ ਸਰਕਾਰ ਦੀਆਂ ਚਾਰ ਸਾਲਾਂ ਦੀਆਂ ਨਾਕਾਮੀਆਂ ਅਤੇ ਸੂਬੇ ਵਿਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਵਿਰੁੱਧ ਭਾਜਪਾ ਵੱਲੋਂ ਇਥੋਂ ਦੇ ਕੰਪਨੀ ਬਾਗ ਚੌਕ ਵਿਚ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਨ ਆਏ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਕਿਸਾਨਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਪੁਲਿਸ ਨੇ ਦੋਹਾਂ ਧਿਰਾਂ ਦਰਮਿਆਨ ਟਕਰਾਅ ਰੋਕਣ ਲਈ ਚਾਰ ਸੜਕਾਂ 'ਤੇ ਨਾਕੇਬੰਦੀ ਕੀਤੀ ਹੋਈ ਸੀ ਤੇ ਪੁਲਿਸ ਦੇ 1400 ਤੋਂ ਵੱਧ ਜਵਾਨ ਤਾਇਨਾਤ ਸਨ। ਪੁਲਿਸ ਨੇ ਕਿਸਾਨਾਂ ਨੂੰ ਮੁੱਖ ਡਾਕਘਰ ਨੇੜੇ ਲੱਗੇ ਨਾਕੇ 'ਤੇ ਬੈਰੀਕੇਡ ਲਾ ਕੇ ਰੋਕ ਲਿਆ। ਇਥੇ ਪੁਲਿਸ ਤੇ ਕਿਸਾਨਾਂ ਵਿਚਕਾਰ ਧੱਕਾ-ਮੁੱਕੀ ਹੋਈ ਤੇ ਨੌਜਵਾਨ ਕਿਸਾਨ ਬੈਰੀਕੇਡ ਤੋੜ ਕੇ ਭਾਜਪਾ ਦੇ ਸਮਾਗਮ ਵਾਲੀ ਥਾਂ ਨੇੜੇ ਪੁੱਜ ਗਏ, ਜਿਥੇ ਪੁਲਿਸ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ।

# ਭਾਜਪਾ ਆਗੂ ਸੁਖਪਾਲ ਸਰਾ ਖਿਲਾਫ ਲੋਕ ਰੋਹ ਭਖਿਆ

**ਬਠਿੰਡ:** ਭਾਜਪਾ ਪੰਜਾਬ ਦੇ ਸਕੱਤਰ ਸੁਖਪਾਲ ਸਿੰਘ ਸਰਾ ਵੱਲੋਂ ਇਕ ਟੀਵੀ ਚੈਨਲ 'ਤੇ ਵਿਚਾਰ-ਚਰਚਾ ਦੌਰਾਨ ਖੇਤੀ ਕਾਨੂੰਨਾਂ ਦੀ ਤੁਲਨਾ ਗੁਰੂ ਗੋਬਿੰਦ ਸਿੰਘ ਵੱਲੋਂ ਲਿਖੇ ਜ਼ਫ਼ਰਨਾਮੇ ਨਾਲ ਕਰਨ 'ਤੇ ਪੈਦਾ ਹੋਇਆ ਵਿਵਾਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਸੁਖਪਾਲ ਸਰਾਂ ਦਾ ਜੱਦੀ ਪਿੰਡ ਗੁਰੂਸਰ ਸੈਣੇਵਾਲਾ ਬਠਿੰਡਾ ਜ਼ਿਲ੍ਹੇ 'ਚ ਪੈਂਦਾ ਹੈ। ਵਰਤਮਾਨ ਸਮੇਂ ਸਰਾ ਪਰਿਵਾਰ ਦੀ ਰਿਹਾਇਸ਼ ਬਠਿੰਡਾ ਸਥਿਤ ਡੱਬਵਾਲੀ ਰੋਡ 'ਤੇ ਸ਼ੀਸ਼ ਮਹੱਲ ਕਲੋਨੀ ਵਿਚ ਕਿਰਾਏ ਦੇ ਮਕਾਨ ਨੰਬਰ 320 'ਚ ਹੈ। ਵਿਵਾਦ ਪਿੱਛੋਂ ਦਲ ਖਾਲਸਾ ਨੇ ਸ਼ਹਿਰ ਵਿਚਲੀ ਰਿਹਾਇਸ਼ ਨੇੜੇ ਪ੍ਰਦਰਸ਼ਨ ਕੀਤਾ ਤਾਂ ਪ੍ਰਸ਼ਾਸਨ ਨੇ ਸੰਭਾਵਿਤ ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਕਲੋਨੀ ਦੇ ਮੁੱਖ ਗੇਟ ਅਤੇ ਗਲੀਆਂ ਵਿਚ ਵੱਡੀ ਗਿਣਤੀ 'ਚ ਪੁਲਿਸ ਕਰਮਚਾਰੀ ਤਾਇਨਾਤ ਕਰ ਦਿੱਤੇ।

ਕਲੋਨੀ ਦੇ ਪੁਲਿਸ ਛਾਉਣੀ 'ਚ ਤਬਦੀਲ ਹੋਣ ਤੋਂ ਤੰਗ ਆ ਕੇ 'ਸ਼ੀਸ਼ ਮਹੱਲ ਰੈਜ਼ੀਡੈਂਟਸ ਵੈੱਲਫੇਅਰ ਸੁਸਾਇਟੀ' ਨੇ ਕਲੋਨੀ ਵਾਸੀਆਂ ਦੀ ਮੀਟਿੰਗ ਕੀਤੀ। ਕਲੋਨੀ ਦੇ ਪ੍ਰਧਾਨ ਚਰਨਜੀਤ ਸਿੰਘ ਦੀ ਪ੍ਰਧਾਨਗੀ ਹੇਠ ਇਸ ਬੈਠਕ ਵਿਚ ਸਰਬਸੰਮਤੀ ਨਾਲ ਪਾਸ ਮਤੇ ਰਾਹੀਂ ਸਰਾ ਦੀ ਰਿਹਾਇਸ਼ ਦੇ ਮਾਲਕ ਰਵਿੰਦਰ ਸਿੰਘ ਨੂੰ ਅਪੀਲ ਕੀਤੀ ਗਈ ਕਿ ਉਹ ਸੁਖਪਾਲ ਸਰਾ ਤੋਂ ਕੋਠੀ ਖਾਲੀ ਕਰਵਾਏ। ਪ੍ਰਸ਼ਾਸਨ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਮੌਕੇ ਦੀ ਨਜ਼ਾਕਤ ਮੁਤਾਬਕ ਬੈਰੀਕੇਡਿੰਗ ਕਲੋਨੀ ਦੇ ਗੇਟ 'ਤੇ ਕਰਨ ਦੀ ਬਜਾਏ ਕੋਠੀ ਨੰਬਰ 320 ਦੇ ਨੇੜੇ ਕਰੇ ਤਾਂ ਜੋ ਕਲੋਨੀ ਵਾਸੀਆਂ ਨੂੰ ਬੇਵਜ੍ਹਾ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਧਰ, ਸੁਖਪਾਲ ਸਿੰਘ ਸਰਾ ਨੇ ਸਫਾਈ ਪੇਸ਼ ਕਰਦਿਆਂ ਕੁਝ ਵੀ ਗਲਤ ਕਹਿਣ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਉਹ ਗੁਰੂ ਗੋਬਿੰਦ ਸਿੰਘ ਦੀ ਵਿਚਾਰਧਾਰਾ ਦਾ ਪੱਕੇ ਉਪਾਸ਼ਕ ਹਨ। ਉਨ੍ਹਾਂ ਮੁਤਾਬਕ ਅਕਾਲੀ ਦਲ, ਕਾਂਗਰਸ ਅਤੇ ਕੁਝ ਸੰਗਠਨਾਂ ਵੱਲੋਂ ਲਾਹਾ ਲੈਣ ਲਈ ਬਗੈਰ ਵਜ੍ਹਾ ਮਾਮਲੇ ਨੂੰ ਤੂਲ ਦਿੱਤੀ ਗਈ ਹੈ। ਉਨ੍ਹਾਂ ਖੁਲਾਸਾ ਕੀਤਾ ਕਿ ਟੀਵੀ ਪ੍ਰੋਗਰਾਮ ਦੀ ਵੀਡੀਓ ਰਿਕਾਰਡਿੰਗ ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਭੇਜ ਦਿੱਤੀ ਹੈ ਅਤੇ ਜੋ ਫੈਸਲਾ ਆਵੇਗਾ, ਉਸ ਦਾ ਸਤਿਕਾਰ ਕਰਨਗੇ।

# ਹਰਿਆਣਾ 'ਚ ਜੇ.ਜੇ.ਪੀ. ਵਿਧਾਇਕਾਂ ਦੇ ਸੁਰ ਬਦਲੇ

**ਚੰਡੀਗੜ੍ਹ:** ਕੇਂਦਰ ਦੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਬਾਰਡਰ 'ਤੇ ਚੱਲ ਰਹੇ ਕਿਸਾਨੀ ਘੋਲ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਪੰਜਾਬ ਤੇ ਹਰਿਆਣਾ ਦੀਆਂ ਕਿਸਾਨ-ਮਜ਼ਦੂਰ ਜਥੇਬੰਦੀਆਂ ਵੱਲੋਂ ਭਾਰਤੀ ਜਨਤਾ ਪਾਰਟੀ ਅਤੇ ਇਸ ਦੀਆਂ ਭਾਈਵਾਲ ਪਾਰਟੀਆਂ ਦਾ ਕੀਤਾ ਜਾ ਰਿਹਾ ਵਿਰੋਧ ਦਿਨੋਂ-ਦਿਨ ਵਧਦਾ ਜਾ ਰਿਹਾ ਹੈ।

ਭਾਜਪਾ ਤੇ ਭਾਈਵਾਲ ਪਾਰਟੀਆਂ ਖਿਲਾਫ ਰੋਸ ਗੁਆਂਢੀ ਹਰਿਆਣਾ ਵਿਚ ਸਾਫ ਦਿਖਾਈ ਦੇਣ ਲੱਗ ਪਿਆ ਹੈ ਜਿਥੇ ਕਿਸਾਨਾਂ-ਮਜ਼ਦੂਰਾਂ ਦੇ ਵਿਰੋਧ ਦੇ ਮੱਦੇਨਜਰ ਭਾਜਪਾ ਅਤੇ ਜੇ.ਜੇ.ਪੀ. ਦੇ ਆਗੂਆਂ ਦਾ ਲੋਕਾਂ ਵਿਚ ਜਾਣਾ ਮੁਸ਼ਕਲ ਹੋ ਗਿਆ ਹੈ। ਇਸ ਵਿਰੋਧ ਨੂੰ ਦੇਖਦੇ ਹੋਏ ਹਰਿਆਣਾ ਵਿਚ ਭਾਜਪਾ ਦੀ ਭਾਈਵਾਲ ਜਨਨਾਇਕ ਜਨਤਾ ਪਾਰਟੀ ਦੇ ਵਿਧਾਇਕ ਆਪਣੇ ਸੁਰ ਬਦਲਣ ਲੱਗੇ ਹਨ।

ਵਿਧਾਨ ਸਭਾ ਹਲਕਾ ਸ਼ਾਹਬਾਦ ਤੋਂ ਜੇ.ਜੇ.ਪੀ. ਦੇ ਵਿਧਾਇਕ ਰਾਮਕਰਨ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਨੂੰ ਕਿਸਾਨਾਂ ਦੀਆਂ ਮੰਗਾਂ ਜਲਦ ਮੰਨ ਲੈਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਲੱਖਾਂ ਦੀ ਗਿਣਤੀ ਵਿਚ ਕਿਸਾਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਹਨ ਤਾਂ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਮੀਟਿੰਗ ਵਿਚ ਕੋਈ ਹੱਲ ਨਹੀਂ ਨਿਕਲਦਾ ਤਾਂ ਜੇ.ਜੇ.ਪੀ. ਦੇ ਵਿਧਾਇਕ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਕੋਲ ਪਹੁੰਚ ਕਰ ਕੇ ਮਸਲੇ ਦੇ ਨਿਪਟਾਰੇ ਲਈ ਪ੍ਰਧਾਨ ਮੰਤਰੀ ਨੂੰ ਮਿਲਣ ਲਈ ਕਹਿਣਗੇ।

ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਸੰਘਰਸ਼ ਕਰ ਕੇ ਹਰਿਆਣਾ ਦੇ ਪਿੰਡਾਂ ਅਤੇ ਸ਼ਹਿਰਾਂ ਵਿਚ ਲੋਕਾਂ ਨੇ ਭਾਜਪਾ ਅਤੇ ਜੇ. ਜੇ. ਪੀ. ਦੇ ਆਗੂਆਂ ਦੇ ਦਾਖਲੇ 'ਤੇ ਪਾਬੰਦੀ ਲਾ ਦਿੱਤੀ ਹੈ। ਦੂਜੇ ਪਾਸੇ ਸਾਬਕਾ ਕੇਂਦਰੀ ਮੰਤਰੀ ਬਰਿੰਦਰ ਸਿੰਘ, ਵਿਧਾਨ ਸਭਾ ਹਲਕਾ ਦਾਦਰੀ ਤੋਂ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ ਅਤੇ ਸਮਾਲਖਾ ਤੋਂ ਸਾਬਕਾ ਵਿਧਾਇਕ ਭਰਤ ਸਿੰਘ ਛੋਕਰ ਨੇ ਕਿਸਾਨਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ।

# ਠੇਕਾ ਆਧਾਰਿਤ ਖੇਤੀ ਦਾ ਕੋਈ ਇਰਾਦਾ ਨਹੀਂ: ਅਡਾਨੀ ਐਗਰੋ

**ਨਵੀਂ ਦਿੱਲੀ:** ਨਵੇਂ ਖੇਤੀ ਕਾਨੂੰਨਾਂ ਖਿਲਾਫ ਚੱਲ ਰਹੇ ਕਿਸਾਨ ਸੰਘਰਸ਼ ਦਰਮਿਆਨ ਅਡਾਨੀ ਸਮੂਹ ਦੀ ਕੰਪਨੀ ਅਡਾਨੀ ਐਗਰੋ ਲੌਜਿਸਟਿਕਸ ਨੇ ਸਪੱਸ਼ਟ ਕੀਤਾ ਹੈ ਕਿ ਕੰਪਨੀ ਨਾ ਤਾਂ ਕਿਸਾਨਾਂ ਤੋਂ ਸਿੱਧਾ ਅਨਾਜ ਖਰੀਦਦੀ ਹੈ, ਨਾ ਹੀ ਕੰਪਨੀ ਠੇਕਾ ਆਧਾਰਿਤ ਖੇਤੀ ਦਾ ਕੰਮ ਕਰਦੀ ਹੈ ਤੇ ਨਾਲ ਹੀ ਭਵਿੱਖ 'ਚ ਕੰਪਨੀ ਦਾ ਅਜਿਹਾ ਕੋਈ ਇਰਾਦਾ ਹੈ। ਕੰਪਨੀ ਨੇ ਵੱਖ ਵੱਖ ਮੁੱਦਿਆਂ 'ਤੇ ਆਪਣੀ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਉਹ ਕਿਸਾਨਾਂ ਤੋਂ ਕੋਈ ਅਨਾਜ ਨਹੀਂ ਖਰੀਦਦੀ ਬਲਕਿ ਉਹ ਅਨਾਜ ਭੰਡਾਰਨ ਦੀਆਂ ਸੇਵਾਵਾਂ ਦਿੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਅਨਾਜ ਭੰਡਾਰਨ ਲਈ ਜੋ ਗੁਦਾਮ (ਸਾਇਲੋ) ਬਣਾਏ ਹਨ, ਉਹ ਪ੍ਰੋਜੈਕਟ ਉਸ ਨੇ 2005 'ਚ ਐਫ.ਸੀ.ਆਈ. ਦੇ ਟੈਂਡਰ ਤਹਿਤ ਬੋਲੀ ਲਗਾ ਕੇ ਹਾਸਲ ਕੀਤੇ ਸੀ। ਕੰਪਨੀ ਦੇ ਮੀਤ ਪ੍ਰਧਾਨ ਪੁਨੀਤ ਮਹਿੰਦੀਰੱਤਾ ਨੇ ਕਿਹਾ, 'ਕੰਪਨੀ ਕੋਈ ਠੇਕਾ ਆਧਾਰਿਤ ਖੇਤੀ ਦਾ ਕੰਮ ਨਹੀਂ ਕਰਦੀ ਤੇ ਨਾ ਹੀ ਭਵਿੱਖ 'ਚ ਕੰਪਨੀ ਦਾ ਅਜਿਹਾ ਕੋਈ ਇਰਾਦਾ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੈਪਟਨ ਸਰਕਾਰ ਨੇ 216 ਕਰੋੜ ਦਾ ਹੋਰ ਬੋਝ ਪਾਇਆ

**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਪੈਟਰੋਲ ਤੇ ਡੀਜਲ ਦੀ ਵਿਕਰੀ ਅਤੇ ਅਚੱਲ ਸੰਪਤੀ ਦੀ ਖਰੀਦ 'ਤੇ ਨਵਾਂ ਸੈੱਸ (ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ) ਲਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ ਜਿਸ ਨਾਲ ਪੰਜਾਬ ਦੇ ਲੋਕਾਂ 'ਤੇ ਸਾਲਾਨਾ ਕਰੀਬ 216 ਕਰੋੜ ਰੁਪਏ ਦਾ ਬੋਝ ਪਵੇਗਾ। ਵਸੂਲੀ ਜਾਣ ਵਾਲੀ ਇਹ ਵਿਸ਼ੇਸ਼ ਫੀਸ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਦੇ ਵਿਕਾਸ ਫੰਡ ਵਿੱਚ ਜਮ੍ਹਾਂ ਕਰਵਾਈ ਜਾਵੇਗੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਪੰਜਾਬ ਮੰਤਰੀ ਮੰਡਲ ਦੀ ਹੋਈ ਆਨ-ਲਾਈਨ ਮੀਟਿੰਗ ਵਿਚ ਪੈਟਰੋਲ ਤੇ ਡੀਜਲ ਦੀ ਵਿਕਰੀ 'ਤੇ 0.25 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ ਵਿਸ਼ੇਸ਼ ਬੁਨਿਆਦੀ ਢਾਂਚਾ ਵਿਕਾਸ ਫੀਸ (ਆਈ.ਡੀ. ਫੀਸ) ਵਸੂਲਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਸੇ ਤਰ੍ਹਾਂ ਵਿਸ਼ੇਸ਼ ਸੂਬੇ ਵਿਚ ਅਚੱਲ ਸੰਪਤੀ 'ਤੇ 0.25 ਰੁਪਏ ਪ੍ਰਤੀ ਸੈਂਕੜਾ ਦੇ ਹਿਸਾਬ ਨਾਲ ਆਈਡੀ ਫੀਸ ਵਸੂਲੀ ਜਾਵੇਗੀ। ਇਸ ਆਈ.ਡੀ. ਫੀਸ ਨਾਲ ਪੰਜਾਬ ਬੁਨਿਆਦੀ ਢਾਂਚਾ ਵਿਕਾਸ ਫੰਡ ਵਿਚ 216.16 ਕਰੋੜ ਰੁਪਏ ਦਾ ਵਾਧੂ ਮਾਲੀਆ ਇਕੱਠਾ ਹੋਵੇਗਾ। ਇਸ ਨਵੀਂ ਆਈ.ਡੀ. ਫੀਸ ਨਾਲ ਪੰਜਾਬ ਵਿਚ ਪੈਟਰੋਲ ਤੇ ਡੀਜਲ ਦੀ ਕੀਮਤ ਵਿਚ ਵਾਧਾ ਹੋਣਾ ਸੁਭਾਵਿਕ ਹੈ। ਮੰਤਰੀ ਮੰਡਲ ਵੱਲੋਂ ਪੰਜਾਬ ਇਨਫਰਾਸਟਰੱਕਚਰ (ਡਿਵੈਲਪਮੈਂਟ ਐਂਡ ਰੈਗੂਲੇਸਨ) ਐਕਟ, 2002 'ਚ ਕੁਝ ਖਾਸ ਸੋਧਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ ਹੈ।

ਇਹ ਸੋਧਾਂ ਇਕ ਆਰਡੀਨੈਂਸ ਅਤੇ ਇਸ ਤੋਂ ਬਾਅਦ ਪੰਜਾਬ ਵਿਧਾਨ ਸਭਾ ਵਿਚ ਇਕ ਬਿੱਲ ਪੰਜਾਬ ਇਨਫਰਾਸਟਰੱਕਚਰ (ਡਿਵੈਲਪਮੈਂਟ ਐਂਡ ਰੈਗੂਲੇਸਨ) ਸੋਧ ਬਿੱਲ 2021 ਪਾਸ ਕਰ ਕੇ ਨੇਪਰੇ ਚਾੜ੍ਹੀਆਂ ਜਾਣਗੀਆਂ। ਵਿਸ਼ੇਸ਼ ਆਈ.ਡੀ. ਫੀਸ ਲਾਗੂ ਕਰਨ ਲਈ ਮੌਜੂਦਾ ਤਜਵੀਜ਼ਾਂ ਵਿੱਚ ਸੋਧ ਕਰਦੇ ਹੋਏ ਇਕ ਨਵੀਂ ਧਾਰਾ 25-ਏ ਵਿਸ਼ੇਸ਼ ਫੀਸ ਦੀ ਵਸੂਲੀ ਸਬੰਧੀ ਜੋੜੀ ਜਾਵੇਗੀ। ਇਸੇ ਦੌਰਾਨ ਮੰਤਰੀ ਮੰਡਲ ਨੇ ਪੰਜਾਬ ਯਕਮੁਸ਼ਤ ਨਿਪਟਾਰਾ ਸਕੀਮ-2021 ਨੂੰ ਵੀ ਪ੍ਰਵਾਨਗੀ ਦਿੱਤੀ ਹੈ ਤਾਂ ਜੋ ਛੋਟੇ ਅਤੇ ਦਰਮਿਆਨੇ ਕਾਰੋਬਾਰੀਆਂ ਨੂੰ ਖੜ੍ਹੇ ਬਕਾਏ ਦਾ ਭੁਗਤਾਨ ਤੇ ਨਿਪਟਾਰਾ ਕਰ ਸਕਣ। ਇਸ ਸਕੀਮ ਦੇ ਲਾਗੂ ਹੋਣ ਨਾਲ ਸਰਕਾਰੀ ਖਜ਼ਾਨੇ 'ਤੇ 121.06 ਕਰੋੜ ਰੁਪਏ ਦਾ ਵਿੱਤੀ ਬੋਝ ਪਏਗਾ। ਇਹ ਯੋਜਨਾ ਪਹਿਲੀ ਫਰਵਰੀ 2021 ਤੋਂ ਪੂਰੇ ਰਾਜ ਵਿਚ ਲਾਗੂ ਕੀਤੀ ਜਾਵੇਗੀ, ਜਿਸ ਤਹਿਤ ਸਾਰੇ ਕਾਰੋਬਾਰੀ ਜਿਨ੍ਹਾਂ ਦੀ ਅਸੈਸਮੈਂਟ 31 ਦਸੰਬਰ, 2020 ਤੱਕ ਕੀਤੀ ਜਾ ਚੁੱਕੀ ਹੈ, 30 ਅਪਰੈਲ ਤੱਕ ਇਸ ਸਕੀਮ ਤਹਿਤ ਅਪਲਾਈ ਕਰ ਸਕਦੇ ਹਨ। ਇਸ ਦੇ ਨਾਲ ਹੀ ਕਾਰੋਬਾਰੀ ਕਾਨੂੰਨੀ ਫਾਰਮ ਜਿਵੇਂ 'ਸੀ' ਫਾਰਮ ਵੀ ਜਮ੍ਹਾਂ ਕਰਵਾ ਸਕਦਾ ਹੈ। ਯਕਮੁਸ਼ਤ ਨਿਪਟਾਰਾ ਸਕੀਮ ਦੇ ਲਾਗੂ ਹੋਣ ਨਾਲ ਸਾਲ 2013-14 ਲਈ ਕੀਤੀਆਂ ਗਈਆਂ ਅਸੈਸਮੈਂਟਸ ਵਿਚ ਇਕ ਲੱਖ ਰੁਪਏ ਤੱਕ ਦੀ ਮੰਗ ਵਾਲੇ 40,000 ਤੋਂ ਵੱਧ ਕਾਰੋਬਾਰੀਆਂ ਨੂੰ ਟੈਕਸ ਵਿਚ 90 ਫੀਸਦ ਦੀ ਛੋਟ ਅਤੇ ਵਿਆਜ ਤੇ ਜਰਮਾਨੇ 'ਚ 100% ਦੀ ਰਾਹਤ ਮਿਲੇਗੀ।

ਕੈਬਨਿਟ ਨੇ ਲੋਕ ਸੰਪਰਕ ਵਿਭਾਗ ਦੇ ਪੁਨਰਗਠਨ ਦੀ ਯੋਜਨਾ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਵਿਭਾਗ ਵੱਲੋਂ ਉਭਰ ਰਹੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਮੌਜੂਦਾ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਠੇਕਾ ਅਧਾਰ 'ਤੇ ਭਰਤੀ ਕਰਨ ਲਈ ਵਿਭਾਗ ਦੇ ਪੁਨਰਗਠਨ ਵਾਸਤੇ ਇਕ ਵਿਆਪਕ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਨਵੀਆਂ ਅਸਾਮੀਆਂ ਸਿਰਜਣ ਲਈ ਕੁਝ ਰਵਾਇਤੀ ਅਸਾਮੀਆਂ ਖਤਮ ਕਰਨ ਦੀ ਤਜਵੀਜ਼ ਤਿਆਰ ਕੀਤੀ ਗਈ ਹੈ।

ਇਸ ਤੋਂ ਇਲਾਵਾ ਮੰਤਰੀ ਮੰਡਲ ਨੇ ਪੰਜਾਬ ਸਿਵਲ ਸਕੱਤਰੇਤ (ਸਟੇਟ ਸਰਵਿਸਜ਼ ਕਲਾਸ-3 ) ਰੂਲਜ਼, 1976 ਅਤੇ 23 ਦਸੰਬਰ, 1995 ਨੂੰ ਆਮ ਰਾਜ ਪ੍ਰਬੰਧ ਦੁਆਰਾ ਜਾਰੀ ਕੀਤੇ ਗਏ ਆਦੇਸ਼ਾਂ ਵਿੱਚ ਸੋਧ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ ਤਾਂ ਕਿ ਸਟੈਨੋ ਟਾਈਪਿਸਟ ਦੇ ਕਾਡਰ ਵਿੱਚ ਕੰਮ ਕਰ ਰਹੇ ਕਰਮਚਾਰੀ ਜੋ 50 ਸਾਲ ਦੀ ਉਮਰ ਪਾਰ ਕਰ ਚੁੱਕੇ ਹਨ, ਨੂੰ ਵਿਭਾਗੀ ਯੋਗਤਾ ਪ੍ਰੀਖਿਆ ਤੋਂ ਛੋਟ ਦੇ ਕੇ ਜੂਨੀਅਰ ਸਕੇਲ ਸਟੈਨੋਗ੍ਰਾਫਰ ਵਜੋਂ ਤਰੱਕੀ ਦਾ ਘੱਟੋ-ਘੱਟ ਇਕ ਮੌਕਾ ਦਿੱਤਾ ਜਾ ਸਕੇ।

# ਕਿਸਾਨ ਘੋਲ ਡੱਕਣ ਦਾ ਅਦਾਲਤੀ ਹਰਬਾ ਵੀ ਫੇਲ੍ਹ

*(ਸਫਾ ਇਕ ਦੀ ਬਾਕੀ)*

ਆਸਾਂ ਸਨ ਕਿ ਨਿਆਂ ਪ੍ਰਣਾਲੀ ਆਪਣੀ ਤਾਕਤ ਦਿਖਾਏਗੀ। ਅਦਾਲਤ ਨੇ ਕੇਂਦਰ ਨੂੰ ਤਿੱਖੇ ਸਵਾਲ ਕਰਦਿਆਂ ਇਥੋਂ ਤੱਕ ਆਖ ਦਿੱਤਾ ਕਿ ਉਸ ਕੋਲ ਹੁਣ ਤੱਕ ਕਿਸੇ ਧਿਰ ਨੇ ਪਹੁੰਚ ਨਹੀਂ ਕੀਤੀ ਜੋ ਇਨ੍ਹਾਂ ਕਾਨੂੰਨਾਂ ਨੂੰ ਫਾਇਦੇ ਵਾਲੇ ਦੱਸਦੀ ਹੋਵੇ। ਕਾਨੂੰਨ ਬਣਾਉਣ ਬਾਰੇ ਸੰਵਿਧਾਨਕ ਹੱਕ ਬਾਰੇ ਵੀ ਤਿੱਖੇ ਸਵਾਲ ਕੀਤੇ ਅਤੇ ਦਾਅਵਾ ਕੀਤਾ ਕਿ ਉਸ ਕੋਲ (ਅਦਾਲਤ) ਕਾਨੂੰਨਾਂ ਨੂੰ ਮੁੱਢੋਂ ਰੱਦ ਕਰਨ ਦਾ ਅਧਿਕਾਰ ਹੈ ਪਰ ਅਗਲੇ ਦਿਨ ਸਰਵ ਉਚ ਅਦਾਲਤ ਦੇ ਤੇਵਰ ਬਦਲੇ ਨਜ਼ਰ ਆਏ। ਅਦਾਲਤ ਨੇ ਕਾਨੂੰਨ ਰੱਦ ਕਰਨ ਦੀ ਥਾਂ ਇਨ੍ਹਾਂ ਦੇ ਅਮਲ ਉਤੇ ਰੋਕ ਤੇ ਕਮੇਟੀ ਬਣਾ ਕੇ ਹੀ ਆਪਣਾ 'ਫਰਜ਼' ਨਿਭਾ ਦਿੱਤਾ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਅਦਾਲਤ ਨੇ ਮੰਨ ਲਿਆ ਹੈ ਕਿ ਕਾਨੂੰਨ ਨੁਕਸਾਨਦੇਹ ਹਨ ਤੇ ਧੱਕੇ ਨਾਲ ਥੋਪੇ ਗਏ ਹਨ, ਫਿਰ ਇਨ੍ਹਾਂ ਕਾਨੂੰਨਾਂ ਦਾ ਅਮਲ ਰੋਕਣ ਤੋਂ ਪਹਿਲਾਂ ਇਨ੍ਹਾਂ ਨੂੰ ਅਸੰਵਿਧਾਨਕ ਕਰਾਰ ਦੇਣਾ ਚਾਹੀਦਾ ਸੀ ਅਤੇ ਇਸ ਤਰ੍ਹਾਂ ਕਰਨ ਲਈ ਮਾਮਲਾ ਵੱਡੇ ਸੰਵਿਧਾਨਕ ਬੈਂਚ ਦੇ ਸਾਹਮਣੇ ਰੱਖਿਆ ਜਾਣਾ ਚਾਹੀਦਾ ਸੀ। ਕੁੱਲ ਮਿਲਾ ਕੇ ਅਦਾਲਤ ਦਾ ਇਹ ਫੈਸਲਾ ਮੋਦੀ ਸਰਕਾਰ ਨੂੰ ਤਾਜ਼ਾ ਸੰਕਟ ਵਿਚੋਂ ਕੱਢਣ ਵਾਲਾ ਜਾਪ ਰਿਹਾ ਹੈ ਪਰ ਕਿਸਾਨ ਜਥੇਬੰਦੀਆਂ ਸਰਕਾਰ ਦੇ ਇਸ ਦਾਅ ਨੂੰ ਵੀ ਪੁੱਠਾ ਪਾਉਣ ਉਤੇ ਉਤਾਰੂ ਹਨ। ਜਥੇਬੰਦੀਆਂ ਨੇ ਐਲਾਨ ਕਰ ਦਿੱਤਾ ਹੈ ਕਿ ਸਰਕਾਰ ਨੂੰ ਸੇਕਾ ਲਾਉਣ ਲਈ 26 ਜਨਵਰੀ ਨੂੰ ਤੈਅ ਪ੍ਰੋਗਰਾਮ ਮੁਤਾਬਕ 'ਟਰੈਕਟਰ ਪਰੇਡ' ਹੋਵੇਗੀ ਅਤੇ ਕਾਨੂੰਨ ਰੱਦ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ। ਦਰਅਸਲ, ਕਿਸਾਨੀ ਲਹਿਰ ਨੂੰ ਦੱਬਣ ਲਈ ਸਰਕਾਰ ਦੀ ਇਹ ਕੋਈ ਪਹਿਲੀ ਨਾਕਾਮ ਕੋਸ਼ਿਸ਼ ਨਹੀਂ ਹੈ। ਇਸ ਤੋਂ ਪਹਿਲਾਂ ਸਰਕਾਰ ਨੇ ਕਿਸਾਨਾਂ ਉਤੇ ਪੁਲਿਸ ਕਾਰਵਾਈ, ਦਿੱਲੀ ਵਿਚ ਦਾਖਲਾ ਰੋਕਣ, ਜਥੇਬੰਦੀਆਂ ਵਿਚ ਫੁੱਟ ਪਾਉਣ ਦੀ ਕੋਸ਼ਿਸ਼, ਕਾਨੂੰਨ ਦੇ ਹੱਕ ਵਿਚ ਅਖੌਤੀ ਕਿਸਾਨ ਖੜ੍ਹੇ ਕਰਨ, ਐਸ.ਵਾਈ.ਐਲ. ਦਾ ਮਸਲਾ, ਅੰਦੋਲਨ ਲਈ ਆ ਰਹੀ ਮਾਲੀ ਮਦਦ ਰੋਕਣ, ਅੰਦੋਲਨ ਨੂੰ ਖਾਲਿਸਤਾਨੀ, ਅਤਿਵਾਦੀ, ਮਾਓਵਾਦੀ ਅਤੇ ਪਾਕਿਸਤਾਨ ਤੇ ਚੀਨ ਵੱਲੋਂ ਪ੍ਰੇਰਿਤ ਹੋਣ ਦੇ ਇਲਜ਼ਾਮ ਲਾਉਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨਾਂ ਨੇ ਇਨ੍ਹਾਂ ਇਲਜ਼ਾਮਾਂ ਦਾ ਜਵਾਬ ਸ਼ਾਂਤਮਈ ਅਤੇ ਸਹਿਜ ਤਰੀਕੇ ਨਾਲ ਦਿੱਤਾ ਹੈ। ਮੌਜੂਦਾ ਹਾਲਾਤ ਇਹ ਹਨ ਕਿ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਦਾ ਸਾਰਾ ਤਾਣਾ-ਬਾਣਾ 26 ਜਨਵਰੀ ਦੇ ਗਣਤੰਤਰ ਦਿਵਸ ਦੁਆਲੇ ਬੁਣ ਦਿੱਤਾ ਹੈ। ਸਰਕਾਰ ਪੂਰੀ ਵਾਹ ਲਾ ਰਹੀ ਹੈ ਕਿ ਹਰ ਹੀਲੇ 26 ਜਨਵਰੀ ਤੋਂ ਪਹਿਲਾਂ ਜਥੇਬੰਦੀਆਂ ਨੂੰ ਘਰੋਂ ਘਰੀਂ ਤੋਰਿਆ ਜਾਵੇ। ਕਿਸਾਨ ਪਰੇਡ ਰੋਕਣ ਲਈ ਸੁਪਰੀਮ ਕੋਰਟ ਵਿਚ ਵੀ ਪਟੀਸ਼ਨ ਪਾਈ ਹੈ, ਜਿਸ ਉਤੇ ਸੁਣਵਾਈ ਹੋਣੀ ਹੈ।

ਅਸਲ ਵਿਚ, ਇਸ ਸਮੇਂ ਹਾਲਾਤ ਇਹ ਹਨ ਕਿ ਸਰਕਾਰ ਨੂੰ ਸੁਪਰੀਮ ਕੋਰਟ ਹੀ ਆਸ ਦੀ ਕਿਰਨ ਨਜ਼ਰ ਆ ਰਹੀ ਹੈ। ਸਰਕਾਰ ਕਿਸੇ ਵੀ ਕੀਮਤ ਉਤੇ ਕਾਨੂੰਨ ਰੱਦ ਕਰਨ ਲਈ ਤਿਆਰ ਨਹੀਂ ਹੈ ਪਰ ਕਿਸਾਨ ਲਹਿਰ ਇੰਨੇ ਸਿਖਰ ਉਤੇ ਪੁੱਜ ਚੁੱਕੀ ਹੈ ਕਿ ਭਾਜਪਾ ਨੂੰ ਆਪਣੇ ਸਿਆਸੀ ਨਫੇ-ਨੁਕਸਾਨ ਦਾ ਫਿਕਰ ਪੈ ਗਿਆ ਹੈ। ਲਗਭਗ ਡੇਢ ਮਹੀਨੇ ਤੋਂ ਦਿੱਲੀ ਦੀ ਹੱਦਾਂ 'ਤੇ ਬੈਠੇ ਕਿਸਾਨਾਂ ਦੇ ਸ਼ਾਂਤ ਅਤੇ ਇਖਲਾਕੀ ਤੌਰ 'ਤੇ ਉਚੇ ਮਿਆਰ ਸਿਰਜਣ ਕਾਰਨ ਇਹ ਅੰਦੋਲਨ ਹੁਣ ਲੋਕ ਲਹਿਰ ਬਣ ਚੁੱਕੀ ਹੈ। ਇਸ ਦੀ ਗੂੰਜ ਵਿਦੇਸ਼ਾਂ 'ਚ ਵੀ ਸੁਣ ਰਹੀ ਹੈ। ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਨੇ ਕਿਸਾਨਾਂ ਦੇ ਸ਼ਾਂਤਮਈ ਸੰਘਰਸ਼ ਦੇ ਹੱਕ ਦੀ ਤਾਈਦ ਕੀਤੀ ਸੀ। ਗਣਤੰਤਰ ਦਿਵਸ ਮੌਕੇ ਮੁੱਖ ਮਹਿਮਾਨ ਵਜੋਂ ਆਉਣ ਵਾਲੇ ਬਰਤਾਨਵੀ ਪ੍ਰਧਾਨ ਮੰਤਰੀ ਬੌਰਿਸ ਜੋਹਨਸਨ ਦਾ ਦੌਰਾ ਰੱਦ ਹੋ ਗਿਆ ਹੈ ਤੇ ਬਰਤਾਨੀਆ ਦੇ ਸੌ ਸੰਸਦ ਮੈਂਬਰਾਂ ਨੇ ਜੋਹਨਸਨ ਕੋਲ ਮੁੱਦਾ ਉਠਾਇਆ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਮਿਲਣੀ ਸਮੇਂ ਉਹ ਕਿਸਾਨਾਂ ਦੇ ਮੁੱਦੇ 'ਤੇ ਗੱਲਬਾਤ ਜਰੂਰ ਕਰਨ। ਪੰਜਾਬੀ ਮੂਲ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਦੀ ਪਹਿਲਕਦਮੀ 'ਤੇ ਸੰਸਦ ਮੈਂਬਰਾਂ ਤੋਂ ਕਰਵਾਏ ਦਸਤਖਤਾਂ ਦਾ ਮਕਸਦ ਪੰਜਾਬੀਆਂ ਦੇ ਹੱਕ 'ਚ ਖੜ੍ਹੇ ਹੋਣ ਦੇ ਨਾਲ ਨਾਲ ਮਨੁੱਖਤਾ ਦੇ ਆਧਾਰ 'ਤੇ ਮਾਮਲਾ ਹੱਲ ਕਰਵਾਉਣ 'ਚ ਮਦਦਗਾਰ ਹੋਣਾ ਹੈ।

ਕਈ ਹੋਰ ਦੇਸ਼ਾਂ ਦੇ ਸੰਸਦ ਮੈਂਬਰਾਂ ਨੇ ਵੀ ਅੰਦੋਲਨ ਬਾਰੇ ਸਰਕਾਰੀ ਬੇਰੁਖੀ ਦੇ ਮੁੱਦੇ ਉਤੇ ਚਿੰਤਾ ਪ੍ਰਗਟ ਕੀਤੀ ਗਈ ਹੈ ਅਤੇ ਇਸ ਨੂੰ ਮਨੁੱਖੀ ਅਧਿਕਾਰਾਂ ਨਾਲ ਜੋੜ ਕੇ ਦੇਖਿਆ ਹੈ। ਸੰਯੁਕਤ ਰਾਸ਼ਟਰ ਦਾ 17 ਦਸੰਬਰ 2018 ਨੂੰ ਪਾਸ ਕੀਤਾ ਮਤਾ ਵੀ ਸਲਾਹ ਦਿੰਦਾ ਹੈ ਕਿ ਖੇਤੀ ਤੇ ਦਿਹਾਤੀ ਖੇਤਰ ਬਾਰੇ ਕਾਨੂੰਨ ਜਾਂ ਨੀਤੀ ਸਬੰਧਤ ਲੋਕਾਂ ਨਾਲ ਸਲਾਹ ਕਰ ਕੇ ਹੀ ਬਣਾਈ ਜਾਣੀ ਚਾਹੀਦੀ ਹੈ। ਇਹੀ ਕਾਰਨ ਹੈ ਕਿ ਖੇਤੀ ਕਾਨੂੰਨਾਂ ਦੇ ਨਾਲ-ਨਾਲ ਲੜਾਈ ਸੰਘੀ ਢਾਂਚੇ ਦੀ ਰਾਖੀ ਲਈ ਵੀ ਛਿੜ ਗਈ ਹੈ, ਜਿਸ ਲਈ ਵੱਡੀ ਗਿਣਤੀ ਸੂਬਾ ਸਰਕਾਰਾਂ ਅੱਗੇ ਆਈਆਂ ਹਨ। ਹੁਣ ਸਰਕਾਰ ਕੋਲ ਕੋਈ ਰਾਹ ਬਚਿਆ ਨਹੀਂ ਜਾਪ ਰਿਹਾ।

# ਖੇਤੀ ਕਾਨੂੰਨਾਂ ਬਾਰੇ ਚਰਚਾ ਨਾ ਕਰਨ 'ਤੇ ਢੀਂਡਸਾ ਤੇ ਬਾਜਵਾ ਵੱਲੋਂ ਵਾਕਆਊਟ

**ਚੰਡੀਗੜ੍ਹ:** ਖੇਤੀਬਾੜੀ ਸਬੰਧੀ ਮਾਮਲਿਆਂ ਬਾਰੇ ਸੰਸਦ ਸਥਾਈ ਕਮੇਟੀ ਦੀ ਦਿੱਲੀ ਵਿਚ ਮੀਟਿੰਗ ਦੌਰਾਨ ਖੇਤੀ ਬਾਰੇ ਕਾਲੇ ਕਾਨੂੰਨਾਂ 'ਤੇ ਕੋਈ ਚਰਚਾ ਨਾ ਕਰਨ 'ਤੇ ਸ਼੍ਰੋਮਣੀ ਅਕਾਲੀ ਦਲ (ਡੈਮੋਕਰੈਟਿਕ) ਦੇ ਪ੍ਰਧਾਨ ਅਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਮੀਟਿੰਗ ਵਿਚੋਂ ਵਾਕਆਊਟ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨਾਲ ਸਹਿਮਤੀ ਪ੍ਰਗਟ ਕਰਦਿਆਂ ਕਮੇਟੀ ਦੇ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਵਾਕਆਊਟ ਕਰ ਗਏ।

ਪਾਰਟੀ ਵੱਲੋਂ ਜਾਰੀ ਬਿਆਨ ਰਾਹੀਂ ਦੱਸਿਆ ਗਿਆ ਹੈ ਕਿ ਮੀਟਿੰਗ ਦੀ ਸ਼ੁਰੂਆਤ ਵਿਚ ਜਦੋਂ ਸੁਖਦੇਵ ਸਿੰਘ ਢੀਂਡਸਾ ਨੇ ਖੇਤੀ ਕਾਨੂੰਨਾਂ ਦਾ ਮੁੱਦਾ ਚੁੱਕਿਆ ਅਤੇ ਇਸ ਸਬੰਧੀ ਚਰਚਾ ਕਰਨ ਦੀ ਮੰਗ ਕੀਤੀ ਤਾਂ ਕਮੇਟੀ ਦੇ ਚੇਅਰਮੈਨ ਨੇ ਇਸ ਮੁੱਦੇ 'ਤੇ ਚਰਚਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ ਅਤੇ ਕਿਹਾ ਕਿ ਅੱਜ ਦਾ ਏਜੰਡਾ ਸਿਰਫ ਪਸ਼ੂ ਪਾਲਣ 'ਤੇ ਆਧਾਰਤ ਹੈ। ਇਸ ਮਗਰੋਂ ਸ੍ਰੀ ਢੀਂਡਸਾ ਮੀਟਿੰਗ ਵਿਚੋਂ ਵਾਕਆਊਟ ਕਰ ਕੇ ਬਾਹਰ ਆ ਗਏ। ਸ੍ਰੀ ਢੀਂਡਸਾ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਕੌਮੀ ਰਾਜਧਾਨੀ ਦੀਆਂ ਸੜਕਾਂ 'ਤੇ ਬੈਠਾ ਹੈ ਤੇ ਰੋਜ਼ਾਨਾ ਕਿਸਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਇਸ ਲਈ ਸਾਰੇ ਦੇਸ਼ ਲਈ ਇਹ ਭਖਵਾਂ ਮੁੱਦਾ ਹੈ ਤੇ ਇਸ 'ਤੇ ਚਰਚਾ ਕੀਤੇ ਜਾਣ ਦੀ ਲੋੜ ਹੈ। ਅਕਾਲੀ ਦਲ ਡੈਮੋਕਰੈਟਿਕ ਦੇ ਪ੍ਰਧਾਨ ਨੇ ਇਹ ਵੀ ਕਿਹਾ ਕਿ ਸੰਸਦੀ ਕਮੇਟੀਆਂ 'ਚ ਜੇ ਭਖਦੇ ਮੁੱਦਿਆਂ 'ਤੇ ਚਰਚਾ ਨਹੀਂ ਕਰਨੀ ਤਾਂ ਮੀਟਿੰਗ ਦੀ ਕੀ ਤੁਕ ਰਹਿ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਮੁਲਕ ਦਾ ਕਿਸਾਨ ਅੰਦੋਲਨ ਦੇ ਰਾਹ ਪਿਆ ਹੋਇਆ ਹੈ ਤੇ ਸੰਸਦ ਮੈਂਬਰ ਚੁੱਪ ਰਹਿ ਕੇ ਸਭ ਕੁਝ ਨਹੀਂ ਦੇਖ ਸਕਦੇ। ਉਨ੍ਹਾਂ ਕਿਹਾ ਕਿ ਕਮੇਟੀ ਰਾਹੀਂ ਚਰਚਾ ਕਰ ਕੇ ਮੁੱਖ ਮਕਸਦ ਸਾਰੇ ਮਾਮਲੇ ਨੂੰ ਸਰਕਾਰ ਦੇ ਧਿਆਨ 'ਚ ਲਿਆਉਣਾ ਹੀ ਸੀ।

## ਬਾਬਰੀ ਕੇਸ: ਸੀ. ਬੀ. ਆਈ. ਅਦਾਲਤ ਦੇ ਫੈਸਲੇ ਖਿਲਾਫ ਪਟੀਸ਼ਨ ਦਾਇਰ

**ਲਖਨਊ:** ਬਾਬਰੀ ਮਸਜਿਦ ਢਾਹੁਣ ਦੇ ਮਾਮਲੇ 'ਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਦੀ ਵਿਸ਼ੇਸ਼ ਅਦਾਲਤ ਦੇ ਫੈਸਲੇ ਖਿਲਾਫ ਅਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ 'ਚ ਇਕ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਗਈ ਹੈ। ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਵੱਲੋਂ ਅਯੁੱਧਿਆ ਵਾਸੀ ਹਾਜੀ ਮਹਿਬੂਬ ਤੇ ਹਾਜੀ ਸੱਯਦ ਅਹਿਮਦ ਨੇ ਇਹ ਪਟੀਸ਼ਨ ਦਾਇਰ ਕਰਕੇ ਸੀ.ਬੀ.ਆਈ. ਵਿਸ਼ੇਸ਼ ਅਦਾਲਤ ਵੱਲੋਂ ਦੋਸ਼ੀਆਂ ਨੂੰ ਬਰੀ ਕੀਤੇ ਜਾਣ ਦੇ ਵਿਸ਼ੇਸ਼ ਅਦਾਲਤ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਜਿਕਰਯੋਗ ਹੈ ਕਿ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਆਪਣੇ ਫੈਸਲੇ 'ਚ ਭਾਜਪਾ ਦੇ ਸੀਨੀਅਰ ਆਗੂਆਂ ਲਾਲ ਕ੍ਰਿਸ਼ਨ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਉਮਾ ਭਾਰਤੀ ਸਮੇਤ 32 ਜਣਿਆਂ ਨੂੰ ਇਸ ਕੇਸ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਸੀ।

## ਪੀ.ਐਮ-ਕਿਸਾਨ ਯੋਜਨਾ ਵਿਚ ਘਪਲਾ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਆਪਣੀ ਅਤਿ ਉਤਸ਼ਾਹੀ ਪੀ.ਐਮ-ਕਿਸਾਨ ਯੋਜਨਾ ਤਹਿਤ 20.48 ਲੱਖ ਅਯੋਗ ਲਾਭਪਾਤਰੀਆਂ ਨੂੰ 1364 ਕਰੋੜ ਰੁਪਏ ਦੀ ਅਦਾਇਗੀ ਕੀਤੀ ਹੈ। ਇਹ ਖੁਲਾਸਾ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਕੇਂਦਰੀ ਖੇਤੀ ਮੰਤਰਾਲੇ ਤੋਂ ਮੰਗੀ ਜਾਣਕਾਰੀ ਤੋਂ ਹੋਇਆ ਹੈ। ਅੰਕੜਿਆਂ ਦੀ ਮੰਨੀਏ ਤਾਂ ਸਭ ਤੋਂ ਵੱਧ 'ਅਯੋਗ' ਲਾਭਪਾਤਰੀ ਪੰਜਾਬ ਨਾਲ ਸਬੰਧਤ ਹਨ। ਮੋਦੀ ਸਰਕਾਰ ਨੇ ਸਾਲ 2019 ਵਿਚ ਪ੍ਰਧਾਨ ਮੰਤਰੀ ਕਿਸਾਨ ਸੰਮਾਨ ਨਿਧੀ (ਪੀ.ਐਮ-ਕਿਸਾਨ) ਯੋਜਨਾ ਦਾ ਆਗਾਜ ਕੀਤਾ ਸੀ, ਜਿਸ ਤਹਿਤ 2 ਹੈਕਟੇਅਰ ਤੱਕ ਦੀ ਜਮੀਨ ਮਾਲਕੀ ਵਾਲੇ ਛੋਟੇ ਤੇ ਸੀਮਾਂਤ ਕਿਸਾਨ ਪਰਿਵਾਰਾਂ ਨੂੰ ਸਾਲਾਨਾ 6000 ਰੁਪਏ ਤਿੰਨ ਬਰਾਬਰ ਕਿਸ਼ਤਾਂ 'ਚ ਦਿੱਤੇ ਜਾਣੇ ਸਨ। ਕੇਂਦਰੀ ਖੇਤੀ ਮੰਤਰਾਲੇ ਨੇ ਆਰ.ਟੀ.ਆਈ. ਅਰਜੀ ਦੇ ਜਵਾਬ ਵਿਚ ਅਜਿਹੇ ਅਯੋਗ ਲਾਭਪਾਤਰੀਆਂ ਦੇ ਦੋ ਵਰਗਾਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਨੂੰ ਪੀ.ਐਮ-ਕਿਸਾਨ ਸਕੀਮ ਤਹਿਤ ਅਦਾਇਗੀਆਂ ਕੀਤੀਆਂ ਗਈਆਂ ਹਨ। ਇਹ ਦੋ ਵਰਗ 'ਅਯੋਗ ਕਿਸਾਨ' ਤੇ 'ਆਮਦਨ ਕਰ ਅਦਾ ਕਰਨ ਵਾਲੇ ਕਿਸਾਨ' ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਕੱਚਾ ਤੇਲ ਸਸਤਾ ਹੋਣ ਦੇ ਬਾਵਜੂਦ ਪੈਟਰੋਲ ਤੇ ਡੀਜ਼ਲ ਕੀਮਤਾਂ ਨੇ ਸ਼ੂਟ ਵੱਟੀ

**ਚੰਡੀਗੜ੍ਹ:** ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚਾ ਤੇਲ ਸਸਤਾ ਹੋਣ ਦੇ ਬਾਵਜੂਦ ਭਾਰਤ ਵਿਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਨੇ ਸ਼ੂਟ ਵੱਟੀ ਹੋਈ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੇ ਪੈਟਰੋਲ ਅਤੇ ਡੀਜ਼ਲ ਦੇ ਉਪਰ ਐਨੇ ਜ਼ਿਆਦਾ ਅਲੱਗ-ਅਲੱਗ ਟੈਕਸ ਹਨ ਕਿ ਉਹ ਅਸਲ ਕੀਮਤ ਤੋਂ ਜ਼ਿਆਦਾ ਪੁੱਜ ਗਏ ਹਨ। ਇਕ ਜਾਣਕਾਰੀ ਮੁਤਾਬਕ ਕੇਂਦਰ ਦੇ ਪੈਟਰੋਲ, ਡੀਜ਼ਲ ਦੇ ਉਪਰ 28 ਤੋਂ 30 ਰੁਪਏ ਪ੍ਰਤੀ ਲੀਟਰ ਤੱਕ ਤੇ ਰਾਜ ਸਰਕਾਰਾਂ ਦੇ 14 ਤੋਂ 15 ਰੁਪਏ ਪ੍ਰਤੀ ਲੀਟਰ ਪੈਟਰੋਲ ਅਤੇ ਡੀਜ਼ਲ ਦੀ ਅਸਲ ਕੀਮਤ ਉਤੇ ਅਲੱਗ ਤੋਂ ਟੈਕਸ ਹਨ। ਕੀਮਤ ਘਟਾਉਣ ਦਾ ਮੌਕਾ ਆਉਂਦਾ ਹੈ ਤਾਂ ਕੇਂਦਰ ਸਰਕਾਰ ਆਬਕਾਰੀ ਡਿਊਟੀ ਅਤੇ ਰਾਜ ਸਰਕਾਰਾਂ ਵੈਟ ਵਧਾ ਕੇ ਸਾਰੀ ਕਸਰ ਪੂਰੀ ਕਰ ਦਿੰਦੀਆਂ ਹਨ।

ਮਈ 2014 'ਚ ਕੱਚੇ ਤੇਲ ਦੀ ਕੀਮਤ 105.71 ਡਾਲਰ ਪ੍ਰਤੀ ਬੈਰਲ ਸੀ, ਉਸ ਵੇਲੇ ਪੈਟਰੋਲ ਦੀ ਕੀਮਤ 71.41 ਰੁਪਏ ਪ੍ਰਤੀ ਲੀਟਰ ਤੇ ਡੀਜ਼ਲ ਦੀ 56.71 ਰੁਪਏ ਪ੍ਰਤੀ ਲੀਟਰ ਸੀ ਜਦਕਿ ਦਸੰਬਰ 2020 'ਚ ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚੇ ਤੇਲ ਦਾ ਉਤਪਾਦਨ ਘਟਣ ਤੋਂ ਬਾਅਦ ਹੁਣ ਇਹ 47.58 ਡਾਲਰ ਪ੍ਰਤੀ ਬੈਰਲ ਸੀ, ਉਸ ਵੇਲੇ ਪੈਟਰੋਲ ਦੀ ਕੀਮਤ 90.34 ਰੁਪਏ ਤੇ ਡੀਜ਼ਲ ਦੀ 80.51 ਰੁਪਏ ਪ੍ਰਤੀ ਲੀਟਰ



ਪੁੱਜ ਗਈ ਸੀ। ਜਦਕਿ ਹੁਣ ਪੈਟਰੋਲ ਅਤੇ ਡੀਜ਼ਲ ਦੀ ਕੀਮਤ 85.20 ਰੁਪਏ ਤੇ 75.95 ਰੁਪਏ ਪ੍ਰਤੀ ਲੀਟਰ ਹੈ।

ਤੇਲ ਦੀਆਂ ਕੀਮਤਾਂ ਬਾਰੇ ਅਪਣਾਈ ਖੁੱਲ੍ਹੀ/ਆਜ਼ਾਦ ਮੰਡੀ ਦੀ ਨੀਤੀ ਕਾਰਨ ਤੇਲ ਕੰਪਨੀਆਂ ਨੂੰ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਆਏ ਦਿਨ ਖੁਦ ਹੀ ਕੀਮਤਾਂ ਵਧਾਉਣ ਜਾਂ ਘਟਾਉਣ ਦਾ ਐਲਾਨ ਕਰ ਸਕਦੀਆਂ ਹਨ। ਕੱਚੇ ਤੇਲ ਦੀਆਂ ਕੀਮਤਾਂ ਵਧਣ ਨਾਲ ਹਰ ਵਾਰ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਤਾਂ ਦਿੱਤੀਆਂ ਜਾਂਦੀਆਂ ਹਨ ਪਰ ਜਦੋਂ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਘਟਦੀਆਂ ਹਨ ਤਾਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਉਸ ਅਨੁਪਾਤ ਵਿਚ ਘਟਾਈਆਂ ਨਹੀਂ ਜਾਂਦੀਆਂ।

ਦਿੱਲੀ ਵਿਚ ਹੁਣ ਤੇਲ ਪਿਛਲੇ ਸਮਿਆਂ ਨਾਲੋਂ ਸਭ ਤੋਂ ਮਹਿੰਗਾ ਪੈਟਰੋਲ ਮਿਲੇਗਾ। ਅਕਤੂਬਰ 2018 ਵਿਚ ਪੈਟਰੋਲ ਦੀ ਕੀਮਤ 84 ਰੁਪਏ ਪ੍ਰਤੀ ਲੀਟਰ ਹੋਈ ਸੀ ਅਤੇ ਉਦੋਂ ਕੌਮਾਂਤਰੀ ਮੰਡੀ ਵਿਚ ਕੱਚੇ ਤੇਲ ਦੀ ਕੀਮਤ 80 ਡਾਲਰ ਪ੍ਰਤੀ ਬੈਰਲ ਸੀ। ਇਸ ਵਕਤ ਕੱਚੇ ਤੇਲ ਦੀ ਕੀਮਤ 54 ਡਾਲਰ ਪ੍ਰਤੀ ਬੈਰਲ ਹੈ ਪਰ ਪੈਟਰੋਲ 84 ਰੁਪਏ ਪ੍ਰਤੀ ਲੀਟਰ ਤੋਂ ਵੱਧ ਕੀਮਤ ਉੱਤੇ ਮਿਲੇਗਾ। ਇਸ ਪਿੱਛੇ ਵੱਡਾ ਕਾਰਨ ਸਰਕਾਰਾਂ ਵੱਲੋਂ ਵਸੂਲੇ ਜਾਂਦੇ ਟੈਕਸਾਂ ਦਾ ਹੈ। ਸਾਲ 2019 ਦੇ ਸ਼ੁਰੂ ਵਿਚ ਪੈਟਰੋਲ ਉਤੇ ਕੇਂਦਰ ਸਰਕਾਰ ਦੀ ਆਬਕਾਰੀ ਡਿਊਟੀ 19.98 ਰੁਪਏ ਪ੍ਰਤੀ ਲੀਟਰ ਸੀ, ਜਦੋਂਕਿ ਹੁਣ ਇਹ ਵਧ ਕੇ 32.98 ਰੁਪਏ ਪ੍ਰਤੀ ਲੀਟਰ ਹੋ ਗਈ ਹੈ। ਇਸੇ ਸਮੇਂ ਦੌਰਾਨ ਡੀਜ਼ਲ ਉਤੇ ਆਬਕਾਰੀ ਡਿਊਟੀ 15.83 ਰੁਪਏ ਤੋਂ ਵਧਾ ਕੇ 31.83 ਰੁਪਏ ਪ੍ਰਤੀ ਲੀਟਰ ਕਰ ਦਿੱਤੀ ਗਈ ਹੈ। ਇਕ ਅਨੁਮਾਨ ਅਨੁਸਾਰ ਕੇਂਦਰ ਸਰਕਾਰ ਨੂੰ ਅਪਰੈਲ 2020 ਤੋਂ ਮਾਰਚ 2021 ਤੱਕ ਪਹਿਲਾਂ ਹੀ ਵਧੀ ਹੋਈ ਆਬਕਾਰੀ ਡਿਊਟੀ ਨਾਲ ਹੀ 1.60 ਲੱਖ ਕਰੋੜ ਰੁਪਏ ਵਾਧੂ ਹਾਸਲ ਹੋਣਗੇ।

ਮਈ 2013 ਤੋਂ ਲੈ ਕੇ ਦਸੰਬਰ 2020 ਤੱਕ ਦੇ ਅੰਕੜੇ ਦੱਸਦੇ ਹਨ ਕਿ ਜਦੋਂ ਵੀ ਅੰਤਰਰਾਸ਼ਟਰੀ ਬਾਜ਼ਾਰ 'ਚ ਕੱਚੇ ਤੇਲ ਦੀਆਂ ਕੀਮਤਾਂ ਮਈ 2015 ਤੋਂ ਬਾਅਦ ਘਟਣ ਲੱਗੀਆਂ ਤਾਂ ਤੇਲ ਕੰਪਨੀਆਂ ਵਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ 'ਚ ਵਾਧਾ ਕੀਤਾ ਜਾਂਦਾ ਰਿਹਾ ਹੈ। ਮਈ 2013 'ਚ 99.37 ਡਾਲਰ ਪ੍ਰਤੀ ਬੈਰਲ ਤੇ ਪੈਟਰੋਲ 71.13 ਰੁਪਏ, ਡੀਜ਼ਲ 54.59 ਰੁਪਏ ਪ੍ਰਤੀ ਲੀਟਰ ਤੇ ਇਸੇ ਤਰ੍ਹਾਂ ਨਾਲ ਦਸੰਬਰ 2014 'ਚ 60.07 ਡਾਲਰ ਪ੍ਰਤੀ ਬੈਰਲ, ਪੈਟਰੋਲ 70.95 ਤੇ ਡੀਜ਼ਲ 57 ਰੁਪਏ, ਮਈ 2015 'ਚ 62.51 ਡਾਲਰ ਪ੍ਰਤੀ ਬੈਰਲ, ਪੈਟਰੋਲ 74.12, ਡੀਜ਼ਲ 59.86 ਰੁਪਏ, ਦਸੰਬਰ 2015 ਵਿਚ 36.57 ਡਾਲਰ ਪ੍ਰਤੀ ਬੈਰਲ, ਪੈਟਰੋਲ 67.04 ਤੇ ਡੀਜ਼ਲ 59.86, ਦਸੰਬਰ 2016 ਵਿਚ 52.62 ਡਾਲਰ ਪ੍ਰਤੀ ਬੈਰਲ, ਪੈਟਰੋਲ 74.12, ਡੀਜ਼ਲ 60.17, ਜੂਨ 2017 ਵਿਚ 46.17 ਡਾਲਰ ਪ੍ਰਤੀ ਬੈਰਲ, ਪੈਟਰੋਲ 66.12 ਤੇ ਡੀਜ਼ਲ 63.12 ਰੁਪਏ, ਦਸੰਬਰ 2017 ਵਿਚ 61.19 ਡਾਲਰ ਪ੍ਰਤੀ ਬੈਰਲ ਤੇ ਪੈਟਰੋਲ 76.55 ਤੇ ਡੀਜ਼ਲ 63.19, ਜੂਨ 2018 'ਚ 71.98 ਡਾਲਰ ਪ੍ਰਤੀ ਬੈਰਲ ਤੇ ਪੈਟਰੋਲ 83.06 ਤੇ ਡੀਜ਼ਲ 71.99 ਰੁਪਏ, ਦਸੰਬਰ 2018 ਵਿਚ 53.96 ਡਾਲਰ ਪ੍ਰਤੀ ਬੈਰਲ ਤੇ ਪੈਟਰੋਲ 74.47 ਰੁਪਏ ਡੀਜ਼ਲ 66.79, ਜੂਨ 2019 ਵਿਚ 59.76 ਡਾਲਰ ਪ੍ਰਤੀ ਬੈਰਲ ਤੇ ਪੈਟਰੋਲ 76.6 ਰੁਪਏ ਤੇ ਡੀਜ਼ਲ 68.76 ਰੁਪਏ, ਦਸੰਬਰ 2019 ਵਿਚ 63.35 ਡਾਲਰ ਪ੍ਰਤੀ ਬੈਰਲ ਤੇ ਪੈਟਰੋਲ 80.59 ਅਤੇ ਡੀਜ਼ਲ 71.29 ਰੁਪਏ, ਜੂਨ 2020 ਵਿਚ 39.46 ਡਾਲਰ ਪ੍ਰਤੀ ਬੈਰਲ ਤੇ ਪੈਟਰੋਲ 87.19 ਰੁਪਏ ਅਤੇ ਡੀਜ਼ਲ ਦੀ ਕੀਮਤ 78.83 ਰੁਪਏ ਪ੍ਰਤੀ ਲੀਟਰ ਸੀ।

# ਕੈਪਟਨ ਸਰਕਾਰ ਨੇ ਖੋਲ੍ਹਿਆ ਭਲਾਈ ਸਕੀਮਾਂ ਦਾ ਪਿਟਾਰਾ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭਲਾਈ ਸਕੀਮਾਂ ਦਾ ਪਿਟਾਰਾ ਖੋਲ੍ਹ ਦਿੱਤਾ ਹੈ, ਜਿਸ ਤਹਿਤ ਪੰਜਾਬ ਵਿਚ ਹਾਈ ਸਕੂਲਾਂ ਅਤੇ ਕਾਲਜਾਂ ਦੀਆਂ ਵਿਦਿਆਰਥਣਾਂ ਲਈ ਮੁਫਤ ਸੈਨੇਟਰੀ ਪੈਡਜ਼ ਸਮੇਤ ਕਈ ਵੱਡੇ ਭਲਾਈ ਪ੍ਰੋਜੈਕਟਾਂ ਦੀ ਸ਼ੁਰੂਆਤ ਹੋਈ ਹੈ। ਮੁੱਖ ਮੰਤਰੀ ਨੇ ਹਜ਼ਾਰਾਂ ਝੁੱਗੀ-ਝੌਂਪੜੀ ਵਾਲਿਆਂ ਦੇ ਘਰ ਬਣਾਉਣ ਦੇ ਸੁਪਨੇ ਨੂੰ ਅਮਲੀ ਰੂਪ ਦਿੱਤੇ ਜਾਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ ਤੇ 75.64 ਕਰੋੜ ਰੁਪਏ ਦੀ ਲਾਗਤ ਵਾਲੇ ਸਮਾਰਟ ਮੀਟਰਿੰਗ ਪ੍ਰੋਜੈਕਟ 'ਤੇ ਉਪਭੋਗਤਾਵਾਂ ਵੱਲੋਂ ਈ-ਫਾਈਲਿੰਗ ਰਾਹੀਂ ਸ਼ਿਕਾਇਤਾਂ ਦਾਇਰ ਕਰਨ ਲਈ ਈ-ਦਾਖਲ ਪੋਰਟਲ ਦੀ ਸ਼ੁਰੂਆਤ ਵੀ ਕੀਤੀ ਹੈ।



ਮੁੱਖ ਮੰਤਰੀ ਵੱਲੋਂ ਵਰਚੁਅਲ ਢੰਗ ਨਾਲ ਸ਼ੁਰੂ ਕੀਤੀਆਂ ਗਈਆਂ ਦੋ ਹੋਰ ਸਕੀਮਾਂ ਤਹਿਤ ਜਨਵਰੀ ਮਹੀਨੇ ਨੂੰ 'ਧੀਆਂ ਦੀ ਲੋਹੜੀ' ਨੂੰ ਸਮਰਪਿਤ ਕਰਨ ਤੋਂ ਇਲਾਵਾ ਨੌਜਵਾਨਾਂ ਲਈ 2500 ਖੇਡ ਕਿੱਟਾਂ ਦੀ ਵੰਡ ਦਾ ਰਾਹ ਵੀ ਪੱਧਰਾ ਕੀਤਾ ਗਿਆ ਹੈ। ਧੀਆਂ ਦੀ ਲੋਹੜੀ ਦੀ ਸ਼ੁਰੂਆਤ ਕਰਦਿਆਂ ਮੁੱਖ ਮੰਤਰੀ ਨੇ ਸੰਕੇਤਕ ਰੂਪ 'ਚ ਪੰਜ ਬੱਚੀਆਂ ਨੂੰ 5100 ਰੁਪਏ ਦਾ ਸ਼ਗਨ ਅਤੇ ਹਰੇਕ ਬੱਚੀ ਲਈ ਸਾਜ਼ੋ-ਸਾਮਾਨ ਭੇਟ ਕੀਤਾ।

ਇਸ ਵਿਸ਼ੇਸ਼ ਸਕੀਮ ਤਹਿਤ ਪ੍ਰਤੀ ਦਿਨ ਪ੍ਰੋਗਰਾਮਾਂ ਦੀ ਲੜੀ ਸਮੂਹ ਜ਼ਿਲ੍ਹਿਆਂ ਵਿਚ ਕਰਵਾਈ ਜਾਵੇਗੀ, ਜਿਸ ਦੀ ਸ਼ੁਰੂਆਤ ਮੁਹਾਲੀ ਜ਼ਿਲ੍ਹੇ ਤੋਂ ਹੋਵੇਗੀ। ਇਸ ਮੌਕੇ ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ ਅਰੁਣਾ ਚੌਧਰੀ ਨੇ ਕਿਹਾ ਕਿ ਧੀਆਂ ਦੀ ਲੋਹੜੀ ਸਬੰਧੀ ਮਹੀਨੇ ਦੇ ਅਖੀਰ ਵਿਚ ਫਿਰੋਜ਼ਪੁਰ ਵਿਚ ਰਾਜ ਪੱਧਰੀ ਸਮਾਗਮ ਕਰਵਾਇਆ ਜਾਵੇਗਾ। ਇਸੇ ਤਰ੍ਹਾਂ ਬਸੇਰਾ ਪ੍ਰੋਗਰਾਮ ਦੀ ਸ਼ੁਰੂਆਤ ਨਾਲ ਪਟਿਆਲਾ, ਬਠਿੰਡਾ, ਫਾਜ਼ਿਲਕਾ ਅਤੇ ਮੋਗਾ ਜ਼ਿਲ੍ਹਿਆਂ ਦੀਆਂ 10 ਝੁੱਗੀ-ਝੌਂਪੜੀਆਂ ਦੇ 2816 ਨਿਵਾਸੀਆਂ ਨੂੰ ਪਹਿਲੇ ਦੌਰ ਵਿਚ ਮਾਲਕਾਨਾ ਹੱਕ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਛੇ ਲਾਭਪਾਤਰੀਆਂ ਨੂੰ ਸੰਕੇਤਕ ਤੌਰ 'ਤੇ 'ਸਨਦਾਂ' ਸੌਂਪੀਆਂ ਅਤੇ ਮਾਲਕਾਨਾ ਹੱਕ ਪ੍ਰਦਾਨ ਕੀਤੇ। ਸਥਾਨਕ ਸਰਕਾਰਾਂ ਮੰਤਰੀ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਪੰਜਾਬ ਦੇਸ਼ ਦਾ ਪਹਿਲਾ ਸੂਬਾ ਹੈ, ਜਿਸ ਨੇ ਮੁੱਖ ਮੰਤਰੀ ਝੁੱਗੀ-ਝੌਂਪੜੀ ਵਿਕਾਸ ਪ੍ਰੋਗਰਾਮ 'ਬਸੇਰਾ' ਦੀ ਸ਼ੁਰੂਆਤ ਕੀਤੀ ਹੈ। ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਅਤੇ ਪੰਜਾਬ ਯੂਥ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਸੁਖਵਿੰਦਰ ਸਿੰਘ ਬਿੰਦਰਾ ਨੇ ਵੀ ਵਿਚਾਰ ਰੱਖੇ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਹਿਯੋਗੀ ਵਜ਼ੀਰਾਂ ਨੂੰ ਕਿਹਾ ਕਿ ਉਹ ਆਉਂਦੇ ਵਰ੍ਹੇ 2021-22 ਦੇ ਸਾਲਾਨਾ ਬਜਟ, ਜੋ ਕਿ ਤਿਆਰੀ ਅਧੀਨ ਹੈ, ਵਿਚ ਵਾਧੂ ਤੌਰ 'ਤੇ ਫੰਡ ਹਾਸਲ ਕਰਨ ਲਈ ਆਪੋ-ਆਪਣੇ ਵਿਭਾਗਾਂ ਦੀਆਂ ਸਕੀਮਾਂ ਅਤੇ ਯੋਜਨਾਵਾਂ ਪੇਸ਼ ਕਰਨ।

## ਨੌਕਰੀਆਂ 'ਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਕਾਰੀ ਨੌਕਰੀਆਂ 'ਚ ਔਰਤਾਂ ਨੂੰ 33 ਫੀਸਦੀ ਰਾਖਵਾਂਕਰਨ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਸਰਕਾਰ ਦੇ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਨੇ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਇਸ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਿਸ ਤਹਿਤ ਸਰਕਾਰੀ ਭਰਤੀਆਂ ਦੌਰਾਨ ਜਨਰਲ ਵਰਗ, ਐਸ.ਸੀ, ਬੀ.ਸੀ, ਸਾਬਕਾ ਫੌਜੀ, ਖੇਡ ਕੋਟੇ ਤੇ ਆਰਥਿਕ ਪੱਖੋਂ ਕਮਜ਼ੋਰ ਕੋਟੇ 'ਚ ਔਰਤਾਂ ਦੀਆਂ 33 ਫੀਸਦੀ ਅਸਾਮੀਆਂ ਰਾਖਵੀਆਂ ਹੋਣਗੀਆਂ। ਸਰਕਾਰ ਨੇ ਇਸ ਰਾਖਵਾਂਕਰਨ ਨਿਯਮ ਨੂੰ 'ਪੰਜਾਬ ਸਿਵਲ ਸੇਵਾਵਾਂ (ਅਸਾਮੀਆਂ 'ਚ ਔਰਤਾਂ ਲਈ ਰਾਖਵਾਂਕਰਨ) (ਪਹਿਲੀ ਸੋਧ) ਨਿਯਮ, 2020' ਨਾਮ ਦਿੱਤਾ ਹੈ।

## ਵਿਦੇਸ਼ੀ ਨਿਵੇਸ਼ ਵਧਾਉਣ ਲਈ ਉਚ ਤਾਕਤੀ ਨਿਵੇਸ਼ ਕਮੇਟੀ ਬਣਾਈ

**ਜਲੰਧਰ:** ਪੰਜਾਬ ਸਰਕਾਰ ਵਲੋਂ ਸੂਬੇ 'ਚ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਲਈ ਆਨਰੇਰੀ ਐਨ.ਆਰ.ਆਈ. ਕੋਆਰਡੀਨੇਟਰ ਆਸਟ੍ਰੇਲੀਆ, ਕਰਨ ਸਿੰਘ ਰੰਧਾਵਾ ਅਤੇ ਯੂ. ਕੇ. ਦੇ ਆਨਰੇਰੀ ਕੋਆਰਡੀਨੇਟਰ ਮਨਜੀਤ ਸਿੰਘ ਨਿੱਝਰ ਨੂੰ ਸ਼ਾਮਲ ਕਰਦੇ ਹੋਏ 'ਪੰਜਾਬ ਹਾਈ ਪਾਵਰਡ ਇਨਵੈਸਮੈਂਟ ਕਮੇਟੀ' ਦਾ ਗਠਨ ਕੀਤਾ ਗਿਆ ਹੈ। ਇਹ ਫੈਸਲਾ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੀ ਪ੍ਰਧਾਨਗੀ ਹੇਠ ਲਿਆ ਗਿਆ। ਰੰਧਾਵਾ ਨੇ ਇਸ ਕਮੇਟੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਅਤੇ ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਦੇ ਨਿਰਦੇਸ਼ਾਂ ਅਨੁਸਾਰ ਇਸ ਕਮੇਟੀ ਦਾ ਗਠਨ ਪੰਜਾਬ ਦੇ ਵਿਕਾਸ 'ਚ ਵਿਦੇਸ਼ੀ ਨਿਵੇਸ਼ ਨੂੰ ਵਧਾਉਣ ਦੇ ਆਸ਼ੇ ਨਾਲ ਕੀਤਾ ਗਿਆ ਹੈ।

## ਮੁੰਬਈ ਹਮਲੇ ਦੇ ਸਾਜ਼ਿਸ਼ਘਾੜੇ ਲਖਵੀ ਨੂੰ 15 ਸਾਲ ਦੀ ਸਜ਼ਾ

**ਲਾਹੌਰ:** ਪਾਕਿਸਤਾਨ ਦੀ ਇਕ ਅਤਿਵਾਦ ਰੋਕੂ ਅਦਾਲਤ ਨੇ ਅਤਿਵਾਦ ਨੂੰ ਵਿੱਤੀ ਮਦਦ ਦੇ ਮਾਮਲੇ ਵਿਚ ਮੁੰਬਈ ਹਮਲੇ ਦੇ ਸਾਜ਼ਿਸ਼ਘਾੜੇ ਅਤੇ ਲਸ਼ਕਰ-ਏ-ਤੋਇਬਾ ਦੇ ਕਮਾਂਡਰ ਜ਼ਕੀ-ਉਰ-ਰਹਿਮਾਨ ਲਖਵੀ ਨੂੰ 15 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਦੇਸ਼ ਵਿਚ ਅਤਿਵਾਦ ਨੂੰ ਨੱਥ ਪਾਉਣ ਲਈ



ਪਾਕਿਸਤਾਨ 'ਤੇ ਪੈ ਰਹੇ ਕੌਮਾਂਤਰੀ ਦਬਾਅ ਦੇ ਮੱਦੇਨਜ਼ਰ ਇਹ ਫੈਸਲਾ ਆਇਆ ਹੈ। ਸੰਯੁਕਤ ਰਾਸ਼ਟਰ ਵੱਲੋਂ ਅਤਿਵਾਦੀ ਐਲਾਨਿਆ 61 ਸਾਲਾ ਲਖਵੀ ਮੁੰਬਈ ਹਮਲੇ ਨਾਲ ਸਬੰਧਤ ਕੇਸ ਵਿਚ 2015 ਤੋਂ ਜ਼ਮਾਨਤ 'ਤੇ ਚੱਲ ਰਿਹਾ ਸੀ। ਲਹਿੰਦੇ ਪੰਜਾਬ ਦੇ ਅਤਿਵਾਦ ਰੋਕੂ ਵਿਭਾਗ (ਸੀ.ਟੀ.ਡੀ.) ਨੇ ਉਸ ਨੂੰ ਗ੍ਰਿਫਤਾਰ ਕੀਤਾ ਸੀ। ਜੱਜ ਐਜਾਜ਼ ਅਹਿਮਦ ਬੁੱਟਰ ਨੇ ਤਿੰਨ ਮਾਮਲਿਆਂ 'ਚ ਉਸ ਨੂੰ 5-5 ਸਾਲ ਦੀ ਸਖਤ ਸਜ਼ਾ ਸੁਣਾਈ ਹੈ ਤੇ ਇਕ ਲੱਖ ਪਾਕਿਸਤਾਨੀ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ।

# ਰਸੂਖਵਾਨ ਕਰਜ਼ਦਾਰਾਂ ਵੱਲੋਂ ਖੇਤੀ ਵਿਕਾਸ ਬੈਂਕਾਂ ਨੂੰ ਰਗੜਾ

**ਚੰਡੀਗੜ੍ਹ:** ਖੇਤੀ ਕਾਨੂੰਨਾਂ ਕਰਕੇ ਖੇਤੀ ਵਿਕਾਸ ਬੈਂਕਾਂ ਦੀ ਵਸੂਲੀ ਦਰ ਭੁੰਜੇ ਡਿੱਗੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਰਾਹਤ ਲਈ ਨਵੀਂ ਸਕੀਮ ਦਿੱਤੀ ਜਾ ਰਹੀ ਹੈ। ਪੰਜਾਬ ਵਿਚ 89 ਖੇਤੀ ਵਿਕਾਸ ਬੈਂਕ ਹਨ ਜਿਨ੍ਹਾਂ ਦੀ ਵਸੂਲੀ ਦਰ ਹੁਣ ਤੱਕ 5.81 ਫੀਸਦ ਹੈ ਜੋ ਕਿ ਪਿਛਲੇ ਵਰ੍ਹੇ 9.10 ਫੀਸਦ ਸੀ।

ਖੇਤੀ ਵਿਕਾਸ ਬੈਂਕਾਂ ਦੇ ਕਰਜ਼ੇ ਲਾਹੁਣ ਵਿਚ ਵੱਡੇ ਰਸੂਖਵਾਨ ਨਾਲੋਂ ਛੋਟੀ ਤੇ ਦਰਮਿਆਨੀ ਕਿਸਾਨੀ ਅੱਗੇ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਪੰਜਾਬ ਵਿਚ ਤਕਰੀਬਨ 69 ਹਜ਼ਾਰ ਕਰਜ਼ਈ ਕਿਸਾਨ ਹਨ ਜਿਨ੍ਹਾਂ ਵੱਲ ਖੇਤੀ ਵਿਕਾਸ ਬੈਂਕਾਂ ਦੇ 1958 ਕਰੋੜ ਰੁਪਏ ਬਕਾਇਆ ਖੜ੍ਹੇ ਹਨ। ਇਨ੍ਹਾਂ 'ਚੋਂ 1335 ਵੱਡੇ ਤੇ ਰਸੂਖਵਾਨ ਕਰਜ਼ਦਾਰ ਹਨ ਜਿਨ੍ਹਾਂ ਵੱਲ 207 ਕਰੋੜ ਰੁਪਏ ਖੜ੍ਹੇ ਹਨ। ਪੰਜਾਬ ਸਰਕਾਰ ਵੱਲੋਂ ਹਰ ਬੈਂਕ ਦੇ ਟੌਪ-15 ਕਰਜ਼ਈ ਕਿਸਾਨਾਂ ਦੀ ਸੂਚੀ ਤਿਆਰ ਕੀਤੀ ਗਈ ਹੈ। ਰਸੂਖਵਾਨ ਕਿਸਾਨਾਂ 'ਚੋਂ ਸਿਰਫ 63 ਕਿਸਾਨਾਂ ਨੇ 1.84 ਕਰੋੜ ਦੇ ਕਰਜ਼ੇ ਲਾਹੇ ਹਨ ਜੋ ਕਿ ਕੁੱਲ ਰਕਮ ਦਾ 0.89 ਫੀਸਦ ਬਣਦੀ ਹੈ। ਦੂਜੇ ਪਾਸੇ ਆਮ ਕਰਜ਼ਈ ਕਿਸਾਨਾਂ ਵੱਲੋਂ 119 ਕਰੋੜ ਰੁਪਏ ਦੀ ਅਦਾਇਗੀ ਕੀਤੀ ਗਈ ਹੈ ਜੋ ਕਿ 6.09 ਫੀਸਦ ਬਣਦੀ ਹੈ। ਇਸ ਤਰ੍ਹਾਂ ਰਸੂਖਵਾਨਾਂ ਨਾਲੋਂ ਜ਼ਿਆਦਾ ਅਦਾਇਗੀ ਆਮ ਕਿਸਾਨਾਂ ਵੱਲੋਂ ਕੀਤੀ ਗਈ ਹੈ। ਇਹ ਵੱਖਰੀ ਗੱਲ ਹੈ ਕਿ ਪਿਛਲੇ ਵਰ੍ਹੇ ਇਹੋ ਅਦਾਇਗੀ 8.54 ਫੀਸਦ ਸੀ। ਵੱਡੇ ਰਸੂਖਵਾਨਾਂ 'ਚ ਸਭਨਾਂ ਸਿਆਸੀ ਧਿਰਾਂ ਦੇ ਆਗੂ ਸ਼ਾਮਲ ਹਨ। ਖੇਤੀ ਕਾਨੂੰਨਾਂ ਦੇ ਸੰਕਟ ਕਰ ਕੇ ਸਰਕਾਰ ਨਰਮੀ ਵਰਤ ਰਹੀ ਹੈ। ਹਰ ਬੈਂਕ ਦੀ ਟੌਪ-15 ਸੂਚੀ ਵਾਲੇ 1335 ਰਸੂਖਵਾਨ ਕਿਸਾਨਾਂ 'ਚੋਂ 1311 ਕੋਲ ਪੰਜ ਏਕੜ ਜਾਂ ਇਸ ਤੋਂ ਵੱਧ ਜ਼ਮੀਨ ਵਾਲੇ ਹਨ। ਸਿਰਫ 24 ਕਿਸਾਨਾਂ ਕੋਲ ਪੰਜ ਏਕੜ ਤੋਂ ਘੱਟ ਜ਼ਮੀਨ ਹੈ। ਰਸੂਖਵਾਨਾਂ 'ਚ ਸਭ ਤੋਂ ਸਿਖਰ 'ਤੇ ਪਟਿਆਲਾ ਡਿਵੀਜ਼ਨ ਹੈ ਜਿਥੋਂ ਦੇ 510 ਵੱਡੇ ਕਰਜ਼ਈ ਕਿਸਾਨਾਂ ਵੱਲ 74.28 ਕਰੋੜ




ਰੁਪਏ ਖੜ੍ਹੇ ਹਨ ਜਦੋਂ ਕਿ ਜਲੰਧਰ ਡਿਵੀਜ਼ਨ ਦੇ 465 ਕਿਸਾਨਾਂ ਵੱਲ 72.56 ਕਰੋੜ ਰੁਪਏ ਖੜ੍ਹੇ ਹਨ। ਫਿਰੋਜ਼ਪੁਰ ਡਿਵੀਜ਼ਨ ਦਾ ਤੀਜਾ ਨੰਬਰ ਹੈ ਜਿਥੋਂ ਦੇ 360 ਵੱਡੇ ਕਰਜ਼ਦਾਰਾਂ ਵੱਲ 61.08 ਕਰੋੜ ਰੁਪਏ ਦਾ ਬਕਾਇਆ ਹੈ।

ਪੰਜਾਬ ਭਰ 'ਚੋਂ ਵਸੂਲੀ 'ਚ ਸਭ ਤੋਂ ਮੰਦਾ ਹਾਲ ਬੁਢਲਾਡਾ ਦੇ ਖੇਤੀ ਵਿਕਾਸ ਬੈਂਕ ਦਾ ਹੈ ਜਿਥੇ ਵਸੂਲੀ ਦਰ ਸਿਰਫ 1.31 ਫੀਸਦੀ ਹੈ ਅਤੇ ਦੂਸਰੇ ਨੰਬਰ 'ਤੇ ਸਭ ਤੋਂ ਮਾੜੀ ਵਸੂਲੀ ਦਰ ਮਾਨਸਾ ਬੈਂਕ ਦੀ 2.25 ਫੀਸਦ, ਜਲਾਲਾਬਾਦ ਬੈਂਕ ਦੀ 2.34 ਫੀਸਦ, ਲਹਿਰਾਗਾਗਾ ਬੈਂਕ ਦੀ 4.75 ਫੀਸਦ, ਰਾਜਪੁਰਾ ਬੈਂਕ ਦੀ 3.25 ਫੀਸਦ ਅਤੇ ਪਾਤੜਾਂ ਬੈਂਕ ਦੀ ਵਸੂਲੀ ਦਰ 3.45 ਫੀਸਦ ਹੈ। ਨਕੋਦਰ ਦੀ ਖੇਤੀ ਵਿਕਾਸ ਬੈਂਕ ਦੀ ਵਸੂਲੀ ਦਰ ਸਭ ਤੋਂ ਵੱਧ 58.22 ਫੀਸਦੀ ਰਹੀ ਹੈ। ਜ਼ਿਲ੍ਹਿਆਂ 'ਚੋਂ ਸਭ ਤੋਂ ਵੱਧ ਵਸੂਲੀ ਨਵਾਂ ਸ਼ਹਿਰ ਦੀ 30.43 ਫੀਸਦ ਹੈ।

ਪੰਜਾਬ ਰਾਜ ਸਹਿਕਾਰੀ ਖੇਤੀ ਵਿਕਾਸ ਬੈਂਕ ਦੇ ਮੈਨੇਜਿੰਗ ਡਾਇਰੈਕਟਰ ਚਰਨਦੇਵ ਸਿੰਘ ਮਾਨ ਨੇ ਕਿਹਾ ਕਿ ਖੇਤੀ ਵਿਕਾਸ ਬੈਂਕ ਕਿਸਾਨੀ ਦੇ ਭਲੇ ਲਈ ਬਣੇ ਹਨ ਜਿਸ ਕਰਕੇ ਕਿਸਾਨਾਂ ਨੂੰ ਪੀਨਲ ਵਿਆਜ ਤੋਂ ਛੋਟ ਦਿੱਤੀ ਗਈ ਹੈ ਜਿਸ ਤਹਿਤ 3333 ਕਿਸਾਨਾਂ ਨੂੰ 101 ਲੱਖ ਰੁਪਏ ਦੀ ਛੋਟ ਮਿਲੀ ਹੈ। ਉਨ੍ਹਾਂ ਦੱਸਿਆ ਕਿ 15 ਜਨਵਰੀ ਨੂੰ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਵਿਚ ਕਰਜ਼ਿਆਂ ਦੇ ਪੁਨਰਗਠਨ ਦੀ ਸਕੀਮ ਲਿਆਂਦੀ ਜਾ ਰਹੀ ਹੈ ਜਿਸ ਤਹਿਤ ਕਿਸਾਨੀ ਨੂੰ ਵੱਡੀ ਰਾਹਤ ਮਿਲੇਗੀ।

## ਮੁੱਖ ਮੰਤਰੀ ਖੱਟਰ ਨੂੰ ਚੁਫੇਰਿਉਂ ਘੇਰਾ

**ਕਰਨਾਲ:** ਹਰਿਆਣਾ ਦੇ ਪਿੰਡ ਕੈਮਲਾ ਵਿਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ 'ਕਿਸਾਨ ਮਹਾਂ ਪੰਚਾਇਤ' ਦਾ ਵਿਰੋਧ ਕਰਨ ਵਾਲੇ ਕਿਸਾਨਾਂ ਨੂੰ ਮੌਕੇ ਉਤੇ ਮੌਜੂਦ ਸੂਬੇ ਦੇ ਕਈ ਜ਼ਿਲ੍ਹਿਆਂ ਦੀ ਪੁਲਿਸ ਵੀ ਨਹੀਂ ਰੋਕ ਸਕੀ। ਪੁਲਿਸ ਵਲੋਂ ਵਿਰੋਧ ਕਰ ਰਹੇ ਕਿਸਾਨਾਂ ਨੂੰ ਰੋਕਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਗਏ ਅਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ ਪਰ ਸੰਘਰਸ਼ ਕਰ ਰਹੇ ਕਿਸਾਨਾਂ ਨੇ ਮੌਕੇ ਉਤੇ ਪਹੁੰਚ ਕੇ ਹੈਲੀਪੈਡ ਤੱਕ ਨੂੰ ਤੋੜ ਦਿੱਤਾ ਅਤੇ ਪੰਡਾਲ ਨੂੰ ਪੱਟ ਦਿੱਤਾ। ਇਸ ਦੌਰਾਨ ਭਾਵੇਂ ਕਿ ਖੱਟਰ ਹੈਲੀਕਾਪਟਰ 'ਚ ਪਿੰਡ ਕੈਮਲਾ ਪਹੁੰਚੇ ਗਏ ਪਰ ਹੇਠਾਂ ਨਹੀਂ ਉਤਰ ਸਕੇ। ਇਸ ਦੌਰਾਨ ਮੰਚ ਉਤੇ ਮੌਜੂਦ ਭਾਜਪਾ ਆਗੂ ਅਤੇ ਪੰਡਾਲ ਵਿਚ ਬੈਠੇ ਲੋਕ ਖਿਸਕ ਗਏ ਅਤੇ ਮੌਕੇ 'ਤੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਦਾ ਹੀ ਕਬਜ਼ਾ ਦਿਖਾਈ ਦਿੱਤਾ।

# ਰਾਜੋਆਣਾ ਦੀ ਰਿਹਾਈ ਦਾ ਮਾਮਲਾ ਮੁੜ ਭਖਿਆ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਮੌਤ ਦੀ ਸਜਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਰਿਹਾਈ ਦਾ ਮਾਮਲਾ ਮੁੜ ਭਖ ਗਿਆ ਹੈ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਕਿਹਾ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿਚ ਮੌਤ ਦੀ ਸਜਾ ਦਾ ਸਾਹਮਣਾ ਕਰ ਰਹੇ ਬਲਵੰਤ ਸਿੰਘ ਰਾਜੋਆਣਾ ਦੀ ਸਜਾ ਘਟਾਉਣ ਬਾਰੇ ਅਰਜੀ 'ਤੇ 26 ਜਨਵਰੀ ਤੱਕ ਕੋਈ ਫੈਸਲਾ ਲਏ। ਇਸ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਤੋਂ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਨੇ ਉਮਰ ਕੈਦ ਨਾਲੋਂ ਦੁੱਗਣਾ ਸਮਾਂ ਜੇਲ੍ਹ ਵਿਚ ਗੁਜਾਰ ਲਿਆ ਹੈ।

ਦੱਸ ਦਈਏ ਕਿ ਚੀਫ ਜਸਟਿਸ ਐਸ. ਏ. ਬੋਬੜੇ ਨੇ ਕਿਹਾ ਕਿ ਗਣਤੰਤਰ ਦਿਵਸ 'ਚੰਗੀ ਤਰੀਕ' ਹੈ ਤੇ ਇਸ ਤੋਂ ਪਹਿਲਾਂ ਫੈਸਲਾ ਲਿਆ ਜਾਵੇ। ਬੈਂਚ ਨੇ ਕਿਹਾ, 'ਅਸੀਂ ਦੋ ਤੋਂ ਤਿੰਨ ਹਫਤੇ ਦਾ ਸਮਾਂ ਦਿੰਦੇ ਹਾਂ। ਤੁਸੀਂ 26 ਜਨਵਰੀ ਤੋਂ ਪਹਿਲਾਂ ਇਸ ਅਮਲ ਨੂੰ ਪੂਰਾ ਕਰ ਲਵੋ। 26 ਜਨਵਰੀ ਚੰਗਾ ਦਿਨ ਹੈ। ਜੇਕਰ ਤੁਸੀਂ ਇਸ ਤੋਂ ਪਹਿਲਾਂ ਕੋਈ ਫੈਸਲਾ ਲੈਂਦੇ ਹੋ ਤਾਂ ਇਹ ਢੁਕਵਾਂ ਹੋਵੇਗਾ।'

ਅਦਾਲਤ ਦੇ ਇਨ੍ਹਾਂ ਹੁਕਮਾਂ ਤੋਂ ਬਾਅਦ ਸੁਖਬੀਰ ਨੇ ਕਾਂਗਰਸੀ ਆਗੂਆਂ ਨੂੰ ਆਖਿਆ ਕਿ ਉਹ ਸਿਆਸੀ ਮੌਕਾਪ੍ਰਸਤੀ ਤੋਂ ਉੱਪਰ ਉੱਠਣ ਅਤੇ ਭਾਈ ਰਾਜੋਆਣਾ ਦੀ ਰਿਹਾਈ ਦੀ ਹਮਾਇਤ ਕਰਨ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਜਦੋਂ ਵੀ ਭਾਵੁਕ ਸਿੱਖ ਮੁੱਦਿਆਂ ਦੀ ਗੱਲ ਆਉਂਦੀ ਹੈ ਤਾਂ ਕੈਪਟਨ ਅਮਰਿੰਦਰ ਸਿੰਘ ਦੋਗਲੀਆਂ ਚਾਲਾਂ ਚੱਲਣ ਲੱਗ ਜਾਂਦੇ ਹਨ। ਇਕ



ਪਾਸੇ ਤਾਂ ਉਹ ਦਿੱਲੀ ਵਿਚ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਵਿਚ ਲੱਗੇ ਰਹਿੰਦੇ ਹਨ ਅਤੇ ਭਾਈ ਰਾਜੋਆਣਾ ਦੀ ਰਿਹਾਈ ਦਾ ਵਿਰੋਧ ਕਰਦੇ ਹਨ ਤੇ ਦੂਜੇ ਪਾਸੇ ਮੌਕਾਪ੍ਰਸਤੀ ਵਿਖਾਉਂਦਿਆਂ ਇਹ ਆਖਦੇ ਹਨ ਕਿ ਉਹ ਨਿੱਜੀ ਤੌਰ 'ਤੇ ਮੌਤ ਦੀ ਸਜ਼ਾ ਦੇ ਖਿਲਾਫ ਹਨ।

ਸੁਖਬੀਰ ਨੇ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬੀਆਂ ਖਾਸ ਤੌਰ 'ਤੇ ਸਿੱਖ ਭਾਈਚਾਰੇ ਨਾਲ ਭਾਰਤ ਸਰਕਾਰ ਵੱਲੋਂ ਕੀਤਾ ਗਿਆ ਕੌਮੀ ਵਾਅਦਾ ਪੂਰਾ ਕਰਨਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਨੇ ਇਹ ਗੱਲ ਸਰਕਾਰੀ ਤੌਰ 'ਤੇ ਕਹੀ ਸੀ ਕਿ ਭਾਈ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਵਾਅਦੇ ਨੂੰ ਵੇਖਦਿਆਂ ਅਜਿਹਾ ਕੋਈ ਤਰਕ ਨਹੀਂ ਕਿ ਭਾਈ ਰਾਜੋਆਣਾ ਇਕ ਦਿਨ ਵੀ ਹੋਰ ਜੇਲ੍ਹ ਵਿਚ ਰਹਿਣ ਕਿਉਂਕਿ ਉਨ੍ਹਾਂ ਨੇ ਤਾਂ ਪਹਿਲਾਂ ਹੀ 26 ਸਾਲ ਜੇਲ੍ਹ ਕੱਟ ਲਈ ਹੈ, ਜੋ ਕਿ ਇਕ ਆਮ ਉਮਰ ਕੈਦ ਨਾਲੋਂ ਕਿਤੇ ਜ਼ਿਆਦਾ ਹੈ।

ਪੰਜਾਬ ਪੁਲਿਸ ਦੇ ਸਾਬਕਾ ਕਾਂਸਟੇਬਲ ਰਾਜੋਆਣਾ ਨੂੰ ਸਾਲ 1995 ਵਿਚ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਕੀਤੇ ਧਮਾਕੇ, ਜਿਸ 'ਚ (ਸਾਬਕਾ ਮੁੱਖ ਮੰਤਰੀ) ਬੇਅੰਤ ਸਿੰਘ ਦੀ ਜਾਨ ਜਾਂਦੀ ਰਹੀ ਸੀ, ਵਿਚ ਸ਼ਮੂਲੀਅਤ ਲਈ 16 ਹੋਰਨਾਂ ਨਾਲ ਦੋਸ਼ੀ ਕਰਾਰ ਦਿੱਤਾ ਗਿਆ ਸੀ। ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਰਾਜੋਆਣਾ ਵੱਲੋਂ ਪੇਸ਼ ਹੁੰਦਿਆਂ ਦਲੀਲ ਦਿੱਤੀ ਕਿ ਉਨ੍ਹਾਂ ਦੇ ਮੁਵੱਕਿਲ ਦੀ ਰਹਿਮ ਦੀ ਅਪੀਲ ਸਾਲ 2012 ਤੋਂ ਬਕਾਇਆ ਹੈ। ਰੋਹਤਗੀ ਨੇ ਕਿਹਾ, 'ਇਸੇ ਅਦਾਲਤ ਦਾ ਫੈਸਲਾ ਹੈ ਕਿ ਜੇਕਰ ਕਿਸੇ ਵਿਅਕਤੀ ਦੀ ਰਹਿਮ ਦੀ ਅਪੀਲ ਅੱਠ ਸਾਲ ਤੋਂ ਵੱਧ ਸਮੇਂ ਤੋਂ ਬਕਾਇਆ ਹੈ ਤਾਂ ਇਸ ਸਜ਼ਾ ਨੂੰ ਘਟਾਇਆ ਜਾ ਸਕਦਾ ਹੈ। ਉਹ (ਰਾਜੋਆਣਾ) ਤਾਂ ਪਿਛਲੇ 25 ਸਾਲ ਤੋਂ ਜੇਲ੍ਹ ਵਿਚ ਹੈ।' ਉਧਰ ਸਰਕਾਰ ਵੱਲੋਂ ਪੇਸ਼ ਵਧੀਕ ਸੌਲੀਸਿਟਰ ਜਨਰਲ ਕੇ.ਐਮ.ਨਟਰਾਜ ਨੇ ਸਿਖਰਲੀ ਅਦਾਲਤ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਜਲਦੀ ਹੀ ਇਸ ਬਾਰੇ ਕੋਈ ਫੈਸਲਾ ਲਏਗੀ ਤੇ ਉਸ ਮਗਰੋਂ ਫਾਈਲ ਰਾਸ਼ਟਰਪਤੀ ਨੂੰ ਭੇਜ ਦਿੱਤੀ ਜਾਵੇਗੀ।

# ਲਾਪਤਾ ਸਰੂਪਾਂ ਦੇ ਮਾਮਲੇ 'ਚ ਅਦਾਲਤ ਵਲੋਂ ਰਿਪੋਰਟ ਤਲਬ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚੋਂ ਲਾਪਤਾ ਹੋਏ 328 ਪਾਵਨ ਸਰੂਪ ਮਾਮਲੇ ਦੇ ਦੋਸ਼ੀਆਂ ਵਿਰੁੱਧ ਪਰਚੇ ਦਰਜ ਕਰਨ ਦੀ ਮੰਗ ਦੇ ਚਰਚਿਤ ਮਾਮਲੇ 'ਚ ਇਥੇ ਅਦਾਲਤ ਵਲੋਂ ਡੀ.ਸੀ.ਪੀ. ਜਗਮੋਹਨ ਸਿੰਘ ਨੂੰ ਨੋਟਿਸ ਜਾਰੀ ਕਰਦਿਆਂ 18 ਜਨਵਰੀ ਨੂੰ ਰਿਪੋਰਟ ਪੇਸ਼ ਕਰਨ ਦੇ ਹੁਕਮ ਕੀਤੇ ਹਨ।

ਇਸ ਦੇ ਨਾਲ ਹੀ ਥਾਣਾ ਸੀ ਡਵੀਜ਼ਨ ਦੇ ਮੁਖੀ ਇੰਸਪੈਕਟਰ ਗਗਨਦੀਪ ਸਿੰਘ ਨੂੰ ਨਿੱਜੀ ਤੌਰ 'ਤੇ ਹਾਜਰ ਰਹਿਣ ਲਈ ਆਦੇਸ਼ ਵੀ ਦਿੱਤੇ ਗਏ ਹਨ। ਸਿੱਖ ਸਦਭਾਵਨਾ ਦਲ ਵਲੋਂ ਇਥੇ ਜੁਡੀਸ਼ੀਅਲ ਮੈਜਿਸਟਰੇਟ ਫਸਟ ਕਲਾਸ ਹਰਪ੍ਰੀਤ ਸਿੰਘ ਦੀ ਅਦਾਲਤ 'ਚ ਇਹ ਪਟੀਸ਼ਨ 'ਬਲਵਿੰਦਰ ਸਿੰਘ ਵਰਸਜ ਸਟੇਅ ਗੋਬਿੰਦ ਸਿੰਘ ਲੌਂਗੋਵਾਲ' ਦੇ ਟਾਈਟਲ ਹੇਠ ਚੱਲ ਰਹੀ ਹੈ। ਇਸ ਸਬੰਧੀ ਸਿੱਖ ਸਦਭਾਵਨਾ ਦਲ ਵਲੋਂ ਬੀਤੇ ਦੋ ਮਹੀਨਿਆਂ ਤੋਂ ਲਾਪਤਾ ਪਾਵਨ ਸਰੂਪ ਮਾਮਲੇ ਦੇ ਦੋਸ਼ੀਆਂ ਵਿਰੁੱਧ ਪੁਲਿਸ ਕੇਸ ਦਰਜ ਕਰਨ ਦੀ ਮੰਗ ਨੂੰ ਲੈ ਕੇ ਸਥਾਨਕ ਵਿਰਾਸਤੀ ਮਾਰਗ ਵਿਖੇ ਲਗਾਤਾਰ ਰੋਸ ਧਰਨਾ ਵੀ ਦਿੱਤਾ ਜਾ ਰਿਹਾ ਹੈ। ਇਸ ਮਾਮਲੇ 'ਚ ਅਦਾਲਤ ਵਲੋਂ ਉਕਤ ਨਿਰਦੇਸ਼ ਦੇ ਕੇ ਹੁਣ ਤੱਕ ਪੁਲਿਸ ਵਲੋਂ ਕੀਤੀ ਕਾਰਵਾਈ ਦੀ ਰਿਪੋਰਟ ਮੰਗੀ ਹੈ। ਇਸ ਸਬੰਧੀ ਭਾਈ ਵਡਾਲਾ ਨੇ ਕਿਹਾ ਕਿ ਜਦੋਂ ਤੱਕ ਦੋਸ਼ੀਆਂ ਵਿਰੁੱਧ ਪੁਲਿਸ ਕੇਸ ਦਰਜ ਨਹੀਂ ਹੋ ਜਾਂਦਾ, ਸਿੱਖ ਸਦਭਾਵਨਾ ਦਲ ਵਲੋਂ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਸੋਹਾਣਾ ਦੇ ਸਹਿਯੋਗ ਨਾਲ ਦਿੱਤਾ ਜਾ ਰਿਹਾ ਰੋਸ ਧਰਨਾ ਜਾਰੀ ਰਹੇਗਾ।

-ਬੇਅਦਬੀ ਕਾਂਡ-

# ਡੇਰੇ ਦੇ ਕੌਮੀ ਕਮੇਟੀ ਮੈਂਬਰਾਂ ਨੂੰ ਭਗੌੜੇ ਐਲਾਨਣ ਦੀ ਕਾਰਵਾਈ ਰੱਦ

**ਫਰੀਦਕੋਟ:** ਬੇਅਦਬੀ ਕਾਂਡ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਵਿਸ਼ੇਸ਼ ਜਾਂਚ ਟੀਮ ਦੀ ਅਰਜੀ 'ਤੇ ਡੇਰਾ ਸਿਰਸਾ ਦੇ ਤਿੰਨ ਕੌਮੀ ਕਮੇਟੀ ਮੈਂਬਰਾਂ ਨੂੰ ਭਗੌੜਾ ਐਲਾਨਣ ਦੀ ਕਾਰਵਾਈ ਰੱਦ ਕਰ ਦਿੱਤੀ ਹੈ। ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਪਹਿਲੀ ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਮਾਮਲੇ ਵਿਚ ਮੁੱਖ ਸਾਜ਼ਿਸ਼ਕਾਰ ਵਜੋਂ ਨਾਮਜ਼ਦ ਕੀਤੇ ਗਏ ਡੇਰੇ ਦੀ ਕੌਮੀ ਕਮੇਟੀ ਦੇ ਮੈਂਬਰ ਹਰਸ਼ ਧੂਰੀ, ਪ੍ਰਦੀਪ ਕਲੇਰ ਅਤੇ ਸੰਦੀਪ ਬਰੇਟਾ ਨੂੰ ਗ੍ਰਿਫਤਾਰ ਨਹੀਂ ਕਰ ਸਕੀ ਸੀ। ਜਾਂਚ ਟੀਮ ਨੇ 6 ਜੁਲਾਈ 2020 ਨੂੰ ਫਰੀਦਕੋਟ ਦੀ ਅਦਾਲਤ ਵਿਚ ਅਰਜੀ ਦੇ ਕੇ ਉਪਰੋਕਤ ਤਿੰਨੇ ਡੇਰਾ ਪ੍ਰੇਮੀਆਂ ਖਿਲਾਫ ਗ੍ਰਿਫਤਾਰੀ ਵਰੰਟ ਜਾਰੀ ਕਰਵਾਏ ਸਨ। ਜਸਟਿਸ ਅਨਮੋਲ ਰਤਨ ਸਿੰਘ ਨੇ ਜਾਂਚ ਟੀਮ ਵੱਲੋਂ ਪੇਸ਼ ਕੀਤੀ ਗਈ ਚਾਰਜਸ਼ੀਟ ਵਿਚ ਫਰੀਦਕੋਟ ਦੀ ਅਦਾਲਤ ਵੱਲੋਂ 6 ਜੁਲਾਈ 2020 ਜਾਂ ਉਸ ਤੋਂ ਬਾਅਦ ਪਾਸ ਕੀਤੇ ਗਏ ਸਾਰੇ ਹੁਕਮਾਂ ਨੂੰ ਰੱਦ ਕੀਤਾ ਹੈ।

ਹਾਈ ਕੋਰਟ ਨੇ ਇਸ ਮਾਮਲੇ ਵਿਚ 30 ਦਿਨਾਂ ਵਿਚ ਨਵੇਂ ਦੋਸ਼ ਪੱਤਰ ਅਦਾਲਤ ਵਿਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ। ਸੂਤਰਾਂ ਅਨੁਸਾਰ ਪੰਜਾਬ ਸਰਕਾਰ ਬੇਅਦਬੀ ਕਾਂਡਾਂ ਦੀ ਪੜਤਾਲ ਵੀ ਆਈ.ਜੀ. ਕੁੰਵਰ ਵਿਜੇ ਪ੍ਰਤਾਪ ਦੀ ਜਾਂਚ ਟੀਮ ਦੇ ਹਵਾਲੇ ਕਰ ਸਕਦੀ ਹੈ ਕਿਉਂਕਿ ਹਾਈ ਕੋਰਟ ਨੇ ਆਪਣੇ ਹੁਕਮ ਵਿਚ ਡੀ.ਆਈ.ਜੀ. ਰਣਬੀਰ ਸਿੰਘ ਖੱਟੜਾ ਨੂੰ ਟੀਮ ਦੀ ਚੇਅਰਮੈਨੀ ਤੋਂ ਪਾਸੇ ਕਰ ਦਿੱਤਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਘਰਸ਼ ਦੀਆਂ ਪੁਸਤਕਾਂ ਮੁੜ ਛਾਪਣ ਦੀ ਯੋਜਨਾ

**ਅੰਮ੍ਰਿਤਸਰ:** ਪਿਛਲੀ ਸਦੀ ਦੌਰਾਨ ਵਾਪਰੀਆਂ ਸਿੱਖ ਸੰਘਰਸ਼ ਦੀਆਂ ਘਟਨਾਵਾਂ ਨਾਲ ਸਬੰਧਤ ਪੁਸਤਕਾਂ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਪ੍ਰਕਾਸ਼ਿਤ ਕਰਨ ਦੀ ਯੋਜਨਾ ਹੈ। ਇਹ ਯੋਜਨਾ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਅਤੇ ਸਾਕਾ ਨਨਕਾਣਾ ਸਾਹਿਬ ਦੀ ਸ਼ਤਾਬਦੀ ਨੂੰ ਸਮਰਪਿਤ ਹੋਵੇਗੀ।

ਇਸ ਯੋਜਨਾ ਤਹਿਤ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਸਿੱਖ ਵਿਦਵਾਨਾਂ ਨਾਲ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਦੀ ਆਪਣੀ ਵੱਡੀ ਪ੍ਰਕਾਸ਼ਨਾ ਹੈ, ਜਿਸ ਤਹਿਤ ਸ਼੍ਰੋਮਣੀ ਕਮੇਟੀ ਹਜ਼ਾਰਾਂ ਪੁਸਤਕਾਂ ਪ੍ਰਕਾਸ਼ਿਤ ਕਰ ਚੁੱਕੀ ਹੈ। ਇਸ ਵਿਚ ਕਈ ਪੁਸਤਕਾਂ ਸਿੱਖ ਸੰਘਰਸ਼ ਨਾਲ ਵੀ ਜੁੜੀਆਂ ਹਨ। ਇਨ੍ਹਾਂ 'ਚੋਂ ਕਈਆਂ ਦੀ ਪ੍ਰਕਾਸ਼ਨਾ ਪਹਿਲੀ ਵਾਰ ਤਾਂ ਹੋਈ ਪਰ ਬਾਅਦ ਵਿਚ ਲਗਾਤਾਰ ਪ੍ਰਕਾਸ਼ਿਤ ਨਾ ਹੋ ਸਕੀਆਂ। ਇਸ ਲਈ ਕਮੇਟੀ ਵੱਲੋਂ ਅਜਿਹੀਆਂ ਪੁਸਤਕਾਂ ਮੁੜ ਪ੍ਰਕਾਸ਼ਿਤ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ।

ਇਸ ਵਿਚ ਸ਼੍ਰੋਮਣੀ ਕਮੇਟੀ ਦੀ ਸਥਾਪਨਾ ਲਈ ਹੋਏ ਸੰਘਰਸ਼, ਗੁਰਦੁਆਰਾ ਸੁਧਾਰ ਲਹਿਰ, ਆਜ਼ਾਦੀ ਸੰਘਰਸ਼, ਜੈਤੋ ਦਾ ਮੋਰਚਾ, ਜੂਨ 1984, ਨਵੰਬਰ 1984 ਸਿੱਖ ਕਤਲੇਆਮ ਤੇ ਹੋਰ ਸੰਘਰਸ਼ਾਂ ਦੇ ਇਤਿਹਾਸ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਵਰ੍ਹੇ ਸ਼੍ਰੋਮਣੀ ਕਮੇਟੀ ਅਤੇ ਸਾਕਾ ਨਨਕਾਣਾ ਸਾਹਿਬ ਦੀ ਸ਼ਤਾਬਦੀ ਮਨਾਈ ਜਾ ਰਹੀ ਹੈ। ਬੀਬੀ ਜਗੀਰ ਕੌਰ ਨੇ ਦੱਸਿਆ ਕਿ ਉਹ ਇਸ ਯੋਜਨਾ 'ਤੇ ਵਿਚਾਰ ਕਰ ਰਹੇ ਹਨ। ਇਸ ਤਹਿਤ ਪਿਛਲੀ ਇਕ ਸਦੀ ਦੇ ਸਿੱਖ ਇਤਿਹਾਸ, ਜਿਸ ਵਿਚ ਵਧੇਰੇ ਸਿੱਖ ਸੰਘਰਸ਼ ਦਾ ਜ਼ਿਕਰ ਸ਼ਾਮਲ ਹੋਵੇ, ਨਾਲ ਸਬੰਧਤ ਪੁਸਤਕਾਂ ਦੀ ਘੋਖ ਕੀਤੀ ਜਾਵੇਗੀ ਅਤੇ ਇਸ ਅਹਿਮ ਇਤਿਹਾਸ ਨੂੰ ਮੁੜ ਲੋਕਾਂ ਦੇ ਰੂਬਰੂ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਿੱਖ ਵਿਦਵਾਨਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਜਲਦੀ ਹੀ ਸਿੱਖ ਵਿਦਵਾਨਾਂ ਦੀ ਕਮੇਟੀ ਬਣਾਉਣ ਦੀ ਯੋਜਨਾ ਹੈ, ਜਿਸ ਦੀ ਅਗਵਾਈ ਹੇਠ ਇਸ ਯੋਜਨਾ ਨੂੰ ਅਮਲ ਵਿਚ ਲਿਆਉਣ ਲਈ ਕੰਮ ਸ਼ੁਰੂ ਹੋਵੇਗਾ।

# ਕੇਂਦਰੀ ਸਿੱਖ ਅਜਾਇਬ ਘਰ 'ਚ ਬਾਬਾ ਜੰਗ ਸਿੰਘ ਦੀ ਤਸਵੀਰ ਲਾਈ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਰਬਾਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਬਾਬਾ ਜੰਗ ਸਿੰਘ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਬਾਬਾ ਘਾਲਾ ਸਿੰਘ ਨਾਨਕਸਰ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿਨ੍ਹਾਂ ਨੇ ਬਾਬਾ ਜੰਗ ਸਿੰਘ ਦੀ



ਕਰਨਾਲ ਵਾਲਿਆਂ ਦੀ ਤਸਵੀਰ ਸੁਸ਼ੋਭਿਤ ਕੀਤੀ ਗਈ ਹੈ। ਬਾਬਾ ਜੰਗ ਸਿੰਘ ਸਾਲ 1982 ਵਿਚ ਧਰਮ ਯੁੱਧ ਮੋਰਚੇ ਦੌਰਾਨ ਦਿੱਲੀ ਦੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਚ ਸ਼ਹੀਦ ਹੋਏ ਸਨ। ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਤਸਵੀਰ ਤੋਂ ਪਰਦਾ ਹਟਾਇਆ। ਇਸ ਤੋਂ ਪਹਿਲਾਂ ਹਜ਼ੂਰੀ ਰਾਗੀ ਜਥੇ ਭਾਈ ਭੁਪਿੰਦਰ ਸਿੰਘ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਭਾਈ ਸੁਲਤਾਨ ਸਿੰਘ ਨੇ ਕੀਤੀ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਕੌਮ ਵੱਲੋਂ ਬਾਬਾ ਜੰਗ ਸਿੰਘ ਨੂੰ ਸਤਿਕਾਰ ਦਿੰਦਿਆਂ ਉਨ੍ਹਾਂ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਿਤ ਕੀਤੀ ਗਈ ਹੈ। ਗਿਆਨੀ ਜਗਤਾਰ ਸਿੰਘ ਨੇ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਸਿੱਖ ਇਤਿਹਾਸ ਦਾ ਅਨਮੋਲ ਖਜ਼ਾਨਾ ਹੈ, ਜਿਥੇ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਲਾਈਆਂ ਜਾਂਦੀਆਂ ਹਨ, ਜਿਨ੍ਹਾਂ ਨੇ ਕੌਮ ਦੀ ਚੜ੍ਹਦੀ ਕਲਾ ਲਈ ਘਾਲਣਾ ਘਾਲੀ ਹੋਵੇ। ਇਸ ਮੌਕੇ ਬਾਬਾ ਕਰਮਜੀਤ ਸਿੰਘ ਨੇ ਬਾਬਾ ਜੰਗ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸਥਾਪਤ ਕਰਨ ਲਈ ਸ਼੍ਰੋਮਣੀ ਕਮੇਟੀ ਅਤੇ ਸਿੰਘ ਸਾਹਿਬਾਨ ਦਾ ਧੰਨਵਾਦ ਕੀਤਾ।

# ਰਵੀਕਾਂਤ ਸ਼ਰਮਾ ਬਣੇ ਚੰਡੀਗੜ੍ਹ ਦੇ ਮੇਅਰ

**ਚੰਡੀਗੜ੍ਹ:** ਚੰਡੀਗੜ੍ਹ ਦੇ ਮੇਅਰ ਦੀ ਚੋਣ ਦੌਰਾਨ ਮੇਅਰ ਸਮੇਤ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੀਆਂ ਚੋਣਾਂ ਵਿਚ ਭਾਜਪਾ ਦੇ ਕੌਂਸਲਰ ਜੇਤੂ ਰਹੇ। ਮੇਅਰ ਦੇ ਅਹੁਦੇ ਲਈ ਭਾਜਪਾ ਉਮੀਦਵਾਰ ਰਵੀਕਾਂਤ ਸ਼ਰਮਾ ਨੂੰ 17 ਅਤੇ ਕਾਂਗਰਸ ਦੇ ਉਮੀਦਵਾਰ ਦਵਿੰਦਰ ਸਿੰਘ ਬਬਲਾ ਨੂੰ 5 ਵੋਟ ਮਿਲੇ ਜਦੋਂ ਕੇ ਦੋ ਵੋਟ ਰੱਦ ਹੋਏ। ਮੇਅਰ ਦੀ ਚੋਣ ਤੋਂ ਬਾਅਦ ਨਵੇਂ ਚੁਣੇ ਗਏ ਮੇਅਰ ਰਵੀਕਾਂਤ ਸ਼ਰਮਾ ਨੇ ਮੇਅਰ ਦੀ ਕੁਰਸੀ ਸੰਭਾਲੀ ਅਤੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੇ ਅਹੁਦੇ ਲਈ ਚੋਣਾਂ ਕਰਵਾਈਆਂ। ਜਿਵੇਂ ਹੀ ਸੀਨੀਅਰ ਡਿਪਟੀ ਮੇਅਰ ਲਈ ਵੋਟਿੰਗ ਸ਼ੁਰੂ ਹੋਈ ਤਾਂ ਕਾਂਗਰਸੀ ਕੌਂਸਲਰਾਂ ਨੇ ਚੋਣ ਅਧਿਕਾਰੀ 'ਤੇ ਚੋਣਾਂ ਦੌਰਾਨ ਪਾਰਦਰਸ਼ਤਾ ਨਾ ਵਰਤਣ ਨੂੰ ਲੈ ਕੇ ਵੋਟਿੰਗ ਦਾ ਬਾਈਕਾਟ ਕਰ ਦਿੱਤਾ ਅਤੇ ਨਿਗਮ ਸਦਨ ਤੋਂ ਬਾਹਰ ਚਲੇ ਗਏ। ਇਸ ਤੋਂ ਬਾਅਦ ਸੀਨੀਅਰ ਡਿਪਟੀ ਮੇਅਰ ਦੇ ਅਹੁਦੇ 'ਤੇ ਮਹੇਸ਼ਇੰਦਰ ਸਿੰਘ ਸਿੱਧੂ ਤੇ ਡਿਪਟੀ ਮੇਅਰ ਦੇ ਅਹੁਦੇ ਲਈ ਭਾਜਪਾ ਉਮੀਦਵਾਰ ਫਰਮਿਲਾ ਨੇ 19 ਵੋਟਾਂ ਨਾਲ ਇਕ ਤਰਫਾ ਜਿੱਤ ਹਾਸਲ ਕੀਤੀ।

ਕਾਂਗਰਸ ਕੌਂਸਲਰਾਂ ਨੇ ਸੀਨੀਅਰ ਡਿਪਟੀ ਮੇਅਰ ਲਈ ਰਵਿੰਦਰ ਕੌਰ ਗੁਜਰਾਲ ਅਤੇ ਡਿਪਟੀ ਮੇਅਰ ਦੇ ਅਹੁਦੇ ਲਈ ਸਤੀਸ਼ ਕੈਂਥ ਨੂੰ ਆਪਣਾ ਉਮੀਦਵਾਰ ਬਣਾਇਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਨੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਮੇਅਰ ਦੀਆਂ ਚੋਣਾਂ ਦਾ ਬਾਈਕਾਟ ਕੀਤਾ। ਇਸ ਦੇ ਨਾਲ ਹੀ ਭਾਜਪਾ ਕੌਂਸਲਰ ਹੀਰਾ ਨੇਗੀ ਅਤੇ ਸਥਾਨਕ ਸੰਸਦ ਮੈਂਬਰ ਕਿਰਨ ਖੇਰ ਸਿਹਤ




ਠੀਕ ਨਾ ਹੋਣ ਕਰਕੇ ਇਹਨਾਂ ਚੋਣਾਂ ਵਿਚ ਹਿੱਸਾ ਨਹੀਂ ਲੈ ਸਕੇ। ਨਿਗਮ ਦੀਆਂ 27 ਵੋਟਾਂ ਵਿਚੋਂ ਪਈਆਂ ਕੁੱਲ 24 ਵੋਟਾਂ ਵਿਚੋਂ ਮੇਅਰ ਦੀ ਚੋਣ ਵੇਲੇ 2 ਵੋਟਾਂ ਰੱਦ ਹੋਈਆਂ। ਮੇਅਰ ਦੀਆਂ ਚੋਣਾਂ ਨੂੰ ਲੈ ਕੇ ਅਕਾਲੀ ਦਲ ਕੌਂਸਲਰ ਹਰਦੀਪ ਸਿੰਘ ਬੁਟੇਰਲਾ ਕਾਲੇ ਕੱਪੜੇ ਪਹਿਨ ਕੇ ਨਿਗਮ ਸਦਨ ਵਿਚ ਪਹੁੰਚੇ ਅਤੇ ਮੰਗ ਕੀਤੀ ਕਿ ਖੇਤੀ ਕਾਨੂੰਨ ਦੇ ਵਿਰੋਧ ਵਿਚ ਕੀਤੇ ਜਾ ਰਹੇ ਅੰਦੋਲਨ ਦੌਰਾਨ ਸ਼ਹੀਦ ਹੋਣ ਵਾਲੇ ਕਿਸਾਨਾਂ ਨੂੰ ਸ਼ਰਧਾਂਜਲੀ ਦੇਣ ਲਈ ਨਿਗਮ ਸਦਨ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਜਾਵੇ। ਇਸ ਤੋਂ ਬਾਅਦ ਉਹ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਇਨ੍ਹਾਂ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰਕੇ ਨਿਗਮ ਸਦਨ ਤੋਂ ਬਾਹਰ ਚਲੇ ਗਏ।

ਮੇਅਰ ਦੀਆਂ ਚੋਣਾਂ ਤੋਂ ਨਿਗਮ ਦਫਤਰ ਵਿਚ ਨਵੇਂ ਚੁਣੇ ਗਏ ਮੇਅਰ ਰਵੀ ਕਾਂਤ ਸ਼ਰਮਾ ਸਮੇਤ ਸੀਨੀਅਰ ਡਿਪਟੀ ਮੇਅਰ ਮਹੇਸ਼ਇੰਦਰ ਸਿੰਘ ਸਿੱਧੂ ਅਤੇ ਡਿਪਟੀ ਮੇਅਰ ਨੂੰ ਵਧਾਈਆਂ ਦੇਣ ਦਾ ਦੌਰ ਸ਼ੁਰੂ ਹੋ ਗਿਆ। ਭਾਜਪਾ ਦੇ ਚੰਡੀਗੜ੍ਹ ਇੰਚਾਰਜ ਤੇ ਹਰਿਆਣਾ ਤੋਂ ਸੰਸਦ ਮੈਂਬਰ ਦੁਸ਼ਿਯੰਤ ਗੌਤਮ ਨੇ ਮੇਅਰ ਚੁਣੇ ਗਏ ਰਵੀ ਕਾਂਤ ਸ਼ਰਮਾ ਨੂੰ ਮੇਅਰ ਦੀ ਕੁਰਸੀ 'ਤੇ ਬਿਠਾਇਆ।

# ਪੰਜਾਬ ਵਿਚ ਦਸ ਮਹੀਨਿਆਂ ਮਗਰੋਂ ਮੁੜ ਖੁੱਲ੍ਹੇ ਸਕੂਲ

**ਅੰਮ੍ਰਿਤਸਰ:** ਲੰਮੇ ਸਮੇਂ ਬਾਅਦ ਸਰਕਾਰੀ ਸਕੂਲਾਂ ਵਿਚ ਰੌਣਕਾਂ ਪਰਤੀਆਂ ਅਤੇ ਪੰਜਵੀਂ ਤੋਂ 12ਵੀਂ ਜਮਾਤਾਂ ਦੀ ਪੜ੍ਹਾਈ ਸ਼ੁਰੂ ਹੋ ਗਈ। ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਤਿੰਦਰਬੀਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀਮਤੀ ਰੇਖਾ ਮਹਾਜਨ ਨੇ ਦੱਸਿਆ ਕਿ ਜ਼ਿਲ੍ਹੇ ਦੇ ਵੱਖ ਵੱਖ ਸਕੂਲਾਂ ਵਿਚ ਵਿਦਿਆਰਥੀਆਂ ਦਾ ਸਕੂਲ ਪੁੱਜਣ 'ਤੇ ਸਕੂਲ ਮੁਖੀਆਂ ਤੇ ਅਧਿਆਪਕਾਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਕੂਲ ਖੁੱਲ੍ਹਣ ਨਾਲ ਜਿਥੇ ਬੱਚਿਆਂ ਵਿਚ ਉਤਸ਼ਾਹ ਵੇਖਣ ਨੂੰ ਮਿਲਿਆ। ਉਨ੍ਹਾਂ ਕਿਹਾ ਕਿ ਪਹਿਲੇ ਦਿਨ ਸਕੂਲਾਂ ਦੇ ਵਿਹੜੇ ਵਿਚ ਪੁੱਜੇ ਵਿਦਿਆਰਥੀਆਂ ਦਾ ਹਾਰ ਪਾ ਕੇ ਸਵਾਗਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕੋਵਿਡ 19 ਦੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ ਅਤੇ ਸਿਹਤ ਵਿਭਾਗ ਵਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਸਕੂਲ ਕੰਪਲੈਕਸ ਵਿਚ ਸੈਨੇਟਾਈਜ਼ਰ, ਸਮਾਜਿਕ ਦੂਰੀ ਤੇ ਹੋਰ ਆਦੇਸ਼ਾਂ ਦੀ ਪਾਲਣਾ ਕੀਤੀ ਜਾ ਰਹੀ ਹੈ।

ਸਕੂਲ ਖੁੱਲ੍ਹਣ ਦੇ ਪਹਿਲੇ ਦਿਨ ਵਿਦਿਆਰਥੀਆਂ ਦੀ ਹਾਜ਼ਰੀ ਘੱਟ ਰਹੀ। ਸਕੂਲ ਪ੍ਰਬੰਧਕਾਂ ਵੱਲੋਂ ਮਾਪਿਆਂ ਨਾਲ ਲਗਾਤਾਰ ਦੋ ਦਿਨ ਮੀਟਿੰਗਾਂ ਰੱਖੀਆਂ ਗਈਆਂ ਹਨ ਤਾਂ ਜੋ ਉਨ੍ਹਾਂ ਦੇ ਮਨਾਂ ਵਿਚੋਂ ਕਰੋਨਾ ਪ੍ਰਤੀ ਪਾਇਆ ਜਾ ਰਿਹਾ ਡਰ ਦੂਰ ਕੀਤਾ ਜਾ ਸਕੇ।

# ਭਾਰਤ ਵਿਚ ਕਰੋਨਾ ਟੀਕਾਕਰਨ ਲਈ ਮੁਹਿੰਮ ਤੇਜ਼

**ਨਵੀਂ ਦਿੱਲੀ:** ਭਾਰਤ ਵਿਚ ਕਰੋਨਾ ਵਾਇਰਸ ਦੀ ਰੋਕਥਾਮ ਲਈ ਟੀਕਾਕਰਨ ਮੁਹਿੰਮ 16 ਜਨਵਰੀ ਤੋਂ ਸ਼ੁਰੂ ਹੋਵੇਗੀ ਅਤੇ ਪਹਿਲੇ ਗੇੜ 'ਚ ਤਿੰਨ ਕਰੋੜ ਸਿਹਤ ਕਾਮਿਆਂ ਤੇ ਪਹਿਲੀਆਂ ਸਫਾਂ 'ਚ ਡਟੇ ਹੋਏ ਕਰੋਨਾ ਯੋਧਿਆਂ ਨੂੰ ਤਰਜੀਹੀ ਆਧਾਰ 'ਤੇ ਟੀਕੇ ਲਗਾਏ ਜਾਣਗੇ।

ਪ੍ਰਧਾਨ ਮੰਤਰੀ ਵੱਲੋਂ ਮੀਟਿੰਗ ਦੌਰਾਨ ਦੇਸ਼ 'ਚ ਕਰੋਨਾ ਵਾਇਰਸ ਦੇ ਹਾਲਾਤ ਤੇ ਟੀਕੇ ਦੀਆਂ ਤਿਆਰੀਆਂ ਦੀ ਸਮੀਖਿਆ ਕੀਤੇ ਜਾਣ ਤੋਂ ਬਾਅਦ ਇਸ ਸਬੰਧੀ ਫੈਸਲਾ ਲਿਆ ਗਿਆ ਹੈ। ਸਿਹਤ ਮੰਤਰਾਲੇ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਨੇ ਕੋਵਿਡ-19 ਪ੍ਰਬੰਧਨ ਨਾਲ ਜੁੜੇ ਵੱਖ ਵੱਖ ਪਹਿਲੂਆਂ ਦੀ ਸਮੀਖਿਆ ਕੀਤੀ ਹੈ। ਉਨ੍ਹਾਂ ਕਿਹਾ, 'ਲੋਹੜੀ, ਮਾਘੀ, ਪੌਂਗਲ ਵਰਗੇ ਤਿਉਹਾਰਾਂ ਨੂੰ ਧਿਆਨ 'ਚ ਰੱਖਦਿਆਂ ਸਮੀਖਿਆ ਤੋਂ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਕੋਵਿਡ-19 ਟੀਕਾਕਰਨ ਮੁਹਿੰਮ 16 ਜਨਵਰੀ 2021 ਤੋਂ ਸ਼ੁਰੂ ਕੀਤੀ ਜਾਵੇਗੀ।' ਕੋਵਿਡ-19 ਟੀਕਾਕਰਨ ਮੁਹਿੰਮ 'ਚ ਕਰੀਬ ਤਿੰਨ ਕਰੋੜ ਸਿਹਤ ਕਾਮਿਆਂ ਤੇ ਮੂਹਰਲੀਆਂ ਸਫਾਂ 'ਚ ਤਾਇਨਾਤ ਕਰਮਚਾਰੀਆਂ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਤੋਂ ਬਾਅਦ 50 ਸਾਲ ਤੋਂ ਵੱਧ ਉਮਰ ਦੇ ਕਰੀਬ 27 ਕਰੋੜ ਵਿਅਕਤੀਆਂ ਤੇ ਹੋਰ ਬਿਮਾਰੀਆਂ ਤੋਂ ਪੀੜਤ 50 ਸਾਲ ਤੋਂ ਘੱਟ ਉਮਰ ਦੇ ਵਿਅਕਤੀਆਂ ਨੂੰ ਵੈਕਸੀਨ ਦਿੱਤੀ ਜਾਵੇਗੀ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਇਕ ਨਹੀਂ, ਬਲਕਿ ਦੋ 'ਮੇਡ ਇਨ ਇੰਡੀਆ' ਕਰੋਨਾ ਵਾਇਰਸ ਟੀਕਿਆਂ ਨਾਲ ਮਨੁੱਖਤਾ ਦੀ ਰਾਖੀ ਲਈ ਤਿਆਰ ਹੈ ਅਤੇ ਦੁਨੀਆਂ ਨਾ ਸਿਰਫ ਕੋਵਿਡ-19 ਤੋਂ ਬਚਾਅ ਲਈ ਭਾਰਤ ਦੇ ਟੀਕਿਆਂ ਦੀ ਉਡੀਕ ਕਰ ਰਹੀ ਹੈ ਬਲਕਿ




ਇਸ 'ਤੇ ਦੁਨੀਆਂ ਦੀਆਂ ਨਜਰਾਂ ਹਨ ਕਿ ਭਾਰਤ ਕਿਵੇਂ ਦੁਨੀਆਂ ਦੀ ਸਭ ਤੋਂ ਵੱਡੀ ਟੀਕਾਕਰਨ ਮੁਹਿੰਮ ਚਲਾਉਂਦਾ ਹੈ। ਪ੍ਰਧਾਨ ਮੰਤਰੀ ਨੇ 16ਵੇਂ ਪਰਵਾਸੀ ਭਾਰਤੀ ਦਿਵਸ ਸੰਮੇਲਨ ਨੂੰ ਡਿਜੀਟਲ ਢੰਗ ਨਾਲ ਸੰਬੋਧਨ ਕਰਦਿਆਂ ਕਿਹਾ, 'ਅੱਜ ਭਾਰਤ ਹੀ ਉਹ ਸਥਾਨ ਹੈ ਜਿਥੇ ਲੋਕਤੰਤਰ ਸਭ ਤੋਂ ਵੱਧ ਮਜਬੂਤ ਤੇ ਅਸਰਦਾਰ ਹੈ।' ਉਨ੍ਹਾਂ ਕਿਹਾ, 'ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਕਿਹਾ ਜਾਂਦਾ ਸੀ ਕਿ ਇਹ ਗਰੀਬ ਦੇਸ਼ ਹੈ, ਘੱਟ ਪੜ੍ਹਿਆ ਲਿਖਿਆ ਦੇਸ਼ ਹੈ ਤੇ ਖਿੰਡ ਜਾਵੇਗਾ ਤੇ ਟੁੱਟ ਜਾਵੇਗਾ। ਇਹ ਵੀ ਕਿਹਾ ਜਾਂਦਾ ਸੀ ਕਿ ਲੋਕਤੰਤਰ ਤਾਂ ਇੱਥੇ ਸੰਭਵ ਹੀ ਨਹੀਂ ਹੈ।'

## ਕਰੋਨਾ ਵੈਕਸੀਨ ਟਰਾਇਲ 'ਚ ਹਿੱਸਾ ਲੈਣ ਵਾਲੇ ਵਾਲੰਟੀਅਰ ਦੀ ਮੌਤ

**ਭੋਪਾਲ:** ਮੱਧ ਪ੍ਰਦੇਸ਼ ਦੇ ਭੋਪਾਲ 'ਚ ਕੋਵੈਕਸੀਨ ਦੇ ਟਰਾਇਲ 'ਚ ਹਿੱਸਾ ਲੈਣ ਤੋਂ ਤਕਰੀਬਨ ਦਸ ਦਿਨ ਬਾਅਦ ਇਕ 42 ਸਾਲਾ ਵਾਲੰਟੀਅਰ ਦੀ ਮੌਤ ਹੋ ਗਈ ਹੈ। ਪੀਪਲਜ਼ ਮੈਡੀਕਲ ਕਾਲਜ ਤੇ ਹਸਪਤਾਲ ਜਿਥੇ ਕਰੋਨਾ ਵੈਕਸੀਨ ਦਾ ਟਰਾਇਲ ਹੋਇਆ ਸੀ, ਦੇ ਵਾਈਸ ਚਾਂਸਲਰ ਡਾ. ਰਾਜੇਸ਼ ਕਪੂਰ ਨੇ ਕਿਹਾ ਕਿ ਦੀਪਕ ਮਰਾਵੀ ਨੇ 12 ਦਸੰਬਰ 2020 ਨੂੰ ਇਥੇ ਹੋਏ ਟਰਾਇਲ 'ਚ ਹਿੱਸਾ ਲਿਆ ਸੀ। ਲਾਸ਼ ਦਾ ਪੋਸਟਮਾਰਟਮ ਕਰਨ ਵਾਲੇ ਡਾਕਟਰ ਨੇ ਇਹ ਮੌਤ ਜ਼ਹਿਰ ਕਾਰਨ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਹੈ।

## 'ਸਭ ਤੋਂ ਪਹਿਲਾਂ ਕਰੋਨਾ ਟੀਕਾ ਮੋਦੀ ਲਗਵਾਉਣ'

**ਮਥੁਰਾ:** ਕਰੋਨਾ ਵਾਇਰਸ ਟੀਕਾਕਰਨ ਬਾਰੇ ਚੱਲ ਰਹੀ ਸਿਆਸੀ ਬਿਆਨਬਾਜ਼ੀ ਦੌਰਾਨ ਬਿਹਾਰ ਦੇ ਸਾਬਕਾ ਸਿਹਤ ਮੰਤਰੀ ਅਤੇ ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜ ਪ੍ਰਤਾਪ ਯਾਦਵ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਭ ਤੋਂ ਪਹਿਲਾਂ ਕਰੋਨਾ ਟੀਕਾ ਲਗਵਾਉਣਾ ਚਾਹੀਦਾ ਹੈ, ਜਿਸ ਨਾਲ ਦੇਸ਼ ਨੂੰ ਚੰਗਾ ਸੁਨੇਹਾ ਜਾਵੇਗਾ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਦਾ ਵੱਡਾ ਬੇਟਾ ਇਨ੍ਹੀਂ ਦਿਨੀਂ ਬ੍ਰਜ ਦੀ ਧਰਤੀ ਦਾ ਦੌਰਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਹਿਲਾਂ ਕਰੋਨਾ ਰੋਕੂ ਟੀਕਾ ਲਗਵਾਉਣਾ ਚਾਹੀਦਾ ਹੈ, ਜਿਸ ਨਾਲ ਟੀਕਾਕਰਨ ਬਾਰੇ ਸੁਆਲ ਖਤਮ ਹੋ ਜਾਣਗੇ।

## ਸਮੁੱਚੀ ਆਬਾਦੀ ਦਾ ਕੀਤਾ ਜਾਵੇਗਾ ਟੀਕਾਕਰਨ: ਵਰਧਨ

**ਚੇਨੱਈ:** ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਹਰਸ਼ ਵਰਧਨ ਨੇ ਕਿਹਾ ਕਿ ਕੋਵਿਡ-19 ਖਿਲਾਫ ਤਰਜੀਹੀ ਲੋਕਾਂ ਦੇ ਟੀਕਾਕਰਨ ਮਗਰੋਂ ਜਲਦੀ ਹੀ ਪੂਰੀ ਆਬਾਦੀ ਦਾ ਟੀਕਾਕਰਨ ਇਕ ਸੱਚਾਈ ਹੋਵੇਗੀ। ਉਨ੍ਹਾਂ ਕਿਹਾ ਕਿ ਕੇਂਦਰ ਨੇ ਟੀਕਾਕਰਨ ਦੇ ਸੰਭਾਵੀ ਲਾਭਪਾਤਰੀਆਂ ਦਾ ਪਤਾ ਲਾਉਣ ਲਈ ਨਵੇਂ ਕੋਵਿਡ-19 ਮੰਚ ਦੀ ਸ਼ੁਰੂਆਤ ਕੀਤੀ ਹੈ ਤੇ ਨਾਲ ਹੀ ਉਨ੍ਹਾਂ ਨੂੰ ਈ-ਪ੍ਰਮਾਣ ਪੱਤਰ ਵੀ ਜਾਰੀ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਨੇ ਬਹੁਤ ਘੱਟ ਸਮੇਂ ਅੰਦਰ ਟੀਕਾ ਵਿਕਸਿਤ ਕਰਨ 'ਚ ਬਹੁਤ ਵਧੀਆ ਕੰਮ ਕੀਤਾ ਹੈ ਅਤੇ ਮੌਜੂਦਾ ਸਮੇਂ 'ਚ ਦੋ ਟੀਕਿਆਂ ਦੀ ਹੰਗਾਮੀ ਵਰਤੋਂ ਲਈ ਮਨਜ਼ੂਰੀ ਦਿੱਤੀ ਗਈ ਹੈ।

# ਫੌਜੀ ਅਫਸਰ ਨੇ 20 ਲੱਖ ਲਈ ਕੀਤਾ ਸੀ ਸ਼ੋਪੀਆਂ ਮੁਕਾਬਲਾ

**ਸ਼ੋਪੀਆਂ (ਕਸ਼ਮੀਰ):** ਸ਼ੋਪੀਆਂ ਵਿਚ ਪਿਛਲੇ ਸਾਲ ਹੋਏ ਕਥਿਤ ਫਰਜ਼ੀ ਮੁਕਾਬਲੇ 'ਚ ਸ਼ਾਮਲ ਫੌਜੀ ਕਪਤਾਨ ਨੇ 20 ਲੱਖ ਰੁਪਏ ਦੀ ਇਨਾਮੀ ਰਾਸ਼ੀ ਹਾਸਲ ਕਰਨ ਲਈ ਦੋ ਨਾਗਰਿਕਾਂ ਨਾਲ ਮਿਲ ਕੇ ਇਹ ਸਾਜ਼ਿਸ਼ ਰਚੀ ਸੀ। ਉਕਤ ਕਥਿਤ ਫਰਜ਼ੀ ਮੁਕਾਬਲੇ ਵਿਚ ਤਿੰਨ ਨੌਜਵਾਨ ਮਾਰੇ ਗਏ ਸਨ। ਉਸ ਨੇ ਫੌਜ ਦੇ ਜਵਾਨਾਂ ਵੱਲੋਂ ਇਲਾਕੇ ਦੀ ਘੇਰਾਬੰਦੀ ਕੀਤੇ ਜਾਣ ਤੋਂ ਪਹਿਲਾਂ ਹੀ ਪੀੜਤਾਂ ਨੂੰ ਗੋਲੀਆਂ ਮਾਰ ਦਿੱਤੀਆਂ ਸਨ। ਇਹ ਦਾਅਵਾ ਪੁਲਿਸ ਨੇ ਇਕ ਦੋਸ਼ ਪੱਤਰ ਵਿਚ ਕੀਤਾ ਹੈ।

ਕੈਪਟਨ ਭੁਪਿੰਦਰ ਸਿੰਘ ਇਸ ਵੇਲੇ ਫੌਜ ਦੀ ਹਿਰਾਸਤ 'ਚ ਹੈ। ਕਾਰਵਾਈ ਸਬੰਧੀ ਜਾਣਕਾਰ ਸੂਤਰਾਂ ਅਨੁਸਾਰ ਉਸ ਦਾ ਕੋਰਟ ਮਾਰਸ਼ਲ ਹੋ ਸਕਦਾ ਹੈ। ਇਹ ਮਾਮਲਾ 18 ਜੁਲਾਈ, 2020 ਨੂੰ ਇਥੇ ਅਮਸ਼ੀਪੁਰਾ ਵਿਚ ਹੋਏ ਮੁਕਾਬਲੇ ਨਾਲ ਸਬੰਧਤ ਹੈ, ਜਿਸ ਵਿਚ ਰਾਜੌਰੀ ਜ਼ਿਲ੍ਹੇ ਦੇ ਨੌਜਵਾਨ ਇਮਤਿਆਜ਼ ਅਹਿਮਦ, ਅਬਰਾਰ ਅਹਿਮਦ ਅਤੇ ਮੁਹੰਮਦ ਇਬਰਾਰ ਮਾਰੇ ਗਏ ਸਨ ਅਤੇ ਉਨ੍ਹਾਂ ਨੂੰ ਅਤਿਵਾਦੀ ਦੱਸਿਆ ਗਿਆ ਸੀ।

ਜ਼ਿਲ੍ਹੇ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਕੋਲ ਦਾਇਰ ਕੀਤੇ ਗਏ ਦੋਸ਼ ਪੱਤਰ ਵਿੱਚ ਦੋ ਨਾਗਰਿਕਾਂ ਤਾਬਿਸ਼ ਨਜ਼ੀਰ ਤੇ ਬਿਲਾਲ ਅਹਿਮਦ ਲੋਨ ਦੀ ਮਾਮਲੇ 'ਚ ਭੂਮਿਕਾ ਦਾ ਜ਼ਿਕਰ ਵੀ ਕੀਤਾ ਗਿਆ ਹੈ। ਲੋਨ ਇਕ ਸਰਕਾਰੀ ਗਵਾਹ ਬਣ ਚੁੱਕਿਆ ਹੈ ਅਤੇ ਉਸ ਨੇ ਇਕ ਮੈਜਿਸਟਰੇਟ ਕੋਲ ਬਿਆਨ



ਦਰਜ ਕਰਵਾਏ ਸਨ। ਸੋਸ਼ਲ ਮੀਡੀਆ 'ਤੇ ਇਹ ਰਿਪੋਰਟਾਂ ਨਸ਼ਰ ਹੋਣ ਤੋਂ ਬਾਅਦ ਕਿ ਤਿੰਨੋਂ ਨੌਜਵਾਨਾਂ ਦਾ ਅਤਿਵਾਦ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਫੌਜ ਨੇ ਮਾਮਲੇ 'ਚ 'ਕੋਰਟ ਆਫ ਇਨਕੁਆਰੀ' ਦਾ ਹੁਕਮ ਦਿੱਤਾ ਸੀ ਜਿਸ ਨੇ ਸਤੰਬਰ ਵਿਚ ਮਾਮਲੇ ਦੀ ਜਾਂਚ ਪੂਰੀ ਕੀਤੀ। ਉਸ ਨੂੰ ਇਸ ਸਬੰਧੀ 'ਪਹਿਲੀ ਨਜ਼ਰੇ' ਸਬੂਤ ਮਿਲੇ ਸਨ ਕਿ ਸੈਨਿਕਾਂ ਨੇ ਹਥਿਆਰਬੰਦ ਫੌਜਾਂ ਵਿਸ਼ੇਸ਼ ਪਾਵਰ ਐਕਟ (ਅਫਸਪਾ) ਅਧੀਨ ਮਿਲੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਸੀ। ਇਸ ਆਧਾਰ 'ਤੇ ਫੌਜ ਨੇ ਅਨੁਸ਼ਾਸਨੀ ਕਾਰਵਾਈ ਆਰੰਭ ਦਿੱਤੀ ਸੀ। ਪੁਲੀਸ ਵੱਲੋਂ ਦਾਇਰ ਕੀਤੇ ਗਏ ਦੋਸ਼ ਪੱਤਰ ਵਿੱਚ ਚਾਰ ਫੌਜੀ ਸੈਨਿਕਾਂ ਸੂਬੇਦਾਰ ਗਾਰੂ ਰਾਮ, ਲਾਂਸ ਨਾਇਕ ਰਵੀ ਕੁਮਾਰ, ਸਿਪਾਹੀ ਅਸ਼ਵਨੀ ਕੁਮਾਰ ਤੇ ਯੋਗੇਸ਼ ਦੇ ਬਿਆਨ ਵੀ ਦਰਜ ਹਨ ਜੋ ਘਟਨਾ ਵੇਲੇ ਕੈਪਟਨ ਭੁਪਿੰਦਰ ਸਿੰਘ ਦੀ ਟੀਮ ਦਾ ਹਿੱਸਾ ਸਨ। ਉਨ੍ਹਾਂ ਕਿਹਾ ਕਿ ਮੌਕੇ 'ਤੇ ਪਹੁੰਚਣ 'ਤੇ ਉਨ੍ਹਾਂ ਚਾਰੋਂ ਨੂੰ ਵੱਖ-ਵੱਖ ਦਿਸ਼ਾਵਾਂ 'ਚ ਜਾ ਕੇ ਇਲਾਕੇ ਦੀ ਘੇਰਾਬੰਦੀ ਕਰਨ ਲਈ ਕਿਹਾ ਗਿਆ ਸੀ। ਜਦੋਂ ਉਹ ਵਾਹਨ ਤੋਂ ਉਤਰ ਕੇ ਪੈਦਲ ਅੱਗੇ ਵਧ ਰਹੇ ਸਨ ਤਾਂ ਉਨ੍ਹਾਂ ਨੂੰ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਉਪਰੰਤ ਕੈਪਟਨ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਛੁਪੇ ਹੋਏ ਅਤਿਵਾਦੀ ਦੌੜਨ ਦੀ ਕੋਸ਼ਿਸ਼ ਕਰ ਰਹੇ ਸਨ, ਇਸ ਵਾਸਤੇ ਉਸ ਨੂੰ ਗੋਲੀਆਂ ਚਲਾਉਣੀਆਂ ਪਈਆਂ।

ਦੋਸ਼ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਕਥਿਤ ਫਰਜ਼ੀ ਮੁਕਾਬਲਾ ਕਰਨ ਤੋਂ ਬਾਅਦ ਕੈਪਟਨ ਤੇ ਦੋ ਨਾਗਰਿਕਾਂ ਨੇ ਅਧਰਾਧ ਦੇ ਸਬੂਤ ਮਿਟਾਉਣ ਦੀ ਕੋਸ਼ਿਸ਼ ਵੀ ਕੀਤੀ ਅਤੇ ਉਨ੍ਹਾਂ ਵੱਲੋਂ ਇਹ ਸਾਜ਼ਿਸ਼ 20 ਲੱਖ ਰੁਪਏ ਦੀ ਇਨਾਮੀ ਰਾਸ਼ੀ ਹਾਸਲ ਕਰਨ ਲਈ ਰਚੀ ਗਈ ਸੀ। ਕੈਪਟਨ ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਵੀ ਗਲਤ ਜਾਣਕਾਰੀ ਦਿੱਤੀ।

# ਭਾਰਤ ਵਿਚ ਬਰਡ ਫਲੂ ਦਾ ਖਤਰਾ ਵਧਿਆ

**ਚੰਡੀਗੜ੍ਹ:** ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਬਰਡ ਫਲੂ ਦੀ ਦਸਤਕ ਨੇ ਕਰੋਨਾ ਮਹਾਂਮਾਰੀ ਨਾਲ ਜੂਝ ਰਹੇ ਲੋਕਾਂ ਸਾਹਮਣੇ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਇਸ ਬਿਮਾਰੀ ਨਾਲ ਹੁਣ ਤੱਕ ਦੇਸ਼ ਭਰ ਵਿਚ ਹਜ਼ਾਰਾਂ ਪੰਛੀ ਮਰ ਚੁੱਕੇ ਹਨ ਅਤੇ ਅਜੇ ਵੀ ਇਨ੍ਹਾਂ ਦਾ ਮਰਨਾ ਲਗਾਤਾਰ ਜਾਰੀ ਹੈ।

ਸ਼ੁਰੂ ਵਿਚ ਇਸ ਰੋਗ ਦੇ ਲੱਛਣ ਪ੍ਰਵਾਸੀ ਪੰਛੀਆਂ ਦੀ ਅਚਾਨਕ ਹੋਣ ਵਾਲੀਆਂ ਮੌਤਾਂ ਵਿਚ ਦਿਖਾਈ ਦਿੱਤੇ ਸਨ। ਪਰ ਹੌਲੀ-ਹੌਲੀ ਦੇਸੀ ਕਾਂਵਾਂ ਅਤੇ ਕਈ ਤਰ੍ਹਾਂ ਦੇ ਹੋਰ ਦੇਸੀ ਪੰਛੀਆਂ ਦੀ ਮੌਤ ਦੀਆਂ ਘਟਨਾਵਾਂ ਨੇ ਚਿੰਤਾ ਵਿਚ ਵਾਧਾ ਕੀਤਾ ਹੈ। ਇਹ ਰੋਗ ਇੰਨੇ ਵੱਡੇ ਪੱਧਰ 'ਤੇ ਅੱਗੇ ਵਧਿਆ ਹੈ ਕਿ ਪ੍ਰਵਾਸੀ ਪੰਛੀ, ਕਾਂਵਾਂ ਆਦਿ ਤੋਂ ਬਾਅਦ ਪੋਲਟਰੀ ਖੇਤਰ ਵਿਚ ਵੀ ਇਸ ਦਾ ਤੇਜ਼ੀ ਨਾਲ ਪ੍ਰਸਾਰ ਹੁੰਦਾ ਦਿਖਾਈ ਦੇ ਰਿਹਾ ਹੈ।

ਹਰਿਆਣਾ ਵਿਚ ਵੀ ਲੱਖਾਂ ਮੁਰਗੀਆਂ ਦੀ ਮੌਤ ਹੋਈ ਦੱਸੀ ਜਾਂਦੀ ਹੈ। ਪੰਜਾਬ ਦੇ ਗੁਆਂਢੀ ਰਾਜ ਹਿਮਾਚਲ ਦੇ ਕਈ ਭਾਗਾਂ ਵਿਚ ਪ੍ਰਵਾਸੀ ਪੰਛੀਆਂ ਅਤੇ ਕਾਂਵਾਂ ਦੇ ਮਾਰੇ ਜਾਣ ਦੀ ਸੂਚਨਾ ਚਿੰਤਾ ਵਿਚ ਵਾਧਾ ਕਰਦੀ ਹੈ। ਦਿੱਲੀ ਵਿਚ ਵੀ ਹਜ਼ਾਰਾਂ ਕਾਂਵਾਂ ਦੇ ਮਰਨ ਨਾਲ ਇਸ ਖਦਸ਼ੇ ਨੂੰ



ਬਲ ਮਿਲਦਾ ਹੈ ਕਿ ਬਰਡ ਫਲੂ ਦਾ ਪ੍ਰਸਾਰ ਕਾਂਵਾਂ ਤੋਂ ਹੋਇਆ ਹੈ। ਰਾਜਸਥਾਨ, ਮੱਧ ਪ੍ਰਦੇਸ਼ ਅਤੇ ਗੁਜਰਾਤ ਵਿਚ ਵੀ ਬਰਡ ਫਲੂ ਦੇ ਮਾਮਲੇ ਵੱਡੇ ਪੱਧਰ 'ਤੇ ਸਾਹਮਣੇ ਆਏ ਹਨ।

ਪੰਜਾਬ ਵਿਚ ਬੇਸ਼ੱਕ ਵੱਡੇ ਪੱਧਰ ਉਤੇ ਇਸ ਦੇ ਲੱਛਣ ਦਿਖਾਈ ਨਹੀਂ ਦਿੱਤੇ ਪਰ ਚੌਕਸੀ ਦੇ ਮੱਦੇਨਜ਼ਰ ਰਾਜ ਸਰਕਾਰ ਨੇ ਇਕ ਪਾਸੇ ਜਿਥੇ ਪੋਲਟਰੀ ਉਤਪਾਦਨ ਦੀ ਦਰਾਮਦ ਉਤੇ ਪੂਰਨ ਪਾਬੰਦੀ ਲਗਾ ਦਿੱਤੀ ਹੈ, ਉਥੇ ਰਾਜ ਨੂੰ 'ਕੰਟਰੋਲਡ ਏਰੀਆ' ਐਲਾਨ ਦਿੱਤਾ ਹੈ। ਇਸ ਰੋਗ ਦੀ ਭਿਆਨਕਤਾ ਦਾ ਪਤਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਸਰਕਾਰ ਨੇ ਕਰੋਨਾ ਮਹਾਂਮਾਰੀ ਦੀ ਤਰਜ਼ ਉਤੇ ਬਰਡ ਫਲੂ ਨਾਲ ਨਿਪਟਣ ਦੇ ਨਿਰਦੇਸ਼ ਦਿੱਤੇ ਹਨ।

ਕੇਂਦਰ ਨੇ ਕਿਹਾ ਹੈ ਕਿ ਦਿੱਲੀ, ਚੰਡੀਗੜ੍ਹ ਤੇ ਮਹਾਰਾਸ਼ਟਰ 'ਚ ਬਰਡ ਫਲੂ ਦੀ ਪੁਸ਼ਟੀ ਹਾਲੇ ਨਹੀਂ ਹੋਈ ਹੈ। ਇਨ੍ਹਾਂ ਸਥਾਨਾਂ ਤੋਂ ਲਏ ਗਏ ਨਮੂਨਿਆਂ ਨੂੰ ਜਾਂਚ ਲਈ ਭੇਜਿਆ ਗਿਆ ਹੈ। ਉਤਰ ਪ੍ਰਦੇਸ਼ ਤੋਂ ਇਲਾਵਾ ਜਿਹੜੇ ਹੋਰ 6 ਸੂਬਿਆਂ 'ਚ ਬਰਡ ਫਲੂ ਦੀ ਪੁਸ਼ਟੀ ਹੋਈ ਹੈ ਉਨ੍ਹਾਂ 'ਚ ਕੇਰਲ, ਰਾਜਸਥਾਨ, ਮੱਧ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਹਰਿਆਣਾ ਤੇ ਗੁਜਰਾਤ ਸ਼ਾਮਲ ਹਨ।

## ਚਾਰ ਭਾਰਤੀ ਮਹਿਲਾ ਪਾਇਲਟਾਂ ਨੇ ਰਚਿਆ ਇਤਿਹਾਸ

**ਨਵੀਂ ਦਿੱਲੀ:** ਏਅਰ ਇੰਡੀਆ ਦੀ ਸਾਂ ਫਰਾਂਸਿਸਕੋ ਤੋਂ ਬੰਗਲੂਰੂ ਲਈ ਲੰਮੀ ਸਿੱਧੀ ਉਡਾਨ ਦੱਖਣੀ ਰਾਜ 'ਚ ਉਤਰੀ ਤੇ ਇਸ ਉਡਾਨ ਦੀ ਖਾਸ ਗੱਲ ਇਹ ਸੀ ਕਿ ਇਸ ਨੂੰ ਮਹਿਲਾ ਪਾਇਲਟਾਂ ਚਲਾ ਰਹੀਆਂ ਸਨ। ਚੇਤੇ ਰਹੇ ਕਿ ਏਅਰ ਇੰਡੀਆ ਨੇ ਕਿਹਾ ਸੀ ਕਿ ਕਿਸੇ ਵੀ ਭਾਰਤੀ ਏਅਰਲਾਈਨ ਵੱਲੋਂ ਸੰਚਾਲਿਤ ਇਹ ਹੁਣ ਤੱਕ ਦੀ ਸਭ ਤੋਂ ਲੰਮੀ ਕਮਰਸ਼ਲ ਉਡਾਨ ਹੋਵੇਗੀ ਤੇ ਹਵਾ ਦੀ ਰਫਤਾਰ ਮੁਤਾਬਕ ਇਸ ਨੂੰ 17 ਘੰਟਿਆਂ ਤੋਂ ਵੱਧ ਸਮਾਂ ਲੱਗੇਗਾ।

ਵਿਸ਼ਵ ਦੇ ਇਕ ਕੋਨੇ ਤੋਂ ਦੂਜੇ 'ਤੇ ਸਥਿਤ ਦੋਵਾਂ ਸ਼ਹਿਰਾਂ ਦੀ ਦੂਰੀ 13,993 ਕਿਲੋਮੀਟਰ ਹੈ ਤੇ ਸਮੇਂ ਵਿਚ ਵੀ 13.5 ਘੰਟੇ ਦਾ ਫਰਕ ਹੈ। ਸ਼ਹਿਰੀ ਹਵਾਬਾਜ਼ੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਟਵੀਟ ਕੀਤਾ, 'ਇਹ ਖੁਸ਼ੀ ਤੇ ਜਸ਼ਨ ਦਾ ਸਮਾਂ ਹੈ। ਭਾਰਤੀ ਸ਼ਹਿਰੀ ਹਵਾਬਾਜ਼ੀ




ਦੀਆਂ ਮਹਿਲਾ ਪੇਸ਼ੇਵਰਾਂ ਨੇ ਇਤਿਹਾਸ ਰਚਿਆ ਹੈ।' ਉਨ੍ਹਾਂ ਕਿਹਾ, 'ਕੈਪਟਨ ਜ਼ੋਇਆ ਅਗਰਵਾਲ, ਕੈਪਟਨ ਪਾਪਾਗਰੀ ਤਨਮਈ, ਕੈਪਟਨ ਅਕਾਂਕਸ਼ਾ ਸੋਨਾਵਰੇ ਤੇ ਕੈਪਟਨ ਸ਼ਿਵਾਨੀ ਨੂੰ ਸਾਂ ਫਰਾਂਸਿਸਕੋ ਤੋਂ ਉਤਰੀ ਧੁਰੇ ਤੋਂ ਹੁੰਦੇ ਹੋਏ ਬੰਗਲੌਰ ਉਤਰਨ 'ਤੇ ਬਹੁਤ ਬਹੁਤ ਵਧਾਈ।'

ਏਅਰ ਇੰਡੀਆ ਦੀ ਉਡਾਨ ਏਆਈ176 ਨੇ ਅਮਰੀਕਾ ਦੇ ਸਾਂ ਫਰਾਂਸਿਸਕੋ ਤੋਂ ਭਾਰਤੀ ਸਮੇਂ ਅਨੁਸਾਰ ਰਾਤ ਕਰੀਬ ਸਾਢੇ ਅੱਠ ਵਜੇ ਉਡਾਨ ਭਰੀ ਸੀ ਤੇ ਇਹ ਸਵੇਰੇ ਪੌਣੇ 4 ਵਜੇ ਕੇਂਪੇਗੌੜਾ ਕੌਮਾਂਤਰੀ ਹਵਾਈ ਅੱਡੇ 'ਤੇ ਪਹੁੰਚੀ। ਬੋਇੰਗ 777-200 ਐਲ.ਆਰ. ਦੇ ਇਸ ਜਹਾਜ਼ ਵਿਚ ਅੱਠ ਪਹਿਲੇ ਦਰਜੇ, 35 ਕਾਰੋਬਾਰੀ ਦਰਜੇ, 195 ਇਕਾਨਮੀ ਵਰਗ ਸਮੇਤ ਕੁੱਲ 235 ਸੀਟਾਂ ਸੀ। ਇਸ ਤੋਂ ਇਲਾਵਾ ਕਾਕਪਿਟ 'ਚ ਚਾਰ ਪਾਇਲਟ ਤੇ ਅਮਲੇ ਦੇ 12 ਮੈਂਬਰ ਵੀ ਸੀ।

## ਕਾਂਗਰਸ ਦੇ ਸਾਬਕਾ ਕੇਂਦਰੀ ਮੰਤਰੀ ਮਾਧਵ ਸਿੰਘ ਸੋਲੰਕੀ ਦਾ ਦੇਹਾਂਤ

**ਅਹਿਮਦਾਬਾਦ:** ਸਾਬਕਾ ਵਿਦੇਸ਼ ਮੰਤਰੀ ਤੇ ਕਾਂਗਰਸ ਆਗੂ ਮਾਧਵਸਿੰਘ ਸੋਲੰਕੀ ਦਾ ਗਾਂਧੀਨਗਰ 'ਚ ਦੇਹਾਂਤ ਹੋ ਗਿਆ। ਉਹ 93 ਸਾਲਾਂ ਦੇ ਸਨ। ਉਹ ਚਾਰ ਵਾਰ ਗੁਜਰਾਤ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਗੁਜਰਾਤ ਕਾਂਗਰਸ ਦੇ ਪ੍ਰਧਾਨ ਤੇ ਸੋਲੰਕੀ ਦੇ ਰਿਸ਼ਤੇਦਾਰ ਅਮਿਤ ਚਾਵੜਾ ਨੇ ਟਵਿੱਟਰ ਰਾਹੀਂ ਇਹ ਜਾਣਕਾਰੀ ਦਿੱਤੀ।

ਸੋਲੰਕੀ ਜੂਨ 1991 ਤੋਂ ਮਾਰਚ 1992 ਤੱਕ ਵਿਦੇਸ਼ ਮੰਤਰੀ ਰਹਿ ਚੁੱਕੇ ਹਨ। ਹਾਲਾਂਕਿ ਸਵਿਟਜ਼ਰਲੈਂਡ ਦੇ ਵਿਦੇਸ਼ ਮੰਤਰੀ ਨਾਲ ਦਾਵੋਸ ਵਿੱਚ ਮੀਟਿੰਗ ਅਤੇ ਬੋਫੋਰਜ਼ ਕੇਸ ਬਾਰੇ ਕਥਿਤ ਟਿੱਪਣੀਆਂ ਦੇ ਵਿਵਾਦ ਕਾਰਨ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਵੀ ਉਨ੍ਹਾਂ ਦੀ ਮੌਤ 'ਤੇ ਦੁੱਖ ਜ਼ਾਹਰ ਕੀਤਾ ਹੈ।

## ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਪਾਸਪੋਰਟ ਲੈਣ ਦੀ ਤਰੀਕ ਵਧਾਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵਲੋਂ ਖਾਲਸਾ ਪੰਥ ਦੇ ਸਾਜਨਾ ਦਿਵਸ, ਵਿਸਾਖੀ ਮੌਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਉਤੇ ਜਾਣ ਦੇ ਚਾਹਵਾਨ ਸਿੱਖ ਸ਼ਰਧਾਲੂਆਂ ਲਈ ਪਾਸਪੋਰਟ ਜਮ੍ਹਾਂ ਕਰਵਾਉਣ ਦੀ ਮਿਤੀ 'ਚ ਵਾਧਾ ਕਰ ਦਿੱਤਾ ਗਿਆ ਹੈ। ਹੁਣ ਸ਼ਰਧਾਲੂ 20 ਜਨਵਰੀ ਤੱਕ ਆਪਣੇ ਪਾਸਪੋਰਟ ਜਮ੍ਹਾਂ ਕਰਵਾ ਸਕਣਗੇ। ਇਸ ਤੋਂ ਪਹਿਲਾਂ 31 ਦਸੰਬਰ ਤੱਕ ਪਾਸਪੋਰਟ ਜਮ੍ਹਾਂ ਕਰਵਾਉਣ ਦੀ ਤਰੀਕ ਮਿਥੀ ਗਈ ਸੀ। ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਜਿੰਦਰ ਸਿੰਘ ਅਨੁਸਾਰ ਇਸ ਜਥੇ ਨਾਲ ਜਾਣ ਦੇ ਇੱਛੁਕ ਸਿੱਖ ਸ਼ਰਧਾਲੂ ਆਪਣੇ ਪਾਸਪੋਰਟ ਹਲਕਾ ਮੈਂਬਰ ਸ਼੍ਰੋਮਣੀ ਕਮੇਟੀ ਤੋਂ ਤਸਦੀਕ ਕਰਵਾ ਕੇ ਮੁੱਖ ਦਫਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ।

# ਲੋਕ-ਮਾਰੂ ਸਿਸਟਮ ਦਾ ਬਦਲ ਸੋਚੇ ਜਾਣ ਦੀ ਲੋੜ

ਇਨਸਾਨ ਜੰਗਲਾਂ ਦੀ ਜ਼ਿੰਦਗੀ ਤੋਂ ਨਗਰਾਂ ਤੱਕ ਪੁੱਜਾ ਤਾਂ ਅਜੇ ਉਸ ਨੂੰ ਨਾਗਰਿਕ ਹੋਣ ਦੀ ਸੋਝੀ ਨਹੀਂ ਸੀ ਆਈ, ਜਦੋਂ ਪਹਿਲਾਂ ਗੁਲਾਮਾਂ ਅਤੇ ਉਨ੍ਹਾਂ ਦੇ ਮਾਲਕਾਂ ਵਾਲਾ ਤੇ ਫਿਰ ਰਾਜਿਆਂ-ਜਗੀਰਦਾਰਾਂ ਦਾ ਸਿਸਟਮ ਉਸ ਦੇ ਸਿਰ ਪੈ ਗਿਆ ਸੀ। ਓਦੋਂ ਜਗੀਰਦਾਰੀ ਵਾਲਾ ਪ੍ਰਬੰਧ ਵੀ ਬੜਾ ਚੰਗਾ ਜਾਪਦਾ ਹੋਵੇਗਾ, ਪਰ ਪਿੱਛੋਂ ਸਮਝ ਪਈ ਕਿ ਇਹ ਵੀ ਇਨਸਾਨਾਂ ਨੂੰ ਗੁਲਾਮ ਬਣਾ ਕੇ ਰੱਖਣ ਦਾ ਪ੍ਰਬੰਧ ਹੀ ਹੈ। ਸਨਅਤੀ ਇਨਕਲਾਬ ਨਾਲ ਜਦੋਂ ਕਾਰਖਾਨੇ ਲੱਗਣ ਦੇ ਦਿਨ ਆਏ ਤੇ ਲੋਕਾਂ ਨੂੰ ਤਨਖਾਹ ਜਾਂ ਦਿਹਾੜੀ ਪਹਿਲਾਂ ਦੱਸ ਕੇ ਕੰਮ ਉਤੇ ਰੱਖਿਆ ਜਾਣ ਲੱਗਾ, ਉਸ ਵਿਚੋਂ ਲੋਕ-ਰਾਜ ਦੀ ਧਾਰਨਾ ਵਾਲੇ ਅਜੋਕੇ ਪ੍ਰਬੰਧ ਦੀ ਕਲਮ ਫੁੱਟ ਪਈ ਤੇ ਫਿਰ ਇੱਕ-ਇੱਕ ਕਰ ਕੇ ਸਮੁੱਚੀ ਦੁਨੀਆਂ ਦੇ ਦੇਸ਼ਾਂ ਵਿਚ ਲੋਕਤੰਤਰ ਦਾ ਅਜੋਕਾ ਪ੍ਰਬੰਧ ਉਨੀ-ਇੱਕੀ ਦੇ ਫਰਕ ਨਾਲ ਲਾਗੂ ਕੀਤਾ ਜਾਣ ਲੱਗ ਪਿਆ ਸੀ। ਬਹੁਤ ਵਧੀਆ ਕਿਹਾ ਜਾ ਰਿਹਾ ਇਹ ਸਿਸਟਮ ਅਜੋਕੇ ਪੜਾਅ ਉਤੇ ਆ ਕੇ ਏਦਾਂ ਦਾ ਹੋ ਗਿਆ ਹੈ ਕਿ ਆਮ ਲੋਕਾਂ ਦੇ ਭਲੇ ਲਈ ਕਿਹਾ ਜਾਂਦਾ ਸੀ, ਪਰ ਇਹ ਆਮ ਲੋਕਾਂ ਵਿਚ ਹੀ ਹਾਹਾਕਾਰ ਮਚਾਉਣ ਵਾਲਾ ਬਣਦਾ ਜਾਂਦਾ ਹੈ। ਜਿਸ ਲੀਡਰ ਨੂੰ ਕਮਾਨ ਮਿਲ ਜਾਂਦੀ ਹੈ, ਉਹ ਖੁਦ ਨੂੰ ਖੁਦਾਈ ਫੌਜਦਾਰ ਅਤੇ ਬਾਕੀ ਸਾਰੇ ਲੋਕਾਂ ਨੂੰ ਕੀੜੇ-ਮਕੌੜੇ ਸਮਝ ਕੇ ਮਨ-ਆਈਆਂ ਕਰਨ ਲਈ ਬੇਲਗਾਮ ਹੋ ਜਾਂਦਾ ਹੈ।

ਦੁਨੀਆਂ ਦੇ ਲੋਕਾਂ ਨੂੰ, ਜਿਨ੍ਹਾਂ ਵਿਚ ਭਾਰਤ ਵੀ ਹੈ, ਇਹ ਸਮਝਾਇਆ ਜਾਂਦਾ ਸੀ ਕਿ ਅਮਰੀਕਾ ਇਸ ਸੰਸਾਰ ਵਿਚ ਲੋਕਤੰਤਰ ਦਾ ਬਹੁਤ ਵੱਡਾ ਝੰਡਾਬਰਦਾਰ ਹੈ। ਇਸ ਝੰਡਾ-ਬਰਦਾਰੀ ਦਾ ਜਲੂਸ ਉਸ ਦੇ ਲੋਕਾਂ ਦੀ ਭੁੱਲ ਨਾਲ ਚੁਣੇ ਗਏ ਇੱਕ ਬੇ-ਸਿਰੇ ਤੇ ਬੇ-ਸੁਰੇ ਲੀਡਰ ਡੋਨਲਡ ਟਰੰਪ ਨੇ ਇਸ ਹਫਤੇ ਕੱਢ ਦਿੱਤਾ ਹੈ। ਬਦ-ਦਿਮਾਗ ਬੰਦੇ ਹੱਥ ਕਮਾਨ ਆ ਜਾਣ ਨਾਲ ਜਿਹੋ ਜਿਹਾ ਉਸ਼ਟੰਡ ਕੋਈ ਵਿਗੜਿਆ ਆਗੂ ਕਰ ਸਕਦਾ ਹੈ, ਉਸ ਦਾ ਰਾਹ ਰੋਕ ਸਕਣਾ ਲੋਕਤੰਤਰ ਦੇ ਵੱਸ ਦਾ ਨਹੀਂ ਰਿਹਾ। ਕੁਰਸੀ ਕਾਇਮ ਰੱਖਣ ਖਾਤਰ ਉਸ ਦੀ ਉਕਸਾਹਟ ਉਤੇ ਲੋਕਤੰਤਰ ਦੇ ਸਿਖਰਲੇ ਮੰਦਿਰ, ਪਾਰਲੀਮੈਂਟ ਉੱਤੇ ਲੋਕਾਂ ਦੀ ਭੀੜ ਨੇ ਹਮਲਾ ਕਰ ਦਿੱਤਾ ਤੇ ਲੋਕਤੰਤਰ ਡੌਰ-ਭੌਰਾ ਹੋਇਆ ਵੇਖਦਾ ਰਹਿ ਗਿਆ। ਕੁਝ ਲੋਕਾਂ ਨੂੰ ਲੱਗੇਗਾ ਕਿ ਅਮਰੀਕਾ ਵਿਚ ਸਾਰੀ ਕਮਾਨ ਰਾਸ਼ਟਰਪਤੀ ਦੇ ਹੱਥ ਹੋਣ ਕਾਰਨ ਇਹ ਕੁਝ ਵਾਪਰਿਆ ਹੈ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਭੀੜਾਂ ਭੜਕਾਉਣ ਦਾ ਮਾਹਰ ਲੀਡਰ ਕਿਤੇ ਵੀ ਕੁਝ ਵੀ ਕਰਵਾਉਣ ਤੱਕ ਜਾ ਸਕਦਾ ਹੈ।



**ਦੁਨੀਆਂ ਦੇ ਲੋਕਾਂ ਨੂੰ, ਜਿਨ੍ਹਾਂ ਵਿਚ ਭਾਰਤ ਵੀ ਹੈ, ਇਹ ਸਮਝਾਇਆ ਜਾਂਦਾ ਸੀ ਕਿ ਅਮਰੀਕਾ ਇਸ ਸੰਸਾਰ ਵਿਚ ਲੋਕਤੰਤਰ ਦਾ ਬਹੁਤ ਵੱਡਾ ਝੰਡਾਬਰਦਾਰ ਹੈ। ਇਸ ਝੰਡਾ-ਬਰਦਾਰੀ ਦਾ ਜਲੂਸ ਉਸ ਦੇ ਲੋਕਾਂ ਦੀ ਭੁੱਲ ਨਾਲ ਚੁਣੇ ਗਏ ਇੱਕ ਬੇ-ਸਿਰੇ ਤੇ ਬੇ-ਸੁਰੇ ਲੀਡਰ ਡੋਨਲਡ ਟਰੰਪ ਨੇ ਇਸ ਹਫਤੇ ਕੱਢ ਦਿੱਤਾ ਹੈ। ਬਦ-ਦਿਮਾਗ ਬੰਦੇ ਹੱਥ ਕਮਾਨ ਆ ਜਾਣ ਨਾਲ ਜਿਹੋ ਜਿਹਾ ਉਸ਼ਟੰਡ ਕੋਈ ਵਿਗੜਿਆ ਆਗੂ ਕਰ ਸਕਦਾ ਹੈ, ਉਸ ਦਾ ਰਾਹ ਰੋਕ ਸਕਣਾ ਲੋਕਤੰਤਰ ਦੇ ਵੱਸ ਦਾ ਨਹੀਂ ਰਿਹਾ।**

ਮੈਂ ਇਸ ਧਾਰਨਾ ਨਾਲ ਕਦੇ ਵੀ ਸਹਿਮਤ ਨਹੀਂ ਹੋਇਆ ਕਿ ਲੋਕਤੰਤਰ ਵਿਚ 'ਇੱਕਵੰਜਾ ਗਧੇ ਮਿਲ ਕੇ ਉਣੰਜਾ ਘੋੜਿਆਂ ਉੱਤੇ ਰਾਜ ਕਰਨ ਦਾ ਹੱਕ ਜਿੱਤ ਲੈਂਦੇ ਹਨ', ਪਰ ਪਿਛਲੇ ਸਮੇਂ ਦਾ ਤਜਰਬਾ ਇਹੋ ਹੈ ਕਿ ਲੋਕਤੰਤਰ ਦੇ ਅਜੋਕੇ ਪ੍ਰਬੰਧ ਹੇਠ ਮਾੜੀ ਨੀਅਤ ਵਾਲੇ ਬੰਦੇ ਆਪੋ ਵਿਚ ਅੱਖ ਮਿਲਾ ਲੈਣ ਤਾਂ ਬਾਕੀ ਸਭ ਦੀ ਕੁਆਂਟਣੀ ਭੰਵਾ ਸਕਦੇ ਹਨ। ਭਾਰਤ ਦੇ ਕਈ ਰਾਜਾਂ ਵਿਚ ਅਸੀਂ ਚੁਣੇ ਹੋਏ ਆਗੂਆਂ ਨੂੰ ਨੰਗੀ-ਚਿੱਟੀ ਖਰੀਦੋ-ਫਰੋਖਤ ਕਰਦੇ ਅਤੇ ਏਦਾਂ ਦੀ ਸੌਦੇਬਾਜ਼ੀ ਨਾਲ ਬਦਨਾਮ ਭ੍ਰਿਸ਼ਟਾਚਾਰੀ ਬੰਦਿਆਂ ਨੂੰ ਰਾਜਾਂ ਦੇ ਮੁੱਖ ਮੰਤਰੀ ਬਣਦੇ ਵੇਖ ਚੁਕੇ ਹਾਂ। ਕਰਨਾਟਕ ਵਿਚ ਮੁੱਖ ਮੰਤਰੀ ਬਣਨ ਪਿੱਛੋਂ ਲੋਕਪਾਲ ਵੱਲੋਂ ਭ੍ਰਿਸ਼ਟਾਚਾਰ ਦਾ ਦੋਸ਼ੀ ਠਹਿਰਾਇਆ ਗਿਆ ਯੇਦੀਯੁਰੱਪਾ ਫਿਰ ਉੱਪਰਲੀ ਅਦਾਲਤ ਤੋਂ ਬਰੀ ਹੋਣ ਮਗਰੋਂ ਓਸੇ ਰਾਜ ਦਾ ਮੁੱਖ ਮੰਤਰੀ ਬਣ ਗਿਆ ਹੈ ਅਤੇ ਬਣਨ ਲਈ ਵਿਧਾਇਕਾਂ ਨੂੰ ਜਿਸ ਤਰ੍ਹਾਂ ਖਰੀਦਿਆ, ਉਹ ਵੀ ਹਰ ਕਿਸੇ ਨੂੰ ਪਤਾ ਹੈ।

ਮੱਧ ਪ੍ਰਦੇਸ਼ ਵਿਚ ਵਿਆਪਮ ਘੋਟਾਲੇ ਵਿਚ ਸਿਖਰਾਂ ਦੇ ਬਦਨਾਮੀ ਖੱਟਣ ਪਿੱਛੋਂ ਸ਼ਿਵਰਾਜ ਚੌਹਾਨ ਜਦੋਂ ਚੋਣਾਂ ਵਿਚ ਹਾਰ ਗਿਆ ਤਾਂ ਦਲ-ਬਦਲੀਆਂ ਕਰਵਾ ਕੇ ਫਿਰ ਮੁੱਖ ਮੰਤਰੀ ਬਣ ਗਿਆ ਹੈ। ਲਾਲੂ ਪ੍ਰਸਾਦ ਕਈ ਸਾਲ ਏਸੇ ਤਰ੍ਹਾਂ ਮੁੱਖ ਮੰਤਰੀ ਬਣਦਾ ਰਿਹਾ ਤੇ ਉਸ ਦੀ ਪਤਨੀ ਵੀ ਬਣੀ ਰਹੀ ਸੀ। ਇਹ ਖੇਡ ਹਰਿਆਣੇ ਵਿਚ ਚੌਧਰੀ ਭਜਨ ਲਾਲ ਤੋਂ ਸ਼ੁਰੂ ਹੋਈ ਸੀ ਤੇ ਫਿਰ ਤਾਮਿਲਨਾਡੂ ਵਿਚ ਜੈਲਲਿਤਾ ਤੇ ਕਰੁਣਾਨਿਧੀ-ਦੋਵਾਂ ਵਿਚ ਭ੍ਰਿਸ਼ਟਾਚਾਰ ਕਰਨ ਦਾ ਮੁਕਾਬਲਾ ਚੱਲਦਾ ਰਿਹਾ ਸੀ। ਭਾਰਤ ਦੇ ਕਿਸੇ ਵੀ ਰਾਜ ਦਾ ਕਿਹੜਾ ਨੇਤਾ ਇਸ ਤੋਂ ਬਚਿਆ ਹੈ, ਕਹਿ ਸਕਣਾ ਔਖਾ ਹੈ।

ਇਨ੍ਹਾਂ ਸਭਨਾਂ ਤੋਂ ਮਾੜੀ ਗੱਲ ਇਹ ਹੈ ਕਿ ਜੇ ਕੋਈ ਲੀਡਰ ਕਿਸੇ ਵੱਡੇ ਲੁਟੇਰੇ ਨਾਲ ਸੈਨਤ ਮਿਲਾ ਕੇ ਸਾਰੇ ਦੇਸ਼ ਦੇ ਲੋਕਾਂ ਨੂੰ ਉਸ ਲੁਟੇਰੇ ਦੀ ਦੌਲਤ ਕਮਾਉਣ ਦੀ ਹਵਸ ਦੀ ਬਲੀ ਚਾੜ੍ਹਨ ਤੁਰ ਪਵੇ ਤਾਂ ਲੋਕਤੰਤਰ ਉਸ ਆਗੂ ਨੂੰ ਇਸ ਕੰਮ ਤੋਂ ਵਰਜਣ ਜੋਗਾ ਨਹੀਂ ਲੱਭਦਾ। ਲੀਡਰ ਕੋਲ ਬਹੁ-ਗਿਣਤੀ ਹੋਣੀ ਚਾਹੀਦੀ ਹੈ, ਇਸ ਨਾਲ ਫਰਕ ਨਹੀਂ ਪੈਂਦਾ ਕਿ ਬਹੁ-ਗਿਣਤੀ ਲੋਕਾਂ ਨੂੰ ਬੇਵਕੂਫ ਬਣਾ ਕੇ ਜਿੱਤੀ ਹੈ ਜਾਂ ਪੈਸਾ ਖਰਚ ਕਰ ਕੇ ਬਣਾਈ ਹੈ, ਲੋਕਤੰਤਰ ਦਾ ਚੁਣਿਆ ਗਿਆ ਹਾਕਮ ਵੀ ਆਪਣੀ ਆਈ ਉੱਤੇ ਆ ਜਾਵੇ ਤਾਂ ਸਿਰੇ ਦੇ ਬੇਰਹਿਮ ਰਾਜਿਆਂ ਨੂੰ ਮਾਤ ਪਾ ਸਕਦਾ ਹੈ। ਅੱਜ ਦੇ ਵਕਤਾਂ ਵਿਚ ਭਾਰਤ ਵਿਚ ਕਿਸਾਨੀ ਲਹਿਰ ਦਾ ਜਿਹੜਾ ਸੰਘਰਸ਼ ਚੱਲ ਰਿਹਾ ਹੈ, ਉਹ ਬੇਰਹਿਮ ਹਾਕਮਾਂ ਦੀ ਏਸੇ ਨੀਤੀ ਦਾ ਨਮੂਨਾ ਹੈ, ਜਿਸ ਵਿਚ ਦੋ ਵੱਡੇ ਘਰਾਣਿਆਂ ਦੀ ਖਿਦਮਤ ਕਰਨ ਲਈ ਲੱਖਾਂ ਕਿਸਾਨਾਂ ਦੀ ਹੋਣੀ ਨਾਲ ਖਿਲਵਾੜ ਕੀਤਾ ਗਿਆ ਹੈ। ਭਾਰਤ ਦਾ ਕਿਸਾਨ ਇਸ ਵੇਲੇ ਜਿਹੜੀ ਲੜਾਈ ਲੜਦਾ ਪਿਆ ਹੈ, ਉਹ ਉਸ ਦੇ ਅੱਜ ਦੀ ਨਹੀਂ, ਉਸ ਦੀ ਅਗਲੀ ਪੀੜ੍ਹੀ ਦੀ ਹੋਂਦ ਨੂੰ ਬਚਾਉਣ ਦੀ ਹੈ ਅਤੇ ਇਸ ਵਿਚ ਮੱਥਾ ਉਸ ਹਾਕਮ ਨਾਲ ਲੱਗਾ ਹੈ, ਜਿਹੜਾ ਖੁਦ ਤਾਂ ਲੋਕਾਂ ਮੂਹਰੇ ਸਿਰਫ ਭਾਸ਼ਣ ਝਾੜਨ ਵੇਲੇ ਆਉਂਦਾ ਹੈ, ਅੱਗੋਂ ਪਿੱਛੋਂ ਆਪਣੇ ਏਲਚੀਆਂ ਅਤੇ ਪਿਆਦਿਆਂ ਦੇ ਰਾਹੀਂ ਸ਼ਤਰੰਜੀ ਖੇਡਾਂ ਖੇਡਦਾ ਹੈ। ਲੀਡਰ ਦੇ ਕੋਲ ਬਹੁ-ਗਿਣਤੀ ਪਾਰਲੀਮੈਂਟ ਵਿਚ ਵੀ ਹੈ ਤੇ ਦੇਸ਼ ਦੇ ਲੋਕਾਂ ਵਿਚਲੀ ਧਾਰਮਿਕ ਬਹੁ-ਗਿਣਤੀ ਨੂੰ ਪਿੱਛੇ ਲਾਉਣ ਵਾਲੇ ਦਾਅ ਜਾਣਦਾ ਹੈ, ਇਸ ਲਈ ਲੋਕਤੰਤਰ ਦੀ ਇਸ ਕਮਜ਼ੋਰੀ ਦਾ ਫਾਇਦਾ ਲੈਣ ਤੋਂ ਉਸ ਨੂੰ ਰੋਕਣਾ ਮੁਸ਼ਕਿਲ ਹੈ। ਉਹ ਸਿਰਫ ਝੂਠ ਵੀ ਬੋਲੀ ਜਾਵੇ, ਅਸਲੋਂ ਫੋਕੇ ਦਾਅਵੇ ਕਰਦਾ ਰਹੇ, ਤਦ ਵੀ ਇੱਕ ਖਾਸ ਭਾਈਚਾਰੇ ਦੀ ਧਾਰਮਿਕਤਾ ਦਾ ਸਹਾਰਾ ਲੈ ਕੇ ਰਾਜ ਕਰੀ ਜਾਵੇਗਾ ਅਤੇ ਲੋਕਤੰਤਰ ਨੂੰ ਦੋ-ਚਾਰ ਵੱਡੇ ਘਰਾਣਿਆਂ ਦੀ ਖਿਦਮਤ ਕਰਨ ਵਿਚ ਲਾਈ ਰੱਖੇਗਾ।

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਜਿਨ੍ਹਾਂ ਲੋਕਾਂ ਨੇ ਲੋਕਤੰਤਰ ਦੀ ਨੀਂਹ ਰੱਖੀ ਸੀ, ਜਿਨ੍ਹਾਂ ਨੇ ਇਸ ਦੇ ਸਰਬ ਉੱਚ ਪ੍ਰਬੰਧ ਹੋਣ ਦਾ ਝੰਡਾ ਚੁੱਕਿਆ ਤੇ ਆਮ ਲੋਕਾਂ ਨੂੰ ਇਸ ਲੀਹੇ ਪਾਇਆ ਸੀ, ਉਨ੍ਹਾਂ ਨੂੰ ਕਦੇ ਸੁਫਨਾ ਵੀ ਨਹੀਂ ਆਇਆ ਹੋਣਾ ਕਿ ਇਸ ਪ੍ਰਬੰਧ ਦੀ ਦੁਰਵਰਤੋਂ ਹੋਣ ਲੱਗੀ ਤਾਂ ਓਦੋਂ ਲੋਕਤੰਤਰ ਵਿਚ ਆਮ ਲੋਕਾਂ ਨਾਲ ਕੀ ਹੋਵੇਗਾ? ਅੱਜ ਇਹੋ ਹੋ ਰਿਹਾ ਹੈ। ਲੋਕਤੰਤਰ ਨੂੰ 'ਲੋਕਾਂ ਵੱਲੋਂ, ਲੋਕਾਂ ਲਈ, ਲੋਕਾਂ ਵਾਸਤੇ' ਚਲਾਇਆ ਜਾਂਦਾ ਰਾਜ ਕਿਹਾ ਜਾਂਦਾ ਹੈ, ਪਰ ਇਹ ਕਿਤਾਬਾਂ ਵਿਚਲੀ ਸੋਚਣੀ ਹੈ, ਜਿਸ ਦੀ ਝਲਕ ਆਮ ਜ਼ਿੰਦਗੀ ਵਿਚ ਨਹੀਂ ਮਿਲਦੀ। ਕਿਸੇ ਹੋਰ ਦੇਸ਼ ਵਿਚ ਮਿਲਦੀ ਹੋਵੇ ਤਾਂ ਪਤਾ ਨਹੀਂ, ਪਰ ਭਾਰਤ ਦੇ ਲੋਕਾਂ ਨੂੰ ਜਿੱਦਾਂ ਦਾ ਲੋਕਤੰਤਰ ਮਿਲਿਆ ਹੈ ਤੇ ਜਿਸ ਦਾ ਦਬਾਅ ਅਦਾਲਤੀ ਫੈਸਲਿਆਂ ਉੱਤੇ ਵੀ ਸਾਫ ਵੇਖਿਆ ਜਾ ਰਿਹਾ ਹੈ, ਉਸ ਦੇਸ਼ ਦੇ ਰਾਜ ਪ੍ਰਬੰਧ ਨੂੰ ਸਿਰਫ ਕਹਿਣ ਲਈ ਲੋਕਤੰਤਰੀ ਕਿਹਾ ਜਾ ਸਕਦਾ ਹੈ, ਅਮਲ ਵਿਚ ਇਸ ਨੂੰ ਲੋਕਤੰਤਰ ਆਖਣਾ ਕਿਸੇ ਹਕੀਕੀ ਲੋਕਤੰਤਰ ਦੀ ਹਸਤੀ ਚਿੜਾਉਣ ਵਾਂਗ ਜਾਪਣ ਲੱਗ ਪਿਆ ਹੈ।

ਹਾਲਾਤ ਦਾ ਦੁਖਾਂਤ ਹੈ ਕਿ ਸਿਆਣੇ ਸਮਝੇ ਜਾਂਦੇ ਸਿਰ ਮੁੜ-ਮੁੜ ਲੋਕਤੰਤਰ ਅਤੇ 'ਨਿਆਂ ਪ੍ਰਣਾਲੀ ਉੱਤੇ ਪੂਰਾ ਭਰੋਸਾ' ਕਹਿਣ ਤੋਂ ਅੱਗੇ ਨਹੀਂ ਵਧਦੇ, ਉਨ੍ਹਾਂ ਵਿਚੋਂ ਕਦੇ ਕੋਈ ਇਹ ਸੋਚਦਾ ਹੀ ਨਹੀਂ ਕਿ ਇਹੋ ਜਿਹੇ ਸਿਸਟਮ ਦਾ ਕੋਈ ਹੋਰ ਬਦਲ ਵੀ ਹੋਣਾ ਚਾਹੀਦਾ ਹੈ।

# ਟਰੰਪ ਭਗਤਾਂ ਨੇ ਅਮਰੀਕੀ ਜਮਹੂਰੀਅਤ ਨੂੰ ਸ਼ਰਮਿੰਦਾ ਕੀਤਾ

ਜਦੋਂ ਤੋਂ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਹੋਈਆਂ ਨੇ ਤੇ ਫਿਰ ਜਿਵੇਂ ਜਿਵੇਂ ਅਮਰੀਕਨ ਲੋਕਾਂ ਦਾ ਵੋਟਾਂ ਰਾਹੀਂ ਦਿੱਤਾ ਫਤਵਾ ਰਾਸ਼ਟਰਪਤੀ ਟਰੰਪ ਦੇ ਵਿਰੁੱਧ ਆਉਣ ਲੱਗਿਆ, ਤਿਵੇਂ ਤਿਵੇਂ ਉਹ ਆਪਣੀ ਹਾਰ ਸਵੀਕਾਰ ਕਰਨ ਦੀ ਥਾਂ ਆਪਣੇ ਬਿਆਨਾਂ ਵਿਚ ਇਹੋ ਕਹਿੰਦੇ ਰਹੇ ਕਿ ਵੋਟਿੰਗ ਵਿਚ ਵੱਡੇ ਪੱਧਰ 'ਤੇ ਧਾਂਦਲੀਆਂ ਹੋਈਆਂ ਹਨ। ਕਈ ਦਿਨਾਂ ਤੱਕ ਚੱਲੀ ਵੋਟਾਂ ਦੀ ਗਿਣਤੀ ਵਿਚ ਆਖਰਕਾਰ ਜੋਅ ਬਾਇਡਨ, ਟਰੰਪ ਨੂੰ ਪਟਖਨੀ ਦਿੰਦਿਆਂ ਜਿੱਤ ਹਾਸਲ ਕਰਨ 'ਚ ਸਫਲ ਹੋ ਗਏ, ਪਰ ਇਸ ਉਪਰੰਤ ਧਾਂਦਲੀਆਂ ਨੂੰ ਲੈ ਕੇ ਟਰੰਪ ਦੁਆਰਾ ਅਮਰੀਕਾ ਦੀਆਂ ਅਦਾਲਤਾਂ ਵਿਚ

ਅੱਬਾਸ ਧਾਲੀਵਾਲ, ਮਲੇਰਕੋਟਲਾ
ਫੋਨ: 91-98552-59650

ਪਾਈਆਂ ਸ਼ਿਕਾਇਤਾਂ ਨੂੰ ਵੀ ਨਿਰਾਧਾਰ ਕਰਾਰ ਦਿੱਤਾ ਗਿਆ। ਇਸ ਸਭ ਕਾਸੇ ਦੇ ਬਾਵਜੂਦ ਟਰੰਪ ਆਪਣੀ ਹਿੰਡ ਛੱਡਣ ਤਿਆਰ ਨਹੀਂ ਸਨ ਅਤੇ ਉਹ ਲਗਾਤਾਰ ਇਹੋ ਰਾਗ ਅਲਾਪਦੇ ਰਹੇ ਕਿ ਉਹ ਹਾਰੇ ਨਹੀਂ ਹਨ। ਟਰੰਪ ਦੀ ਆਪਣੀ ਹਾਰ ਨਾ ਮੰਨਣ ਵਾਲੀ ਰੱਟ ਦੇ ਚਲਦਿਆਂ ਮਾਹਿਰਾਂ ਦੁਆਰਾ ਇਹ ਖਦਸ਼ੇ ਜਾਹਰ ਕੀਤੇ ਜਾ ਰਹੇ ਸਨ ਕਿ ਟਰੰਪ ਇੰਨੀ ਆਸਾਨੀ ਨਾਲ ਆਪਣਾ ਅਹੁਦਾ ਨਹੀਂ ਛੱਡਣਗੇ, ਜਿਸ ਦੇ ਨਤੀਜੇ ਵਜੋਂ ਆਉਣ ਵਾਲੇ ਸਮੇਂ ਵਿਚ ਟਰੰਪ ਦੇ ਸਮਰਥਕ ਕੋਈ ਵੀ ਵਿਸਫੋਟ ਸਥਿਤੀ ਪੈਦਾ ਕਰ ਸਕਦੇ ਹਨ। ਪਿਛਲੇ ਬੁੱਧਵਾਰ ਜੋ ਅਮਰੀਕਾ ਵਿਚ ਹੋਇਆ, ਉਸ ਨੇ ਉਨ੍ਹਾਂ ਤਮਾਮ ਖਦਸ਼ਿਆਂ ਨੂੰ ਜਿਵੇਂ ਸੁਰਜੀਤ ਕਰ ਦਿੱਤਾ, ਜੋ ਪਿਛਲੇ ਕਈ ਹਫਤਿਆਂ ਤੋਂ ਮਾਹਿਰਾਂ ਦੁਆਰਾ ਲਾਏ ਜਾ ਰਹੇ ਸਨ।

ਭਾਵੇਂ ਬੀਤੇ ਦਿਨੀਂ ਅਮਰੀਕੀ ਕਾਂਗਰਸ ਨੇ ਤਿੰਨ ਨਵੰਬਰ ਦੀਆਂ ਚੋਣਾਂ ਵਿਚ ਜਿੱਤ ਹਾਸਲ ਕਰਨ ਵਾਲੇ ਡੈਮੋਕਰੈਟ ਆਗੂ ਜੋਅ ਬਾਇਡਨ ਨੂੰ ਰਾਸ਼ਟਰਪਤੀ ਮੰਨਣ ਦੇ ਫੈਸਲੇ 'ਤੇ ਮੋਹਰ ਲਾ ਦਿੱਤੀ, ਪਰ ਇਸ ਤੋਂ ਪਹਿਲਾਂ ਕੈਪੀਟਲ ਬਿਲਡਿੰਗ ਵਿਚ ਟਰੰਪ ਸਮਰਥਕਾਂ ਨੇ ਜੋ ਖੜਦੁੰਮ ਮਚਾਇਆ, ਯਕੀਨਨ ਉਸ ਨੇ ਅਮਰੀਕੀ ਜਮਹੂਰੀਅਤ ਦੀ ਪੂਰੀ ਦੁਨੀਆਂ ਵਿਚ ਖਿੱਲੀ ਉਡਾ ਕੇ ਰੱਖ ਦਿੱਤੀ।

ਬੇਸ਼ੱਕ ਕਾਂਗਰਸ ਦੀ ਉਕਤ ਸਾਂਝੇ ਸਦਨ ਵਾਲੀ ਮੀਟਿੰਗ ਵਿਚ ਬਾਇਡਨ ਦਾ ਬਤੌਰ ਅਮਰੀਕਾ ਦੇ ਰਾਸ਼ਟਰਪਤੀ ਵਜੋਂ 20 ਜਨਵਰੀ ਨੂੰ ਹਲਫ ਲੈ ਕੇ ਆਪਣੇ ਅਹੁਦਾ ਨੂੰ ਸੰਭਾਲਣ ਦਾ ਰਾਹ ਪੱਧਰਾ ਹੋ ਗਿਆ ਹੈ। ਮੀਟਿੰਗ ਦੌਰਾਨ ਬਾਇਡਨ ਦੇ ਨਾਲ-ਨਾਲ ਕਮਲਾ ਹੈਰਿਸ ਦੀ ਉਪ-ਰਾਸ਼ਟਰਪਤੀ ਵਜੋਂ ਪ੍ਰੋੜ੍ਹਤਾ ਕਰ ਦਿੱਤੀ ਗਈ। ਹੁਣ ਉਹ ਵੀ 20 ਜਨਵਰੀ ਨੂੰ ਆਪਣੇ ਅਹੁਦੇ ਦੀ ਸਹੁੰ ਚੁੱਕਣਗੇ। ਪੂਰੀ ਦੁਨੀਆਂ ਵਿਚ ਹੂ ਤੂ ਤੂ ਹੋਣ ਤੋਂ ਬਾਅਦ ਅਤੇ ਕਾਂਗਰਸ ਦੇ ਉਕਤ ਫੈਸਲੇ ਤੋਂ ਬਾਅਦ ਮੌਜੂਦਾ ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਉਂਜ ਤਾਂ ਉਹ ਚੋਣ ਨਤੀਜਿਆਂ ਨੂੰ ਨਹੀਂ ਮੰਨਦੇ, ਪਰ ਨਿਯਮਾਂ ਮੁਤਾਬਕ ਉਹ 20 ਜਨਵਰੀ ਨੂੰ ਪੁਰਅਮਨ ਢੰਗ ਨਾਲ ਇਸ ਅਹੁਦੇ ਨੂੰ ਛੱਡ ਦੇਣਗੇ।

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਕੈਪੀਟਲ ਬਿਲਡਿੰਗ ਵਿਖੇ ਪੂਰੀ ਦੁਨੀਆਂ ਨੂੰ ਟਰੰਪ ਹਮਾਇਤੀਆਂ ਦਾ ਇਕ ਹਾਈਪ੍ਰੋਫਾਈਲ ਡਰਾਮਾ ਵੇਖਣ ਨੂੰ ਮਿਲਿਆ। ਜਦੋਂ ਟਰੰਪ ਸਮਰਥਕਾਂ ਨੇ ਕੈਪੀਟਲ ਬਿਲਡਿੰਗ ਉਤੇ ਧਾਵਾ ਬੋਲ ਦਿੱਤਾ। ਉਥੇ ਗੋਲੀ ਚੱਲਣ ਨਾਲ ਇਕ ਮਹਿਲਾ ਦੀ ਮੌਤ ਹੋ ਗਈ ਤੇ ਝੜਪਾਂ ਦੌਰਾਨ ਤਿੰਨ ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਦੀ ਬਾਅਦ ਵਿਚ ਮੈਡੀਕਲ ਐਮਰਜੈਂਸੀ ਦੌਰਾਨ ਮੌਤ ਹੋ ਗਈ।

ਉਕਤ ਧਾਵਾ ਬੋਲਣ ਵਾਲੇ ਘਟਨਾਕ੍ਰਮ ਤੋਂ ਬਾਅਦ ਇਕ ਵਾਰ ਤਾਂ ਅਮਰੀਕਾ ਦੇ ਨਾਲ ਨਾਲ ਪੂਰੀ ਦੁਨੀਆਂ ਹੈਰਾਨ ਪ੍ਰੇਸ਼ਾਨ ਹੋ ਗਈ। ਘਟਨਾ ਉਪਰੰਤ ਟਰੰਪ ਦੇ ਹੀ ਕਈ ਸਾਥੀਆਂ ਨੇ ਉਸ ਦੇ ਰਵੱਈਏ 'ਤੇ ਇਤਰਾਜ਼ ਕੀਤੇ, ਜਦੋਂ ਕਿ ਰਿਪਬਲੀਕਨ ਪਾਰਟੀ ਦੇ ਕਈ ਸੰਸਦ ਮੈਂਬਰ ਵੀ ਉਨ੍ਹਾਂ ਦੇ ਖਿਲਾਫ ਹੋ ਗਏ ਤੇ ਉਨ੍ਹਾਂ 'ਤੇ ਮਹਾਂਦੋਸ਼



ਚਲਾਉਣ ਦੀ ਮੰਗ ਕਰਨ ਲੱਗੇ। ਇਸ ਦੇ ਇਲਾਵਾ ਟਰੰਪ ਨਾਲ ਜੁੜੇ ਕਈ ਅਫਸਰਾਂ ਨੇ ਵੀ ਆਪਣੇ ਅਹੁਦੇ ਛੱਡਣੇ ਸ਼ੁਰੂ ਕਰ ਦਿੱਤੇ। ਇਥੋਂ ਤਕ ਕਿ ਟਰੰਪ ਦੀ ਪਤਨੀ ਮੇਲਾਨੀਆ ਟਰੰਪ ਦੇ ਚੀਫ ਆਫ ਸਟਾਫ ਸਟੈਫਨੀ ਗ੍ਰਿਸ਼ਮ ਨੇ ਉਕਤ ਘਟਨਾਕ੍ਰਮ ਤੋਂ ਬਾਅਦ ਆਪਣਾ ਅਸਤੀਫਾ ਦੇ ਦਿੱਤਾ।

ਉਧਰ ਉਪ-ਰਾਸ਼ਟਰਪਤੀ ਮਾਈਕ ਪੈਂਸ ਵੀ ਟਰੰਪ ਦਾ ਸਾਥ ਛੱਡ ਗਏ ਤੇ ਉਨ੍ਹਾਂ ਕਿਹਾ ਕਿ ਲੋਕਾਂ ਦੇ ਫਤਵੇ ਦੀ ਬੇਅਦਬੀ ਨਹੀਂ ਕੀਤੀ ਜਾ ਸਕਦੀ।

ਜਦੋਂ ਕਿ ਅਮਰੀਕਾ ਦੇ ਨਵੇਂ ਬਣਨ ਵਾਲੇ ਵਾਲੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਹਮਲੇ ਨੂੰ ਰਾਜਧ੍ਰੋਹ ਦੱਸਿਆ ਹੈ। ਉਨ੍ਹਾਂ ਆਪਣੇ ਬਿਆਨ ਵਿਚ ਕਿਹਾ, "ਇਹ ਉਹ ਅਮਰੀਕਾ ਨਹੀਂ, ਜਿਸ ਦੀ ਅਸੀਂ ਕਲਪਨਾ ਕਰਦੇ ਹਾਂ।"

ਇਥੇ ਜ਼ਿਕਰਯੋਗ ਹੈ ਕਿ ਕੈਪੀਟਲ ਬਿਲਡਿੰਗ ਵਿਚ ਹੀ ਸੰਸਦ ਦੇ ਦੋਹਾਂ ਸਦਨਾਂ (ਹਾਊਸ ਆਫ ਰਿਪ੍ਰੇਜ਼ੈਂਟੇਟਿਵ ਤੇ ਸੈਨੇਟ) ਦੀ ਸਾਂਝੀ ਮੀਟਿੰਗ ਹੋਣੀ ਸੀ। ਇਸ ਵਿਚ ਟਰੰਪ ਤੇ ਬਾਇਡਨ ਨੂੰ ਮਿਲੀਆਂ ਇਲੈਕਟੋਰਲ ਕਾਲਜ ਵੋਟਾਂ ਦੀ ਗਿਣਤੀ ਹੋਣੀ ਸੀ। ਟਰੰਪ ਹਮਾਇਤੀ ਉਥੇ ਘੱਟ ਗਿਣਤੀ ਵਿਚ ਤਾਇਨਾਤ ਪੁਲਿਸ ਵਾਲਿਆਂ ਨੂੰ ਝਕਾਨੀ ਦੇ ਕੇ ਅੰਦਰ ਵੜ ਗਏ। ਅਮਰੀਕੀ ਪੁਲਿਸ ਮੁਤਾਬਕ ਹਿੰਸਾ ਵਿਚ ਕਈ ਪੁਲਿਸ ਵਾਲੇ ਜ਼ਖਮੀ ਹੋਏ ਹਨ, ਜਦੋਂ ਕਿ ਕਾਫੀ ਮੁਸ਼ੱਕਤ ਤੋਂ ਬਾਅਦ ਆਖਿਰਕਾਰ ਨੈਸ਼ਨਲ ਗਾਰਡਾਂ ਨੇ ਸਥਿਤੀ ਨੂੰ ਪੂਰੀ ਤਰ੍ਹਾਂ ਸੰਭਾਲ ਲਿਆ। ਇਸ ਅਫਰਾ-ਤਫਰੀ ਦੇ ਚਲਦਿਆਂ ਵਾਸ਼ਿੰਗਟਨ ਡੀ. ਸੀ. ਦੇ ਮੇਅਰ ਨੂੰ ਕਰਫਿਊ ਲਾ ਕੇ 15 ਦਿਨ ਦੀ ਐਮਰਜੈਂਸੀ ਦਾ ਐਲਾਨ ਕਰਨਾ ਪਿਆ।

ਉਕਤ ਘਟਨਾਕ੍ਰਮ 'ਤੇ ਟਿੱਪਣੀ ਕਰਦਿਆਂ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਹੈ, "ਟਰੰਪ ਨੇ ਹਿੰਸਾ ਭੜਕਾਈ ਅਤੇ ਇਹ ਦੇਸ਼ ਲਈ ਬੇਹੱਦ ਅਪਮਾਨ ਤੇ ਸ਼ਰਮਿੰਦਗੀ ਦੇ ਪਲ ਹਨ।"

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ, "ਹਿੰਸਾ ਲੋਕਾਂ ਦੀ ਇੱਛਾ 'ਤੇ ਕਦੇ ਵੀ ਭਾਰੀ ਨਹੀਂ ਪੈ ਸਕਦੀ। ਅਮਰੀਕਾ ਵਿਚ ਜਮਹੂਰੀਅਤ ਦੀ ਜਿੱਤ ਹੋਵੇਗੀ।" ਇਸ ਸੰਦਰਭ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਆਪਣੇ ਇਕ ਟਵੀਟ 'ਚ ਕਿਹਾ, "ਵਾਸ਼ਿੰਗਟਨ ਵਿਚ ਦੰਗੇ ਤੇ ਹਿੰਸਾ ਦੀਆਂ ਤਸਵੀਰਾਂ ਦੇਖ ਕੇ ਚਿੰਤਾ ਹੋਈ। ਪੁਰਅਮਨ ਢੰਗ ਨਾਲ ਸੱਤਾ ਤਬਦੀਲੀ ਹੋਣੀ ਚਾਹੀਦੀ ਹੈ। ਗੈਰ-ਕਾਨੂੰਨੀ ਮੁਜਾਹਰਿਆਂ ਦੀ ਤਾਕਤ ਨਾਲ ਜਮਹੂਰੀ ਅਮਲਾਂ ਨੂੰ ਤਬਾਹ ਨਹੀਂ ਹੋਣ ਦਿੱਤਾ ਜਾ ਸਕਦਾ।"

ਉਧਰ ਅਮਰੀਕਾ ਦੇ ਕੱਟੜ ਵਿਰੋਧੀ ਚੀਨ ਦੇ ਦਲ ਚੀਨੀ ਕਮਿਊਨਿਸਟ ਪਾਰਟੀ ਦੇ ਨਜ਼ਦੀਕੀ ਸਮਝੇ ਜਾਂਦੇ ਅਖਬਾਰ 'ਗਲੋਬਲ ਟਾਈਮਜ਼' ਨੇ ਅਮਰੀਕੀ ਸੰਸਦ 'ਚ ਵਾਪਰੀਆਂ ਉਕਤ ਹਿੰਸਕ ਘਟਨਾਵਾਂ ਦਾ ਮਜਾਕ ਉਡਾਇਆ ਅਤੇ ਇਸ ਸੰਦਰਭ ਵਿਚ ਅਖਬਾਰ ਨੇ ਪਹਿਲਾਂ ਸਟੈਚੂ ਆਫ ਲਿਬਰਟੀ ਦਾ ਮਜਾਕ ਉਡਾਇਆ ਤੇ ਫਿਰ ਸਪੀਕਰ ਨੈਂਸੀ ਪੈਲੋਸੀ 'ਤੇ ਵਿਅੰਗ ਕੱਸਿਆ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ ਹਾਂਗਕਾਂਗ ਵਿਚ ਚੀਨੀ ਹਾਕਮਾਂ ਵਿਰੁੱਧ ਹੋਏ ਪ੍ਰਦਰਸ਼ਨਾਂ ਦੌਰਾਨ ਅਸੈਂਬਲੀ ਦੀ ਇਮਾਰਤ ਵਿਚ ਹੰਗਾਮੇ ਨੂੰ ਨੈਂਸੀ ਪੈਲੋਸੀ ਨੇ ਖੂਬਸੂਰਤ ਨਜ਼ਾਰੇ ਕਰਾਰ ਦਿੱਤਾ ਸੀ। ਅਖਬਾਰ ਨੇ ਅੱਗੇ ਕਿਹਾ ਹੈ ਕਿ ਹੁਣ ਵੇਖਣਾ ਹੋਵੇਗਾ, ਕੀ ਪੈਲੋਸੀ ਕੈਪੀਟਲ ਬਿਲਡਿੰਗ ਦੀ ਹਿੰਸਾ ਨੂੰ ਵੀ ਖੂਬਸੂਰਤ ਨਜ਼ਾਰਾ ਕਰਾਰ ਦੇਵੇਗੀ?

ਕੁਲ ਮਿਲਾ ਕੇ ਪਿਛਲੇ ਦਿਨੀਂ ਅਮਰੀਕਾ ਦੀ ਕੈਪੀਟਲ ਬਿਲਡਿੰਗ ਵਿਚ ਜੋ ਕੋਹਰਾਮ ਟਰੰਪ ਸਮਰਥਕਾਂ ਨੇ ਮਚਾਇਆ, ਭਾਵੇਂ ਉਸ 'ਤੇ ਜਲਦੀ ਹੀ ਅਮਰੀਕਾ ਦੇ ਹਿਫਾਜ਼ਤੀ ਦਸਤਿਆਂ ਨੇ ਕਾਬੂ ਪਾ ਲਿਆ, ਪਰ ਇਸ ਘਟਨਾ ਨੇ ਅਮਰੀਕਾ ਦੀ ਲੋਕਤੰਤਰੀ ਛਵੀ 'ਤੇ ਜੋ ਦਾਗ ਲਾਏ ਹਨ, ਉਨ੍ਹਾਂ ਨੂੰ ਧੋ ਪਾਉਣਾ ਬੇਹੱਦ ਮੁਸ਼ਕਿਲ ਹੈ। ਇਸ ਦੇ ਨਾਲ ਨਾਲ ਅਮਰੀਕਾ ਦੇ ਲੋਕਾਂ ਵਿਚ, ਵਿਸ਼ੇਸ਼ ਕਰ ਰਿਪਬਲਿਕਨ ਅਤੇ ਡੈਮੋਕਰੈਟਿਕ ਵਰਕਰਾਂ ਤੇ ਹਮਾਇਤੀਆਂ ਵਿਚਕਾਰ ਜੋ ਖਾਈ ਪੈਦਾ ਹੋ ਗਈ ਹੈ, ਉਸ ਨੂੰ ਪੂਰ ਕਰਨਾ ਹਾਲ ਦੀ ਘੜੀ ਬੇਹੱਦ ਮੁਸ਼ਕਿਲ ਜਾਪਦਾ ਹੈ।

# ਚੀਨ ਦੇ ਗੋਡੇ ਹੇਠ ਆਇਆ ਪਾਕਿਸਤਾਨ

**ਜੀ. ਪਾਰਥਾਸਾਰਥੀ**

ਪਾਕਿਸਤਾਨ ਦੇ ਆਗੂ ਬਿਨਾਂ ਕਿਸੇ ਲਾਗੇ-ਦੇਗੇ ਦੇ ਹਮੇਸ਼ਾ ਹੀ ਚੀਨ ਦੀਆਂ ਮੰਗਾਂ ਅਤੇ ਲਾਲਸਾਵਾਂ ਨੂੰ ਅੱਗੇ ਵਧ ਵਧ ਕੇ ਪੂਰਾ ਕਰਦੇ ਰਹੇ ਹਨ ਪਰ ਮੌਜੂਦਾ ਪ੍ਰਧਾਨ ਮੰਤਰੀ ਇਮਰਾਨ ਖਾਨ ਤਾਂ ਪਾਕਿਸਤਾਨ ਨੂੰ ਚੀਨ ਦੀ ਵੱਧ ਤੋਂ ਵੱਧ ਪੀਡੀ ਜਕੜ ਵਿਚ ਫਸਾਉਣ ਲਈ ਕਾਹਲੇ ਹਨ, ਜਿਸ ਲਈ ਪਾਕਿਸਤਾਨ ਨੂੰ ਬਾਅਦ ਵਿਚ ਪਛਤਾਉਣਾ ਪੈ ਸਕਦਾ ਹੈ। ਲਾਲਸੀ ਚੀਨ ਵੱਲੋਂ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਉਤੇ 62 ਅਰਬ ਅਮਰੀਕੀ ਡਾਲਰ ਦੀ ਭਾਰੀ ਰਕਮ ਲਾਉਣ ਲਈ ਤਿਆਰ ਹੋਣ ਦੇ ਮਾਇਨੇ ਸਮਝੇ ਜਾ ਸਕਦੇ ਹਨ। ਸੀ.ਪੀ.ਈ.ਸੀ. ਰਾਹੀਂ ਚੀਨ ਚਾਰੇ ਪਾਸਿਉਂ ਜ਼ਮੀਨੀ ਸਰਹੱਦਾਂ ਅੰਦਰ ਘਿਰੇ ਆਪਣੇ ਪੱਛਮੀ ਖਿੱਤੇ ਨੂੰ ਅਰਬ ਸਾਗਰ ਨਾਲ ਜੋੜ ਲਵੇਗਾ। ਇਸ ਰਾਹੀਂ ਪੈਟਰੋਲੀਅਮ ਦਾ ਅਜਿਹਾ ਊਰਜਾ ਗਲਿਆਰਾ ਬਣੇਗਾ ਜਿਹੜਾ ਫਾਰਸ ਦੀ ਖਾੜੀ (ਖਾੜੀ ਖਿੱਤਾ) ਤੋਂ ਸਿੱਧਾ ਚੀਨ ਦੇ ਧੁਰ ਅੰਦਰੂਨੀ ਖਿੱਤੇ ਵਿਚ ਪਹੁੰਚੇਗਾ, ਭਾਵੇਂ ਇਸ ਦੇ ਇਵਜ਼ ਵਿਚ ਪੂਰੇ ਹਿੰਦ ਮਹਾਂਸਾਗਰ ਦੀਆਂ ਸੰਚਾਰ ਲਾਈਨਾਂ ਵਿਚ ਵਿਘਨ ਹੀ ਪਵੇ।

ਇਹ ਸਭ ਐਨ ਉਸ ਵਕਤ ਹੋ ਰਿਹਾ ਹੈ, ਜਦੋਂ ਏਸ਼ਿਆਈ ਤੇ ਅਫਰੀਕੀ ਮੁਲਕਾਂ ਨੂੰ ਚੀਨ ਵੱਲੋਂ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ ਦਿੱਤੇ ਗਏ ਭਾਰੀ ਕਰਜ਼ੇ ਉਨ੍ਹਾਂ ਲਈ ਮੋੜਨੇ ਔਖੇ ਹੋਏ ਪਏ ਹਨ। ਇਸ ਤਰ੍ਹਾਂ ਚੀਨ ਵੱਲੋਂ ਇਨ੍ਹਾਂ ਮੁਲਕਾਂ ਤੇ ਕਰਜ਼ੇ ਮੋੜਨ ਲਈ ਦਬਾਅ ਪਾਇਆ ਜਾਂਦਾ ਹੈ, ਜਿਨ੍ਹਾਂ ਨੇ ਇਨ੍ਹਾਂ ਕਰਜ਼ਿਆਂ ਲਈ ਆਪਣੀਆਂ ਬੰਦਰਗਾਹਾਂ, ਖਣਿਜਾਂ ਆਦਿ ਦੇ ਵਸੀਲਿਆਂ ਦੀ ਮਾਲਕੀ ਨੂੰ ਚੀਨ ਕੋਲ ਗਹਿਣੇ ਧਰਿਆ ਹੋਇਆ ਹੈ। ਜ਼ਾਹਿਰ ਹੈ ਕਿ ਅੱਜ ਏਸ਼ੀਆ ਤੇ ਅਫਰੀਕਾ ਵਿਚ 'ਕਰਜ਼ ਜਾਲ ਕੂਟਨੀਤੀ' ਚੀਨ ਦੀ ਵਿਸ਼ੇਸ਼ਤਾ ਬਣ ਚੁੱਕੀ ਹੈ!

ਚੀਨ ਤੋਂ ਅੰਨ੍ਹੇਵਾਹ ਕਰਜ਼ੇ ਲੈਣ ਅਤੇ ਇਸ ਦਾ ਛੋਟਾ ਭਾਈਵਾਲ ਬਣਨ ਲਈ ਕਾਹਲ ਵਿਚ ਰਹਿਣ ਦੇ ਨਾਲ ਹੀ ਪਾਕਿਸਤਾਨ ਅੱਗੇ ਵਧ ਵਧ ਕੇ ਚੀਨ ਦੀਆਂ ਭੂ-ਸਿਆਸੀ ਲਾਲਸਾਵਾਂ ਵੀ ਪੂਰੀਆਂ ਕਰ ਰਿਹਾ ਹੈ। ਆਖਰ ਚੀਨ ਨੇ ਵੀ ਪਾਕਿਸਤਾਨ ਦੀ ਪਰਮਾਣੂ ਹਥਿਆਰ ਤੇ ਮਾਰੂ ਮਿਜ਼ਾਈਲਾਂ ਬਣਾਉਣ ਵਿਚ ਭਰਪੂਰ ਮਦਦ ਕੀਤੀ ਹੈ। ਇਸ ਦੇ ਇਵਜ਼ ਵਿਚ ਪਾਕਿਸਤਾਨ ਨੂੰ ਹੁਣ ਚੀਨ ਵਿਚਲੇ ਬੈਂਕਾਂ ਨਾਲ ਕਰਜ਼ੇ ਲੈਣ ਲਈ ਰਾਬਤਾ ਕਰਨਾ ਪਿਆ ਹੈ ਤਾਂ ਕਿ ਉਹ ਸਾਊਦੀ ਅਰਬ ਤੋਂ ਲਏ ਕਰਜ਼ਿਆਂ ਦੀਆਂ ਕਿਸ਼ਤਾਂ ਚੁਕਾ ਸਕੇ, ਕਿਉਂਕਿ ਸਾਊਦੀ ਅਰਬ ਵੱਲੋਂ ਕਿਸ਼ਤਾਂ ਦੀ ਵੇਲੇ ਸਿਰ ਅਦਾਇਗੀ ਲਈ ਜ਼ੋਰ ਦਿੱਤਾ ਜਾ ਰਿਹਾ ਹੈ, ਭਾਵੇਂ ਇਨ੍ਹਾਂ ਦੀਆਂ ਰਕਮਾਂ ਮੁਕਾਬਲਤਨ ਛੋਟੀਆਂ ਹਨ। ਸਾਊਦੀ ਅਰਬ ਦਰਅਸਲ ਇਮਰਾਨ ਖਾਨ ਨੂੰ ਬਹੁਤਾ ਪਸੰਦ ਨਹੀਂ ਕਰਦਾ, ਕਿਉਂਕਿ ਪਾਕਿਸਤਾਨੀ ਵਜ਼ੀਰ-ਏ-ਆਜ਼ਮ ਪਿੱਛੇ ਜਿਹੇ ਤੁਰਕੀ ਤੇ ਮਲੇਸ਼ੀਆ ਦੀ ਉਸ ਪਹਿਲਕਦਮੀ ਦੀ ਹਮਾਇਤ ਲਈ ਤਿਆਰ ਹੋ ਗਿਆ ਸੀ ਜਿਸ ਦਾ ਮਕਸਦ ਇਸਲਾਮੀ ਸੰਸਾਰ ਦਾ ਸਾਊਦੀ ਅਰਬ ਦੀ ਅਗਵਾਈ ਵਾਲਾ ਉਹ ਢਾਂਚਾ ਬਦਲਣਾ ਸੀ।

ਜ਼ਾਹਿਰ ਹੈ ਕਿ ਇਸ ਪਹਿਲਕਦਮੀ ਦਾ ਮਕਸਦ ਇਸਲਾਮੀ ਮੁਲਕਾਂ ਵਿਚ ਸਾਊਦੀ ਦਬਦਬੇ ਨੂੰ ਘਟਾਉਣਾ ਹੀ ਸੀ। ਇਸ ਦੌਰਾਨ ਇਹ ਵੀ ਰਿਪੋਰਟਾਂ ਹਨ ਕਿ ਇਮਰਾਨ ਖਾਨ ਦੀ ਤੁਰਕੀ ਦੇ ਸਦਰ ਅਰਦੋਗਨ ਨਾਲ ਵਧ ਰਹੀ ਦੋਸਤੀ ਵਿਚ ਹੁਣ ਫੌਜੀ/ਪਰਮਾਣੂ ਪਸਾਰ ਵੀ ਜੁੜ ਰਹੇ ਹਨ। ਹੁਣ ਦੇਖਣ ਵਾਲੀ ਗੱਲ ਹੋਵੇਗੀ ਕਿ ਪਾਕਿਸਤਾਨ ਤੇ ਚੀਨ ਦੀ ਵਧ ਰਹੀ ਗੰਢ-ਤੁੱਪ ਦੌਰਾਨ ਵਾਪਰ ਰਿਹਾ ਇਹ ਸਾਰਾ ਵਰਤਾਰਾ ਅਰਬ ਸਾਗਰ ਤੇ ਖਾੜੀ ਫਾਰਸ ਵਿਚ ਕੀ ਰੰਗ ਦਿਖਾਉਂਦਾ ਹੈ?

ਇਮਰਾਨ ਨੇ ਉਦੋਂ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੀ ਨਾਰਾਜ਼ਗੀ ਵੀ ਮੁੱਲ ਲੈ ਲਈ, ਜਦੋਂ ਇਸ ਦੇ ਬੜਬੋਲੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ 57 ਇਸਲਾਮੀ ਮੁਲਕਾਂ ਦੀ ਜਥੇਬੰਦੀ ਓ.ਆਈ.ਸੀ. ਦੇ ਵਿਦੇਸ਼ ਮੰਤਰੀਆਂ ਦੀ ਯੂ.ਏ.ਈ. ਦੀ ਮੇਜ਼ਬਾਨੀ ਵਿਚ ਹੋਈ ਮੀਟਿੰਗ ਵਿਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ। ਕੁਰੈਸ਼ੀ ਨੇ ਅਜਿਹਾ ਇਸ ਗੱਲ ਤੋਂ ਖਫਾ ਹੋ ਕੇ ਕੀਤਾ ਸੀ ਕਿ ਯੂ.ਏ.ਈ. ਨੇ ਆਪਣੀ ਮੇਜ਼ਬਾਨੀ ਵਾਲੀ ਇਸ ਕਾਨਫਰੰਸ ਵਿਚ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੂੰ ਸ਼ਾਮਲ ਹੋਣ ਅਤੇ ਸੰਬੋਧਨ ਕਰਨ ਦਾ ਸੱਦਾ ਦਿੱਤਾ ਸੀ। ਮਾਮਲੇ ਨੂੰ ਹੋਰ ਵਿਗਾੜਦਿਆਂ ਕੁਰੈਸ਼ੀ ਨੇ ਆਪਣੀ ਨਾਰਾਜ਼ਗੀ ਜਨਤਕ ਤੌਰ ਤੇ ਜ਼ਾਹਿਰ ਵੀ ਕਰ ਦਿੱਤੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਛੇਤੀ ਹੀ ਪਾਕਿਸਤਾਨ ਨੂੰ ਪਤਾ ਗੱਲ ਗਿਆ ਕਿ ਯੂ.ਏ.ਈ. ਵਿਚ ਰਹਿ ਰਹੇ ਇਸ ਦੇ ਬਹੁਤੇ ਨਾਗਰਿਕਾਂ ਦੇ ਵੀਜ਼ੇ ਨਵਿਆਏ ਨਹੀਂ ਜਾ ਰਹੇ। ਹੋਰ ਮਾੜਾ ਉਦੋਂ ਹੋਇਆ ਜਦੋਂ ਯੂ.ਏ.ਈ. ਅਤੇ ਸਾਊਦੀ ਅਰਬ ਵਿਚ ਕੰਮ ਕਰਦੇ ਪਾਕਿਸਤਾਨੀਆਂ ਵੱਲੋਂ ਪਿੱਛੇ ਵਤਨ ਭੇਜੀ ਜਾਣ ਵਾਲੀ ਕਮਾਈ ਦੀਆਂ ਰਕਮਾਂ ਇਕਦਮ ਘਟ ਗਈਆਂ, ਇਸੇ ਕਾਰਨ ਪਾਕਿਸਤਾਨ ਲਈ ਸਾਊਦੀ ਅਰਬ ਦੇ ਕਰਜ਼ੇ ਮੋੜਨੇ ਮੁਸ਼ਕਿਲ ਹੋਣ ਲੱਗੇ ਤੇ ਉਸ ਨੂੰ ਇਸ ਖਾਤਰ ਚੀਨੀ ਬੈਂਕਾਂ ਅੱਗੇ ਹੱਥ ਅੱਡਣੇ ਪਏ।

ਇਮਰਾਨ ਖਾਨ ਵੱਲੋਂ ਆਪਣੇ ਪੁਰਾਣੇ ਕਰਜ਼ਿਆਂ ਦੀਆਂ ਅਦਾਇਗੀਆਂ ਲਈ ਨਵੇਂ ਕਰਜ਼ੇ ਲੈਣ ਨਾਲ ਪਾਕਿਸਤਾਨ ਦੀਆਂ ਦੇਣਦਾਰੀਆਂ ਹੋਰ



ਵਧ ਰਹੀਆਂ ਹਨ। ਪਾਕਿਸਤਾਨ ਦੇ ਖਣਿਜਾਂ ਨਾਲ ਭਰਪੂਰ ਸੂਬੇ ਬਲੋਚਿਸਤਾਨ ਜਿਥੇ ਕੁਦਰਤੀ ਗੈਸ ਦੇ ਭੰਡਾਰ ਵੀ ਹਨ, ਵਿਚ ਸਲਾਮਤੀ ਹਾਲਾਤ ਗਰਕ ਰਹੇ ਹਨ। ਇੰਨਾ ਹੀ ਨਹੀਂ, ਬਲੋਚਿਸਤਾਨ ਵਿਚ ਨਾਮੀ ਕੌਮਾਂਤਰੀ ਕਾਰੋਬਾਰੀ ਅਦਾਰਿਆਂ ਦਾ ਪ੍ਰਾਈਵੇਟ ਵਿਦੇਸ਼ੀ ਨਿਵੇਸ਼ ਵੀ ਕੈਨੇਡਾ ਤੇ ਚਿਲੀ ਦੀਆਂ ਵੱਡੀਆਂ ਖਣਨ ਕੰਪਨੀਆਂ ਦੇ ਮੁਕੱਦਮਿਆਂ ਕਾਰਨ ਰੋਕ ਦਿੱਤਾ ਗਿਆ ਹੈ। ਬਲੋਚਿਸਤਾਨ ਨੂੰ ਸੋਨੇ ਅਤੇ ਤਾਂਬੇ ਦੇ ਵੀ ਭਾਰੀ ਭੰਡਾਰਾਂ ਲਈ ਜਾਣਿਆ ਜਾਂਦਾ ਹੈ। ਇਨ੍ਹਾਂ ਘਟਨਾਵਾਂ ਦਾ ਸਭ ਤੋਂ ਵੱਧ ਫਾਇਦਾ 'ਚਾਈਨਾ ਮੈਟਲਰਜੀਕਲ ਗਰੁੱਪ ਕਾਰਪੋਰੇਸ਼ਨ' (ਚੀਨੀ ਧਾਤੂ ਗਰੁੱਪ ਕਾਰਪੋਰੇਸ਼ਨ) ਨੂੰ ਹੋਇਆ ਜਿਸ ਵੱਲੋਂ ਬਲੋਚਿਸਤਾਨ ਦੀਆਂ ਖਾਣਾਂ ਵਿਚੋਂ ਸੋਨਾ ਤੇ ਤਾਂਬਾ ਕੱਢਣ ਦੀ ਕਾਰਵਾਈ ਸ਼ੁਰੂ ਕਰਨ ਦੀ ਤਿਆਰੀ ਹੈ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਚੀਨ ਨੇ ਬਲੋਚਿਸਤਾਨ ਵਿਚ ਆਪਣੀਆਂ ਖਣਨ ਸਰਗਰਮੀਆਂ ਲਈ ਵਧੀਆ ਟੈਕਸ ਛੋਟਾਂ ਵੀ ਹਾਸਲ ਕੀਤੀਆਂ ਹਨ। ਇਸੇ ਕਾਰਨ ਲੋਕ ਮਜ਼ਾਕ ਨਾਲ ਕਹਿੰਦੇ ਹਨ: "ਪਾਕਿਸਤਾਨ ਤਾਂ ਚੀਨ ਲਈ ਸੋਨੇ ਦੀ ਖਾਣ ਹੈ।"

ਹੁਣ ਪਾਕਿਸਤਾਨ ਜਦੋਂ ਚੀਨ ਉਤੇ ਵੱਧ ਤੋਂ ਵੱਧ ਨਿਰਭਰ ਹੋ ਰਿਹਾ ਹੈ ਤਾਂ ਇਮਰਾਨ ਖਾਨ ਸਿੰਧ ਸੂਬੇ ਦੇ ਸਾਹਿਲ ਦੇ ਕਰੀਬ ਕਰਾਚੀ ਨੇੜੇ ਅਰਬ ਸਾਗਰ ਵਿਚ ਸਥਿਤ ਦੋ ਪਾਕਿਸਤਾਨੀ ਟਾਪੂਆਂ ਬੁੰਦੋ ਤੇ ਬੰਡਲ ਨੂੰ ਵੀ ਚੀਨੀ ਪਣਡੁੱਬੀਆਂ ਦੇ ਸਮੁੰਦਰੀ ਅੱਡੇ ਵਾਸਤੇ ਦੇਣ ਦੀ ਤਿਆਰੀ ਵਿਚ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਚੀਨ ਹੁਣ ਅਰਬ ਸਾਗਰ ਵਿਚ ਪਾਕਿਸਤਾਨ ਦੀਆਂ ਸਮੁੰਦਰੀ ਹੱਦਾਂ ਵਿਚ ਜਾਂ ਨਜ਼ਦੀਕ ਹੋਰ ਸਮੁੰਦਰੀ ਫੌਜੀ ਅੱਡੇ ਬਣਾਉਣ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਵੀ ਤਿਆਰ ਹੋ ਗਿਆ ਹੈ। ਦੂਜੇ ਪਾਸੇ ਇਹ ਵੀ ਸਾਫ ਸੰਕੇਤ ਹਨ ਕਿ ਪਾਕਿਸਤਾਨ ਦੇ ਦੋਵੇਂ ਸਾਹਿਲੀ ਸੂਬਿਆਂ ਸਿੰਧ ਤੇ ਬਲੋਚਿਸਤਾਨ ਵਿਚ ਚੀਨ ਵੱਲੋਂ ਜ਼ਮੀਨ ਤੇ ਕੁਦਰਤੀ ਵਸੀਲਿਆਂ ਦੀ ਲੁੱਟ-ਖਸੁੱਟ ਖਿਲਾਫ ਲੋਕ ਰੋਹ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ। ਬਲੋਚਿਸਤਾਨ ਤੇ ਸਿੰਧ ਵਿਚ ਚੀਨ ਦੀਆਂ ਇਨ੍ਹਾਂ ਸਰਗਰਮੀਆਂ ਦਾ ਸਿੱਟਾ ਸਿੰਧ ਸੂਬੇ ਵਿਚ ਸਿੰਧੂਦੇਸ਼ ਰੈਵੋਲਿਊਸ਼ਨਰੀ ਆਰਮੀ ਨਾਮੀ ਖਾੜਕੂ ਜਥੇਬੰਦੀ ਦੇ ਉਭਾਰ ਵਜੋਂ ਵੀ ਨਿਕਲਿਆ ਹੈ; ਦੱਸਿਆ ਜਾ ਰਿਹਾ ਹੈ ਕਿ ਇਹ ਜਥੇਬੰਦੀ ਚੀਨੀ ਅਧਿਕਾਰੀਆਂ ਅਤੇ ਪ੍ਰੋਜੈਕਟਾਂ ਨੂੰ ਨਿਸ਼ਾਨਾ ਬਣਾਉਣ ਲਈ ਬਲੋਚਿਸਤਾਨ ਵਿਚਲੇ ਹਥਿਆਰਬੰਦ ਖਾੜਕੂ ਗਰੁੱਪਾਂ ਨਾਲ ਵੀ ਤਾਲਮੇਲ ਬਣਾ ਰਹੀ ਹੈ।

ਬਲੋਚਿਸਤਾਨ ਵਿਚ ਵਧ ਰਿਹਾ ਲੋਕ ਰੋਹ ਇਸ ਸੂਬੇ ਵਿਚ ਰਹਿ ਰਹੇ ਚੀਨੀ ਅਫਸਰਾਂ ਅਤੇ ਪੰਜਾਬੀਆਂ ਦੇ ਦਬਦਬੇ ਵਾਲੀ ਪਾਕਿਸਤਾਨ ਫੌਜ ਦੇ ਘਮੰਡੀ ਵਤੀਰੇ ਦਾ ਨਤੀਜਾ ਹੈ। ਪਿੱਛੇ ਜਿਹੇ ਪਾਕਿਸਤਾਨ ਫੌਜ ਨੇ ਚੀਨ ਦੇ ਇਸ਼ਾਰੇ ਉਤੇ ਬਲੋਚਿਸਤਾਨ ਦੀ ਸਮੁੱਚੀ ਗਵਾਦਰ ਬੰਦਰਗਾਹ ਨੂੰ ਸੀਲ ਕਰ ਦਿੱਤਾ ਅਤੇ ਇਥੇ ਬੰਦਰਗਾਹ ਉਤੇ ਮੁਕਾਮੀ ਸਿੰਧੀ ਲੋਕਾਂ ਦਾ ਦਾਖਲਾ ਆਪਹੁਦਰੇ ਢੰਗ ਨਾਲ ਬੰਦ ਕਰ ਦਿੱਤਾ ਗਿਆ। ਬਾਅਦ ਵਿਚ ਇਨ੍ਹਾਂ ਹੁਕਮਾਂ ਉਤੇ ਬਲੋਚਿਸਤਾਨ ਹਾਈ ਕੋਰਟ ਨੇ ਰੋਕ ਲਾ ਦਿੱਤੀ। ਦੇਖਦੇ ਹਾਂ ਕਿ ਬਲੋਚਿਸਤਾਨ ਹਾਈ ਕੋਰਟ ਦਾ ਇਹ ਸਟੇਅ ਆਰਡਰ ਕਿੰਨਾ ਚਿਰ ਲਾਗੂ ਰਹਿੰਦਾ ਹੈ।

ਇਸ ਗੱਲ ਦੀਆਂ ਬਹੁਤ ਭਰੋਸੇਮੰਦ ਰਿਪੋਰਟਾਂ ਹਨ ਕਿ ਗਵਾਦਰ ਤੋਂ ਇਲਾਵਾ ਸਿੰਧ ਸੂਬੇ ਦੇ ਟਾਪੂਆਂ ਬੁੰਦੋ ਅਤੇ ਬੰਡਲ ਨੂੰ ਵੀ ਚੀਨੀ ਬੰਦਰਗਾਹਾਂ ਦੇ ਅੱਡੇ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਇਸ ਕਾਰਨ ਇਹ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਬਲੋਚਿਸਤਾਨ ਤੇ ਸਿੰਧ ਵਿਚ ਚੀਨ ਦੀ ਵਧਦੀ ਮੌਜੂਦਗੀ ਕਾਰਨ ਕਿਸੇ ਸੀਨੀਅਰ ਫੌਜੀ ਅਫਸਰ ਨੂੰ ਇਨ੍ਹਾਂ ਸੂਬਿਆਂ ਵਿਚ ਚੀਨ ਦੀ ਸਹਾਇਤਾ ਵਾਲੇ ਪ੍ਰੋਜੈਕਟਾਂ ਦੇ ਮੁਖੀ ਵਜੋਂ ਨਿਯੁਕਤ ਕੀਤਾ ਜਾ ਸਕਦਾ ਹੈ। ਇਸ ਕਾਰਨ ਲੋਕਾਂ ਨੂੰ ਇਹ ਵੀ ਡਰ ਹੈ ਕਿ ਅਜਿਹਾ ਲਾਇਆ ਜਾਣ ਵਾਲਾ ਅਫਸਰ ਇਨ੍ਹਾਂ ਪ੍ਰੋਜੈਕਟਾਂ ਤੋਂ ਘਪਲੇ ਰਾਹੀਂ ਕਰੋੜਾਂ ਡਾਲਰ ਕਮਾਉਣ ਤੋਂ ਖੁਦ ਨੂੰ ਰੋਕ ਨਹੀਂ ਸਕੇਗਾ, ਜਿਵੇਂ ਪਹਿਲਾਂ ਪਾਕਿਸਤਾਨ ਵਿਚਲੇ ਸੀ.ਪੀ.ਈ.ਸੀ. ਪ੍ਰੋਜੈਕਟਾਂ ਦਾ ਮੁਖੀ ਲਾਏ ਗਏ ਲੈਫਟੀਨੈਂਟ ਜਨਰਲ ਅਸੀਮ ਬਾਜਵਾ ਨੇ ਕਥਿਤ ਤੌਰ ਤੇ 5.40 ਕਰੋੜ ਡਾਲਰ ਦੀ ਨਾਜਾਇਜ਼ ਕਮਾਈ ਕੀਤੀ ਹੈ। ਬਾਜਵਾ ਉਤੇ ਲੱਗੇ ਇਨ੍ਹਾਂ ਦੋਸ਼ਾਂ ਦੀ ਜਾਂਚ ਤਾਂ ਕੀ ਹੋਣੀ ਸੀ, ਉਲਟਾ ਇਨ੍ਹਾਂ ਪ੍ਰੋਜੈਕਟਾਂ ਦੇ ਮੁਖੀ ਵਜੋਂ ਉਸ ਦੇ ਅਹੁਦੇ ਦੀ ਮਿਆਦ ਵਧਾ ਦਿੱਤੀ ਗਈ।

ਹੁਣ ਅਸੀਮ ਬਾਜਵਾ ਨੂੰ ਗਿਲਗਿਤ-ਬਾਲਤਿਸਤਾਨ ਵਿਚਲੇ ਸੜਕੀ ਰੂਟਾਂ ਅਤੇ ਪਣ-ਬਿਜਲੀ ਪ੍ਰੋਜੈਕਟਾਂ ਵੱਲ ਧਿਆਨ ਕੇਂਦਰਿਤ ਕਰਨਾ ਹੋਵੇਗਾ। ਇਹ ਸੜਕ ਰੂਟ 'ਸਕਸ਼ਗਾਮ ਵਾਦੀ' ਵਿਚੋਂ ਲੰਘ ਕੇ ਚੀਨ ਦੇ ਸ਼ਿਨਜਿਆਂਗ ਸੂਬੇ ਤੱਕ ਜਾਣਾ ਹੈ। ਸ਼ਕਸਗਾਮ ਵਾਦੀ ਨੂੰ ਪਾਕਿਸਤਾਨ ਨੇ 1970ਵਿਆਂ ਦੌਰਾਨ ਚੀਨ ਨੂੰ 'ਤੋਹਫੇ ਵਜੋਂ' ਦੇ ਦਿੱਤਾ ਸੀ। ਭਾਰਤ ਨੇ ਸਮੁੱਚੇ ਮਕਬੂਜ਼ਾ ਕਸ਼ਮੀਰ ਉਤੇ ਭਾਰਤੀ ਦਾਅਵੇ ਦੇ ਮੱਦੇਨਜ਼ਰ ਪਾਕਿਸਤਾਨ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ ਸੀ। ਇਸ ਤਰ੍ਹਾਂ ਸਾਫ ਹੈ ਕਿ ਹੁਣ ਗਿਲਗਿਤ-ਬਾਲਤਿਸਤਾਨ ਵਿਚ ਚੀਨੀ ਫੌਜੀਆਂ ਦੀ ਆਮਦ ਵਧਦੀ ਜਾਵੇਗੀ। ਇਸ ਇਲਾਕੇ ਨੂੰ ਪੜਾਅਵਾਰ ਢੰਗ ਨਾਲ ਅਫਗਾਨਿਸਤਾਨ ਦੇ ਵਾਖਾਨ ਗਲਿਆਰੇ ਅਤੇ ਚੀਨ ਦੇ ਸ਼ਿਨਜਿਆਂਗ ਸੂਬੇ ਨਾਲ ਜੋੜ ਦਿੱਤਾ ਜਾਵੇਗਾ। ਦਰਅਸਲ, ਚੀਨ ਗਿਲਗਿਤ-ਬਾਲਤਿਸਤਾਨ ਖਿੱਤੇ ਵਿਚ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਅਤੇ ਪਣ-ਬਿਜਲੀ ਪ੍ਰੋਜੈਕਟਾਂ ਉਤੇ ਅਰਬਾਂ ਡਾਲਰ ਦਾ ਸਰਮਾਇਆ ਲਾਉਣ ਲਈ ਤਿਆਰ ਹੈ। ਪਹਿਲਾਂ ਹੀ ਮਾਲੀ ਬਦਹਾਲੀ ਦਾ ਸ਼ਿਕਾਰ ਪਾਕਿਸਤਾਨ ਦੇ ਸਿਰ ਛੇਤੀ ਹੀ ਚੀਨੀ ਕਰਜ਼ੇ ਦੀ ਪੰਡ ਹੋਰ ਭਾਰੀ ਹੋ ਜਾਵੇਗੀ। ਭਾਰਤ, ਅਮਰੀਕਾ, ਜਪਾਨ ਤੇ ਆਸਟਰੇਲੀਆ ਦੇ ਚਾਰ-ਮੁਲਕੀ ਗਰੁੱਪ 'ਕੁਐਡ' ਵੱਲੋਂ ਇਕ ਪਾਸੇ ਜਿਥੇ ਚੀਨ ਵੱਲੋਂ ਖੜ੍ਹੇ ਕੀਤੇ ਜਾ ਰਹੇ ਖਤਰਿਆਂ ਦੇ ਟਾਕਰੇ ਲਈ ਰਣਨੀਤੀ ਘੜੀ ਜਾ ਰਹੀ ਹੈ, ਉਥੇ ਹੀ ਇਸ ਨੂੰ ਪਾਕਿਸਤਾਨ ਦੇ ਭਾਰੀ ਕਰਜ਼ ਅਤੇ ਇਸ ਦੀ ਚੀਨ ਉਤੇ ਲਗਾਤਾਰ ਵਧ ਰਹੀ ਨਿਰਭਰਤਾ ਦੇ ਪੈਣ ਵਾਲੇ ਰਣਨੀਤਕ ਅਸਰਾਂ ਬਾਰੇ ਵੀ ਵਿਆਪਕ ਅਧਿਐਨ ਕਰਨ ਦੀ ਲੋੜ ਹੈ।

# ਭਾਜਪਾ ਅਤੇ ਟਰੰਪ ਦੀ ਸਾਂਝ

**ਅਭੈ ਕੁਮਾਰ ਦੂਬੇ**

ਚੋਣਾਂ ਹਾਰ ਚੁੱਕੇ ਡੋਨਲਡ ਟਰੰਪ ਦੇ ਸਮਰਥਕਾਂ ਵੱਲੋਂ ਅਮਰੀਕੀ ਸੰਸਦ 'ਤੇ ਕੀਤੀ ਚੜ੍ਹਾਈ ਦੀ ਘਟਨਾ ਨੇ ਲੋਕਤੰਤਰ ਵਿਚ ਯਕੀਨ ਰੱਖਣ ਵਾਲੇ ਭਾਰਤੀਆਂ ਦੇ ਪੁਰਾਣੇ ਜ਼ਖਮਾਂ ਨੂੰ ਤਾਜ਼ਾ ਕਰ ਦਿੱਤਾ ਹੈ। ਇਸ ਦੇ ਨਾਲ ਹੀ ਕੁਝ ਨਵੀਆਂ ਬਹਿਸਾਂ ਪੈਦਾ ਹੋਈਆਂ ਹਨ। ਕੈਪੀਟਲ ਹਿਲ 'ਤੇ ਜੋ ਕੁਝ ਹੋ ਰਿਹਾ ਸੀ, ਉਸ ਨੂੰ ਸਾਡੇ ਵਿਚੋਂ ਕਈ ਲੋਕਾਂ ਨੇ ਰਾਤ ਤਿੰਨ ਵਜੇ ਤੱਕ ਜਾਗ ਕੇ ਟੀ.ਵੀ. 'ਤੇ ਦੇਖਿਆ। ਇਹ ਦ੍ਰਿਸ਼ ਛੋਟੇ ਪੱਧਰ 'ਤੇ 1992 ਵਿਚ ਅਯੁੱਧਿਆ ਘਟਨਾ ਦੀ ਯਾਦ ਦਿਵਾ ਰਿਹਾ ਸੀ।

ਜਿਸ ਤਰ੍ਹਾਂ ਟਰੰਪ ਨੇ ਕੈਪੀਟਲ ਹਿਲ ਸਾਹਮਣੇ ਆਪਣੇ ਸਮਰਥਕਾਂ ਦੀ ਭੀੜ ਜਮ੍ਹਾਂ ਕੀਤੀ, ਜਿਸ ਤਰ੍ਹਾਂ ਟਰੰਪ ਨੇ ਭੜਕਾਊ ਭਾਸ਼ਣ ਦਿੱਤੇ, ਉਸ ਦੇ ਸਮਰਥਕਾਂ ਵਲੋਂ ਜਿਸ ਢੰਗ ਨਾਲ ਭਵਨ ਦੀਆਂ ਕੰਧਾਂ ਟੱਪੀਆਂ ਗਈਆਂ ਅਤੇ ਜਿਸ ਤਰ੍ਹਾਂ ਭੰਨ-ਤੋੜ ਨੂੰ ਅੰਜਾਮ ਦਿੱਤਾ ਗਿਆ, ਕੀ ਉਸੇ ਤਰ੍ਹਾਂ ਅਯੁੱਧਿਆ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਭਾਜਪਾ ਨੇ ਮਿਲ ਕੇ ਕਾਰ ਸੇਵਕਾਂ ਦੀ ਭੀੜ ਜਮ੍ਹਾਂ ਨਹੀਂ ਸੀ ਕੀਤੀ? ਕੀ ਉਸੇ ਤਰ੍ਹਾਂ ਕਾਰ ਸੇਵਕਾਂ ਦੇ ਸਾਹਮਣੇ ਨੇਤਾਵਾਂ ਨੇ ਭੜਕਾਊ ਭਾਸ਼ਣ ਨਹੀਂ ਸਨ ਦਿੱਤੇ? ਭੀੜ ਨੂੰ ਮਸਜਿਦ ਡੇਗਣ ਦੇ ਸੰਕੇਤ ਨਹੀਂ ਸਨ ਦਿੱਤੇ ਅਤੇ ਕੀ ਉਸੇ ਤਰ੍ਹਾਂ ਮਸਜਿਦ ਨੂੰ ਢਹਿ-ਢੇਰੀ ਨਹੀਂ ਸੀ ਕੀਤਾ ਗਿਆ? ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ ਕਿ ਦੋਵਾਂ ਘਟਨਾਵਾਂ ਵਿਚ ਫਰਕ ਸਿਰਫ ਛੋਟੇ ਅਤੇ ਵੱਡੇ ਪੱਧਰ ਦਾ ਸੀ। ਦੋਵਾਂ ਦੇ ਮੂਲ ਵਿਚ ਸੱਤਾ ਵਿਚ ਆਉਣ ਲਈ ਜਾਂ ਸੱਤਾ ਵਿਚ ਟਿਕੇ ਰਹਿਣ ਲਈ ਲੋਕਤੰਤਰੀ ਮਰਿਆਦਾਵਾਂ ਦੀ ਉਲੰਘਣਾ ਕਰ ਕੇ ਸਿੱਧੀ ਕਾਰਵਾਈ ਦੀ ਰਾਜਨੀਤੀ ਦਾ ਮਾਡਲ ਸ਼ਾਮਿਲ ਹੈ।

ਧਿਆਨ ਰਹੇ ਕਿ ਅਜਿਹਾ ਕੁਝ ਹੀ ਭਾਜਪਾ ਦੇ ਪਹਿਲੇ ਸਰੂਪ ਜਨਸੰਘ ਨੇ 7 ਨਵੰਬਰ, 1966 ਨੂੰ ਗਊ ਹੱਤਿਆ ਰੋਕਣ ਦੇ ਨਾਂ 'ਤੇ ਦਿੱਲੀ ਵਿਚ ਸਾਧੂਆਂ ਨੂੰ ਇਕੱਠਾ ਕਰ ਕੇ ਕੀਤਾ ਸੀ। ਉਸ ਸਮੇਂ ਸਾਧੂਆਂ ਦੀ ਭੀੜ ਸੰਸਦ ਭਵਨ ਵੱਲ ਚੱਲ ਪਈ ਸੀ ਅਤੇ ਉਸ ਨੂੰ ਰੋਕਣ ਲਈ ਪੁਲਿਸ ਨੂੰ ਬਲ ਪ੍ਰਯੋਗ ਕਰਨਾ ਪਿਆ ਸੀ। ਠੀਕ ਉਸੇ ਤਰ੍ਹਾਂ ਜਿਵੇਂ ਕੈਪੀਟਲ ਹਿਲ ਨੂੰ ਬਰਬਾਦੀ ਤੋਂ ਰੋਕਣ ਲਈ ਅਮਰੀਕਾ ਵਿਚ ਕੀਤਾ ਗਿਆ।

ਹੈਰਾਨੀ ਹੈ ਕਿ ਕੈਪੀਟਲ ਹਿਲ ਦੀ ਘਟਨਾ ਨਾਲ ਲੋਕਾਂ ਨੂੰ ਅਯੁੱਧਿਆ ਦੀ ਯਾਦ ਕਿਉਂ ਨਹੀਂ ਆਈ? ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣਾ ਪ੍ਰਤੀਕਰਮ ਦਿੱਤਾ ਸੀ ਕਿ ਕਿਸੇ ਵੀ ਚੁਣੀ ਸਰਕਾਰ ਖਿਲਾਫ ਗੈਰ-ਕਾਨੂੰਨੀ ਅੰਦੋਲਨ ਨਹੀਂ ਹੋਣੇ ਚਾਹੀਦੇ ਤਾਂ ਕਿਸੇ ਨੇ ਉਨ੍ਹਾਂ ਨੂੰ ਯਾਦ ਕਿਉਂ ਨਹੀਂ ਕਰਵਾਇਆ ਕਿ ਭਾਜਪਾ ਜਿਸ ਘੋੜੇ ਦੀ ਸਵਾਰੀ ਕਰਦਿਆਂ ਦੋ ਸੀਟਾਂ ਤੋਂ ਪੂਰਨ ਬਹੁਮਤ ਦੇ ਮੁਕਾਮ 'ਤੇ ਪਹੁੰਚੀ ਹੈ, ਉਸ ਘੋੜੇ ਦਾ ਨਾਂ ਰਾਮ ਜਨਮ ਭੂਮੀ ਅੰਦੋਲਨ ਸੀ, ਜੋ ਕਈ ਸਾਲ ਚਲਾਇਆ ਅਤੇ ਉਸ ਅੰਦੋਲਨ ਨੂੰ ਇਸੇ ਤਰ੍ਹਾਂ ਦੇ ਗੈਰ-ਲੋਕਤੰਤਰੀ ਅਤੇ ਗੈਰ-ਕਾਨੂੰਨੀ ਅੰਦੋਲਨ ਦੀ ਸਭ ਤੋਂ ਵੱਡੀ ਉਦਾਹਰਨ ਸਮਝਿਆ ਜਾਣਾ ਚਾਹੀਦਾ ਹੈ। ਅਯੁੱਧਿਆ ਵਿਚ 1992 ਦੀ ਘਟਨਾ ਤੋਂ ਦੋ ਸਾਲ ਪਹਿਲਾਂ ਉਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਯਾਦਵ ਦੀ ਚੁਣੀ ਹੋਈ ਸਰਕਾਰ ਖਿਲਾਫ ਸਾਰੇ ਦੇਸ਼ ਵਿਚੋਂ ਕਾਰਸੇਵਕਾਂ ਨੂੰ ਇਕੱਠਾ ਕਰ ਕੇ ਜਿਸ ਤਰ੍ਹਾਂ ਦਾ ਹਮਲਾ ਬੋਲਿਆ ਗਿਆ ਸੀ, ਉਸ ਨੂੰ ਭਲਾ ਕੌਣ ਭੁੱਲ ਸਕਦਾ ਹੈ?

ਫਿਰ ਦੋ ਸਾਲ ਬਾਅਦ 6 ਦਸੰਬਰ ਨੂੰ ਸੁਪਰੀਮ ਕੋਰਟ ਵਿਚ ਝੂਠਾ ਹਲਫਨਾਮਾ ਦੇ ਕੇ ਅਤੇ ਪ੍ਰਤੀਕਾਤਮਕ ਕਾਰ ਸੇਵਾ ਦਾ ਝਾਂਸਾ ਦੇ ਕੇ ਜੋ ਕਾਰਵਾਈ ਕੀਤੀ ਗਈ, ਉਹ ਟਰੰਪ ਦੀ ਰਾਜਨੀਤੀ ਦੇ ਮਾਡਲ ਵਿਚ ਫਿਟ ਬੈਠਦੀ ਹੈ। ਭਾਜਪਾ ਜਦੋਂ ਸੱਤਾ ਤੋਂ ਬਾਹਰ ਹੁੰਦੀ ਹੈ ਤਾਂ ਇਸੇ ਤਰ੍ਹਾਂ ਦੀ ਸਿੱਧੀ ਕਾਰਵਾਈ ਦੀ ਯੋਜਨਾ ਬਣਾਉਂਦੀ ਹੈ। ਹਿੰਦੂ ਰਾਸ਼ਟਰ ਦੀ ਰਾਜਨੀਤੀ ਵਿਚ ਇਸ ਤਰ੍ਹਾਂ ਦੇ ਕਈ ਰੁਝਾਨ ਮਿਲਦੇ ਹਨ ਜੋ ਟਰੰਪ ਦੀ ਰਾਜਨੀਤੀ ਵਿਚ ਹਨ, ਭਾਵ ਚੋਣਾਂ ਹਾਰਨ ਤੋਂ ਬਾਅਦ ਵੀ ਵੋਟਿੰਗ ਜਾਂ ਗਿਣਤੀ ਵਿਚ ਬੇਈਮਾਨੀ ਦੇ ਇਲਜ਼ਾਮ ਦੇ ਆਧਾਰ 'ਤੇ ਰਾਜਨੀਤੀ ਕਰਨ ਦੀ ਸ਼ੁਰੂਆਤ ਵੀ ਭਾਰਤ ਵਿਚ ਜਨਸੰਘ ਅਤੇ ਭਾਜਪਾ ਨੇ ਹੀ ਕੀਤੀ ਸੀ। ਲੋਕਾਂ ਨੂੰ ਯਾਦ ਹੋਵੇਗਾ ਕਿ ਜਦੋਂ 1971 ਵਿਚ ਇੰਦਰਾ ਗਾਂਧੀ ਦੀ ਲੋਕਪ੍ਰਿਅਤਾ ਨੇ ਵਿਰੋਧੀ ਧਿਰ ਨੂੰ ਗੈਰ-ਪ੍ਰਸੰਗਿਕ ਕਰ ਦਿੱਤਾ ਤਾਂ ਉਸ ਸਮੇਂ ਵਿਚ ਹੇਰਾਫੇਰੀ ਦਾ ਦੋਸ਼ ਜਨਸੰਘੀ ਦਿਮਾਗਾਂ ਨੇ ਹੀ ਲਗਾਇਆ ਸੀ। ਇਸੇ ਪਰੰਪਰਾ 'ਤੇ ਚਲਦਿਆਂ ਲਾਲ ਕ੍ਰਿਸ਼ਨ ਅਡਵਾਨੀ ਨੇ 2009 ਵਿਚ ਚੋਣਾਂ ਹਾਰਨ ਤੋਂ ਬਾਅਦ ਈ.ਵੀ.ਐਮ. ਵਿਚ ਗੜਬੜੀ ਦਾ ਦੋਸ਼ ਲਗਾਇਆ ਸੀ। ਭਾਜਪਾ ਨਾਲ ਸਬੰਧਿਤ ਇਕ ਵਿਅਕਤੀ ਨੇ ਇਸ ਵਿਸ਼ੇ 'ਤੇ ਕਿਤਾਬ ਵੀ ਲਿਖਵਾਈ ਸੀ। ਲੋਕਤੰਤਰ ਦੇ ਸਮਰਥਕ ਚਾਹੁਣ ਤਾਂ ਇਹ ਕਲਪਨਾ ਕਰ ਸਕਦੇ ਹਨ ਕਿ ਜਦੋਂ ਨਰਿੰਦਰ ਮੋਦੀ ਚੋਣਾਂ ਹਾਰਨਗੇ ਤਾਂ ਭਾਜਪਾ ਤੇ ਸੰਘ ਪਰਿਵਾਰ ਦਾ ਰਵੱਈਆ ਕਿਹੋ ਜਿਹਾ ਹੋਵੇਗਾ? ਜ਼ਾਹਰ ਹੈ ਕਿ ਹਾਰ ਦੇ ਬਾਵਜੂਦ ਜਨਤਾ ਦਾ ਇਕ ਵੱਡਾ ਹਿੱਸਾ ਉਸੇ ਤਰ੍ਹਾਂ ਮੋਦੀ ਦਾ ਸਮਰਥਕ ਹੋਵੇਗਾ, ਜਿਸ ਤਰ੍ਹਾਂ ਅੱਜ ਅਮਰੀਕਾ ਵਿਚ ਟਰੰਪ ਦਾ ਸਮਰਥਕ ਹੈ। ਕੌਣ ਗਾਰੰਟੀ ਦੇ ਸਕਦਾ ਹੈ ਕਿ ਇਨ੍ਹਾਂ ਸਮਰਥਕਾਂ ਦੇ ਦਮ 'ਤੇ ਭਾਜਪਾ ਸਿੱਧੀ ਕਾਰਵਾਈ ਦੀ ਰਾਜਨੀਤੀ ਕਰਨ ਲਈ ਕਈ ਤਰ੍ਹਾਂ ਦੇ ਮੁੱਦਿਆਂ ਅਤੇ ਅੰਦੋਲਨਾਂ ਨੂੰ ਤਿਆਰ ਨਹੀਂ ਕਰੇਗੀ।

> *ਹੈਰਾਨੀ ਹੈ ਕਿ ਕੈਪੀਟਲ ਹਿਲ ਦੀ ਘਟਨਾ ਨਾਲ ਲੋਕਾਂ ਨੂੰ ਅਯੁੱਧਿਆ ਦੀ ਯਾਦ ਕਿਉਂ ਨਹੀਂ ਆਈ? ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣਾ ਪ੍ਰਤੀਕਰਮ ਦਿੱਤਾ ਸੀ ਕਿ ਕਿਸੇ ਵੀ ਚੁਣੀ ਸਰਕਾਰ ਖਿਲਾਫ ਗੈਰ-ਕਾਨੂੰਨੀ ਅੰਦੋਲਨ ਨਹੀਂ ਹੋਣੇ ਚਾਹੀਦੇ ਤਾਂ ਕਿਸੇ ਨੇ ਉਨ੍ਹਾਂ ਨੂੰ ਯਾਦ ਕਿਉਂ ਨਹੀਂ ਕਰਵਾਇਆ ਕਿ ਭਾਜਪਾ ਜਿਸ ਘੋੜੇ ਦੀ ਸਵਾਰੀ ਕਰਦਿਆਂ ਦੋ ਸੀਟਾਂ ਤੋਂ ਪੂਰਨ ਬਹੁਮਤ ਦੇ ਮੁਕਾਮ 'ਤੇ ਪਹੁੰਚੀ ਹੈ, ਉਸ ਘੋੜੇ ਦਾ ਨਾਂ ਰਾਮ ਜਨਮ ਭੂਮੀ ਅੰਦੋਲਨ ਸੀ, ਜੋ ਕਈ ਸਾਲ ਚਲਾਇਆ ਅਤੇ ਉਸ ਅੰਦੋਲਨ ਨੂੰ ਇਸੇ ਤਰ੍ਹਾਂ ਦੇ ਗੈਰ-ਲੋਕਤੰਤਰੀ ਅਤੇ ਗੈਰ-ਕਾਨੂੰਨੀ ਅੰਦੋਲਨ ਦੀ ਸਭ ਤੋਂ ਵੱਡੀ ਉਦਾਹਰਨ ਸਮਝਿਆ ਜਾਣਾ ਚਾਹੀਦਾ ਹੈ।*

ਦਰਅਸਲ ਟਰੰਪ ਦੀ ਹਾਰ ਉਨ੍ਹਾਂ ਦੇ ਅਮਰੀਕਾ ਸਥਿਤ ਸਮਰਥਕਾਂ ਦੇ ਨਾਲ-ਨਾਲ ਭਾਰਤ ਵਿਚ ਭਾਜਪਾ ਨੂੰ ਵੀ ਬੁਰੀ ਤਰ੍ਹਾਂ ਡਰਾ ਰਹੀ ਹੈ। ਕੌਣ ਭੁੱਲ ਸਕਦਾ ਹੈ ਕਿ ਜਦੋਂ ਹਾਓਡੀ ਮੋਦੀ ਪ੍ਰੋਗਰਾਮ ਵਿਚ ਨਰਿੰਦਰ ਮੋਦੀ ਟਰੰਪ ਦਾ ਹੱਥ ਫੜ ਕੇ 'ਅਬ ਕੀ ਬਾਰ ਟਰੰਪ ਸਰਕਾਰ' ਦਾ ਨਾਅਰਾ ਲਗਾ ਰਹੇ ਸਨ, ਉਦੋਂ ਟਰੰਪ ਨੂੰ ਲੱਗ ਰਿਹਾ ਸੀ ਕਿ ਅਮਰੀਕਾ ਦੇ ਭਾਰਤ ਵਾਸੀਆਂ ਦੀਆਂ ਵੋਟਾਂ ਮੋਦੀ ਦੀ ਵਜ੍ਹਾ ਨਾਲ ਉਨ੍ਹਾਂ ਨੂੰ ਮਿਲ ਸਕਦੀਆਂ ਹਨ। ਭਾਰਤ ਦੇ ਪ੍ਰਧਾਨ ਮੰਤਰੀ ਨੇ ਅਮਰੀਕਾ ਵਿਚ ਜਾ ਕੇ ਪਹਿਲੀ ਵਾਰ ਚੋਣ ਪ੍ਰਚਾਰ ਕੀਤਾ ਸੀ। ਪੂਰੀ ਭਾਜਪਾ ਟਰੰਪ ਨਾਲ ਖੜ੍ਹੀ ਸੀ। ਜਿਸ ਦਿਨ ਵੋਟਾਂ ਦੀ ਗਿਣਤੀ ਚੱਲ ਰਹੀ ਸੀ, ਉਸ ਸਮੇਂ ਭਾਰਤੀ ਟੀ.ਵੀ. ਚੈਨਲਾਂ 'ਤੇ ਭਾਜਪਾ ਸਮਰਥਕ ਅਤੇ ਬੁਲਾਰੇ ਇਹ ਮੰਨਣ ਲਈ ਤਿਆਰ ਨਹੀਂ ਸਨ ਕਿ ਟਰੰਪ ਵੀ ਪਛੜ ਸਕਦੇ ਹਨ। ਜਦੋਂ ਟਰੰਪ ਬੁਰੀ ਤਰ੍ਹਾਂ ਪਛੜਨ ਲੱਗੇ ਤਾਂ ਭਾਜਪਾ ਸਮਰਥਕਾਂ ਵਲੋਂ ਟਰੰਪ ਦੀ ਸੁਰ ਵਿਚ ਸੁਰ ਮਿਲਾਉਂਦਿਆਂ ਵੋਟਿੰਗ ਅਤੇ ਗਿਣਤੀ ਦੀ ਧਾਂਦਲੀ ਦਾ ਦੋਸ਼ ਲਗਾਇਆ ਜਾਣ ਲੱਗਾ। ਹੁਣ ਕਿਉਂਕਿ ਕੈਪੀਟਲ ਹਿਲ 'ਤੇ ਹੋਏ ਹਮਲੇ ਦਾ ਸਮਰਥਨ ਨਹੀਂ ਕੀਤਾ ਜਾ ਸਕਦਾ, ਇਸ ਲਈ ਜਿਵੇਂ ਹੀ ਟਵਿਟਰ ਨੇ ਟਰੰਪ ਦਾ ਖਾਤਾ ਬੰਦ ਕਰਨ ਦਾ ਐਲਾਨ ਕੀਤਾ, ਉਦੋਂ ਹੀ ਵਿਚਾਰਾਂ ਦੀ ਆਜ਼ਾਦੀ ਦੀ ਦਲੀਲ ਦੇ ਨਾਂਅ 'ਤੇ ਭਾਜਪਾ ਸਮਰਥਕ ਟਰੰਪ ਦੇ ਪੱਖ ਵਿਚ ਬੋਲਣ ਲੱਗੇ। ਉਹ ਟਰੰਪ ਦਾ ਸਮਰਥਨ ਕਰਨ ਲਈ ਕਿਸੇ ਮੌਕੇ ਦੀ ਤਲਾਸ਼ ਵਿਚ ਸਨ। ਮੋਦੀ ਅਤੇ ਭਾਜਪਾ ਦੀ ਆਲੋਚਨਾ ਕਰਨ ਵਾਲੇ ਮਾਹਿਰਾਂ ਨੇ ਵੀ ਇਨ੍ਹਾਂ ਮੁੱਦਿਆਂ ਦੀ ਚਰਚਾ ਨਹੀਂ ਕੀਤੀ। ਇਸ ਨਾਲ ਇਕ ਗੱਲ ਸਾਫ ਹੁੰਦੀ ਹੈ ਕਿ ਭਾਜਪਾ ਅਤੇ ਹਿੰਦੂ ਰਾਸ਼ਟਰਵਾਦ ਨੂੰ ਉਸ ਦਾ ਸਿਆਸੀ ਅਤੀਤ ਯਾਦ ਦਿਵਾਉਣ ਵਾਲਿਆਂ ਦੀ ਹੁਣ ਕਮੀ ਹੋ ਗਈ ਹੈ। ਜਨਤਕ ਜੀਵਨ ਅਤੇ ਮੀਡੀਆ ਵਿਚ ਹੁਣ ਉਹ ਆਵਾਜ਼ਾਂ ਬੁਝਦੀਆਂ ਜਾ ਰਹੀਆਂ ਹਨ, ਜੋ ਅਜਿਹੀਆਂ ਘਟਨਾਵਾਂ ਦੀ ਆਲੋਚਨਾ ਕਰਦੀਆਂ ਸਨ। ਇਹ ਦੁੱਖ ਦੀ ਗੱਲ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 16 ਜਨਵਰੀ 2021*

## ਟਰੰਪਵਾਦੀ ਸਿਆਸਤ

ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿਚ ਕੈਪੀਟਲ ਹਿੱਲ ਵਿਖੇ ਜੋ ਕੁਝ ਵਾਪਰਿਆ, ਉਹ ਰਾਸ਼ਟਰਪਤੀ ਡੋਨਲਡ ਟਰੰਪ ਦੀ ਵੰਡਪਾਊ ਸਿਆਸਤ ਦਾ ਸਿਖਰ ਸੀ। ਡੋਨਲਡ ਟਰੰਪ ਦਾ ਕਾਰਜਕਾਲ 20 ਜਨਵਰੀ ਨੂੰ ਖਤਮ ਹੋ ਰਿਹਾ ਹੈ ਅਤੇ ਨਵਾਂ ਰਾਸ਼ਟਰਪਤੀ ਜੋਅ ਬਾਇਡਨ ਉਸ ਦਿਨ ਮੁਲਕ ਦੀ ਕਮਾਨ ਸੰਭਾਲ ਰਿਹਾ ਹੈ, ਪਰ ਕੈਪੀਟਲ ਹਿੱਲ 'ਚ ਹਿੰਸਾ ਭੜਕਣ ਤੱਕ ਟਰੰਪ ਆਪਣੀ ਹਾਰ ਸਵੀਕਾਰਨ ਲਈ ਤਿਆਰ ਨਹੀਂ ਸੀ। ਕੁੱਲ ਦੁਨੀਆ ਇਸ ਹਿੰਸਾ ਜਿਸ ਵਿਚ ਪੰਜ ਜਾਨਾਂ ਚਲੀਆਂ ਗਈਆਂ ਹਨ, ਲਈ ਟਰੰਪ ਵੱਲੋਂ ਉਥੇ ਕੀਤੇ ਭੜਕਾਊ ਭਾਸ਼ਨ ਨੂੰ ਹੀ ਜ਼ਿੰਮੇਵਾਰ ਗਰਦਾਨ ਰਹੀ ਹੈ, ਪਰ ਟਰੰਪ ਇਸ ਬਾਰੇ ਉਕਾ ਹੀ ਪ੍ਰਵਾਹ ਨਹੀਂ ਕਰ ਰਿਹਾ ਹੈ ਤੇ ਕਹਿ ਰਿਹਾ ਹੈ ਕਿ ਉਸ ਖਿਲਾਫ ਮਹਾਂਦੋਸ਼ ਦੀ ਕਾਰਵਾਈ ਸ਼ੁਰੂ ਹੋਣ ਬਾਰੇ ਸੁਣ-ਸੁਣ ਕੇ ਲੋਕ ਸਗੋਂ ਹੋਰ ਭੜਕਣਗੇ। ਅਮਰੀਕਾ ਦੀ ਖੁਫੀਆ ਏਜੰਸੀ ਐੱਫ.ਬੀ.ਆਈ. ਨੇ ਵੀ ਭਵਿੱਖਬਾਣੀ ਕੀਤੀ ਹੈ ਜਿਸ ਤਰ੍ਹਾਂ ਦਾ ਮਾਹੌਲ ਮੁਲਕ ਵਿਚ ਚੱਲ ਰਿਹਾ ਹੈ, ਉਸ ਤੋਂ ਮੁਲਕ ਦੇ ਸਾਰੇ ਦੇ ਸਾਰੇ, 50 ਰਾਜਾਂ ਅੰਦਰ ਹਿੰਸਾ ਭੜਕਣ ਦਾ ਖਦਸ਼ਾ ਹੈ। ਖੈਰ ! ਸਾਰੇ ਸਿਆਸੀ ਵਿਸ਼ਲੇਸ਼ਕ ਮੰਨ ਰਹੇ ਹਨ ਕਿ ਟਰੰਪ ਦੀ ਪਿਛਲੇ 4 ਸਾਲਾਂ ਦੀ ਸਿਆਸਤ ਨੇ ਮੁਲਕ 'ਚ ਡੂੰਘੀਆਂ ਦਰਾੜਾਂ ਪੈਦਾ ਕਰ ਦਿੱਤੀਆਂ ਹਨ ਜੋ ਮੁਲਕ ਦੀ ਜਮਹੂਰੀਅਤ ਲਈ ਖਤਰਾ ਬਣ ਸਕਦੀਆਂ ਹਨ। ਇਨ੍ਹਾਂ ਦਰਾੜਾਂ ਨੂੰ ਖਤਮ ਕਰਨ ਲਈ ਪਤਾ ਨਹੀਂ ਕਿੰਨੇ ਸਾਲ ਲੱਗ ਜਾਣ; ਇਹੀ ਨਹੀਂ ਟਰੰਪ ਨੇ ਆਪਣੇ ਕਾਰਜਕਾਲ ਦੌਰਾਨ ਮੁਲਕ ਦੀਆਂ ਜਮਹੂਰੀ ਸੰਸਥਾਵਾਂ ਨੂੰ ਨੁਕਸਾਨ ਪਹੁੰਚਾਉਣ ਲਈ ਵੀ ਅੱਡੀ-ਚੋਟੀ ਦਾ ਜ਼ੋਰ ਲਾਈ ਰੱਖਿਆ। ਮੀਡੀਆ ਜੋ ਇਸ ਦੀ ਵੰਡਪਾਊ ਸਿਆਸਤ ਦੀ ਆਲੋਚਨਾ ਕਰਦਾ ਸੀ, ਨੂੰ ਬਦਨਾਮ ਕਰਨ ਲਈ ਵੀ ਉਸ ਨੇ ਪੂਰਾ ਟਿੱਲ ਲਾਇਆ।

ਉਂਜ ਅਜਿਹੀਆਂ ਦਰਾੜਾਂ ਨੂੰ ਖਤਮ ਕਰਨ ਦੀ ਵੱਡੀ ਕਵਾਇਦ ਇਸ ਵਕਤ ਸੰਸਾਰ ਦੇ ਇਕ ਹੋਰ ਜਮਹੂਰੀ ਮੁਲਕ, ਭਾਰਤ ਅੰਦਰ ਚੱਲ ਰਹੀ ਹੈ। ਟਰੰਪ ਦਾ ਹੀ ਜੋਟੀਦਾਰ ਨਰਿੰਦਰ ਮੋਦੀ ਜਦੋਂ ਤੋਂ ਭਾਰਤ ਦਾ ਪ੍ਰਧਾਨ ਮੰਤਰੀ ਬਣਿਆ ਹੈ, ਉਸ ਨੇ ਭਾਰਤ ਦੇ ਵੱਖ-ਵੱਖ ਫਿਰਕਿਆਂ ਅੰਦਰ ਦਰਾੜਾਂ ਪਾਉਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਮੁਲਕ ਦੀਆਂ ਘੱਟ ਗਿਣਤੀਆਂ, ਖਾਸ ਕਰ ਕੇ ਮੁਸਲਮਾਨਾਂ ਨੂੰ ਲਗਾਤਾਰ ਨਿਸ਼ਾਨਾ ਬਣਾਇਆ ਗਿਆ। ਇਸ ਖਿਲਾਫ ਲੱਗੇ ਸ਼ਾਹੀਨ ਬਾਗ ਵਾਲੇ ਵੱਡੇ ਮੋਰਚੇ ਨੂੰ ਵੀ ਕਰੋਨਾ ਦੇ ਬਹਾਨੇ ਖਤਮ ਕਰ ਦਿੱਤਾ ਗਿਆ। ਫਿਰ ਜੰਮੂ ਕਸ਼ਮੀਰ ਨੂੰ ਰਾਜ ਤੋਂ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਤਬਦੀਲ ਕਰ ਦਿੱਤਾ ਗਿਆ ਪਰ ਪੰਜਾਬ ਤੋਂ ਉਠੇ ਕਿਸਾਨੀ ਘੋਲ ਨੇ ਦਰਸਾ ਦਿੱਤਾ ਹੈ ਕਿ ਇਕੱਠੇ ਹੋ ਕੇ ਹੀ ਅਜਿਹੇ ਵੰਡਪਾਊ ਸਿਆਸਤਦਾਨਾਂ ਅਤੇ ਇਨ੍ਹਾਂ ਦੀ ਕੁਹਜੀ ਸਿਆਸਤ ਨੂੰ ਟੱਕਰ ਦਿੱਤੀ ਜਾ ਸਕਦੀ ਹੈ। ਇਸ ਸ਼ਾਂਤਮਈ ਅੰਦੋਲਨ ਨੇ ਮੋਦੀ ਸਰਕਾਰ ਨੂੰ ਇਸ ਕਦਰ ਬੇਵੱਸ ਕਰ ਦਿੱਤਾ ਕਿ ਇਹ ਖੇਤੀ ਕਾਨੂੰਨਾਂ ਵਿਚ ਅਣਗਿਣਤ ਸੋਧਾਂ ਲਈ ਵੀ ਤਿਆਰ ਹੋ ਗਈ ਪਰ ਕਿਸਾਨ, ਖੇਤੀ ਕਾਨੂੰਨ ਮੁੱਢੋਂ ਹੀ ਰੱਦ ਕਰਨ ਲਈ ਅੜੇ ਹੋਏ ਹਨ। ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਦੋਹਾਂ ਸੱਜੇਪੱਖੀ ਲੀਡਰਾਂ ਨੇ ਆਪੋ-ਆਪਣੇ ਮੁਲਕਾਂ ਨੂੰ ਅਗਾਂਹ ਲਿਜਾਣ ਦੇ ਨਾਂ 'ਤੇ ਸਮਾਜਾਂ ਨੂੰ ਪਿਛਲਖੁਰੀ ਤੋਰਨ ਦਾ ਯਤਨ ਕੀਤਾ ਅਤੇ ਵੱਖ-ਵੱਖ ਫਿਰਕਿਆਂ ਤੇ ਤਬਕਿਆਂ ਅੰਦਰ ਵੰਡੀਆਂ ਪਾ ਦਿੱਤੀਆਂ। ਕਰੋਨਾ ਵਰਗੀ ਮਹਾਮਾਰੀ ਨੂੰ ਵੀ ਇਨ੍ਹਾਂ ਨੇ ਆਪਣੀ ਸਿਆਸਤ ਦੇ ਹੱਕ ਵਿਚ ਵਰਤਣ ਦਾ ਯਤਨ ਕੀਤਾ। ਅਮਰੀਕਾ ਵਿਚ ਕਿਉਂਕਿ ਇਸ ਦੌਰਾਨ ਚੋਣਾਂ ਆ ਗਈਆਂ ਅਤੇ ਆਮ ਲੋਕਾਂ ਨੇ ਟਰੰਪਵਾਦ ਦੇ ਖਾਤਮੇ ਲਈ ਕਦਮ ਅਹਿਮ ਪੁੱਟਦਿਆਂ ਮਿਸਾਲੀ ਵੋਟਿੰਗ ਰਾਹੀਂ ਡੋਨਲਡ ਟਰੰਪ ਨੂੰ ਘਰ ਤੋਰ ਦਿੱਤਾ ਪਰ ਨਰਿੰਦਰ ਮੋਦੀ ਸਾਹਮਣੇ ਅਜੇ ਚੋਣਾਂ ਵਗੈਰਾ ਦੀ ਕੋਈ ਚੁਣੌਤੀ ਨਹੀਂ ਹੈ ਅਤੇ ਉਹ ਕਿਸਾਨਾਂ ਖਿਲਾਫ ਬਣਾਏ ਮਾਰੂ ਖੇਤੀ ਕਾਨੂੰਨ ਰੱਦ ਨਾ ਕਰਨ ਲਈ ਅੜਿਆ ਹੋਇਆ ਹੈ।

ਚੰਗੀ ਗੱਲ ਇਹ ਹੈ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਮੋਦੀ ਖਿਲਾਫ ਆਪਣੇ ਘੋਲ ਨੂੰ ਇਸ ਪੱਧਰ ਉਤੇ ਲੈ ਗਈਆਂ ਕਿ ਸਰਕਾਰ ਬੇਵੱਸ ਹੋਈ ਪਈ ਹੈ। ਕਿਸਾਨ ਪਿਛਲੇ ਡੇਢ ਮਹੀਨੇ ਤੋਂ ਮੁਲਕ ਦੀ ਰਾਜਧਾਨੀ ਦਿੱਲੀ ਦੇ ਪੰਜਾਂ ਦੇ ਪੰਜ ਮੁੱਖ ਮਾਰਗ ਮੱਲੀ ਬੈਠੇ ਹਨ। ਇਸ ਦੌਰਾਨ ਮੋਦੀ ਸਰਕਾਰ ਦੀ ਇਸ ਘੇਰਾਬੰਦੀ ਨੂੰ ਮੁਲਕ ਭਰ ਵਿਚ ਇੰਨਾ ਹੁੰਗਾਰਾ ਮਿਲਿਆ ਹੈ ਕਿ ਹੁਣ ਹੋਰ ਰਾਜਾਂ ਦੇ ਕਿਸਾਨਾਂ ਨੇ ਵੀ ਦਿੱਲੀ ਵੱਲ ਚਾਲੇ ਪਾ ਦਿੱਤੇ ਹਨ। ਫਿਲਹਾਲ ਅਮਰੀਕਾ ਵਿਚ ਅਜਿਹੇ ਕਿਸੇ ਘੋਲ ਦੀ ਕਨਸੋਅ ਨਹੀਂ ਪੈ ਰਹੀ ਸਗੋਂ ਉਥੇ ਟਰੰਪਵਾਦੀ ਪ੍ਰੀਤੀਕਿਰਿਆ ਬਾਰੇ ਖਦਸ਼ੇ ਜ਼ਾਹਿਰ ਕੀਤੇ ਜਾ ਰਹੇ ਹਨ। ਉਂਜ, ਇਹ ਗੱਲ ਤਾਂ ਪੱਕੀ ਹੈ ਕਿ ਟਰੰਪਵਾਦੀ ਸਿਆਸਤ ਨੂੰ ਮਾਤ ਦੇਣ ਲਈ ਅਜਿਹੀ ਲਾਮਬੰਦੀ ਦੀ ਹੀ ਜ਼ਰੂਰਤ ਹੈ। ਪਿਛੇ ਜਿਹੇ ਸਿਆਹਫਾਮ ਨਾਗਰਿਕ ਜਾਰਜ ਫਲਾਇਡ ਦੀ ਮੌਤ ਤੋਂ ਬਾਅਦ ਉਠੇ 'ਬਲੈਕ ਲਾਈਵਜ਼ ਮੈਟਰਜ਼' ਅੰਦੋਲਨ ਨੇ ਅਮਰੀਕੀ ਸਮਾਜ ਨੂੰ ਟਰੰਪਵਾਦੀ ਸਿਆਸਤ ਤੋਂ ਸੁਚੇਤ ਕਰਨ ਅਤੇ ਨਾਲ ਹੀ ਖਹਿੜਾ ਛੁਡਾਉਣ ਦਾ ਸੁਨੇਹਾ ਦਿੱਤਾ ਸੀ। ਵੰਡਪਾਊ ਸਿਆਸਤ ਦੇ ਮਾਮਲੇ 'ਤੇ ਟਰੰਪ ਦੀ ਪਾਰਟੀ, ਰਿਪਬਲਿਕਨ ਪਾਰਟੀ ਉਤੇ ਵੀ ਸਵਾਲੀਆ ਨਿਸ਼ਾਨ ਲੱਗੇ ਹਨ। ਹੁਣ ਉਪ ਰਾਸ਼ਟਰਪਤੀ ਮਾਈਕ ਪੈਂਸ ਦੀ ਪਹੁੰਚ ਨੂੰ ਵੀ ਇਸੇ ਸਿਆਸਤ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਅਮਰੀਕੀ ਸੰਵਿਧਾਨ ਦੀ ਧਾਰਾ 25 ਮੁਤਾਬਿਕ, ਉਪ ਰਾਸ਼ਟਰਪਤੀ ਆਪਣੀ ਤਾਕਤ ਦੀ ਵਰਤੋਂ ਕਰ ਕੇ ਰਾਸ਼ਟਰਪਤੀ ਨੂੰ ਫਾਰਗ ਕਰ ਕੇ ਖੁਦ ਸੱਤਾ ਸੰਭਾਲ ਸਕਦਾ ਹੈ ਪਰ ਡੈਮੋਕਰੇਟਿਕ ਪਾਰਟੀ ਦੀ ਇਸ ਮੰਗ ਨੂੰ ਮਾਈਕ ਪੈਂਸ ਨੇ ਦਰਕਿਨਾਰ ਕਰ ਦਿੱਤਾ ਹੈ। ਡੈਮੋਕਰੇਟਿਕ ਪਾਰਟੀ ਵੱਲੋਂ ਟਰੰਪ ਖਿਲਾਫ ਲਿਆਂਦੇ ਮਹਾਂਦੋਸ਼ ਨਾਲ ਮੁਲਕ ਦੀ ਸਿਆਸਤ ਵਿਚ ਹਾਲ ਦੀ ਘੜੀ ਕੋਈ ਵੱਡਾ ਫਰਕ ਤਾਂ ਨਹੀਂ ਪਵੇਗਾ ਪਰ ਡੈਮੋਕਰੇਟਿਕ ਪਾਰਟੀ ਵੱਲੋਂ ਇਹ ਮਹਾਂਦੋਸ਼ ਲਿਆਉਣ ਦਾ ਇਕੋ-ਇਕ ਮਕਸਦ ਇਹ ਹੈ ਕਿ ਇਸ ਸ਼ਖਸ ਲਈ ਵ੍ਹਾਈਟ ਹਾਊਸ ਦੇ ਦਰਵਾਜ਼ੇ ਅਗਾਂਹ ਲਈ ਵੀ ਬੰਦ ਕਰ ਦਿੱਤੇ ਜਾਣ। ਠੀਕ ਹੀ, ਅਜਿਹੇ ਲੀਡਰਾਂ ਅਤੇ ਸਿਆਸਤ ਲਈ ਦਰਵਾਜ਼ੇ ਬੰਦ ਹੋਣੇ ਚਾਹੀਦੇ ਹਨ ਜੋ ਆਪਣੀ ਮਰਜ਼ੀ ਚਲਾਉਣ ਲਈ ਲੋਕਾਂ ਨੂੰ ਪਾਟੋਧਾੜ ਕਰਦੇ ਹਨ। ਅਜਿਹਾ ਕਰ ਕੇ ਹੀ ਟਰੰਪਵਾਦੀ ਅਤੇ ਮੋਦੀਵਾਦੀ ਨਫਰਤ ਤੋਂ ਖਹਿੜਾ ਛੁਡਾਇਆ ਜਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਮਰਦਿ-ਕਾਮਿਲ ਦੀ ਸਦਾ!*

ਚੜ੍ਹਿਆ ਸੋਧਣ ਲੋਕਾਈ ਨੂੰ ਗੁਰੂ ਬਾਬਾ, ਕਹਿ ਬਾਬਰ ਨੂੰ ਜਾਬਰ ਲਲਕਾਰ ਦਿੱਤਾ।
ਗੁੜ੍ਹਤੀ ਅਣਖ ਦੀ ਖੰਡੇ ਦੇ ਨਾਲ ਦੇ ਕੇ, ਭੈਅ ਹਕੂਮਤਾਂ ਵਾਲਾ ਵਿਸਾਰ ਦਿੱਤਾ।
ਨਾਬਰ ਹੁੰਦਿਆਂ ਜਾਬਰ ਨੂੰ ਭਾਂਜ ਦੇਣੀ, ਅਣਖੀ ਫਲਸਫਾ ਸਦਾ-ਬਹਾਰ ਦਿੱਤਾ।
ਏਸ ਧਰਤਿ ਨੇ ਹਰ ਸੰਘਰਸ਼ ਅੰਦਰ, ਜੂਝਣ ਵਾਸਤੇ ਮੋਹਰੀ 'ਸਰਦਾਰ' ਦਿੱਤਾ।
ਲੋਕ-ਰੋਹ ਦੀ ਸਦਾ ਹੀ ਜਿੱਤ ਹੁੰਦੀ, ਜ਼ਿੱਦੀ ਹਾਕਮ ਦੇ ਪਾਏ ਅਜਾਬ ਵਿਚੋਂ
ਪਈ 'ਹਿੰਦ' ਦੇ ਕੰਨਾਂ ਵਿਚ ਜਾਪਦੀ ਏ, ਮਰਦਿ-ਕਾਮਿਲ ਦੀ 'ਸਦਾ' ਪੰਜਾਬ ਵਿਚੋਂ!

# ਟਰੰਪ ਨੇ ਲੋਕਤੰਤਰ ਦੀਆਂ ਚੂਲਾਂ ਹਿਲਾਈਆਂ

***ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਦੇ ਕੈਪੀਟਲ ਹਿੱਲ ਇਲਾਕੇ ਵਿਚ ਹੋਈ ਹਿੰਸਾ ਨੇ ਮੁਲਕ ਦੇ ਅੱਜ ਦੇ ਹਾਲਾਤ ਬਾਰੇ ਬਹੁਤ ਕੁਝ ਕਹਿ ਦਿੱਤਾ ਹੈ। ਅਮਰੀਕਾ ਵਿਚ ਪਿਛਲੇ ਚਾਰ ਸਾਲ ਤੋਂ ਡੋਨਲਡ ਟਰੰਪ ਦੀ ਹਕੂਮਤ ਰਹੀ ਹੈ ਜਿਸ ਨੇ ਅਮਰੀਕੀ ਸਮਾਜ ਨੂੰ ਬੁਰੀ ਤਰ੍ਹਾਂ ਵੰਡ ਦਿੱਤਾ ਹੈ। ਉਸ ਦੀਆਂ ਪਾਈਆਂ ਵੰਡੀਆਂ ਇਸ ਲੋਕਤੰਤਰੀ ਸਮਾਜ ਨੂੰ ਦੇਰ ਤੱਕ ਤੰਗ ਕਰਦੀਆਂ ਰਹਿਣਗੀਆਂ। -ਸੰਪਾਦਕ***

**ਸਵਰਾਜਬੀਰ**

ਲੰਘੇ ਬੁੱਧਵਾਰ ਵਾਸ਼ਿੰਗਟਨ ਦੇ ਕੈਪੀਟਲ ਹਿੱਲ ਇਲਾਕੇ, ਜਿੱਥੇ ਅਮਰੀਕੀ ਸੰਸਦ/ਕਾਂਗਰਸ ਦੇ ਦੋਵੇਂ ਸਦਨ (ਹਾਊਸ ਆਫ ਰਿਪਰੈਜ਼ੈਂਟੇਟਿਵਜ਼ ਅਤੇ ਸੈਨੇਟ) ਸਥਿਤ ਹਨ, ਵਿਚ ਹੋਈ ਹਿੰਸਾ ਨੇ ਅਮਰੀਕੀ ਜਮਹੂਰੀਅਤ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ। ਇਨ੍ਹਾਂ ਘਟਨਾਵਾਂ ਨੇ ਸਾਬਤ ਕੀਤਾ ਹੈ ਕਿ ਜਮਹੂਰੀਅਤ ਨੂੰ ਖ਼ਤਰਾ ਸੱਤਾਧਾਰੀ ਪਾਰਟੀ ਨਾਲ ਅਸਹਿਮਤੀ ਰੱਖਣ ਵਾਲੀਆਂ ਧਿਰਾਂ, ਘੱਟ ਗਿਣਤੀ ਫਿਰਕਿਆਂ ਦੇ ਲੋਕਾਂ, ਲਤਾੜੇ ਗਏ ਵਰਗਾਂ, ਮਜ਼ਦੂਰਾਂ, ਦਮਿਤਾਂ ਅਤੇ ਹੋਰ ਘੱਟ ਸਾਧਨਾਂ ਵਾਲੇ ਲੋਕਾਂ, ਜੋ ਆਪਣੇ ਹੱਕਾਂ ਲਈ ਮੁਜ਼ਾਹਰੇ, ਹੜਤਾਲਾਂ, ਰੈਲੀਆਂ ਆਦਿ ਕਰਦੇ ਰਹਿੰਦੇ ਹਨ, ਤੋਂ ਨਹੀਂ ਸਗੋਂ ਜਮਹੂਰੀ ਤਰੀਕੇ ਨਾਲ ਚੁਣੇ ਗਏ ਤਾਨਾਸ਼ਾਹੀ ਰੁਚੀਆਂ ਰੱਖਣ ਵਾਲੇ ਹੁਕਮਰਾਨਾਂ ਤੋਂ ਹੈ। ਇਸ ਦੀਆਂ ਮਿਸਾਲਾਂ ਰੂਸ, ਭਾਰਤ, ਤੁਰਕੀ, ਇਸਰਾਈਲ, ਹੰਗਰੀ, ਬਰਾਜ਼ੀਲ ਅਤੇ ਕਈ ਹੋਰ ਦੇਸ਼ਾਂ ਵਿਚ ਦੇਖੀਆਂ ਜਾ ਸਕਦੀਆਂ ਹਨ।

ਅਮਰੀਕਾ ਵਿਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਟਰੰਪ ਹਾਰ ਗਿਆ ਅਤੇ ਜੋਅ ਬਾਇਡਨ ਜੇਤੂ ਰਿਹਾ ਪਰ ਟਰੰਪ ਨੇ ਹਾਰ ਮੰਨਣ ਤੋਂ ਇਨਕਾਰ ਕਰ ਦਿੱਤਾ। ਅਮਰੀਕਾ ਵਿਚ ਹਰ ਸੂਬੇ ਦੀਆਂ ਵੋਟਾਂ ਅਲੱਗ-ਅਲੱਗ ਗਿਣੀਆਂ ਜਾਂਦੀਆਂ ਹਨ ਅਤੇ ਸੂਬਾ ਸਰਕਾਰਾਂ ਨਤੀਜਿਆਂ ਦਾ ਐਲਾਨ ਕਰਦੀਆਂ ਹਨ। ਜੇਕਰ ਅਮਰੀਕੀ ਸੰਸਦ/ਕਾਂਗਰਸ ਦੇ ਕਿਸੇ ਸਦਨ (ਹਾਊਸ ਆਫ ਰਿਪਰੈਜ਼ੈਂਟੇਟਿਵਜ਼ ਅਤੇ ਸੈਨੇਟ) ਦੇ ਮੈਂਬਰ ਕਿਸੇ ਸੂਬੇ ਦੇ ਨਤੀਜਿਆਂ ਨੂੰ ਚੁਣੌਤੀ ਦੇਣ ਤਾਂ ਇਹ ਫੈਸਲਾ ਦੋਹਾਂ ਸਦਨਾਂ ਵਿਚ ਹੁੰਦਾ ਹੈ ਕਿ ਸੂਬਾ ਸਰਕਾਰ ਦੁਆਰਾ ਐਲਾਨੇ ਗਏ ਨਤੀਜੇ ਸਹੀ ਸਨ ਜਾਂ ਨਹੀਂ। ਟਰੰਪ ਦੀ ਰਿਪਬਲਿਕਨ ਪਾਰਟੀ ਨੇ ਐਰੀਜ਼ੋਨਾ ਅਤੇ ਪੈਨਸਿਲਵੇਨਿਆ ਸੂਬਿਆਂ ਦੇ ਚੋਣ ਨਤੀਜਿਆਂ (ਜਿਨ੍ਹਾਂ ਵਿਚ ਟਰੰਪ ਹਾਰ ਗਿਆ ਸੀ) 'ਤੇ ਇਤਰਾਜ਼ ਜਤਾਇਆ ਸੀ ਅਤੇ 6 ਜਨਵਰੀ ਨੂੰ ਦੋਵੇਂ ਸਦਨ ਇਸ ਮੁੱਦੇ 'ਤੇ ਵਿਚਾਰ ਕਰ ਰਹੇ ਸਨ। ਇੰਨੇ ਵਿਚ ਟਰੰਪ ਦੇ ਹਥਿਆਰਬੰਦ ਹਮਾਇਤੀਆਂ ਨੇ ਕੈਪੀਟਲ ਹਿੱਲ ਇਲਾਕੇ ਨੂੰ ਘੇਰ ਕੇ ਹਿੰਸਾ ਕੀਤੀ ਜਿਸ ਵਿਚ 5 ਜਣੇ ਮਾਰੇ ਗਏ। ਬਾਅਦ ਵਿਚ ਅਮਰੀਕਾ ਦੇ ਦੋਹਾਂ ਸਦਨਾਂ ਨੇ ਟਰੰਪ ਦੇ ਹਮਾਇਤੀਆਂ ਦੇ ਐਰੀਜ਼ੋਨਾ ਅਤੇ ਪੈਨਸਿਲਵੇਨੀਆ ਦੇ ਸੂਬਿਆਂ ਵਿਚ ਵੋਟਾਂ ਦੀ ਗਿਣਤੀ ਸਹੀ ਤਰੀਕੇ ਨਾਲ ਨਾ ਹੋਣ ਦੇ ਦਾਅਵੇ ਨੂੰ ਨਕਾਰ ਦਿੱਤਾ ਅਤੇ ਅਮਰੀਕਾ ਦੇ ਉਪ ਰਾਸ਼ਟਰਪਤੀ ਮਾਈਕ ਪੈਂਸ ਨੇ ਅਧਿਕਾਰਤ ਰੂਪ ਵਿਚ ਜੋਅ ਬਾਇਡਨ ਨੂੰ ਜੇਤੂ ਕਰਾਰ ਦਿੱਤਾ।

ਇਸ ਵੇਲੇ ਅਮਰੀਕਾ ਵਿਚ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਇਹ ਹਿੰਸਾ ਕਿਸ ਨੇ ਕਰਵਾਈ ਅਤੇ ਇਸ ਲਈ ਨੈਤਿਕ ਜ਼ਿੰਮੇਵਾਰੀ ਕਿਸ ਦੀ ਹੈ? ਅਮਰੀਕਾ ਦੇ ਚੁਣੇ ਹੋਏ ਨੁਮਾਇੰਦੇ, ਬੁੱਧੀਜੀਵੀ, ਪੱਤਰਕਾਰ, ਚਿੰਤਕ, ਵਿਦਿਆਰਥੀ ਅਤੇ ਹੋਰ ਵਰਗਾਂ ਦੇ ਲੋਕ ਇਸ ਲਈ ਟਰੰਪ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਸ ਵਿਰੁੱਧ ਕਾਨੂੰਨੀ ਅਤੇ ਸੰਵਿਧਾਨਕ ਕਾਰਵਾਈ ਦੀ ਮੰਗ ਕਰ ਰਹੇ ਹਨ। ਅਮਰੀਕੀ ਸੰਸਦ ਦੇ ਮੈਂਬਰ ਇਸ ਗੱਲ 'ਤੇ ਜ਼ੋਰ ਦੇ ਰਹੇ ਹਨ ਕਿ ਅਮਰੀਕਾ ਦਾ ਉਪ ਰਾਸ਼ਟਰਪਤੀ ਮਾਈਕ ਪੈਂਸ ਅਮਰੀਕਨ ਸੰਵਿਧਾਨ ਦੀ 25ਵੀਂ ਸੋਧ ਅਨੁਸਾਰ ਕੰਮ ਕਰੇ। ਇਸ ਸੋਧ ਅਨੁਸਾਰ ਰਾਸ਼ਟਰਪਤੀ ਦੀ ਮੌਤ, ਅਸਤੀਫਾ ਦੇਣ ਜਾਂ ਜ਼ਿਆਦਾ ਬਿਮਾਰ ਹੋਣ ਦੀ ਸੂਰਤ ਵਿਚ ਉਪ ਰਾਸ਼ਟਰਪਤੀ ਦੇਸ਼ ਦਾ ਰਾਸ਼ਟਰਪਤੀ ਬਣ ਜਾਂਦਾ ਹੈ। ਇਸ ਸੋਧ ਅਨੁਸਾਰ ਜੇ ਉਪ ਰਾਸ਼ਟਰਪਤੀ ਅਤੇ ਕੈਬਨਿਟ ਮੰਤਰੀਆਂ ਤੇ ਅਧਿਕਾਰੀਆਂ ਦੀ ਬਹੁਗਿਣਤੀ ਇਹ ਨਿਰਣਾ ਕਰਨ ਕਿ ਰਾਸ਼ਟਰਪਤੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਅਸਮਰੱਥ ਹੈ ਤਾਂ ਰਾਸ਼ਟਰਪਤੀ ਨੂੰ ਉਸ ਦੇ ਅਹੁਦੇ ਤੋਂ ਹਟਾ ਕੇ ਉਪ ਰਾਸ਼ਟਰਪਤੀ ਉਸ ਅਹੁਦੇ ਨੂੰ ਸੰਭਾਲ ਸਕਦਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਨੂੰ ਉਸ ਦੇ ਅਹੁਦੇ ਤੋਂ ਹਟਾਇਆ ਜਾਣਾ ਨੈਤਿਕ ਪੱਖ ਤੋਂ ਇਸ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਉਸ ਨੇ ਟਵਿੱਟਰ, ਫੇਸਬੁੱਕ, ਇੰਸਟਾਗ੍ਰਾਮ ਆਦਿ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪੋਸਟਾਂ ਪਾ ਕੇ ਆਪਣੇ ਇੰਤਹਾਪਸੰਦ ਅਤੇ ਨਸਲਵਾਦੀ ਹਮਾਇਤੀਆਂ ਨੂੰ ਚੋਣਾਂ ਦੇ ਨਤੀਜਿਆਂ ਅਤੇ ਜਮਹੂਰੀ ਪ੍ਰਕਿਰਿਆ ਨੂੰ ਚੁਣੌਤੀ ਦੇਣ ਨੂੰ ਲਲਕਾਰਿਆ ਅਤੇ ਗੈਰ-ਜਮਹੂਰੀ ਕਾਰਵਾਈਆਂ ਕਰਨ ਲਈ ਉਕਸਾ ਕੇ ਸੱਤਾ ਨਾਲ ਚਿੰਬੜੇ ਰਹਿਣ ਦਾ ਯਤਨ ਕੀਤਾ। ਡੈਮੋਕਰੈਟਿਕ ਪਾਰਟੀ ਦੇ ਨੁਮਾਇੰਦਿਆਂ ਦਾ ਕਹਿਣਾ ਹੈ ਕਿ ਜੇਕਰ ਉਪ ਰਾਸ਼ਟਰਪਤੀ ਅਮਰੀਕਨ ਸੰਵਿਧਾਨ ਦੀ 25ਵੀਂ ਸੋਧ ਦੀ ਵਰਤੋਂ ਕਰ ਕੇ ਟਰੰਪ ਨੂੰ ਆਪਣੇ ਅਹੁਦੇ ਤੋਂ ਨਹੀਂ ਹਟਾਉਂਦਾ ਤਾਂ ਉਹ ਸੰਸਦ ਵਿਚ ਟਰੰਪ 'ਤੇ ਮਾਣਹਾਨੀ ਦਾ ਮੁਕੱਦਮਾ ਪੇਸ਼ ਕਰ ਕੇ ਉਸ ਨੂੰ ਰਾਸ਼ਟਰਪਤੀ ਦੇ ਪਦ ਤੋਂ ਲਾਂਭੇ ਕਰ ਦੇਣਗੇ।

ਭਾਰਤ ਵਿਚ ਇਨ੍ਹਾਂ ਘਟਨਾਵਾਂ ਬਾਰੇ ਦਿਲਚਸਪੀ ਦਾ ਇਕ ਹੋਰ ਪਹਿਲੂ ਰਾਸ਼ਟਰਪਤੀ ਟਰੰਪ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮਿੱਤਰਤਾ ਅਤੇ ਉਨ੍ਹਾਂ ਦੀਆਂ ਸ਼ਖਸੀਅਤਾਂ ਦਾ ਮਿਲਦੇ-ਜੁਲਦੇ ਹੋਣਾ ਹੈ। ਬਹੁਤ ਸਾਰੇ ਲੋਕ ਇਨ੍ਹਾਂ ਦੋਹਾਂ ਸ਼ਖਸੀਅਤਾਂ ਨੂੰ ਇਕ ਰੂਪ ਜਾਂ ਇਕ ਦੂਸਰੇ ਦਾ ਅਕਸ ਮੰਨਦੇ ਹਨ। ਨਰਿੰਦਰ ਮੋਦੀ ਨੇ ਟਰੰਪ ਦੀ ਵੱਡੇ ਪੱਧਰ 'ਤੇ ਹਮਾਇਤ ਕਰਦਿਆਂ 20 ਸਤੰਬਰ 2019 ਨੂੰ ਅਮਰੀਕਾ ਦੇ ਹਿਊਸਟਨ ਸ਼ਹਿਰ ਵਿਚ 'ਹਾਓਡੀ ਮੋਡੀ' ਨਾਂ ਦੀ ਰੈਲੀ ਕਰ ਕੇ 'ਅਬ ਕੀ ਬਾਰ, ਟਰੰਪ ਸਰਕਾਰ' ਦਾ ਨਾਅਰਾ ਦਿੱਤਾ। ਭਾਰਤ ਦੇ ਕਿਸੇ ਪ੍ਰਧਾਨ ਮੰਤਰੀ ਜਾਂ ਸਿਆਸੀ ਆਗੂ ਨੇ ਪਹਿਲਾਂ ਕਦੇ ਇਸ ਤਰ੍ਹਾਂ ਦੀ ਸਰਗਰਮੀ ਨਹੀਂ ਸੀ ਕੀਤੀ।

ਭਾਰਤ ਵਿਚ ਕਈ ਲੋਕ ਇਹ ਸਵਾਲ ਪੁੱਛ ਰਹੇ ਹਨ ਕਿ ਜਦ ਟਰੰਪ ਦੇ ਰਾਜਕਾਲ ਦੇ ਕੁਝ ਦਿਨ ਬਾਕੀ ਹਨ ਤਾਂ ਉਸ ਦੇ ਹਟਾਉਣ ਨੂੰ ਏਡਾ ਵੱਡਾ ਸਿਆਸੀ ਮੁੱਦਾ ਕਿਉਂ ਬਣਾਇਆ ਜਾ ਰਿਹਾ ਹੈ। ਅਮਰੀਕਾ ਦੇ ਰਾਜਸੀ ਮਾਹਿਰਾਂ ਅਨੁਸਾਰ ਮੁੱਦਾ ਸਿਆਸਤ ਦਾ ਨਹੀਂ, ਸਿਆਸੀ ਨੈਤਿਕਤਾ ਦਾ ਹੈ; ਉਹ ਰਾਸ਼ਟਰਪਤੀ, ਜਿਸ ਨੇ ਜਮਹੂਰੀ ਸਿਧਾਂਤਾਂ ਦਾ ਉਲੰਘਣ ਕੀਤਾ ਹੈ, ਦੀ ਜਵਾਬਦੇਹੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

ਜੇ ਸਿਆਸੀ ਨੈਤਿਕਤਾ ਦੇ ਇਸ ਸਿਧਾਂਤ ਨੂੰ ਭਾਰਤ ਵਿਚ ਹੋਈਆਂ ਅਤੇ ਹੋ ਰਹੀਆਂ ਘਟਨਾਵਾਂ 'ਤੇ ਲਾਗੂ ਕੀਤਾ ਜਾਵੇ ਤਾਂ ਸਾਡੇ ਦੇਸ਼ ਦੀ ਸਿਆਸੀ ਅਤੇ ਨੈਤਿਕ ਤਸਵੀਰ ਵੀ ਅਮਰੀਕਾ ਵਿਚ ਹੋਈਆਂ ਘਟਨਾਵਾਂ ਨਾਲ ਮਿਲਦੀ-ਜੁਲਦੀ ਹੈ। ਜੇਕਰ ਇਸ ਤਸਵੀਰ ਨੂੰ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਹੇ ਕਿਸਾਨ ਅੰਦੋਲਨ ਦੇ ਪ੍ਰਸੰਗ ਵਿਚ ਦੇਖਿਆ ਜਾਏ ਤਾਂ ਦ੍ਰਿਸ਼ ਅਤਿਅੰਤ ਨਿਰਾਸ਼ਾਜਨਕ ਹੈ। ਇਸ ਸੰਘਰਸ਼ ਵਿਚ 60 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ ਹੈ; ਲੋਕਾਈ ਉਨ੍ਹਾਂ ਨੂੰ ਲੋਕ-ਸ਼ਹੀਦ ਮੰਨ ਰਹੀ ਹੈ; ਹਜ਼ਾਰਾਂ ਲੋਕ, ਜਿਨ੍ਹਾਂ ਵਿਚ ਬਜ਼ੁਰਗ ਔਰਤਾਂ, ਮਰਦ ਅਤੇ ਬੱਚੇ ਵੀ ਸ਼ਾਮਲ ਹਨ, ਕੜਕਦੀ ਠੰਢ ਵਿਚ ਸੜਕਾਂ 'ਤੇ ਠੁਰ-ਠੁਰ ਕਰਦੇ ਬਿਮਾਰ ਹੋ ਰਹੇ ਹਨ ਪਰ ਸਾਡੇ ਦੇਸ਼ ਦੀ ਸਿਆਸੀ ਜਮਾਤ ਅਤੇ ਮੀਡੀਆ ਦਾ ਇਕ ਹਿੱਸਾ ਆਪਣੇ ਘੁਰਨਿਆਂ ਵਿਚ ਦੜ ਵੱਟੀ ਉਨ੍ਹਾਂ ਨੂੰ ਗੁਮਰਾਹ ਹੋਏ, ਬੇਸਮਝ ਤੇ ਕਈ ਵਾਰੀ ਅਤਿਵਾਦੀ ਜਾਂ ਨਕਸਲਬਾੜੀ ਦਰਸਾ ਰਹੇ ਹਨ। ਮੁੱਖ ਸਵਾਲ ਇਹ ਹੈ ਕਿ ਸਾਡੇ ਦੇਸ਼ ਦੀ ਸਿਆਸੀ ਜਮਾਤ ਅਤੇ ਆਗੂਆਂ ਦੀ ਸਿਆਸੀ ਨੈਤਿਕਤਾ ਦੀ ਜਵਾਬਦੇਹੀ ਤੈਅ ਕਿਉਂ ਨਹੀਂ ਹੁੰਦੀ। ਪਿਛਲੀ ਮੀਟਿੰਗ ਵਿਚ ਕੇਂਦਰੀ ਖੇਤੀ ਮੰਤਰੀ ਇਹ ਕਹਿਣ ਦਾ ਨੈਤਿਕ ਸਾਹਸ ਕਿਵੇਂ ਕਰ ਸਕਿਆ ਕਿ ਉਹ (ਭਾਵ ਕੇਂਦਰੀ ਸਰਕਾਰ ਅਤੇ ਸੱਤਾਧਾਰੀ ਪਾਰਟੀ) ਪਿਛਲੀ ਮੀਟਿੰਗ ਤੋਂ ਬਾਅਦ ਦੇਸ਼ ਦੇ ਲੋਕਾਂ ਨਾਲ ਗੱਲਬਾਤ ਕਰ ਕੇ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਸਾਰਾ ਦੇਸ਼ ਖੇਤੀ ਕਾਨੂੰਨਾਂ ਦੀ ਹਮਾਇਤ ਕਰ ਰਿਹਾ ਹੈ ਅਤੇ ਅੰਦੋਲਨ ਕਰ ਰਹੀਆਂ ਕਿਸਾਨ ਜਥੇਬੰਦੀਆਂ ਅਤੇ ਕਿਸਾਨਾਂ ਦੀ ਗਿਣਤੀ ਬਹੁਤ ਘੱਟ ਅਤੇ ਸੀਮਤ ਹੈ। ਕੀ ਕੇਂਦਰੀ ਖੇਤੀ ਮੰਤਰੀ ਜਨਤਕ ਤੌਰ 'ਤੇ ਦੱਸੇਗਾ ਕਿ ਸਰਕਾਰ ਕਿਨ੍ਹਾਂ ਕਿਸਾਨਾਂ ਤੇ ਜਥੇਬੰਦੀਆਂ ਨਾਲ ਗੱਲਬਾਤ ਕਰਕੇ ਅਜਿਹੇ ਸਿੱਟਿਆਂ 'ਤੇ ਪਹੁੰਚੀ? ਅਜਿਹੇ ਸਿਆਸੀ ਆਗੂਆਂ ਅਤੇ ਉਨ੍ਹਾਂ ਦੀ ਕਹਿਣੀ ਨੂੰ ਸੁਣ-ਦੇਖ ਕੇ ਗੁਰੂ ਨਾਨਕ ਦੇਵ ਜੀ ਦੇ ਕਥਨ 'ਆਪਿ ਨ ਬੂਝਾ ਲੋਕ ਬੁਝਾਈ ਐਸਾ ਆਗੂ ਹੋਵਾਂ॥' (ਭਾਵ ਖ਼ੁਦ ਮੈਂ ਸਮਝਦਾ ਨਹੀਂ ਪਰ ਹੋਰਨਾਂ ਨੂੰ ਸਮਝਾਉਂਦਾ ਹਾਂ, ਮੈਂ ਇਹੋ ਜਿਹਾ ਆਗੂ ਹਾਂ) ਵਿਚਲਾ ਸੱਚ ਸਪਸ਼ਟ ਹੋ ਜਾਂਦਾ ਹੈ।

ਜਦ ਲੋਕਾਂ 'ਤੇ ਨੈਤਿਕ, ਸਿਧਾਂਤਕ, ਆਰਥਕ ਅਤੇ ਸਮਾਜਕ ਸੰਕਟ ਆਉਂਦੇ ਹਨ ਤਾਂ ਲੋਕ ਸੰਘਰਸ਼ ਕਰਦੇ ਹਨ। ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਸ਼ਾਹੀਨ ਬਾਗ ਅਤੇ ਹੋਰ ਥਾਵਾਂ 'ਤੇ ਨਾਨੀਆਂ, ਦਾਦੀਆਂ ਅਤੇ ਹਰ ਉਮਰ ਦੀ ਅਗਵਾਈ ਵਿਚ ਲਗਾਏ ਗਏ ਮੋਰਚਿਆਂ ਅਤੇ ਮੌਜੂਦਾ ਕਿਸਾਨ ਸੰਘਰਸ਼ ਨੇ ਆਪਣੀਆਂ ਮੰਗਾਂ ਲੋਕਾਂ ਦੇ ਸਾਹਮਣੇ ਪੇਸ਼ ਕਰਨ ਦੇ ਨਾਲ-ਨਾਲ ਨਿਆਂ ਅਤੇ ਸਿਆਸੀ ਨੈਤਿਕਤਾ ਬਾਰੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਸੰਘਰਸ਼ਸ਼ੀਲ ਔਰਤਾਂ ਅਤੇ ਮਰਦਾਂ ਨੇ ਲੋਕਾਂ ਦੀ ਜ਼ਮੀਰ ਨੂੰ ਝੰਜੋੜਿਆ ਤੇ ਜਗਾਇਆ ਹੈ; ਉਨ੍ਹਾਂ ਨੇ ਨਾਉਮੀਦੀ ਦੇ ਆਲਮ ਵਿਚ ਇਹ ਉਮੀਦ ਪੈਦਾ ਕੀਤੀ ਹੈ; ਉਨ੍ਹਾਂ ਨੇ ਇਸ ਖਿੱਤੇ ਦੇ ਇਨਸਾਨਾਂ ਨੂੰ ਭੈਅ ਤੋਂ ਮੁਕਤ ਕਰਕੇ ਅਨਿਆਂ ਵਿਰੁੱਧ ਵਿੱਢੇ ਗਏ ਸੰਘਰਸ਼ ਦੇ ਮੈਦਾਨ ਵਿਚ ਲਿਆ ਖਲਾਰਿਆ ਹੈ। ਨਾਉਮੀਦੀ ਦੇ ਆਲਮ ਵਿਚ ਉਮੀਦ ਪੈਦਾ ਕਰਨਾ ਇਨਸਾਨ ਦੇ ਵਜੂਦ ਦੀ ਬੁਨਿਆਦੀ ਤਾਕਤ ਹੈ; ਇਹੀ ਉਸ ਦਾ ਇਨਸਾਨ ਹੋਣਾ ਹੈ। ਕਿਸਾਨ ਸੰਘਰਸ਼ ਦੀ ਅਸਲੀ ਸਫਲਤਾ ਜਮਹੂਰੀਅਤ ਦਾ ਬੀਜ ਨਾਸ ਕਰ ਕੇ ਲੋਕਾਂ ਨੂੰ ਵੰਡੇ ਜਾਣ ਵਾਲੀ ਸਥਿਤੀ ਵਿਚ ਜਮਹੂਰੀਅਤ ਅਤੇ ਸਾਂਝੀਵਾਲਤਾ ਦਾ ਝੰਡਾ ਬੁਲੰਦ ਕਰਨਾ ਹੈ।

ਪਿਛਲੇ ਕਈ ਵਰ੍ਹਿਆਂ ਵਿਚ ਭਾਰਤ ਵਿਚ ਹਜੂਮੀ ਹਿੰਸਾ ਕਰਵਾ ਕੇ ਘੱਟ ਗਿਣਤੀ ਫਿਰਕੇ ਦੇ ਲੋਕਾਂ ਅਤੇ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਕੇਂਦਰ ਵਿਚ ਸੱਤਾਧਾਰੀ ਪਾਰਟੀ ਦੇ ਕਈ ਆਗੂਆਂ ਨੇ ਹਜੂਮੀ ਹਿੰਸਾ ਕਰਨ ਵਾਲਿਆਂ ਦਾ ਜਨਤਕ ਤੌਰ 'ਤੇ ਮਾਣ-ਸਨਮਾਨ ਕੀਤਾ ਅਤੇ ਕਈਆਂ ਨੇ ਲੋਕਾਂ ਨੂੰ ਹਜੂਮੀ ਹਿੰਸਾ ਕਰਨ ਲਈ ਉਕਸਾਇਆ (ਉਦਾਹਰਨ ਦੇ ਤੌਰ 'ਤੇ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ 'ਦੇਸ਼ ਕੇ ਗੱਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ' ਜਿਹੇ ਨਾਅਰੇ ਲਗਾ ਕੇ)।

ਟਰੰਪ ਨੇ ਵੀ ਨਸਲਵਾਦੀ ਗੋਰਿਆਂ ਨੂੰ ਅਜਿਹੀ ਹਜੂਮੀ ਹਿੰਸਾ ਕਰਨ ਲਈ ਉਕਸਾਇਆ। ਅਮਰੀਕਾ ਵਿਚ ਉਸ ਦੀ ਨੈਤਿਕ ਜ਼ਿੰਮੇਵਾਰੀ ਤੈਅ ਕਰਨ ਲਈ ਕਵਾਇਦ ਹੋ ਰਹੀ ਹੈ। ਕੀ ਭਾਰਤ ਵਿਚ ਹਜੂਮੀ ਹਿੰਸਾ ਅਤੇ ਘੱਟਗਿਣਤੀ ਫਿਰਕਿਆਂ ਨਾਲ ਵਿਤਕਰਾ ਕਰਨ ਵਾਲਿਆਂ, ਬੁੱਧੀਜੀਵੀਆਂ ਨੂੰ ਨਜ਼ਰਬੰਦ ਕਰਨ ਅਤੇ ਮੌਜੂਦਾ ਕਿਸਾਨ ਸੰਘਰਸ਼ ਦੌਰਾਨ ਹੋ ਰਹੀਆਂ ਮੌਤਾਂ ਅਤੇ ਲੋਕਾਂ ਦੀਆਂ ਤਕਲੀਫਾਂ ਲਈ ਜ਼ਿੰਮੇਵਾਰ ਸਿਆਸੀ ਆਗੂਆਂ ਦੀ ਜਵਾਬਦੇਹੀ ਨਿਰਧਾਰਤ ਕੀਤੀ ਜਾਵੇਗੀ? ਟਰੰਪ ਨੇ ਗੱਦੀ ਤੋਂ ਉਤਰ ਜਾਣਾ ਹੈ, ਪਰ ਟਰੰਪਵਾਦ (ਭਾਵ ਉਸ ਦੀ ਘਿਰਨਾ ਭਰੀ ਵਿਚਾਰਧਾਰਾ) ਨੇ ਬਹੁਤ ਦੇਰ ਤਕ ਜ਼ਿੰਦਾ ਰਹਿਣਾ ਹੈ। ਅਮਰੀਕੀ ਲੋਕਾਂ ਨੂੰ ਉਸ ਵਿਰੁੱਧ ਸੰਘਰਸ਼ ਕਰਨਾ ਪੈਣਾ ਹੈ। ਸਾਡੇ ਦੇਸ਼ ਵਿਚ ਵੀ ਟਰੰਪਵਾਦ ਜਿਹੀ ਵਿਚਾਰਧਾਰਾ ਦਾ ਬੋਲ-ਬਾਲਾ ਹੈ। ਜਮਹੂਰੀ ਤਾਕਤਾਂ ਨੂੰ ਆਪਣੇ ਦੇਸ਼ ਵਿਚਲੀਆਂ ਟਰੰਪਵਾਦ ਜਿਹੀਆਂ ਵਿਚਾਰਧਾਰਾਵਾਂ ਵਿਰੁੱਧ ਹੋਰ ਜਥੇਬੰਦ ਹੋ ਕੇ ਸੰਘਰਸ਼ ਕਰਨਾ ਪੈਣਾ ਹੈ।

# ਕਿਸਾਨਾਂ ਨੇ ਮੁਲਕ ਨੂੰ ਏਕਤਾ ਦੇ ਮਾਇਨੇ ਸਮਝਾਏ

## ਅਰੁੰਧਤੀ ਰਾਏ ਨੇ ਟਿੱਕਰੀ ਬਾਰਡਰ 'ਤੇ ਦਿੱਤਾ ਭਾਸ਼ਣ

***9 ਜਨਵਰੀ ਨੂੰ ਆਲਮੀ ਪੱਧਰ 'ਤੇ ਮਕਬੂਲ ਲੇਖਕਾ ਅਰੁੰਧਤੀ ਰਾਏ ਨੇ ਦਿੱਲੀ ਦੀ ਟਿੱਕਰੀ ਹੱਦ ਉਪਰ ਸੰਯੁਕਤ ਕਿਸਾਨ ਮਜ਼ਦੂਰ ਮੋਰਚੇ ਦੇ ਮੰਚ ਤੋਂ ਸੰਘਰਸ਼ਸ਼ੀਲ ਕਾਫਲਿਆਂ ਨੂੰ ਸੰਬੋਧਨ ਕੀਤਾ। ਇਹ ਉਨ੍ਹਾਂ ਦੀ ਹਿੰਦੀ ਤਕਰੀਰ ਦਾ ਅਨੁਵਾਦ ਹੈ ਜੋ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। ਅਰੁੰਧਤੀ ਰਾਏ ਅਜਿਹੀ ਲੇਖਕਾ ਹੈ ਜਿਹੜੀ ਸਦਾ ਆਮ ਲੋਕਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਦੀ ਰਹੀ ਹੈ। -ਸੰਪਾਦਕ***



**ਅਰੁੰਧਤੀ ਰਾਏ**
ਅਨੁਵਾਦ: ਬੂਟਾ ਸਿੰਘ

**ਇਨਕਲਾਬ! ਜ਼ਿੰਦਾਬਾਦ, ਜ਼ਿੰਦਾਬਾਦ!!**

ਮੈਨੂੰ ਇਥੇ ਬਹੁਤ ਪਹਿਲਾਂ ਆਉਣਾ ਚਾਹੀਦਾ ਸੀ ਲੇਕਿਨ ਮੈਂ ਇਸ ਕਰ ਕੇ ਨਹੀਂ ਆਈ ਕਿ ਕਿਤੇ ਸਰਕਾਰ ਤੁਹਾਡਾ ਕੋਈ ਨਾਮਕਰਨ ਨਾ ਕਰ ਦੇਵੇ। ਕਿਤੇ ਤੁਹਾਨੂੰ ਦਹਿਸ਼ਤਗਰਦ, ਨਕਸਲਵਾਦੀ ਜਾਂ ਮਾਓਵਾਦੀ ਕਰਾਰ ਨਾ ਦੇ ਦੇਵੇ। ਐਸਾ ਮੇਰੇ ਨਾਲ ਬਹੁਤ ਪਹਿਲਾਂ ਕਈ ਵਾਰ ਹੋ ਚੁੱਕਾ ਹੈ। ਮੈਂ ਨਹੀਂ ਸੀ ਚਾਹੁੰਦੀ ਕਿ ਜੋ ਕੁਝ ਮੈਨੂੰ ਕਿਹਾ ਜਾਂਦਾ ਰਿਹਾ ਹੈ, ਉਹ ਤੁਹਾਨੂੰ ਵੀ ਕਿਹਾ ਜਾਵੇ, ਜਿਵੇਂ ਟੁਕੜੇ-ਟੁਕੜੇ ਗੈਂਗ, ਖਾਨ ਮਾਰਕੀਟ ਗੈਂਗ, ਮਾਓਵਾਦੀ ਵਗੈਰਾ। ਮੈਨੂੰ ਸ਼ੱਕ ਸੀ ਕਿ ਕਿਤੇ ਗੋਦੀ ਮੀਡੀਆ ਵੱਲੋਂ ਇਹ ਨਾਮ ਤੁਹਾਡੇ ਉਪਰ ਵੀ ਨਾ ਥੋਪ ਦਿੱਤੇ ਜਾਣ; ਲੇਕਿਨ ਤੁਹਾਡਾ ਨਾਮਕਰਨ ਤਾਂ ਉਨ੍ਹਾਂ ਨੇ ਬਹੁਤ ਪਹਿਲਾਂ ਹੀ ਕਰ ਦਿੱਤਾ; ਇਸ ਦੇ ਲਈ ਤੁਹਾਨੂੰ ਮੁਬਾਰਕਵਾਦ।

ਇਸ ਅੰਦੋਲਨ ਨੂੰ ਹਰਾਇਆ ਨਹੀਂ ਜਾ ਸਕਦਾ, ਕਿਉਂਕਿ ਇਹ ਜ਼ਿੰਦਾਦਿਲ ਲੋਕਾਂ ਦਾ ਅੰਦੋਲਨ ਹੈ। ਤੁਸੀਂ ਹਾਰ ਨਹੀਂ ਸਕਦੇ। ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦੀ ਹਾਂ ਕਿ ਪੂਰੇ ਮੁਲਕ ਨੂੰ ਤੁਹਾਡੇ ਕੋਲੋਂ ਆਸਾਂ ਹਨ। ਪੂਰਾ ਮੁਲਕ ਦੇਖ ਰਿਹਾ ਹੈ ਕਿ ਲੜਨ ਵਾਲੇ ਦਿੱਲੀ ਤੱਕ ਆ ਗਏ ਹਨ ਅਤੇ ਇਹ ਲੋਕ ਹਾਰਨ ਵਾਲੇ ਨਹੀਂ ਹਨ; ਤੇ ਇਸ ਦੇ ਲਈ ਵੀ ਇਕ ਵਾਰ ਫਿਰ ਤੁਹਾਨੂੰ ਮੁਬਾਰਕਵਾਦ।

ਮੈਨੂੰ ਐਨੇ ਲੋਕਾਂ ਸਾਹਮਣੇ ਬੋਲਣ ਦਾ ਅਭਿਆਸ ਨਹੀਂ ਹੈ, ਫਿਰ ਵੀ ਮੈਂ ਕਹਿਣਾ ਚਾਹਾਂਗੀ ਕਿ ਜੋ ਕੁਝ ਅਸੀਂ ਲੋਕ ਪਿਛਲੇ 20 ਸਾਲਾਂ ਤੋਂ ਲਿਖ ਰਹੇ ਸੀ, ਅਖਬਾਰਾਂ ਅਤੇ ਕਿਤਾਬਾਂ ਵਿਚ ਪੜ੍ਹ ਰਹੇ ਸੀ; ਇਸ ਅੰਦੋਲਨ ਨੇ ਉਸ ਨੂੰ ਇਕ ਜ਼ਮੀਨੀ ਹਕੀਕਤ ਬਣਾ ਦਿੱਤਾ ਹੈ। ਇਸ ਅੰਦੋਲਨ ਨੇ ਇਸ ਮੁਲਕ ਦੇ ਇਕ-ਇਕ ਆਦਮੀ ਨੂੰ, ਇਕ-ਇਕ ਔਰਤ ਨੂੰ ਸਮਝਾ ਦਿੱਤਾ ਹੈ ਕਿ ਆਖਿਰ ਇਸ ਮੁਲਕ ਵਿਚ ਹੋ ਕੀ ਰਿਹਾ ਹੈ!

ਹਰ ਚੋਣ ਤੋਂ ਪਹਿਲਾਂ ਇਹ ਲੋਕ ਤੁਹਾਡੇ ਨਾਲ ਖੜ੍ਹੇ ਹੁੰਦੇ ਹਨ, ਤੁਹਾਡੇ ਕੋਲੋਂ ਵੋਟ ਮੰਗਦੇ ਹਨ ਅਤੇ ਚੋਣ ਖਤਮ ਹੁੰਦਿਆਂ ਹੀ ਜਾ ਕੇ ਸਿੱਧੇ ਅੰਬਾਨੀ, ਅਡਾਨੀ, ਪਤੰਜਲੀ ਅਤੇ ਬਾਹਰਲੀਆਂ ਵੱਡੀਆਂ-ਵੱਡੀਆਂ ਕੰਪਨੀਆਂ ਨਾਲ ਜਾ ਖੜ੍ਹਦੇ ਹਨ।

ਇਸ ਮੁਲਕ ਦੇ ਇਤਿਹਾਸ ਨੂੰ ਦੇਖੀਏ ਤਾਂ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਤੋਂ ਬਾਅਦ ਇਸ ਮੁਲਕ ਵਿਚ ਕੈਸੇ-ਕੈਸੇ ਅੰਦੋਲਨ ਲੜੇ ਜਾ ਰਹੇ ਹਨ; ਜਿਵੇਂ 60 ਦੇ ਦਹਾਕੇ ਵਿਚ ਲੋਕ ਅੰਦੋਲਨ ਕਰ ਰਹੇ ਸਨ - ਜਗੀਰਦਾਰੀ ਖਤਮ ਕਰਨ ਲਈ, ਮਜ਼ਦੂਰਾਂ ਦੇ ਹੱਕ ਲਈ; ਲੇਕਿਨ ਇਹ ਸਾਰੇ ਅੰਦੋਲਨ ਕੁਚਲ ਦਿੱਤੇ ਗਏ।

80 ਦੇ ਦਹਾਕੇ ਵਿਚ ਅਤੇ ਉਸ ਤੋਂ ਬਾਅਦ ਲੜਾਈ ਸੀ ਕਿ ਲੋਕਾਂ ਦਾ ਉਜਾੜਾ ਨਾ ਹੋਵੇ।

ਜੋ ਅੱਜ ਤੁਹਾਡੇ ਨਾਲ ਹੋ ਰਿਹਾ ਹੈ, ਜਾਂ ਹੋਣ ਜਾ ਰਿਹਾ ਹੈ, ਉਹ ਆਦਿਵਾਸੀਆਂ ਨਾਲ ਬਹੁਤ ਪਹਿਲਾਂ ਸ਼ੁਰੂ ਹੋ ਗਿਆ ਸੀ। ਬਸਤਰ ਵਿਚ ਨਕਸਲੀ ਅਤੇ ਮਾਓਵਾਦੀ ਕੀ ਕਰ ਰਹੇ ਹਨ, ਕਿਉਂ ਲੜ ਰਹੇ ਹਨ? ਉਹ ਲੜ ਰਹੇ ਹਨ, ਕਿਉਂਕਿ ਉਥੇ ਆਦਿਵਾਸੀਆਂ ਦੀ ਜ਼ਮੀਨ ਅਤੇ ਉਨ੍ਹਾਂ ਦੇ ਪਹਾੜ ਤੇ ਨਦੀਆਂ ਵੱਡੀਆਂ-ਵੱਡੀਆਂ ਕੰਪਨੀਆਂ ਨੂੰ ਦਿੱਤੇ ਜਾ ਰਹੇ ਹਨ। ਉਨ੍ਹਾਂ ਦੇ ਘਰ ਜਲਾ ਦਿੱਤੇ ਗਏ। ਉਨ੍ਹਾਂ ਨੂੰ ਆਪਣੇ ਹੀ ਪਿੰਡਾਂ ਤੋਂ ਬਾਹਰ ਕੱਢ ਦਿੱਤਾ ਗਿਆ। ਪਿੰਡਾਂ ਦੇ ਪਿੰਡ ਖਤਮ ਕਰ ਦਿੱਤੇ ਗਏ। ਐਨ ਉਸੇ ਤਰ੍ਹਾਂ, ਜਿਵੇਂ ਨਰਮਦਾ ਦੀ ਲੜਾਈ ਸੀ।

ਹੁਣ ਉਹ ਕਿਸਾਨ ਨਾਲ ਵੀ ਇਹੀ ਖੇਡ ਖੇਡਣ ਜਾ ਰਹੇ ਹਨ। ਅੱਜ ਇਸ ਅੰਦੋਲਨ ਵਿਚ ਮੁਲਕ ਦਾ ਕਿਸਾਨ ਵੀ ਸ਼ਾਮਿਲ ਹੈ ਅਤੇ ਮਜ਼ਦੂਰ ਵੀ। ਇਸ ਅੰਦੋਲਨ ਨੇ ਮੁਲਕ ਨੂੰ ਏਕਤਾ ਦਾ ਮਾਇਨਾ ਸਮਝਾ ਦਿੱਤਾ ਹੈ।

ਇਸ ਸਰਕਾਰ ਨੂੰ ਸਿਰਫ ਦੋ ਕੰਮ ਹੀ ਚੰਗੀ ਤਰ੍ਹਾਂ ਕਰਨੇ ਆਉਂਦੇ ਹਨ - ਇਕ ਤਾਂ ਲੋਕਾਂ ਨੂੰ ਵੰਡਣਾ ਅਤੇ ਫਿਰ ਵੰਡ ਕੇ ਉਨ੍ਹਾਂ ਨੂੰ ਕੁਚਲ ਦੇਣਾ। ਬਹੁਤ ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ, ਇਸ ਅੰਦੋਲਨ ਨੂੰ ਤੋੜਨ ਦੀਆਂ, ਵੰਡਣ ਅਤੇ ਖਰੀਦਣ ਦੀਆਂ; ਲੇਕਿਨ ਇਹ ਹੋ ਨਹੀਂ ਸਕੇਗਾ। ਸਰਕਾਰ ਨੇ ਤਾਂ ਸਾਫ-ਸਾਫ ਦੱਸ ਦਿੱਤਾ ਹੈ ਕਿ ਕਾਨੂੰਨ ਵਾਪਸ ਨਹੀਂ ਲਏ ਜਾਣਗੇ ਅਤੇ ਤੁਸੀਂ ਵੀ ਸਾਫ ਕਰ ਦਿੱਤਾ ਹੈ ਕਿ ਤੁਸੀਂ ਵਾਪਸ ਨਹੀਂ ਜਾਵੋਗੇ। ਅੱਗੇ ਕੀ ਹੋਵੇਗਾ, ਕਿਵੇਂ ਹੋਵੇਗਾ - ਇਹ ਸਾਨੂੰ ਦੇਖਣਾ ਹੋਵੇਗਾ; ਲੇਕਿਨ ਬਹੁਤ ਲੋਕ ਤੁਹਾਡੇ ਨਾਲ ਹਨ। ਇਹ ਲੜਾਈ ਸਿਰਫ ਕਿਸਾਨਾਂ ਦੀ ਲੜਾਈ ਨਹੀਂ ਹੈ।

ਸਰਕਾਰ ਨੂੰ ਚੰਗਾ ਲੱਗਦਾ ਹੈ ਜਦ ਔਰਤਾਂ, ਔਰਤਾਂ ਲਈ ਲੜਦੀਆਂ ਹਨ; ਦਲਿਤ, ਦਲਿਤਾਂ ਲਈ ਲੜਦੇ ਹਨ; ਕਿਸਾਨ, ਕਿਸਾਨਾਂ ਲਈ ਲੜਦੇ ਹਨ; ਮਜ਼ਦੂਰ, ਮਜ਼ਦੂਰਾਂ ਲਈ ਲੜਦੇ ਹਨ; ਜਾਟ, ਜਾਟਾਂ ਲਈ ਲੜਦੇ ਹਨ। ਸਰਕਾਰ ਨੂੰ ਚੰਗਾ ਲੱਗਦਾ ਹੈ ਜਦ ਆਪੋ-ਆਪਣੇ ਖੂਹ ਵਿਚ ਬੈਠ ਕੇ ਡੱਡੂ ਮਾਰਦੇ ਹਨ; ਲੇਕਿਨ ਜਦ ਸਾਰੇ ਇਕਜੁੱਟ ਹੋ ਜਾਂਦੇ ਹਨ ਤਾਂ ਉਨ੍ਹਾਂ ਲਈ ਬਹੁਤ ਵੱਡਾ ਖਤਰਾ ਖੜ੍ਹਾ ਹੋ ਜਾਂਦਾ ਹੈ।

ਜਿਸ ਤਰ੍ਹਾਂ ਦਾ ਅੰਦੋਲਨ ਤੁਸੀਂ ਕਰ ਰਹੇ ਹੋ, ਇਸ ਤਰ੍ਹਾਂ ਦਾ ਅੰਦੋਲਨ ਅੱਜ ਦੁਨੀਆ ਵਿਚ ਕਿਤੇ ਵੀ ਨਹੀਂ ਹੋ ਰਿਹਾ। ਇਸ ਲਈ ਤੁਸੀਂ ਸਾਰੇ ਵਧਾਈ ਦੇ ਪਾਤਰ ਹੋ।

ਉਨ੍ਹਾਂ ਕੋਲ ਸਿਰਫ ਅੰਬਾਨੀ, ਅਡਾਨੀ ਜਾਂ ਪਤੰਜਲੀ ਹੀ ਨਹੀਂ ਹਨ ਬਲਕਿ ਉਨ੍ਹਾਂ ਕੋਲ ਤਾਂ ਇਨ੍ਹਾਂ ਤੋਂ ਵੀ ਜ਼ਿਆਦਾ ਖਤਰਨਾਕ ਸ਼ੈਅ ਹੈ ਅਤੇ ਉਹ ਸ਼ੈਅ ਹੈ ਗੋਦੀ ਮੀਡੀਆ।

ਇਕੱਲੇ ਅੰਬਾਨੀ ਕੋਲ 27 ਮੀਡੀਆ ਚੈਨਲ ਹਨ। ਉਹ ਭਲਾ ਸਾਨੂੰ ਕੀ ਖਬਰ ਦੇਣਗੇ ਅਤੇ ਕੀ ਦਿਖਾਉਣਗੇ। ਮੀਡੀਆ ਵਿਚ ਸਿਰਫ ਅਤੇ ਸਿਰਫ ਕਾਰਪੋਰੇਟ ਦੇ ਇਸ਼ਤਿਹਾਰ ਹਨ। ਉਹ ਸਾਨੂੰ ਖਬਰਾਂ ਨਹੀਂ ਦੇਣਗੇ ਸਗੋਂ ਸਾਨੂੰ ਸਿਰਫ ਗਾਹਲਾਂ ਦੇਣਗੇ ਅਤੇ ਅਜੀਬ-ਅਜੀਬ ਨਾਮ ਦੇਣਗੇ।

ਹੁਣ ਤੁਹਾਨੂੰ ਵੀ ਸਮਝ ਆ ਗਿਆ ਹੈ ਕਿ ਤੁਹਾਡੇ ਅੰਦੋਲਨ ਵਿਚ ਮੀਡੀਆ ਦਾ ਕੀ ਰੋਲ ਹੈ। ਇਹ ਬਹੁਤ ਖਤਰਨਾਕ ਹੈ। ਐਸਾ ਮੀਡੀਆ ਦੁਨੀਆ ਵਿਚ ਕਿਤੇ ਨਹੀਂ ਹੈ।

ਇਸ ਮੁਲਕ ਵਿਚ ਚਾਰ ਸੌ ਤੋਂ ਜ਼ਿਆਦਾ ਚੈਨਲ ਹਨ। ਜਦ ਮੁਲਕ ਵਿਚ ਕਰੋਨਾ ਆਇਆ ਤਾਂ ਇਸੇ ਮੀਡੀਆ ਨੇ ਮੁਸਲਮਾਨਾਂ ਨਾਲ ਕੀ-ਕੀ ਨਹੀਂ ਕੀਤਾ? ਕਿੰਨਾ ਝੂਠ ਬੋਲਿਆ ਗਿਆ, 'ਕਰੋਨਾ ਜਹਾਦ, ਕਰੋਨਾ ਜਹਾਦ' ਕਰ ਕਰ ਕੇ। ਹੁਣ ਤੁਹਾਡੇ ਨਾਲ ਵੀ ਉਹੀ ਕੰਮ ਸ਼ੁਰੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪ੍ਰਚਾਰਿਆ ਜਾ ਰਿਹਾ ਹੈ ਕਿ ਐਨੇ ਲੋਕ ਆ ਗਏ, ਬਿਨਾਂ ਮਾਸਕ ਦੇ ਆ ਗਏ!!

ਇਹ ਸਰਕਾਰ ਜੋ ਵੀ ਕਾਨੂੰਨ ਲਿਆਉਂਦੀ ਹੈ, ਰਾਤ ਨੂੰ ਲਿਆਉਂਦੀ ਹੈ। ਨੋਟਬੰਦੀ ਅੱਧੀ ਰਾਤ ਨੂੰ। ਜੀ.ਐਸ.ਟੀ.। ਬਿਨਾਂ ਚਰਚਾ ਦੇ, ਲੌਕਡਾਊਨ ਮਹਿਜ਼ ਚਾਰ ਘੰਟੇ ਦੇ ਨੋਟਿਸ ਉਪਰ ਅਤੇ ਕਿਸਾਨਾਂ ਲਈ ਜੋ ਕਾਨੂੰਨ ਬਣਾਏ ਗਏ, ਉਹ ਵੀ ਕਿਸੇ ਨਾਲ ਕੋਈ ਗੱਲਬਾਤ ਕੀਤੇ ਬਿਨਾਂ ਬਣਾ ਦਿੱਤੇ ਗਏ। ਕਿਸੇ ਨਾਲ ਵੀ ਕੋਈ ਗੱਲਬਾਤ ਨਹੀਂ ਕੀਤੀ ਗਈ। ਪਹਿਲਾਂ ਆਰਡੀਨੈਂਸ ਲੈ ਆਏ। ਹੁਣ ਕਹਿ ਰਹੇ ਹਨ, ਚੱਲੋ ਗੱਲਬਾਤ ਕਰ ਲਓ। ਸਾਰੇ ਕੰਮ ਉਲਟ ਤਰੀਕਿਆਂ ਨਾਲ ਹੋ ਰਹੇ ਹਨ। ਗੱਲਬਾਤ ਤਾਂ ਪਹਿਲਾਂ ਹੋਣੀ ਚਾਹੀਦੀ ਸੀ।

ਇਸ ਤੋਂ ਜ਼ਿਆਦਾ ਮੈਂ ਕੁਝ ਨਹੀਂ ਕਹਾਂਗੀ। ਅਸੀਂ ਸਾਰੇ ਤੁਹਾਡੇ ਨਾਲ ਹਾਂ। ਅਸੀਂ ਤੁਹਾਡੇ ਨਾਲ ਹੀ ਨਹੀਂ ਹਾਂ ਬਲਕਿ ਅਸੀਂ ਵੀ ਤੁਸੀਂ ਹੀ ਹੋ। ਤੁਸੀਂ ਵੀ ਅਸੀਂ ਹੋ ਅਤੇ ਅਸੀਂ ਸਾਰਿਆਂ ਨੇ ਮਿਲ ਕੇ ਲੜਨਾ ਹੈ। ਗੱਲ ਸਿਰਫ ਇਨ੍ਹਾਂ ਤਿੰਨ ਕਾਨੂੰਨਾਂ ਦੀ ਨਹੀਂ ਹੈ, ਇਹ ਇਕ ਵਿਆਪਕ ਲੜਾਈ ਹੈ; ਲੇਕਿਨ ਹੁਣ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਹੀ ਪੈਣਗੇ ਅਤੇ ਇਹ ਅੰਦੋਲਨ ਹਾਰਨ ਵਾਲਾ ਨਹੀਂ ਹੈ।

**ਇਨਕਲਾਬ ਜ਼ਿੰਦਾਬਾਦ!**

# ਕਿਸਾਨ ਲਹਿਰ ਦੀ ਚੜ੍ਹਤ

**ਪਰਮਿੰਦਰ ਸਿੰਘ**
ਫੋਨ: +91-95010-25030

ਇਸ ਵੇਲੇ ਦਿੱਲੀ ਮੋਰਚੇ ਦੇ ਰੂਪ ਵਿਚ ਚੱਲ ਰਿਹਾ ਅਤੇ ਪੰਜਾਬ ਤੇ ਹਰਿਆਣੇ ਵਿਚ ਟੋਲ ਪਲਾਜ਼ਿਆਂ, ਅੰਬਾਨੀ ਤੇ ਅਡਾਨੀ ਵਰਗੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਅਦਾਰਿਆਂ ਤੇ ਬੀ.ਜੇ.ਪੀ. ਦੇ ਨੇਤਾਵਾਂ ਦੇ ਘਰਾਂ ਅੱਗੇ ਸ਼ਾਂਤਮਈ ਧਰਨਿਆਂ ਦੇ ਰੂਪ ਵਿਚ ਚੱਲ ਰਿਹਾ ਕਿਸਾਨੀ ਅੰਦੋਲਨ ਸਿਰਫ ਕਿਸਾਨ ਅੰਦੋਲਨ ਨਾ ਰਹਿ ਕੇ ਅਜਿਹੀ ਲੋਕ ਲਹਿਰ ਵਿਚ ਤਬਦੀਲ ਹੋ ਚੁੱਕਾ ਹੈ ਜਿਸ ਦੇ ਵਿਸ਼ਾਲ ਕਲਾਵੇ ਵਿਚ ਇਹ ਸਾਰੇ ਕਿਰਤੀ ਲੋਕਾਂ ਦੀਆਂ ਮੰਗਾਂ ਤੇ ਉਮੰਗਾਂ ਦੀ ਲਹਿਰ ਬਣ ਚੁੱਕੀ ਹੈ। ਸਿੰਘੂ, ਟਿਕਰੀ, ਗਾਜ਼ੀਪੁਰ ਅਤੇ ਸ਼ਾਹਜਹਾਂਪੁਰ ਬਾਰਡਰਾਂ ਦੇ ਕਿਸਾਨ ਮੋਰਚੇ ਆਮ ਲੋਕਾਈ ਲਈ ਤੀਰਥ ਅਸਥਾਨ ਬਣ ਗਏ ਹਨ। ਪੰਜਾਬ ਵਿਚੋਂ ਹਰ ਰੋਜ਼ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਨ੍ਹਾਂ ਸਥਾਨਾਂ ਦੀ ਯਾਤਰਾ ਲਈ ਰਵਾਨਾ ਹੋ ਰਹੇ ਹਨ। ਇਨ੍ਹਾਂ ਸਥਾਨਾਂ ਉਤੇ ਜਾਣ ਦਾ ਅਮਲ ਉਨ੍ਹਾਂ ਤੋਂ ਕੋਈ ਜਥੇਬੰਦਕ ਤੌਰ 'ਤੇ ਕਰਵਾ ਨਹੀਂ ਰਿਹਾ, ਸਗੋਂ ਇਹ ਉਨ੍ਹਾਂ ਦੇ ਅਜੋਕੇ ਆਰਥਿਕ ਤੇ ਸਭਿਆਚਾਰਕ ਸੰਕਟ ਵਿਚ ਉਲਝੇ ਜ਼ਿੰਦਗੀ ਦੇ ਪੈਟਰਨਾਂ ਅਤੇ ਉਨ੍ਹਾਂ ਦੀਆਂ ਸਾਂਝੀਵਾਲਤਾ ਦੇ ਪਦਾਰਥਕ ਆਧਾਰ ਤੇ ਉਸਰੀਆਂ ਉਮੰਗਾਂ ਵਿਚੋਂ ਪੈਦਾ ਹੋਇਆ ਹੈ।

ਲੋਕਾਂ ਦੇ ਇਸ ਅਮਲ ਨੇ ਉਨ੍ਹਾਂ ਦੇ ਧੁਰ ਅੰਦਰ ਵਸਦੀ ਉਸ ਬੇਗਾਨਗੀ ਦੀ ਭਾਵਨਾ ਨੂੰ ਜੱਗ ਜ਼ਾਹਰ ਕਰ ਦਿੱਤਾ ਹੈ ਜੋ ਉਨ੍ਹਾਂ ਦੀਆਂ ਅਸਤਿਤਵੀ ਹਸਤੀਆਂ ਵਿਚ ਅਜੋਕੇ ਆਰਥਿਕ ਅਤੇ ਰਾਜ ਕਰਦੇ ਰਾਜਸੀ ਨਿਜ਼ਾਮ ਦੀਆਂ ਲੋਕ ਵਿਰੋਧੀ, ਸੰਕਟ ਨੂੰ ਪੈਦਾ ਕਰਨ ਵਾਲੀਆਂ ਅਤੇ ਨਾਲ ਹੀ ਸੰਕਟਗ੍ਰਸਤ ਹੋ ਚੁੱਕੀਆਂ ਨੀਤੀਆਂ ਖਿਲਾਫ ਬਹੁਤ ਲੰਮੇ ਸਮੇਂ ਤੋਂ ਪਨਪ ਰਹੀ ਸੀ। ਇਨ੍ਹਾਂ ਆਰਥਿਕ ਨੀਤੀਆਂ ਅਤੇ ਇਨ੍ਹਾਂ ਦੇ ਅਨੁਸਾਰ ਹੀ ਚਲਾਏ ਜਾ ਰਹੇ ਰਾਜ ਪ੍ਰਬੰਧ ਵਿਰੁੱਧ ਉਨ੍ਹਾਂ ਦੇ ਮਨਾਂ ਵਿਚ ਪੈਦਾ ਹੋ ਰਹੇ ਗੁੱਸੇ ਨੂੰ ਵੀ ਇਸ ਕਿਸਾਨ ਲਹਿਰ ਨੇ ਬਾਹਰ ਲਿਆਂਦਾ ਹੈ। ਰਾਜ ਅਤੇ ਇਸ ਤੇ ਕਾਬਜ਼ ਸਿਆਸੀ ਜੋ ਇਸ ਵੇਲੇ ਮੁੱਖ ਤੌਰ ਤੇ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਚੋਟੀ ਦੇ ਨੇਤਾਵਾਂ ਵਿਚ ਸਮੋਈ ਹੋਈ ਹੈ, ਦੇ ਵਿਰੁੱਧ ਹੀ ਇਸ ਬੇਗਾਨਗੀ ਅਤੇ ਗੁੱਸੇ ਦੀ ਭਾਵਨਾ ਦਾ ਇਜ਼ਹਾਰ ਹੋ ਰਿਹਾ ਹੈ।

ਵਿਚਾਰਧਾਰਕ ਪੱਧਰ ਤੇ ਇਹ ਗੱਲ ਸ਼ੀਸ਼ੇ ਵਾਂਗ ਸਾਫ ਹੋ ਰਹੀ ਹੈ ਕਿ ਲੋਕਾਂ ਦੇ ਨਿਸ਼ਾਨੇ ਤੇ ਸਮੁੱਚਾ ਰਾਜ ਪ੍ਰਬੰਧ ਤੇ ਖਾਸ ਕਰ ਕੇ ਇਸ ਨੂੰ ਅੱਜ ਕੱਲ੍ਹ ਚਲਾਉਣ ਵਾਲੀ ਮੁੱਖ ਰਾਜਸੀ ਹਸਤੀ ਨਰਿੰਦਰ ਮੋਦੀ ਤਾਂ ਹੈ ਹੀ, ਇਸ ਦੇ ਨਾਲ ਇਸ ਰਾਜ ਸ਼ਕਤੀ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਉਹ ਕਾਰਪੋਰੇਟ ਜਾਂ ਇਹ ਕਹਿਣਾ ਜ਼ਿਆਦਾ ਠੀਕ ਹੋਵੇਗਾ, ਸਮੁੱਚੀ ਆਰਥਿਕਤਾ ਤੇ ਏਕਾਧਿਕਾਰ ਜਮਾਉਣ ਵਾਲੀ ਵੱਡੀ ਸਰਮਾਏਦਾਰੀ ਹੈ ਜੋ ਆਪਣੀ ਬਣਤਰ ਅਤੇ ਸੁਭਾਅ ਕਰ ਕੇ ਕੌਮਾਂਤਰੀ ਸਰਮਾਏ ਨਾਲ ਜੁੜੀ ਹੋਈ ਹੈ। ਅੱਜ ਕੱਲ੍ਹ ਸੋਸ਼ਲ ਮੀਡੀਆ ਤੇ ਅਜਿਹੇ ਕਿਤਨੇ ਹੀ ਕਾਰਟੂਨ ਪ੍ਰਚਲਤ ਹਨ ਜਿਨ੍ਹਾਂ ਵਿਚ ਰਾਜਸੀ ਸ਼ਕਤੀ ਅਤੇ ਸਰਮਾਏਦਾਰੀ ਹਿਤਾਂ ਦੀ ਨੁਮਾਇੰਦਗੀ ਕਰਨ ਵਾਲੇ ਮੋਦੀ, ਅੰਬਾਨੀ ਤੇ ਅਡਾਨੀ ਦੇ ਚਿਹਰਿਆਂ ਦੀ ਇਕਮਿਕਤਾ ਅਤੇ ਬਹੁਤ ਵਾਰੀ ਰਾਜਸੀ ਸ਼ਕਤੀ ਨੂੰ ਚਲਾਉਣ ਦੀ ਅਸਲ ਸ਼ਕਤੀ ਵੱਡੇ ਸਰਮਾਏਦਾਰੀ ਹੱਥਾਂ ਵਿਚ ਦਿਖਾਈ ਗਈ ਹੈ।

ਪਹਿਲੀ ਨਜ਼ਰ ਦੇਖਿਆਂ ਇਹ ਕਿਸਾਨ ਸੰਘਰਸ਼ ਅਤੇ ਇਸ ਵਿਚ ਵਿਸ਼ਾਲ ਲੋਕਾਈ ਦੀ ਵਧ ਚੜ੍ਹ ਕੇ ਹੋਈ ਸ਼ਮੂਲੀਅਤ ਅਜਿਹੀ ਅਚਾਨਕ ਵਾਪਰੀ ਗਤੀਵਿਧੀ ਲੱਗਦੀ ਹੈ ਜੋ ਆਪਮੁਹਾਰੀ ਹੋਵੇ ਅਤੇ ਜਿਸ ਦੇ ਸਾਹਮਣੇ ਕੋਈ ਠੋਸ ਨਿਸ਼ਾਨਾ ਜਾਂ ਜਿਸ ਦੀ ਕੋਈ ਠੋਸ ਬਣਤਰ ਨਾ ਹੋਵੇ। ਇਸ ਧਾਰਨਾ ਤੋਂ ਬਿਲਕੁਲ ਹਟਵਾਂ ਇਸ ਲਹਿਰ ਦਾ ਆਪਣਾ ਬੁਨਿਆਦੀ ਸੁਭਾਅ ਅਤੇ ਸਰੂਪ ਹੈ। ਇਸ ਦੇ ਤੁਰੰਤ ਪੈਂਡੇ ਪਿਛੋਕੜ ਅਤੇ ਲੰਮੇ ਸਮੇਂ ਤੋਂ ਵਿਕਾਸ ਕਰ ਰਹੇ ਇਸ ਦੇ ਇਤਿਹਾਸ ਦੇ ਪ੍ਰਸੰਗ ਵਿਚ ਦੇਖਿਆਂ ਇਹ ਗੱਲ ਭਲੀਭਾਂਤ ਸਾਫ ਹੋ ਜਾਂਦੀ ਹੈ ਕਿ ਇਹ ਲਹਿਰ ਆਪ ਮੁਹਾਰੇ ਉਠੀ ਹੋਈ ਅਚਾਨਕ ਲਹਿਰ ਨਾ ਹੋ ਕੇ ਕਿਸਾਨ ਜਥੇਬੰਦੀਆਂ ਦੀਆਂ ਉਨ੍ਹਾਂ ਧਾਰਨਾਵਾਂ ਅਤੇ ਇਨ੍ਹਾਂ ਨੂੰ ਠੋਸ ਸ਼ਕਲ ਦੇਣ ਲਈ ਉਨ੍ਹਾਂ ਦੀਆਂ ਕੰਮ ਕਰਨ ਦੀਆਂ ਵਿਧੀਆਂ ਦਾ ਸਿੱਟਾ ਹੈ ਜਿਸ ਰਾਹੀਂ ਉਨ੍ਹਾਂ ਨੇ ਆਪਣੇ ਕਾਰਜ ਖੇਤਰ ਵਿਚ ਲੋਕਾਂ ਨੂੰ ਕਾਰਪੋਰੇਟ ਜਗਤ, ਕੌਮਾਂਤਰੀ ਵਿੱਤੀ ਸੰਸਥਾਵਾਂ ਅਤੇ ਸਰਕਾਰਾਂ ਦੇ ਆਪਸੀ ਅੰਤਰ-ਸੰਬੰਧਾਂ, ਆਪਸੀ ਨਿਰਭਰਤਾ ਅਤੇ ਇਨ੍ਹਾਂ ਦੇ ਲੋਕ ਵਿਰੋਧੀ ਕਿਰਦਾਰ ਤੋਂ ਲੋਕਾਂ ਨੂੰ ਜਾਗਰੁਕ ਕਰ ਕੇ ਸੰਘਰਸ਼ ਦੇ ਰਾਹ ਪਾਇਆ। ਖੇਤੀਬਾੜੀ ਨਾਲ ਸੰਬੰਧਤ ਤਿੰਨ ਆਰਡੀਨੈਂਸਾਂ ਅਤੇ ਬਾਅਦ ਵਿਚ ਬਣਾਏ ਕਾਨੂੰਨਾਂ ਤੋਂ ਤੁਰੰਤ ਬਾਅਦ ਹੀ ਜੇਕਰ ਦਿੱਲੀ ਮੋਰਚਾ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਤਾਂ ਸ਼ਾਇਦ ਇਸ ਵਿਚ ਲੋਕਾਂ ਦੀ ਅਜਿਹੀ ਭਰਵੀਂ ਲਾਮਬੰਦੀ ਨਾ ਹੁੰਦੀ, ਜਿਹੋ ਜਿਹੀ ਹੁਣ ਦੇਖਣ ਨੂੰ ਮਿਲ ਰਹੀ ਹੈ। ਇਸ ਭਰਵੀਂ ਲਾਮਬੰਦੀ ਪਿੱਛੇ ਪੰਜਾਬ ਵਿਚ ਅੱਡ-ਅੱਡ ਥਾਵਾਂ ਤੇ ਚਲਾਏ ਸੰਘਰਸ਼ਾਂ ਅਤੇ ਇਨ੍ਹਾਂ ਰਾਹੀਂ ਲੋਕਾਂ ਨੂੰ ਦਿੱਤੀ ਸਿੱਖਿਆ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਕੌਮੀ ਅਤੇ ਕੌਮਾਂਤਰੀ ਕਾਰਪੋਰੇਟਾਂ ਅਤੇ ਸਰਕਾਰ ਦੀ ਮਿਲੀਭੁਗਤ ਨੂੰ ਕਿਸਾਨਾਂ ਤੇ ਹੋਰ ਕਿਰਤੀ ਵਰਗਾਂ ਵੱਲੋਂ ਆਪਣੇ ਨਿਸ਼ਾਨੇ ਤੇ ਲੈਣ ਪਿੱਛੇ ਕਿਸਾਨ ਜਥੇਬੰਦੀਆਂ ਦੇ ਉਨ੍ਹਾਂ ਸ਼ਾਨਾਮੱਤੇ ਸੰਘਰਸ਼ਾਂ ਦੀ ਦਾਸਤਾਨ ਪਈ ਹੈ ਜੋ ਉਨ੍ਹਾਂ ਨੇ ਕਰਜ਼ਿਆਂ, ਕੁਰਕੀਆਂ ਅਤੇ ਕਿਸਾਨੀ ਨੂੰ ਦਰਪੇਸ਼ ਹੋਰ ਮਸਲਿਆਂ ਖਿਲਾਫ ਪਿਛਲੇ ਚਾਰ ਦਹਾਕਿਆਂ ਤੋਂ ਲੜੇ ਹਨ। ਇਸ ਪ੍ਰਸੰਗ ਵਿਚ ਦੇਖ ਕੇ ਇਹ ਸਾਫ ਹੋ ਜਾਂਦਾ ਹੈ ਕਿ ਕਿਸਾਨਾਂ ਦੀ ਇਹ ਲਹਿਰ ਅਚਨਚੇਤੀ ਵਰਤਾਰੇ ਦੇ ਧੁੰਦਲਕੇ ਜਿਹੇ ਵਿਚ ਨਾ ਵਾਪਰ ਕੇ ਆਪਣੇ ਮਿਥੇ ਹੋਏ ਨਿਸ਼ਾਨੇ ਵੱਲ ਸੇਧਤ ਲਹਿਰ ਹੈ। ਇਸ ਦਾ ਇਹ ਨਿਸ਼ਾਨਾ ਆਪਣੇ ਪੈਦਾਵਾਰ ਦੇ ਬੁਨਿਆਦੀ ਵਸੀਲੇ, ਭਾਵ ਜ਼ਮੀਨ ਅਤੇ ਇਸ ਵਿਚੋਂ ਪੈਦਾ ਕੀਤੀਆਂ ਫਸਲਾਂ ਦੀ ਵਾਜਬਿ ਕੀਮਤ ਤੇ ਪੈ ਸਕਦੇ ਕਾਰਪੋਰੇਟੀ ਛਾਪੇ ਤੋਂ ਸੁਰੱਖਿਅਤ ਕਰਨਾ ਹੈ।

ਕਿਸਾਨ ਲਹਿਰ ਦੀ ਇਸ ਚੇਤੰਨ ਅਤੇ ਜਥੇਬੰਦ ਸੇਧ ਦਾ ਇਕ ਹੋਰ ਹਾਂਦਰੂ ਪੱਖ ਰਾਜ ਉਪਰ ਕਾਬਜ਼ ਧਿਰ ਦੁਆਰਾ ਪਿਛਲੇ ਲੰਮੇ ਸਮੇਂ ਤੋਂ, ਤੇ ਖਾਸ ਤੌਰ ਤੇ 2014 ਤੋਂ ਅਮਲ ਵਿਚ ਲਿਆਂਦੀ ਜਾ ਰਹੀ ਫਿਰਕੂ ਅਤੇ ਇਲਾਕਾਈ ਆਧਾਰ ਤੇ ਵੰਡਾਂ ਪਾਉਣ ਦੀ ਸਿਆਸਤ ਉਪਰ ਭਾਰੂ ਪੈਣਾ ਹੈ। ਇਸ ਲਹਿਰ ਦੇ ਅੰਦਰ ਕਾਰਪੋਰੇਟ ਜਗਤ ਖਿਲਾਫ ਪੈਦਾ ਹੋਏ ਲੋਕਾਂ ਦੇ ਸਾਂਝੇ ਜਮਾਤੀ ਪੈਂਤੜੇ ਦੇ ਸਾਹਮਣੇ ਲੋਕਾਂ ਵਿਚ ਪਾਟਕ ਪਾ ਕੇ ਹਿੰਸਾਤਮਕ ਹੋਣ ਵਾਲੀ ਸਿਆਸਤ ਵਿਕਣ ਵਿਚ ਕਾਮਯਾਬ ਨਹੀਂ ਹੋਈ। ਇਸ ਲਹਿਰ ਨੂੰ ਸਿਰਫ ਪੰਜਾਬੀ ਕਿਸਾਨਾਂ ਦੀ ਲਹਿਰ, ਖਾਲਿਸਤਾਨੀ ਜਾਂ ਟੁਕੜੇ ਟੁਕੜੇ ਗੈਂਗ ਦੁਆਰਾ ਚਲਾਈ ਲਹਿਰ ਦੇ ਤੌਰ ਤੇ ਪੇਸ਼ ਕਰਨ ਦੀਆਂ ਚਾਲਾਂ ਦਿਨਾਂ ਵਿਚ ਹੀ ਮੂੰਹ ਪਰਨੇ ਡਿੱਗਦੀਆਂ ਨਜ਼ਰ ਆਈਆਂ ਹਨ। ਕਿਰਤ ਦੇ ਜਮਾਤੀ ਪੈਂਤੜੇ ਦੇ ਕਰ ਕੇ ਹੀ ਉਸਰੇ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਦੇ ਏਕੇ ਕਰ ਕੇ ਭਾਰਤੀ ਜਨਤਾ ਪਾਰਟੀ ਵੱਲੋਂ ਸਤਲੁਜ ਜਮਨਾ ਲਿੰਕ ਨਹਿਰ ਦਾ ਮਸਲਾ ਉਠਾਉਣ ਨੂੰ ਵੀ ਬੂਰ ਨਹੀਂ ਪਿਆ।


ਇਸ ਕਿਸਾਨ ਲਹਿਰ ਦੇ ਵਿਸ਼ਾਲ ਲੋਕ ਲਹਿਰ ਵਿਚ ਵਟ ਜਾਣ ਦੇ ਅਮਲ ਪਿੱਛੇ ਇਸ ਵਿਚ ਸਿਰਫ ਕਿਸਾਨਾਂ ਤੋਂ ਬਾਹਰਲੇ ਲੋਕਾਂ ਦੇ ਹਿੱਸਿਆਂ ਦੀ ਸ਼ਮੂਲੀਅਤ ਹੀ ਨਹੀਂ ਹੈ, ਇਸ ਤੋਂ ਵੀ ਅਗਾਂਹ ਜਾ ਕੇ ਇਸ ਦੁਆਰਾ ਪੇਸ਼ ਕੀਤੀਆਂ ਮੰਗਾਂ ਦੇ ਵਿਸਥਾਰ ਵਿਚ ਸਾਰੇ ਕਿਰਤੀਆਂ, ਖਾਸ ਤੌਰ ਤੇ ਬੇਜ਼ਮੀਨੇ ਕਿਸਾਨਾਂ, ਸਨਅਤੀ ਮਜ਼ਦੂਰਾਂ ਅਤੇ ਹੋਰ ਗਰੀਬ ਤਬਕਿਆਂ ਦੀਆਂ ਲੋੜਾਂ ਨੂੰ ਕਲਾਵੇ ਵਿਚ ਲੈਣ ਦੀ ਸਮਰੱਥਾ ਲੁਕੀ ਹੋਈ ਹੈ। ਕਾਰਪੋਰੇਟ ਜਗਤ ਦੀ ਬਘਿਆੜਨੁਮਾ ਲੁੱਟ ਤੋਂ ਜ਼ਮੀਨਾਂ ਨੂੰ ਬਚਾਅ ਕੇ ਰੱਖਣ ਦੀ ਚਾਹਤ ਪਿੱਛੇ ਉਸ ਦੁਆਰਾ ਆਪਣੇ ਹੀ ਨਫੇ ਦੀ ਖਾਤਰ ਖੇਤੀਬਾੜੀ ਖੇਤਰ ਦੇ ਕੁਲ ਰੁਜ਼ਗਾਰ ਸਮੇਤ ਖੇਤ ਮਜ਼ਦੂਰਾਂ ਦੇ ਰੁਜ਼ਗਾਰ ਤੇ ਕਾਬਜ਼ ਹੋਣ ਦੀ ਸੰਭਾਵਨਾ ਨੂੰ ਰੋਕਣ ਦੀ ਕੋਸ਼ਿਸ਼ ਸਮੋਈ ਹੋਈ ਹੈ। ਕਾਰਪੋਰੇਟ ਜਗਤ ਨੇ ਤਾਂ, ਜਿਵੇਂ ਪਿਛਲੇ ਤਜਰਬਾ ਦਰਸਾਉਂਦਾ ਹੈ, ਵੱਡਾ ਮਸ਼ੀਨੀਕਰਨ ਕਰ ਕੇ ਰੁਜ਼ਗਾਰ ਘਟਾ ਹੀ ਦੇਣਾ ਹੈ। ਅਡਾਨੀ ਗਰੁੱਪ ਦੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਬਣਾਏ ਸਾਈਲੋ ਗੁਦਾਮਾਂ ਵਿਚ ਬਹੁਤ ਹੀ ਨਿਗੂਣੀ ਗਿਣਤੀ ਵਿਚ ਮਜ਼ਦੂਰ ਕੰਮ ਕਰ ਰਹੇ ਹਨ। ਇਸੇ ਤਰ੍ਹਾਂ ਫਸਲਾਂ ਦੀ ਐਮਐਸਪੀ ਅਤੇ ਸਰਕਾਰ ਦੁਆਰਾ ਖਰੀਦ ਨੂੰ ਕਾਨੂੰਨੀ ਤੌਰ ਤੇ ਯਕੀਨੀ ਬਣਾਉਣ ਪਿੱਛੇ ਕਿਸਾਨਾਂ ਦੀ ਆਪਣੀ ਵਾਜਬਿ ਆਮਦਨ ਦੀ ਯਕੀਨ ਦਹਾਨੀ ਦੇ ਨਾਲ ਨਾਲ ਪੂਰੀ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ.) ਨੂੰ ਬਚਾਅ ਰੱਖਣ ਦੀ ਮੰਗ ਵੀ ਸ਼ਾਮਲ ਹੈ। ਕਿਸਾਨ ਲਹਿਰ ਦੀ ਇਸ ਮੰਗ ਦੀ ਪੂਰਤੀ ਦੇ ਨਾਲ ਹੀ ਪੀ.ਡੀ.ਐਸ. ਬਚ ਸਕਦਾ ਹੈ, ਨਹੀਂ ਤਾਂ ਇਸ ਦਾ ਖਾਤਮਾ ਲਾਜ਼ਮੀ ਹੈ। ਇਸ ਤਰ੍ਹਾਂ ਇਸ ਲਹਿਰ ਦੀਆਂ ਮੰਗਾਂ ਦਾ ਵਿਸਥਾਰ ਹੀ ਕਿਰਤੀ ਲੋਕਾਂ ਦੇ ਆਪਸੀ ਏਕੇ ਦਾ ਆਧਾਰ ਬਣਨ ਦੀ ਸੰਭਾਵਨਾ ਆਪਣੇ ਆਪ ਲੁਕੋਈ ਬੈਠਾ ਹੈ। ਮੰਗਾਂ ਦੇ ਇਸ ਵਿਚਾਰਧਾਰਕ ਪਾਸਾਰ ਵਿਚ ਹੀ ਇਸ ਲਹਿਰ ਦੇ ਵਿਸ਼ਾਲ ਲੋਕ ਲਹਿਰ ਵਿਚ ਵਟਣ ਦਾ ਆਧਾਰ ਪਿਆ ਹੈ।

ਇਸ ਕਿਸਾਨ ਲਹਿਰ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਜਮਹੂਰੀਅਤ ਦੇ ਸਿਧਾਂਤ ਅਤੇ ਵਿਹਾਰ ਨੂੰ ਲੋਕਾਂ ਦੀ ਖਰੀ ਜਮਹੂਰੀਅਤ ਦੇ ਪਾਸਾਰ ਦੇਣ ਨਾਲ ਸੰਬੰਧਤ ਹੈ। ਇਸ ਪਹਿਲੂ ਦੀ ਵਿਆਖਿਆ ਲਈ ਭਾਰਤ ਵਿਚ ਵਿਕਸਤ ਹੋਈਆਂ ਦੋ ਲਹਿਰਾਂ ਦਾ ਹਵਾਲਾ ਦੇਣਾ ਜ਼ਰੂਰੀ ਹੈ। ਇਹ ਲਹਿਰਾਂ ਸਨ: 1974 ਦੀ ਜੈ ਪ੍ਰਕਾਸ਼ ਨਰਾਇਣ ਵਾਲੀ ਲਹਿਰ ਅਤੇ ਅੰਨਾ ਹਜ਼ਾਰੇ ਦੀ ਲਹਿਰ। ਇਨ੍ਹਾਂ ਲਹਿਰਾਂ ਦੇ ਤਾਣੇ ਬਾਣੇ ਨੂੰ ਬੁਣਨ ਅਤੇ ਮਜ਼ਬੂਤ ਕਰਨ ਵਿਚ ਹੋਰਨਾਂ ਤੋਂ ਬਗੈਰ ਰਾਸ਼ਟਰੀ ਸਵੈਮਸੇਵਕ ਸੰਘ ਦੀ ਜਥੇਬੰਦਕ ਸ਼ਕਤੀ, ਉਸ ਦੀ ਵਿਚਾਰਧਾਰਾ ਅਤੇ ਪਹੁੰਚ ਨੇ ਆਪਣਾ ਰੋਲ ਨਿਭਾ ਕੇ ਆਪਣੇ ਆਪ ਨੂੰ ਵਿਸਥਾਰ ਵੀ ਦਿੱਤਾ ਅਤੇ ਮਜ਼ਬੂਤ ਵੀ ਕੀਤਾ। ਇਸ ਦੇ ਨਾਲ ਹੀ ਇਨ੍ਹਾਂ ਲਹਿਰਾਂ ਦਾ ਇਕ ਮਕਸਦ ਵੇਲੇ ਦੀ ਰਾਜ ਕਰਦੀ ਪਾਰਟੀ ਨੂੰ ਬਦਲ ਕੇ ਕਿਸੇ ਦੂਜੀ ਪਾਰਟੀ ਜਾਂ ਪਾਰਟੀਆਂ ਦੇ ਸਮੂਹ ਦੇ ਹੱਥ ਰਾਜਸੀ ਤਾਕਤ ਦੇਣੀ ਸੀ; ਜਿਵੇਂ ਅੰਨਾ ਹਜ਼ਾਰੇ ਦੀ ਲਹਿਰ ਦਾ ਸਭ ਤੋਂ ਵੱਧ ਫਾਇਦਾ ਭਾਰਤੀ ਜਨਤਾ ਪਾਰਟੀ ਨੇ ਉਠਾਇਆ ਅਤੇ ਭਾਰਤੀ ਦੀ ਫਿਜ਼ਾ ਵਿਚ ਫਿਰਕੂ ਜ਼ਹਿਰ ਘੋਲਿਆ ਪਰ ਅੱਜ ਦੀ ਕਿਸਾਨ ਲਹਿਰ ਦਾ ਆਧਾਰ ਜਮਾਤੀ ਤੌਰ ਤੇ ਕਿਸਾਨੀ ਅਤੇ ਹੋਰ ਕਿਰਤੀ ਲੋਕਾਂ ਵਿਚ ਪਿਆ ਹੋਣ ਕਰ ਕੇ ਇਸ ਦਾ ਅਜਿਹਾ ਕੋਈ ਏਜੰਡਾ ਨਹੀਂ ਹੈ।

ਇਸੇ ਆਧਾਰ ਕਰ ਕੇ ਹੀ ਇਹ ਲਹਿਰ ਸ਼ੁੱਧ ਰੂਪ ਵਿਚ ਧਰਮ ਨਿਰਪੱਖ ਹੈ ਅਤੇ ਹਰ ਤਰ੍ਹਾਂ ਦੇ ਤੁਅਸਬ ਤੋਂ ਆਜ਼ਾਦ ਹੈ। ਇਸ ਲਹਿਰ ਦਾ ਉਦੇਸ਼ ਕਿਸੇ ਵਿਸ਼ੇਸ਼ ਪਾਰਟੀ ਜਾਂ ਪਾਰਟੀਆਂ ਦੇ ਸਮੂਹ ਨੂੰ ਰਾਜਸੀ ਤਾਕਤ ਦਿਵਾਉਣ ਦਾ ਨਹੀਂ ਹੈ, ਇਸ ਲਈ ਹੀ ਇਹ ਲਹਿਰ ਸਿਆਸਤ ਤੋਂ ਪ੍ਰੇਰਿਤ ਨਹੀਂ ਹੈ ਪਰ ਇਸ ਲਹਿਰ ਦੀ ਸਿਆਸਤ ਲੋਕਾਂ ਦੁਆਰਾ ਆਪਣੀ ਤਾਕਤ ਦੇ ਆਧਾਰ ਤੇ ਆਪਣੀ ਪੁੱਗਤ ਵਧਾਉਣ ਦੀ ਹੈ। ਇਸੇ ਕਰ ਕੇ ਇਸ ਲਹਿਰ ਦੀ ਸਿਆਸਤ ਹਕੀਕੀ ਤੌਰ ਤੇ ਲੋਕਾਂ ਦੇ ਜਮਹੂਰੀ ਅਧਿਕਾਰਾਂ ਨੂੰ ਹੋਰ ਡੂੰਘਾ ਅਤੇ ਵਿਸ਼ਾਲ ਕਰਨ ਦੀ ਸੰਭਾਵਨਾ ਆਪਣੇ ਅੰਦਰ ਸਮੋਈ ਬੈਠੀ ਹੈ।

# ਕਿਉਂ ਚੁੱਪ ਹਨ ਕਿਸਾਨੀ ਸੰਘਰਸ਼ ਬਾਰੇ ਭਾਰਤ ਦੇ ਰਾਸ਼ਟਰਪਤੀ?

## ਸੰਵਿਧਾਨਕ ਫਰਜ਼ਾਂ ਨੂੰ ਤਿਲਾਂਜਲੀ ਦਾ ਰਹੱਸ!



ਭਾਰਤ ਦੇ ਸੰਵਿਧਾਨ ਅਨੁਸਾਰ ਕੇਂਦਰ ਸਰਕਾਰ ਦੇ ਸਾਰੇ ਕੰਮ ਰਾਸ਼ਟਰਪਤੀ ਦੇ ਨਾਂ ਥੱਲੇ ਹੁੰਦੇ ਹਨ। ਲੋਕ ਸਭਾ ਚੋਣਾਂ ਤੋਂ ਬਾਅਦ ਉਹ ਸਭ ਤੋਂ ਵੱਡੀ ਪਾਰਟੀ ਦੇ ਨੇਤਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੰਦੇ ਹਨ। ਪ੍ਰਧਾਨ ਮੰਤਰੀ ਅਤੇ ਬਾਕੀ ਮੰਤਰੀਆਂ ਨੂੰ ਅਹੁਦੇ ਦੀ ਸਹੁੰ ਖਵਾਉਂਦੇ ਹਨ। ਇਹੋ ਨਹੀਂ, ਭਾਰਤੀ ਫੌਜ ਦੇ ਮੁਖੀ ਵੀ ਉਹੀ ਹਨ। ਸੁਪਰੀਮ ਕੋਰਟ ਦੇ ਜੱਜਾਂ ਦੀ ਨਿਯੁਕਤੀ ਨੂੰ ਮਨਜੂਰੀ ਵੀ ਦਿੰਦੇ ਹਨ ਅਤੇ ਸਹੁੰ ਵੀ ਚੁਕਵਾਉਂਦੇ ਹਨ। ਜਦੋਂ ਕਿਸੇ ਵੀ ਪਾਰਟੀ ਨੂੰ ਬਹੁ ਮੱਤ ਨਾ ਮਿਲੇ ਤਾਂ ਆਪਣੀ ਸੋਚ ਸਮਝ ਅਨੁਸਾਰ ਸਰਕਾਰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਅਪਾਰ ਸ਼ਕਤੀਆਂ ਦੇ ਮਾਲਕ ਹਨ। ਇਹ ਗੱਲ ਵਖਰੀ ਹੈ ਕਿ ਉਨ੍ਹਾਂ ਦੀਆਂ ਸ਼ਕਤੀਆਂ ਨੂੰ ਵਰਤਦਾ ਕੇਂਦਰੀ ਮੰਤਰੀ ਮੰਡਲ ਹੈ। ਇਸੇ ਲਈ ਉਨ੍ਹਾਂ ਨੂੰ ਰਬੜ ਦੀ ਮੋਹਰੀ ਹੀ ਕਿਹਾ ਜਾਂਦਾ ਹੈ; ਪਰ ਇਹ ਰਬੜ ਦੀ ਮੋਹਰ ਸਰਕਾਰੀ ਖਜਾਨੇ 'ਤੇ ਬਹੁਤ



**ਰਵਿੰਦਰ ਸਿੰਘ ਸੋਢੀ**
ਫੋਨ: 604-369-2371

ਭਾਰੀ ਪੈਂਦੀ ਹੈ। ਲੱਖਾਂ ਰੁਪਏ ਦੀ ਤਨਖਾਹ, ਕਈ ਹੋਰ ਭੱਤੇ ਆਦਿ। ਕੋਈ ਇਨਕਮ ਟੈਕਸ ਨਹੀਂ ਦੇਣਾ। ਹਾਂ, ਇਕ ਗੱਲ ਹੈ, ਪਾਰਲੀਮੈਂਟ ਵੱਲੋਂ ਪਾਸ ਹੋਏ ਬਿਲ ਕਾਨੂੰਨ ਉਦੋਂ ਹੀ ਬਣਦੇ ਹਨ, ਜਦੋਂ ਮਹਾਂ ਮਹੀਮ ਉਨ੍ਹਾਂ 'ਤੇ ਘੁੱਗੀ ਮਾਰਨ।

ਕਾਨੂੰਨ ਅਨੁਸਾਰ ਉਨ੍ਹਾਂ 'ਤੇ ਕੋਈ ਬੰਦਿਸ਼ ਨਹੀਂ ਕਿ ਆਪਣੀ ਮਨਜ਼ੂਰੀ ਕਦੋਂ ਦੇਣ! ਪਰ ਇਤਿਹਾਸ ਗਵਾਹ ਹੈ ਕਿ ਜਦੋਂ ਇੰਦਰਾ ਗਾਂਧੀ ਨੇ ਦੇਸ਼ ਵਿਚ ਐਮਰਜੈਂਸੀ ਲਾਈ ਸੀ ਤਾਂ ਉਸ ਸਮੇਂ ਦੇ ਰਾਸ਼ਟਰਪਤੀ ਨੇ ਆਪਣੇ ਵਿਦੇਸ਼ੀ ਦੌਰੇ ਦੌਰਾਨ ਹੀ ਖਾਸ ਹਵਾਈ ਜਹਾਜ ਰਾਹੀਂ ਭੇਜੇ ਕਾਗਜਾਂ 'ਤੇ ਬਿਨਾ ਪੁਛ ਪੜਤਾਲ ਕੀਤੇ ਦਸਤਖਤ ਕਰ ਦਿੱਤੇ ਸਨ। ਉਨ੍ਹਾਂ ਦੀ ਪ੍ਰਧਾਨ ਮੰਤਰੀ ਤੋਂ ਇਹ ਪੁੱਛਣ ਦੀ ਜ਼ੁਰਅਤ ਨਹੀਂ ਸੀ ਹੋਈ ਕਿ ਅਜਿਹਾ ਕਦਮ ਚੁੱਕਣ ਦੀ ਕੀ ਲੋੜ ਪੈ ਗਈ? 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਉਸ ਸਮੇਂ ਦੇ ਰਾਸ਼ਟਰਪਤੀ ਨੇ ਗਾਂਧੀ ਪਰਿਵਾਰ ਪ੍ਰਤੀ ਆਪਣੀ ਵਫਾਦਾਰੀ ਦਿਖਾਉਂਦਿਆਂ ਰਾਜੀਵ ਗਾਂਧੀ ਨੂੰ ਪ੍ਰਧਾਨ ਮੰਤਰੀ ਥਾਪ ਦਿੱਤਾ ਸੀ; ਪਰ ਦੋ ਦਿਨਾਂ ਬਾਅਦ ਹੀ ਜਦੋਂ ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਸ਼ੁਰੂ ਹੋਇਆ ਅਤੇ ਸਾਰੇ ਹਾਲਾਤ ਦੀ ਜਾਣਕਾਰੀ ਲੈਣ ਲਈ ਰਾਸ਼ਟਰਪਤੀ ਦੇ ਦਫਤਰ ਵੱਲੋਂ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਫੋਨ ਕੀਤਾ ਤਾਂ ਕਿਸੇ ਨੇ ਵੀ ਉਹ ਫੋਨ ਨਹੀਂ ਸੀ ਚੁੱਕਿਆ। ਰਾਜੀਵ ਗਾਂਧੀ ਅਤੇ ਰਾਸ਼ਟਰਪਤੀ ਦੇ ਆਪਸੀ ਰਿਸ਼ਤੇ ਵਿਚ ਏਨੀ ਖੱਟਾਸ ਪੈਦਾ ਹੋ ਗਈ ਸੀ ਕਿ ਪ੍ਰਧਾਨ ਮੰਤਰੀ ਸ਼ਿਸ਼ਟਾਚਾਰ ਦੇ ਨਾਤੇ ਅਤੇ ਸੰਵਿਧਾਨਕ ਕਾਰਜਾਂ ਵਿਚ ਵੀ ਰਾਸ਼ਟਰਪਤੀ ਦੀ ਅਣਦੇਖੀ ਕਰਦਾ ਸੀ। ਇਸ ਤੋਂ ਸਹਿਜੇ ਹੀ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਜੇ ਰਾਸ਼ਟਰਪਤੀ ਦਾ ਅਹੁਦਾ ਅਜਿਹਾ ਹੈ ਕਿ ਪ੍ਰਧਾਨ ਮੰਤਰੀ ਦਿਖਾਵੇ ਦੇ ਤੌਰ 'ਤੇ ਵੀ ਦੇਸ਼ ਦੇ ਸੰਵਿਧਾਨਕ ਮੁਖੀ ਪ੍ਰਤੀ ਸਤਿਕਾਰ ਨਹੀਂ ਦਿਖਾ ਸਕਦਾ ਤਾਂ ਅਜਿਹੇ ਅਹੁਦੇ ਦੀ ਲੋੜ ਹੀ ਕੀ ਹੈ? ਇਸ ਅਹੁਦੇ ਦਾ ਬਦਲ ਕਿਉਂ ਨਹੀਂ ਲੱਭਿਆ ਜਾ ਸਕਦਾ? ਕਿਉਂ ਐਨਾ ਖਰਚਾ ਕੀਤਾ ਜਾਂਦਾ ਹੈ? ਇਹੋ ਨਹੀਂ, ਰਾਸ਼ਟਰਪਤੀ ਦੇ ਅਹੁਦੇ ਤੋਂ ਰੁਖਸਤ ਹੋਣ ਤੋਂ ਬਾਅਦ ਵੀ ਸਾਬਕਾ ਰਾਸ਼ਟਰਪਤੀ ਨੂੰ ਉਸ ਦੀ ਬਾਕੀ ਰਹਿੰਦੀ ਜ਼ਿੰਦਗੀ ਤੱਕ ਕਈ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ 'ਤੇ ਲੱਖਾਂ ਰੁਪਏ ਖਰਚ ਹੁੰਦੇ ਹਨ।

ਅਸਲ ਵਿਚ ਰਾਸ਼ਟਰਪਤੀ ਦੇ ਅਹੁਦੇ ਸਬੰਧੀ ਚਰਚਾ ਕਰਨ ਦਾ ਸਾਡਾ ਅਸਲੀ ਮੰਤਵ ਕਿਸਾਨਾਂ ਦੇ ਚੱਲ ਰਹੇ ਅੰਦੋਲਨ ਦੇ ਸੰਦਰਭ ਵਿਚ ਹੈ। ਸਾਨੂੰ ਇਹ ਭਲੀਭਾਂਤ ਪਤਾ ਹੈ ਕਿ ਇਹ ਇਕ ਰਾਜਸੀ ਪੱਧਰ ਦਾ ਮਸਲਾ ਹੈ ਅਤੇ ਸਰਕਾਰ ਤੇ ਕਿਸਾਨਾਂ ਨੇ ਆਪਸ ਵਿਚ ਇਸ ਦਾ ਫੈਸਲਾ ਕਰਨਾ ਹੈ; ਪਰ ਇਕ ਮਹੀਨੇ ਤੋਂ ਵਧ ਸਮਾਂ ਹੋ ਚੁਕਾ ਹੈ ਕਿਸਾਨਾਂ ਨੂੰ ਦਿੱਲੀ ਦਾ ਘੇਰਾ ਪਾ ਕੇ ਬੈਠਿਆਂ ਨੂੰ। ਹੌਲੀ ਹੌਲੀ ਸਾਰੇ ਦੇਸ਼ ਦੇ ਕਿਸਾਨ ਵੀ ਇਸ ਅੰਦੋਲਨ ਦਾ ਹਿੱਸਾ ਬਣ ਰਹੇ ਹਨ। ਠੰਡ ਤੇ ਧੁੰਦ ਦਾ ਪੂਰਾ ਜ਼ੋਰ ਹੈ। ਕਿਸਾਨ, ਔਰਤਾਂ ਅਤੇ ਬੱਚੇ ਖੁੱਲ੍ਹੇ ਅੰਬਰ ਹੇਠ ਬੈਠੇ ਹਨ। ਸਰਕਾਰ ਅਤੇ ਕਿਸਾਨਾਂ ਦੇ ਆਪਸੀ ਗੱਲਬਾਤ ਦੇ ਛੇ ਦੌਰ ਹੋ ਚੁਕੇ ਹਨ। ਅਜੇ ਤੱਕ ਸਿਰਫ ਦੋ ਮੁੱਦਿਆਂ 'ਤੇ ਹੀ ਸਹਿਮਤੀ ਬਣੀ ਹੈ। ਕੀ ਦੇਸ਼ ਦੇ ਰਾਸ਼ਟਰਪਤੀ ਨੂੰ ਦਿੱਲੀ ਵਿਚ ਰਹਿੰਦੇ ਹੋਏ ਇਸ ਅੰਦੋਲਨ ਦੀ ਜਾਣਕਾਰੀ ਨਹੀਂ? ਕਾਂਗਰਸ ਪਾਰਟੀ ਦਾ ਇਕ ਪ੍ਰਤੀਨਿਧੀ ਮੰਡਲ ਇਸ ਸਬੰਧੀ ਰਾਸ਼ਟਰਪਤੀ ਨੂੰ ਲਿਖਤੀ ਪੱਤਰ ਵੀ ਸੌਂਪ ਕੇ ਆਇਆ ਹੈ, ਜਿਸ 'ਤੇ ਦੋ ਕਰੋੜ ਲੋਕਾਂ ਦੇ ਦਸਤਖਤ ਹਨ। ਕੀ ਰਾਸ਼ਟਰਪਤੀ ਦਾ ਇਹੋ ਕੰਮ ਹੈ ਕਿ ਉਹ ਕਾਂਗਰਸ ਦੇ ਪੱਤਰ ਨੂੰ ਕੇਂਦਰੀ ਸਰਕਾਰ ਕੋਲ ਭੇਜ ਕੇ ਚੁੱਪ ਕਰਕੇ ਬੈਠ ਜਾਵੇ?

ਇਸ ਸਬੰਧੀ ਸਭ ਤੋਂ ਪਹਿਲਾ ਨੁਕਤਾ ਤਾਂ ਇਹ ਹੈ ਕਿ ਰਾਸ਼ਟਰਪਤੀ ਨੂੰ ਕਾਨੂੰਨੀ ਨੁਕਤਿਆਂ 'ਤੇ ਸਲਾਹ ਦੇਣ ਲਈ ਉਨ੍ਹਾਂ ਦਾ ਆਪਣਾ ਕਾਨੂੰਨੀ ਅਮਲਾ-ਫੈਲਾ ਹੈ ਅਤੇ ਜੇ ਉਨ੍ਹਾਂ ਨੂੰ ਲੋੜ ਪਵੇ ਤਾਂ ਉਹ ਕਾਨੂੰਨੀ ਮਾਹਰਾਂ ਨਾਲ ਵੀ ਸਲਾਹ ਮਸ਼ਵਰਾ ਕਰ ਸਕਦੇ ਹਨ। ਇਹੋ ਹੀ ਨਹੀਂ, ਸੁਪਰੀਮ ਕੋਰਟ ਤੋਂ ਵੀ ਸਲਾਹ ਲੈ ਸਕਦੇ ਹਨ। ਉਨ੍ਹਾਂ ਨੂੰ ਇਹ ਤਾਂ ਪਤਾ ਹੀ ਹੈ ਕਿ ਦੇਸ਼ ਦੇ ਸੰਵਿਧਾਨ ਅਨੁਸਾਰ ਕਾਨੂੰਨ ਬਣਾਉਣ ਲਈ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਦੀਆਂ ਵੱਖ ਵੱਖ ਸੂਚੀਆਂ ਹਨ ਤੇ ਇਕ ਸਾਂਝੀ ਸੂਚੀ ਹੈ। ਸਾਂਝੀ ਸੂਚੀ ਵਿਚੋਂ ਕੇਂਦਰ ਦੀ ਸਰਕਾਰ ਜਾਂ ਕੋਈ ਵੀ ਰਾਜ ਸਰਕਾਰ ਕਾਨੂੰਨ ਬਣਾ ਸਕਦੀ ਹੈ। ਪਰ ਜੇ ਇਕੋ ਮਸਲੇ 'ਤੇ ਕੇਂਦਰ ਸਰਕਾਰ ਅਤੇ ਕੋਈ ਰਾਜ ਸਰਕਾਰ ਕਾਨੂੰਨ ਬਣਾ ਲਵੇ ਤਾਂ ਕੇਂਦਰ ਸਰਕਾਰ ਦਾ ਕਾਨੂੰਨ ਮੰਨਿਆ ਜਾਵੇਗਾ; ਪਰ ਜਿੰਨਾ ਤਿੰਨ ਕਾਨੂੰਨਾਂ ਦਾ ਝਗੜਾ ਚੱਲ ਰਿਹਾ ਹੈ, ਉਹ ਖੇਤੀ ਨਾਲ ਸਬੰਧਿਤ ਹਨ, ਜੋ ਰਾਜ ਸਰਕਾਰਾਂ ਦੇ ਅਧੀਨ ਆਉਂਦੇ ਹਨ। ਕੀ ਰਾਸ਼ਟਰਪਤੀ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਸੀ? ਕੀ ਉਨ੍ਹਾਂ ਨੇ ਰਸਮੀ ਤੌਰ 'ਤੇ ਵੀ ਇਸ ਗੱਲ ਦੀ ਪੜਤਾਲ ਨਹੀਂ ਸੀ ਕੀਤੀ? ਕੀ ਜਿਹੜੀ ਰਾਜਸੀ ਪਾਰਟੀ ਨੇ ਉਨ੍ਹਾਂ ਨੂੰ ਇਸ ਅਹੁਦੇ 'ਤੇ ਬਿਠਾਇਆ ਹੈ, ਉਸ ਦੀ ਹਾਂ ਵਿਚ ਹਾਂ ਮਿਲਾਉਣ ਹੀ ਉਨ੍ਹਾਂ ਦਾ ਫਰਜ਼ ਹੈ?

ਰਾਸ਼ਟਰਪਤੀ ਦਾ ਕੰਮ ਸੰਵਿਧਾਨ ਦੀ ਰਾਖੀ ਕਰਨਾ ਹੈ, ਨਾ ਕਿ ਕਿਸੇ ਵਿਸ਼ੇਸ਼ ਰਾਜਸੀ ਪਾਰਟੀ ਦੀ ਹਮਾਇਤ ਕਰਨਾ। ਉਹ ਭਾਰਤ ਦੇਸ਼ ਦੇ ਰਾਸ਼ਟਰਪਤੀ ਹਨ, ਨਾ ਕਿ ਕਿਸੇ ਪਾਰਟੀ ਵਿਸ਼ੇਸ਼ ਦੇ! ਸਵਾਲ ਹੈ ਕਿ ਉਨ੍ਹਾਂ ਨੇ ਇਨ੍ਹਾਂ ਕਾਨੂੰਨਾਂ ਨੂੰ ਮਨਜ਼ੂਰੀ ਦੇਣ ਵਿਚ ਏਨੀ ਕਾਹਲ ਕਿਉਂ ਕੀਤੀ? ਉਹ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਵੀ ਭੇਜ ਸਕਦੇ ਸਨ ਜਾਂ ਪ੍ਰਧਾਨ ਮੰਤਰੀ, ਸਬੰਧਤ ਵਿਭਾਗ ਦੇ ਮੰਤਰੀ ਨੂੰ ਬੁਲਾ ਕੇ ਪੁੱਛ-ਪੜਤਾਲ ਵੀ ਕਰ ਸਕਦੇ ਸਨ। ਅਜਿਹਾ ਕੁਝ ਉਹੀ ਰਾਸ਼ਟਰਪਤੀ ਕਰ ਸਕਦਾ ਹੈ, ਜੋ ਆਪਣੇ ਆਪ ਨੂੰ ਕਿਸੇ ਵਿਸ਼ੇਸ਼ ਪਾਰਟੀ ਦਾ ਕਾਰਕੁਨ ਨਾ ਸਮਝ ਕੇ ਆਪਣੇ ਆਪ ਨੂੰ ਰਾਸ਼ਟਰ ਦਾ ਮੁਖੀਆ ਸਮਝੇ ਅਤੇ ਸੰਵਿਧਾਨ ਪ੍ਰਤੀ ਵਫਾਦਾਰੀ ਸਮਝੇ। ਰਾਸ਼ਟਰਪਤੀ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਸੰਵਿਧਾਨ ਪ੍ਰਤੀ ਵਫਾਦਾਰੀ ਦੀ ਸਹੁੰ ਚੁਕਦਾ ਹੈ, ਕਿਸੇ ਪਾਰਟੀ ਪ੍ਰਤੀ ਨਹੀਂ।

ਹੁਣ ਤੱਕ ਦੇ ਰਾਸ਼ਟਰਪਤੀਆਂ ਦੀ ਕਾਰਜ ਸ਼ੈਲੀ ਨੂੰ ਵਾਚੀਏ ਤਾਂ ਪਤਾ ਲਗਦਾ ਹੈ ਕਿ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਸੰਵਿਧਾਨ ਦੇ ਹਰ ਪਹਿਲੂ ਤੋਂ ਭਲੀਭਾਂਤ ਜਾਣੂ ਸਨ। ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ, ਉਨ੍ਹਾਂ ਦਾ ਪੂਰਾ ਸਤਿਕਾਰ ਕਰਦੇ ਸਨ। ਅਜੇ ਤੱਕ ਡਾ. ਰਾਜਿੰਦਰ ਪ੍ਰਸਾਦ ਨੂੰ ਹੀ ਇਸ ਵੱਕਾਰੀ ਅਹੁਦੇ ਲਈ ਦੋ ਵਾਰ ਚੁਣਿਆ ਗਿਆ। ਕਿਹਾ ਜਾਂਦਾ ਹੈ ਕਿ ਇਹਦਾ ਮੁੱਖ ਕਾਰਨ ਇਹ ਸੀ ਕਿ ਉਸ ਸਮੇਂ ਦੇ ਉਪ-ਰਾਸ਼ਟਰਪਤੀ ਸਰਵਪਲੀ ਡਾ. ਰਾਧਾ ਕ੍ਰਿਸ਼ਨਨ ਨਾਲ ਪੰਡਿਤ ਨਹਿਰੂ ਦੇ ਸਬੰਧ ਬਹੁਤੇ ਸੁਖਾਵੇਂ ਨਹੀਂ ਸਨ, ਪਰ ਤਾਂ ਵੀ ਉਨ੍ਹਾਂ ਨੂੰ ਰਾਸ਼ਟਰਪਤੀ ਬਣਾਇਆ ਗਿਆ ਅਤੇ ਪੰਡਿਤ ਨਹਿਰੂ ਨੇ ਮਰਿਆਦਾ ਦਾ ਧਿਆਨ ਰੱਖਦਿਆਂ ਉਨ੍ਹਾਂ ਦਾ ਪੂਰਾ ਸਤਿਕਾਰ ਕੀਤਾ। ਜਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਦੇ ਤੌਰ 'ਤੇ ਪੱਕੇ ਪੈਰੀਂ ਹੋ ਗਈ ਤਾਂ ਉਨ੍ਹਾਂ ਨੇ ਰਾਸ਼ਟਰਪਤੀ ਦਾ ਅਹੁਦਾ ਅਜਿਹੇ ਵਿਅਕਤੀਤਵ ਵਾਲਿਆਂ ਲਈ ਰਾਖਵਾਂ ਰੱਖ ਲਿਆ, ਜੋ ਕਿਸੇ ਹਾਲਾਤ ਵਿਚ ਵੀ ਉਨ੍ਹਾਂ ਤੋਂ ਬਾਹਰ ਨਾ ਹੋਣ। ਆਪਣੀ ਪਸੰਦ ਦਾ ਰਾਸ਼ਟਰਪਤੀ ਬਣਾਉਣ ਲਈ ਤਾਂ ਉਨ੍ਹਾਂ ਨੇ ਕਾਂਗਰਸ ਨੂੰ ਦੋ ਫਾੜ ਕੀਤਾ। ਪਾਰਟੀ ਵੱਲੋਂ ਚੁਣੇ ਉਮੀਦਵਾਰ ਦੀ ਥਾਂ ਵੀ. ਵੀ. ਗਿਰੀ ਨੂੰ ਇਸ ਅਹੁਦੇ ਲਈ ਖੜ੍ਹਾ ਕੀਤਾ ਅਤੇ ਜਿਤਾਇਆ ਵੀ। ਇਸ ਤੋਂ ਬਾਅਦ ਤਾਂ ਰਾਸ਼ਟਰਪਤੀ, ਹਕੂਮਤ ਕਰ ਰਹੀ ਪਾਰਟੀ ਦੇ ਸਾਹਮਣੇ ਬੌਣਾ ਹੀ ਬਣ ਕੇ ਰਹਿ ਗਿਆ। ਪਹਿਲੇ ਦੋ ਰਾਸ਼ਟਰਪਤੀਆਂ ਤੋਂ ਇਲਾਵਾ ਜੇ ਕਿਸੇ ਹੋਰ ਰਾਸ਼ਟਰਪਤੀ ਨੂੰ ਆਪਣੇ ਉਚਤਮ ਅਹੁਦੇ ਦੀ ਮਰਿਆਦਾ ਕਾਇਮ ਰੱਖਣ ਲਈ ਜਾਣਿਆ ਜਾਂਦਾ ਹੈ ਤਾਂ ਉਹ ਜਨਾਬ ਡਾ. ਅਬਦੁਲ ਕਲਾਮ ਸਨ। ਆਜ਼ਾਦ ਭਾਰਤ ਦੇ ਉਹ ਇਕੋ ਇਕ ਅਜਿਹੇ ਰਾਸ਼ਟਰਪਤੀ ਹੋਏ ਹਨ, ਜਿੰਨਾ ਦਾ ਕੋਈ ਰਾਜਸੀ ਪਿਛੋਕੜ ਨਹੀਂ ਸੀ। ਇਸੇ ਲਈ ਉਨ੍ਹਾਂ ਵੱਲੋਂ ਕਿਸੇ ਰਾਜਸੀ ਪਾਰਟੀ ਨਾਲੋਂ ਸੰਵਿਧਾਨ ਪ੍ਰਤੀ ਵਫਾਦਾਰ ਹੋਣ ਦਾ ਫਰਜ਼ ਬਾ-ਖੂਬੀ ਨਿਭਾਇਆ ਗਿਆ।

ਕਿਸਾਨ ਅੰਦੋਲਨ ਦਾ ਨਿਬੇੜਾ ਨਾ ਹੁੰਦੇ ਦੇਖ ਇਕ ਰਾਸ਼ਟਰੀ ਪੱਧਰ ਦੀ ਰਾਜਸੀ ਪਾਰਟੀ ਨੇ ਮੌਜੂਦਾ ਰਾਸ਼ਟਰਪਤੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਤੱਥਾਂ ਤੋਂ ਜਾਣੂ ਕਰਵਾਇਆ ਹੈ। ਅਖਬਾਰਾਂ ਵਿਚ ਵੀ ਇਸ ਦੀ ਚਰਚਾ ਹੋ ਰਹੀ ਹੈ।





ਲੱਖਾਂ ਕਿਸਾਨਾਂ ਨੇ ਦਿੱਲੀ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਰੱਖਿਆ ਹੈ ਅਤੇ ਸਰਕਾਰ ਤੇ ਕਿਸਾਨ ਜਥੇਬੰਦੀਆਂ ਦੀ ਆਪਸੀ ਗੱਲਬਾਤ ਦਾ ਕੋਈ ਠੋਸ ਨਤੀਜਾ ਨਹੀਂ ਨਿਕਲ ਰਿਹਾ ਤਾਂ ਦੇਸ਼ ਦੇ ਰਾਸ਼ਟਰਪਤੀ ਦਾ ਕੀ ਇਹ ਸੰਵਿਧਾਨਕ ਫਰਜ਼ ਨਹੀਂ ਬਣਦਾ ਕਿ ਉਹ ਇਸ ਮਾਮਲੇ ਵਿਚ ਦਖਲ ਦੇਣ? ਬੜੀ ਹਲੀਮ ਨਾਲ ਇਹ ਤੱਥ ਰਾਸ਼ਟਰਪਤੀ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਜੇ ਉਹ ਪਾਰਲੀਮੈਂਟ ਵੱਲੋਂ ਪਾਸ ਕੀਤੇ ਤਿੰਨਾਂ ਬਿਲਾਂ ਨੂੰ ਮਨਜ਼ੂਰ ਕਰਨ ਵਿਚ ਏਨੀ ਕਾਹਲ ਕਰਨ ਦੀ ਥਾਂ ਇਨ੍ਹਾਂ ਦੇ ਕਾਨੂੰਨੀ ਪਹਿਲੂਆਂ ਦੀ ਪੁਣ-ਛਾਣ ਕਰਵਾ ਲੈਂਦੇ ਤਾਂ ਗੱਲ ਏਨੀ ਵਧਣੀ ਨਹੀਂ ਸੀ। ਇਹ ਠੀਕ ਹੈ ਕਿ ਸਮੇਂ ਦੀ ਸਰਕਾਰ ਉਨ੍ਹਾਂ ਨਾਲ ਨਾਰਾਜ਼ ਹੋ ਜਾਂਦੀ। ਪਰ ਰਾਸ਼ਟਰਪਤੀ ਨੂੰ ਇਸ ਗੱਲ ਦਾ ਗਿਆਨ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਪਹਿਲਾ ਫਰਜ਼ ਭਾਰਤੀ ਸੰਵਿਧਾਨ ਦੀ ਪ੍ਰਭੂਸੱਤਾ ਨੂੰ ਬਰਕਰਾਰ ਰਖਣ ਦਾ ਹੈ, ਨਾ ਕਿ ਸਮੇਂ ਦੀ ਸਰਕਾਰ ਨੂੰ ਖੁਸ਼ ਰਖਣਾ। ਮਾਣਯੋਗ ਡਾ. ਅਬਦੁੱਲ ਕਲਾਮ ਨੇ ਡਾ. ਮਨਮੋਹਨ ਸਿੰਘ ਦੀ ਸਰਕਾਰ ਨੂੰ ਇਕ ਬਿਲ ਮੁੜ ਵਿਚਾਰਨ ਲਈ ਵਾਪਸ ਭੇਜਿਆ ਸੀ। ਸ਼ਾਇਦ ਇਹੋ ਕਾਰਨ ਹੈ ਕਿ ਕਾਂਗਰਸ ਪਾਰਟੀ ਨੇ ਉਨ੍ਹਾਂ ਨੂੰ ਇਸ ਉੱਚ ਅਹੁਦੇ ਲਈ ਦੂਜੀ ਵਾਰ ਨਹੀਂ ਸੀ ਚੁਣਿਆ, ਜਦੋਂ ਕਿ ਸਾਰੀਆਂ ਵਿਰੋਧੀ ਪਾਰਟੀਆਂ ਉਨ੍ਹਾਂ ਦੀ ਕਾਬਲੀਅਤ ਨੂੰ ਮੱਦੇਨਜ਼ਰ ਰੱਖਦਿਆਂ ਉਨ੍ਹਾਂ ਨੂੰ ਦੁਆਰਾ ਰਾਸ਼ਟਰਪਤੀ ਬਣਾਉਣ ਲਈ ਸਹਿਮਤ ਸਨ।

ਸਾਡਾ ਵਿਚਾਰ ਹੈ ਕਿ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੂੰ ਕਿਸਾਨੀ ਸੰਘਰਸ਼ ਸਬੰਧੀ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ ਕਿ ਉਹ ਆਪ ਅੱਗੇ ਆ ਕੇ ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨਾਲ ਸਿੱਧਾ ਰਾਬਤਾ ਕਾਇਮ ਕਰਨ ਅਤੇ ਕਿਸਾਨਾਂ ਦੇ ਤੌਖਲਿਆਂ ਨੂੰ ਦੂਰ ਕਰਨ। ਇਹ ਗੱਲ ਤਾਂ ਸਾਬਤ ਹੋ ਚੁਕੀ ਹੈ ਕਿ ਸਰਕਾਰ ਨੇ ਕਿਸਾਨੀ ਸਬੰਧੀ ਤਿੰਨ ਬਿਲ ਸੰਵਿਧਾਨ ਦੇ ਦਾਇਰੇ ਤੋਂ ਬਾਹਰ ਜਾ ਕੇ ਬਣਾਏ ਹਨ (ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਆਉਂਦੇ ਮਾਮਲੇ ਤੇ ਕਾਨੂੰਨ ਬਣਾ ਕੇ), ਬਿਲ ਪਾਸ ਕਰਵਾਉਣ ਵਿਚ ਕਾਹਲ ਦਿਖਾਈ ਹੈ; ਰਾਜ ਸਭਾ, ਜਿਸ ਵਿਚ ਸਰਕਾਰ ਨੂੰ ਬਹੁਮਤ ਨਹੀਂ, ਉਥੇ ਵੋਟਿੰਗ ਤੋਂ ਬਿਨਾ ਹੀ ਬਿਲ ਪਾਸ ਕਰਵਾਏ ਹਨ ਅਤੇ ਵਿਰੋਧੀ ਪਾਰਟੀਆਂ ਦੀ ਇਸ ਸਲਾਹ ਨੂੰ ਨਜ਼ਰਅੰਦਾਜ ਕੀਤਾ ਕਿ ਸਬੰਧਤ ਬਿਲ ਸਿਲੈਕਟ ਕਮੇਟੀ ਨੂੰ ਸੌਂਪ ਦਿੱਤੇ ਜਾਣ। ਵਰਤਮਾਨ ਹਾਲਾਤ ਵਿਚ ਰਾਸ਼ਟਰਪਤੀ ਦੀ ਦਖਲਅੰਦਾਜ਼ੀ ਆਮ ਜਨਤਾ ਨੂੰ ਇਹ ਸੁਨੇਹਾ ਦੇਵੇਗੀ ਕਿ ਸਾਡੇ ਸੰਵਿਧਾਨ ਘਾੜਿਆਂ ਨੇ ਇਹ ਅਹੁਦਾ 'ਰਬੜ ਦੀ ਮੋਹਰ' ਵਜੋਂ ਸਥਾਪਤ ਨਹੀਂ ਸੀ ਕੀਤਾ, ਸਗੋਂ ਇਸ ਅਹੁਦੇ ਦੀ ਸੰਵਿਧਾਨਕ ਲੋੜ ਸੀ।

ਰਾਸ਼ਟਰਪਤੀ ਵਰਗੇ ਅਹਿਮ ਸਥਾਨ 'ਤੇ ਬਿਰਾਜਮਾਨ ਹਸਤੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਭਾਵੇਂ ਹਕੂਮਤ ਕਰ ਰਹੀ ਰਾਜਸੀ ਪਾਰਟੀ ਆਪਣੇ ਕਿਸੇ ਵਿਸ਼ਵਾਸ ਵਾਲੇ ਨੇਤਾ ਦੀ ਹੀ ਅਜਿਹੇ ਅਹੁਦੇ ਲਈ ਚੋਣ ਕਰੇਗੀ, ਪਰ ਰਾਸ਼ਟਰਪਤੀ ਬਣਨ ਤੋਂ ਬਾਅਦ ਉਹ ਵਿਅਕਤੀ ਵਿਸ਼ੇਸ਼ ਸੰਵਿਧਾਨਕ ਜ਼ਿੰਮੇਵਾਰੀਆਂ ਦੇ ਘੇਰੇ ਵਿਚ ਆ ਜਾਂਦਾ ਹੈ। ਸਮੁੱਚਾ ਦੇਸ਼ ਹੀ ਨਹੀਂ, ਸਗੋਂ ਸਾਰੀ ਦੁਨੀਆਂ ਹੀ ਉਸ ਦੇ ਵਰਤਾਰੇ ਨੂੰ ਨਿਹਾਰਦੀ ਹੈ। ਇਸ ਲਈ ਉਸ ਨੂੰ ਆਪਣੇ ਪਹਿਲੇ ਰਾਜਸੀ ਪਿਛੋਕੜ ਨੂੰ ਭੁਲਾ ਕੇ ਨਵੀਂ ਸ਼ੁਰੂਆਤ ਕਰਨੀ ਚਾਹੀਦੀ ਹੈ।

ਰਾਸ਼ਟਰਪਤੀ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਜੇ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨਿਭਾਉਂਦਿਆਂ ਸਰਕਾਰ ਉਨ੍ਹਾਂ ਨਾਲ ਨਾਰਾਜ਼ ਹੁੰਦੀ ਹੈ ਤਾਂ ਹੋਈ ਜਾਵੇ। ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਉਣਾ ਬਹੁਤ ਮੁਸ਼ਕਿਲ ਹੈ। ਉਸ ਨੂੰ ਮਿਲਣ ਵਾਲੀਆਂ ਸਹੂਲਤਾਂ ਨਹੀਂ ਘਟਾਈਆਂ ਜਾ ਸਕਦੀਆਂ। ਪੰਜ ਸਾਲ ਦੀ ਮਿਆਦ ਖਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਵਿਸ਼ੇਸ਼ ਸਹੂਲਤਾਂ ਵੀ ਕਾਇਮ ਰਹਿਣਗੀਆਂ। ਫਿਰ ਉਹ ਕਿਸੇ ਸਰਕਾਰ ਦੀ ਖੁਸ਼ੀ ਲਈ ਆਪਣੇ ਸੰਵਿਧਾਨਕ ਫਰਜ਼ਾਂ ਨੂੰ ਤਿਲਾਂਜਲੀ ਕਿਉਂ ਦੇਵੇ!

ਇਕ ਗੱਲ ਹੋਰ, ਦੇਸ਼ ਦੇ ਸਭ ਤੋਂ ਟੀਸੀ ਵਾਲੇ ਅਹੁਦੇ ਪਿਛੋਂ ਕੋਈ ਹੋਰ ਸਰਕਾਰੀ ਅਹੁਦਾ ਤਾਂ ਮਿਲ ਨਹੀਂ ਸਕਦਾ। ਇਸ ਲਈ ਰਾਸ਼ਟਰਪਤੀ ਆਪਣੀ ਜਮੀਰ ਨੂੰ ਕਿਉਂ ਮਾਰਨ? ਪਰ ਕੀ ਇਸ ਵੱਕਾਰੀ ਕੁਰਸੀ ਨੂੰ ਭਾਗ ਲਾਉਣ ਵਾਲੇ ਖੁਸ਼ਨਸੀਬ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਗੇ? ਕੀ ਮੌਜੂਦਾ ਰਾਸ਼ਟਰਪਤੀ ਕੋਈ ਪਹਿਲਕਦਮੀ ਕਰਨਗੇ?

**ਪਹਿਲੇ ਦੋ ਰਾਸ਼ਟਰਪਤੀਆਂ ਤੋਂ ਇਲਾਵਾ ਜੇ ਕਿਸੇ ਹੋਰ ਰਾਸ਼ਟਰਪਤੀ ਨੂੰ ਆਪਣੇ ਉਚਤਮ ਅਹੁਦੇ ਦੀ ਮਰਿਆਦਾ ਕਾਇਮ ਰੱਖਣ ਲਈ ਜਾਣਿਆ ਜਾਂਦਾ ਹੈ ਤਾਂ ਉਹ ਜਨਾਬ ਡਾ. ਅਬਦੁਲ ਕਲਾਮ ਸਨ। ਆਜ਼ਾਦ ਭਾਰਤ ਦੇ ਉਹ ਇਕੋ ਇਕ ਅਜਿਹੇ ਰਾਸ਼ਟਰਪਤੀ ਹੋਏ ਹਨ, ਜਿੰਨਾ ਦਾ ਕੋਈ ਰਾਜਸੀ ਪਿਛੋਕੜ ਨਹੀਂ ਸੀ। ਇਸੇ ਲਈ ਉਨ੍ਹਾਂ ਵੱਲੋਂ ਕਿਸੇ ਰਾਜਸੀ ਪਾਰਟੀ ਨਾਲੋਂ ਸੰਵਿਧਾਨ ਪ੍ਰਤੀ ਵਫਾਦਾਰ ਹੋਣ ਦਾ ਫਰਜ਼ ਬਾ-ਖੂਬੀ ਨਿਭਾਇਆ ਗਿਆ।**



# ਪੰਜਾਬ ਦੀ ਕਿਸਾਨੀ



**ਜਸਪ੍ਰੀਤ ਸਿੰਘ ਪੱਡਾ**
ਫਰਿਜ਼ਨੋ, ਕੈਲੀਫੋਰਨੀਆ।
ਫੋਨ: 415-519-8842
jaspreetpadda@protonmail.ch

ਪੰਜਾਬੀ ਮੁੱਢ ਤੋਂ ਹੀ ਖੇਤੀ ਕਰਦੇ ਤੇ ਜ਼ਮੀਨ ਨੂੰ ਮਾਂ ਵਾਂਗ ਪਿਆਰ ਕਰਦੇ ਆ ਰਹੇ ਹਨ। ਏਨਾ ਪਿਆਰ ਇਹ ਜ਼ਮੀਨਾਂ ਨਾਲ ਕਰਦੇ ਹਨ ਕਿ ਕਿਸੇ ਦਾ ਜਾਂ ਆਪਣਾ ਲਹੂ ਵਹਾਉਣ ਲਗਿਆਂ ਵੀ ਸੋਚਦੇ ਨਹੀਂ। ਵੱਟ ਦੀ ਸੇਧ ਤਾਂ ਇਹ ਇੰਜ ਨਾਪਦੇ, ਜਿਵੇਂ ਕੋਈ ਲੇਜ਼ਰ ਮਸ਼ੀਨ ਹੋਣ। ਪੰਜਾਬੀ ਕਿਸਾਨ ਖੁੱਲ੍ਹੇ ਸੁਭਾਅ ਦੇ ਮਾਲਕ, ਮਿਹਨਤੀ, ਦਿਲ ਦੇ ਅਮੀਰ ਅਤੇ ਰੱਬ ਤੋਂ ਡਰਨ ਵਾਲੇ ਹਨ। ਪੰਜਾਬੀ ਕਿਸਾਨ ਆਪਣੀ ਪੁੱਤਾਂ ਵਾਂਗ ਪਾਲੀ ਫਸਲ ਕੌਡੀਆਂ ਦੇ ਭਾਅ ਸੁੱਟ ਕੇ, ਭਾਰਤ ਦੀ ਭੁੱਖ ਮਿਟਾਉਂਦਾ ਆ ਰਿਹਾ ਹੈ।

ਮੇਰਾ ਪਰਿਵਾਰ ਖੇਤੀ ਨਾਲ ਜੁੜਿਆ ਹੋਇਆ ਹੈ, ਭਾਵੇਂ ਹੁਣ ਜ਼ਮੀਨ ਪੀੜ੍ਹੀ ਦਰ ਪੀੜ੍ਹੀ ਹਿੱਸਿਆਂ ਵਿਚ ਵੰਡਦੀ, ਘਟਦੀ ਜਾ ਰਹੀ ਹੈ; ਪਰ ਅੱਜ ਵੀ ਪਿੰਡ ਵਾਲੀ ਜ਼ਮੀਨ ਨੂੰ ਦੇਖੇ ਬਿਨਾ ਮੁੜਿਆ ਨਹੀਂ ਜਾਂਦਾ। ਮੇਰਾ ਬਾਪ ਦੱਸਿਆ ਕਰਦਾ ਸੀ ਕਿ ਕਿਵੇਂ ਉਹ ਤੇ ਮੇਰੇ ਚਾਚੇ-ਤਾਏ ਇਸ ਜ਼ਮੀਨ 'ਤੇ ਹਲ ਤੇ ਫਲੇ ਵਾਹੁੰਦੇ, ਲਾਗੇ ਪਈ ਵਿਹਲੀ ਮੈਰ ਵਿਚ ਪਸ਼ੂ ਚਾਰਦੇ ਸਨ। ਉਹ ਕਦੇ ਗੰਧਕ ਪਟਾਸ ਲਿਆ ਕੇ, ਮੱਕੀ ਦੇ ਖੇਤਾਂ ਵਿਚ ਸੂਰਾਂ ਦਾ ਸ਼ੌਕੀਆ ਤੌਰ 'ਤੇ ਸ਼ਿਕਾਰ ਵੀ ਕਰਦੇ, ਤੇ ਫਿਰ ਦੂਸਰੇ ਪਿੰਡਾਂ ਨੂੰ ਦਾਵਤ ਦੇ ਦਿੰਦੇ। ਸ਼ਿਕਾਰ ਦੇ ਨਾਲ ਦੇਸੀ ਪੇਸ਼ ਕਰਨਾ ਸਰਦਾਰਾਂ ਦੀ ਨਿਸ਼ਾਨੀ ਮੰਨੀ ਜਾਂਦੀ ਸੀ। ਕਦੇ-ਕਦੇ ਉਹ ਰਾਤ ਨੂੰ ਲਾਗੇ ਦੇ ਪਿੰਡਾਂ ਵਿਚ ਘਰਦਿਆਂ ਤੋਂ ਚੋਰੀ, ਨੰਗੇ ਪੈਰੀਂ ਨਕਲਾਂ ਦੇਖਣ ਜਾਂਦੇ, ਪਰ ਦਾਦਾ ਜੀ ਸਰਕਾਰੀ ਅਧਿਆਪਕ ਹੋਣ ਕਰਕੇ, ਸਕੂਲ ਵੀ ਜਾਣਾ ਪੈਂਦਾ ਸੀ। ਕਦੇ-ਕਦੇ ਸ਼ਾਮ ਨੂੰ ਖਿਦੋ-ਖੂੰਡੀ ਵੀ ਖੇਡਦੇ। ਮੈਂ ਸੋਚ ਕੇ ਹੈਰਾਨ ਹੋ ਜਾਂਦਾ ਹਾਂ ਕਿ ਉਹ ਕਿੰਨਾ ਬੇ-ਫਿਕਰੀ ਵਾਲਾ ਮਾਹੌਲ ਸੀ।

ਮੇਰੇ ਚਾਚੇ ਦੱਸਦੇ ਹਨ ਕਿ ਕੋਈ ਪ੍ਰੇਸ਼ਾਨੀ ਨਹੀਂ ਸੀ, ਸਭ ਲੋਕ ਇੱਕੋ ਜਿਹੇ ਸਨ ਤੇ ਖੁਸ਼ ਸਨ। ਉਹ ਅੱਜ ਵੀ ਕਦੇ ਸ਼ਾਮ ਨੂੰ ਜਦੋਂ ਮਹਿਫਿਲ ਲਾਉਂਦੇ ਨੇ, ਤਾਂ ਉਸ ਜ਼ਮਾਨੇ ਦੀਆਂ ਗੱਲਾਂ ਵਾਰ-ਵਾਰ ਕਰਦੇ ਰਹਿੰਦੇ ਹਨ। ਮੇਰੇ ਮੁਤਾਬਿਕ ਉਨ੍ਹਾਂ ਦੀਆਂ ਲੋੜਾਂ ਬੜੀਆਂ ਸੀਮਤ ਸਨ ਅਤੇ ਭਾਈਚਾਰਕ ਸਾਂਝ ਮਜਬੂਤ ਸੀ।

ਕਿਸਾਨ ਕੋਲ ਤਾਂ ਪੈਸੇ ਉਦੋਂ ਵੀ ਨਹੀਂ ਸਨ, ਕਦੇ-ਕਦੇ ਜੱਟਾਂ ਦੀ 13ਵੇਂ ਮਹੀਨੇ ਕਣਕ ਮੁੱਕ ਜਾਂਦੀ ਸੀ ਤੇ ਮੁੱਲ ਲਿਆ ਕੇ ਗੁਜ਼ਾਰਾ ਕਰਦੇ ਸਨ। ਸਾਰੇ ਟੱਬਰ ਕੋਲ ਇਕ ਦੋ ਹੀ ਨਵੇਂ ਕੱਪੜੇ ਹੁੰਦੇ ਸਨ ਤੇ ਉਹੀ ਵਾਰੀ-ਵਾਰੀ ਸ਼ਹਿਰ ਜਾਂ ਵਾਂਢੇ ਜਾਣ ਲੱਗਿਆਂ ਫਸਾ ਲੈਂਦੇ, ਪਰ ਫੇਰ ਵੀ ਖੁਸ਼ੀ ਚਿਹਰਿਆਂ 'ਤੇ ਹਰ ਵੇਲੇ ਰਹਿੰਦੀ ਸੀ।

ਲੋੜਾਂ ਪੂਰੀਆਂ ਕਰਨ ਲਈ ਜ਼ਮੀਨ ਤਾਂ ਉਦੋਂ ਵੀ ਜੱਟ ਗਹਿਣੇ ਰੱਖਦੇ ਸਨ, ਪਰ ਇਸ ਤਰ੍ਹਾਂ ਕੋਈ ਜਹਾਨ ਤੋਂ ਉਡਾਰੀ ਨਹੀਂ ਸੀ ਮਾਰਦਾ। ਆਖਿਰ ਕੀ ਹੋ ਗਿਆ ਕਿ ਸਾਡੇ ਢੱਗਿਆਂ ਵਰਗੇ ਸਿਰ ਸੁੱਟੀ ਜਾਂਦੇ ਆ।

ਸਰਕਾਰਾਂ ਦੀ ਗੱਲ ਕਰੀਏ, ਇਹ ਤਾਂ ਮੁੱਢ ਤੋਂ ਹੀ ਕਿਸਾਨ ਦੀਆਂ ਵੈਰੀ ਰਹੀਆਂ ਹਨ। ਆਖਿਰ ਸਰਕਾਰਾਂ ਨੇ ਮੋਟੇ ਢਿੱਡਾਂ ਵਾਲੇ ਸ਼ਾਹੂਕਾਰਾਂ ਨੂੰ ਵੀ ਮੌਕਾ ਦੇਣਾ ਹੈ, ਛਿੱਲ ਲਾਹੁਣ ਦਾ, ਤੇ ਫਿਰ ਅਖੀਰ ਬਿਹਾਰ ਤੇ ਉੜੀਸਾ ਦੇ ਗਰੀਬਾਂ ਤੋਂ ਵੀ ਵੋਟਾਂ ਲੈਣੀਆਂ ਹਨ।

ਸ਼ਾਇਦ ਕੁਝ ਸਾਡੇ ਆਲੇ-ਦੁਆਲੇ ਹੀ ਬਦਲ ਗਿਆ ਹੈ, ਜਿਹੜਾ ਜੱਟਾਂ ਨੂੰ ਜਿਊਣ ਨਹੀਂ ਦਿੰਦਾ। ਮੈਨੂੰ ਲੱਗਦਾ ਕਿ ਜੱਟ ਦਾ ਕੋਈ ਯਾਰ ਹੀ ਨਹੀਂ ਰਹਿ ਗਿਆ, ਜਿਹੜਾ ਕਹਿ ਦੇਵੇ, "ਤਕੜਾ ਹੋ ਮੈਂ ਜਿਊਂਦਾ।" ਸਾਡੇ ਟੱਬਰ ਛੋਟੇ ਹੋ ਗਏ ਹਨ, ਕੰਧਾਂ ਨੇ ਖੁੱਲ੍ਹੇ ਵਿਹੜਿਆਂ ਨੂੰ ਛੋਟੇ ਕਰ ਦਿੱਤਾ ਹੈ। ਇਨ੍ਹਾਂ ਕੰਧਾਂ ਤੋਂ ਹੁਣ ਜੱਟ ਏਨਾ ਡਰਦੈ ਕਿ ਨੇੜੇ ਜਾ ਕੇ ਦਿਲ ਹੌਲਾ ਵੀ ਨਹੀਂ ਕਰ ਸਕਦਾ। ਦੁਨੀਆਂ 'ਤੇ ਫੈਲ ਗਏ ਨਿੱਜਵਾਦ ਨੇ ਸਾਡੇ ਦਿਲਾਂ ਵਿਚੋਂ ਮੌਤ ਅਤੇ ਰੱਬ ਦਾ ਡਰ ਹੀ ਵਿਸਾਰ ਦਿੱਤੈ। ਭਰਾਵਾਂ ਨੂੰ ਸ਼ਰੀਕ ਬਣਾ ਕੇ ਠੋਕਰਾਂ ਖਾਣ ਲਈ ਛੱਡ ਦਿੱਤਾ ਹੈ। ਇਹ ਕਿਹੜੀ ਤਰੱਕੀ ਹੈ, ਜਿਸ ਉੱਪਰ ਅਸੀਂ ਮਾਣ ਕਰ ਰਹੇ ਆਂ।

ਮੇਰੇ ਬਾਬੇ ਜਦੋਂ 1947 ਤੋਂ ਬਾਅਦ ਕਪੂਰਥਲੇ ਆਪਣੇ ਜੱਦੀ ਪਿੰਡ ਆ ਗਏ, ਤਾਂ ਬਾਬੇ ਇਕੱਠੇ ਹੀ ਰਹੇ, ਇਕੋ ਚੁੱਲ੍ਹੇ 'ਤੇ ਸਾਰਾ ਟੱਬਰ ਰੋਟੀਆਂ ਖਾਂਦਾ ਰਿਹਾ ਅਤੇ ਕੋਈ ਕੰਧ ਕੱਢਣ ਦਾ ਡਰਾਉਣਾ ਸੁਫਨਾ ਵੀ ਨਹੀਂ ਆਇਆ ਕਿਸੇ ਨੂੰ। ਮੈਂ ਆਪਣੀ ਦਾਦੀ ਨੂੰ ਪੁੱਛਦਾ ਰਹਿੰਦਾ ਸੀ ਕਿ ਉਹਦੀ ਦਰਾਣੀ ਨਾਲ ਕਦੇ ਭੇੜ ਨਹੀਂ ਹੋਇਆ? ਉਹ ਕਹਿੰਦੀ, ਗੁੱਸੇ ਤਾਂ ਉਹ ਕਦੇ-ਕਦੇ ਹੋ ਜਾਂਦੀਆਂ ਸਨ, ਪਰ ਫਿਰ ਬੋਲ ਪੈਂਦੀਆਂ। ਉਹ ਗੁੱਸਾ ਬਸ ਆਪਣੇ ਦੋਹਾਂ ਤੱਕ ਹੀ ਸੀਮਿਤ ਰੱਖਦੀਆਂ।

ਸਾਡੇ ਅੱਜ ਦੇ ਪਰਿਵਾਰਾਂ ਨੂੰ ਪਤਾ ਨਹੀਂ ਕਿਹੜੀ ਪ੍ਰਾਈਵੇਸੀ ਚਾਹੀਦੀ ਆ ਕਿ ਚਾਚੇ-ਤਾਏ ਵੀ ਓਪਰੇ ਲੱਗਣ ਲੱਗ ਪਏ। ਜ਼ਿਆਦਾ ਸਾਂਝੇ ਘਰ, ਇਕੱਠੀ ਵਾਹੀ, ਹੀ ਜੱਟ ਨੂੰ ਬਚਾ ਸਕਦੇ ਹਨ। ਜੇ ਤੁਸੀਂ ਇਕੱਠੇ ਰਹਿੰਦੇ ਹੋ, ਤਾਂ ਇਕ ਦੂਸਰੇ ਨੂੰ ਦੁੱਖ ਦੱਸ ਸਕਦੇ ਹੋ ਤੇ ਜਿਸ ਨਾਲ ਕਈ ਤਰ੍ਹਾਂ ਦੇ ਹੱਲ ਨਿਕਲ ਸਕਦੇ ਹਨ। ਮਾਨਸਿਕ ਤੌਰ 'ਤੇ ਵੀ ਬੜਾ ਹੌਸਲਾ ਮਿਲਦਾ, ਜਿਹੜਾ ਗੱਡੀ ਨੂੰ ਲੀਹੋਂ ਲੱਥਣ ਨਹੀਂ ਦਿੰਦਾ।

ਮੈਨੂੰ ਲੱਗਦੈ, ਗੁਰਬਾਣੀ ਦੇ ਅਰਥ ਜੇ ਬੁੱਝ ਲਏ ਜਾਣ ਤੇ ਸਾਡੇ ਹਿਰਦੇ ਵਿਚ ਵੱਸ ਜਾਣ, ਫਿਰ ਸ਼ਾਇਦ ਅਸੀਂ ਇੱਕ ਦੂਸਰੇ ਨਾਲ ਈਰਖਾ ਕਰਨੋਂ ਹਟ ਜਾਈਏ। ਸੱਚੇ ਸਾਧੂਆਂ, ਪ੍ਰਚਾਰਕਾਂ ਦੀ ਕਮੀ ਤੇ ਵਿਗਿਆਨ ਨਾਲ ਆਏ ਹੰਕਾਰ ਨੇ ਸਾਡੀ ਮੱਤ ਮਾਰ ਦਿੱਤੀ ਹੈ। ਅੱਜ-ਕੱਲ੍ਹ ਦੀ ਦੁਨੀਆਂ ਵਿਚ ਰੱਬ ਦਾ ਭੈਅ ਬਹੁਤ ਜ਼ਰੂਰੀ ਹੈ, ਜੇ ਅਸੀਂ ਨਿੱਜਵਾਦ ਤੇ ਆਪਣੇ ਅੰਦਰਲੇ ਸ਼ਰੀਕ ਨੂੰ ਮਾਰਨਾ ਹੈ।

ਕਿਸਾਨ ਵੀ ਵੱਡੇ ਖਰਚੇ ਕਰਨ ਲੱਗ ਪਏ ਹਨ, ਕੋਈ ਤੁਰ ਕੇ ਪੱਠੇ ਲੈਣ ਨਹੀਂ ਜਾਂਦਾ, ਕਾਰ ਰੱਖਣੀ ਜ਼ਰੂਰੀ ਹੋ ਗਈ ਹੈ, ਖਾਸ ਤੌਰ 'ਤੇ ਵਿਆਹ ਜਾਣ ਲਈ ਆਦਿ। ਜੱਟਾਂ ਦੇ ਪੁੱਤ ਬਾਹਰਲੇ ਰੰਗਲੇ ਸੁਪਨਿਆਂ ਨੇ ਪੱਟ ਲਏ ਹਨ। ਮੈਨੂੰ ਲੱਗਦਾ ਕਿ ਪੰਜਾਬ ਦੇ ਕਿਸਾਨ ਜੇ ਅੱਡੇ ਫਾਹੇ ਨਾ ਲੈਣ, ਤਾਂ ਉਹ ਕਿਤੇ ਵਧੀਆ ਜ਼ਿੰਦਗੀ ਜੀਅ ਸਕਦੇ ਹਨ। ਸਭ ਤੋਂ ਵੱਡੀ ਗੱਲ ਇਹ ਕਿ ਆਪਣੇ ਆਪ ਨੂੰ ਕਿਸਾਨ ਹੀ ਸਮਝਣ ਤਾਂ ਬਚ ਸਕਦੇ ਹਨ, ਨਹੀਂ ਤਾਂ ਨੀਂਦ ਤੇ ਚੈਨ ਨਹੀਂ ਮਿਲਣਾ। ਮੇਰੇ ਕਹਿਣ ਤੋਂ ਭਾਵ ਇਹ ਨਹੀਂ ਹੈ ਕਿ ਕਿਸਾਨ ਵੱਡੇ ਸੁਪਨੇ ਨਾ ਵੇਖੇ ਜਾਂ ਆਪਣੇ ਰਹਿਣ-ਸਹਿਣ ਨੂੰ ਉੱਚਾ ਨਾ ਚੁੱਕੇ।

ਖੇਤੀ ਇਕ ਜੀਵਨ ਜਾਚ ਦਾ ਨਾਂ ਹੈ, ਨਾ ਕਿ ਬੇਸ਼ੁਮਾਰ ਦੌਲਤ ਕਮਾਉਣ ਦਾ ਤਰੀਕਾ। ਖੇਤੀ ਸੱਚੀ-ਸੁੱਚੀ ਕਿਰਤ ਕਰਨ ਦਾ ਸਭ ਤੋਂ ਵਧੀਆ ਸਾਧਨ ਹੈ। ਮੇਰੀ ਬਸ ਇੰਨੀ ਬੇਨਤੀ ਹੈ ਕਿ ਬੇਲੋੜੀ ਜ਼ਿੱਦ ਲਈ ਜਾਂ ਟੌਹਰ ਦਿਖਾਉਣ ਲਈ ਕਰਜ਼ਾ ਨਾ ਲਉ।

ਮੈਂ ਇਹੀ ਦੱਸਣਾ ਚਾਹੁੰਦਾ ਹਾਂ ਕਿ ਖੇਤੀ ਕਦੇ ਵੀ ਲਾਹੇਵੰਦ ਸੌਦਾ ਨਹੀਂ ਰਿਹਾ। ਜੇ ਕਿਸਾਨ ਅਮੀਰ ਬਣਨਾ ਚਾਹੁੰਦਾ ਹੈ, ਤਾਂ ਉਸ ਨੂੰ ਵਪਾਰੀ ਬਣਨਾ ਪਵੇਗਾ ਤੇ ਆਪਣੀ ਫਸਲ ਨੂੰ ਮੰਡੀ ਵਿਚ ਸਿੱਟਣ ਦੀ ਥਾਂ ਵੱਖਰੇ-ਵੱਖਰੇ ਖਾਣ ਦੇ ਪ੍ਰੋਡਕਟ ਬਣਾ ਕੇ ਸਿੱਧਾ ਉਪਭੋਗਤਾ ਤੱਕ ਪਹੁੰਚਾਉਣੇ ਪੈਣਗੇ। ਇਹ ਕੰਮ ਅੱਜ-ਕੱਲ੍ਹ ਦੀ ਆਪਣੇ ਆਪ ਨੂੰ ਪੜ੍ਹਿਆ ਕਹਿਣ ਵਾਲੀ ਪੀੜ੍ਹੀ ਕਰ ਸਕਦੀ ਹੈ। ਇਸ ਵੱਡੇ ਪ੍ਰਬੰਧ ਲਈ ਪੈਸੇ ਦੀ ਲੋੜ ਹੈ, ਜਿਸ ਵਿਚ ਆਪਣੇ ਆਪ ਨੂੰ ਅਮੀਰ ਦੱਸਣ ਵਾਲੇ ਪਰਵਾਸੀ ਪੰਜਾਬੀ ਪੰਜਾਬ ਰਹਿੰਦੇ ਆਪਣੇ ਪਿੰਡ ਦੇ ਪੜ੍ਹੇ-ਲਿਖੇ ਨੌਜੁਆਨਾਂ ਦੀ ਮਦਦ ਕਰ ਸਕਦੇ ਹਨ।

ਕਿਸਾਨਾਂ ਨੂੰ ਆਪਣੀ ਫਸਲ ਦਾ ਪੂਰਾ ਮੁੱਲ ਵੱਟਣ ਲਈ, ਖੁਦ ਹੀ ਸਬਜ਼ੀ ਮੰਡੀਆਂ ਵਿਚ ਦੁਕਾਨਾਂ ਖੋਲ੍ਹਣੀਆਂ ਪੈਣਗੀਆਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਕਿਸਾਨ ਨੂੰ ਲੇਖੇ-ਜੋਖੇ ਦਾ ਮਾਹਿਰ ਬਣਨਾ ਪਏਗਾ। ਅੱਜ-ਕੱਲ੍ਹ ਦੀ ਪੜ੍ਹੀ-ਲਿਖੀ ਪੀੜ੍ਹੀ ਅਕਾਊਂਟਿੰਗ ਸਿੱਖ ਕੇ ਇਹ ਮਸਲਾ ਹੱਲ ਕਰ ਸਕਦੀ ਹੈ। ਖੇਤੀ ਨੂੰ ਇਕ ਕਾਰਪੋਰੇਸ਼ਨ ਵਾਂਗ ਚਲਾਉਣਾ ਪਵੇਗਾ।

ਫਸਲੀ ਚੱਕਰ ਬਾਰੇ ਵੀ ਰੌਲਾ ਬੜੇ ਸਾਲਾਂ ਤੋਂ ਪੈ ਰਿਹਾ ਹੈ, ਪਰ ਮੇਰੇ ਖਿਆਲ ਨਾਲ ਇਸ ਲਈ ਨਾ ਤਾਂ ਕਿਸਾਨ ਤਿਆਰ ਹੈ, ਨਾ ਸਰਕਾਰਾਂ ਅਤੇ ਨਾ ਹੀ ਸਾਡੀ ਮੰਡੀਕਰਨ ਪਾਲਿਸੀ। ਕੇਂਦਰ ਸਰਕਾਰ ਨੂੰ ਵੀ ਪੰਜਾਬ ਨਾਲ ਮਤਰੇਆ ਵਿਹਾਰ ਬੰਦ ਕਰਨਾ ਚਾਹੀਦਾ ਹੈ। ਜੇ ਸਮਰਥਨ ਮੁੱਲ ਨਹੀਂ ਵਧਾ ਸਕਦੇ ਤਾਂ, ਕੋਈ ਸਬਸਿਡੀ ਦੇ ਕੇ ਕਿਸਾਨ ਨੂੰ ਬਣਦਾ ਮੁੱਲ ਦਿੱਤਾ ਜਾਵੇ। ਭਾਰਤ ਵਿਚ ਇਕ ਨਵਾਂ ਪਾਖੰਡ ਸ਼ੁਰੂ ਹੋ ਰਿਹਾ ਹੈ, ਜਿਸ ਵਿਚ ਵੱਡੇ ਉਦਯੋਗਿਕ ਘਰਾਣੇ ਸਾਨੂੰ ਖੇਤੀ ਕਰਨਾ ਸਿਖਾਉਣਗੇ ਤੇ ਸਰਕਾਰਾਂ ਆਸ ਕਰ ਰਹੀਆਂ ਹਨ ਕਿ ਇਸ ਨਾਲ ਸਭ ਠੀਕ ਹੋ ਜਾਵੇਗਾ। ਮੇਰੇ ਮੁਤਾਬਿਕ ਇਹ ਪਾਲਿਸੀ ਦੇਸ਼ ਤੇ ਕਿਸਾਨਾਂ ਲਈ ਘਾਤਕ ਸਿੱਧ ਹੋਵੇਗੀ, ਕਿਉਂਕਿ ਭਾਰਤ ਵਿਚ ਫੈਲੇ ਭ੍ਰਿਸ਼ਟਾਚਾਰ ਨੇ ਕੋਈ ਸਖਤ ਪਾਲਿਸੀ ਇਨ੍ਹਾਂ ਵੱਡੇ ਉਦਯੋਗਿਕ ਘਰਾਣਿਆਂ ਖਿਲਾਫ ਬਣਨ ਨਹੀਂ ਦੇਣੀ।

ਮੇਰੇ ਮੁਤਾਬਿਕ ਜੇ ਕਿਸੇ ਕਿਸਾਨ ਦੀ ਜਮੀਨ 10 ਏਕੜ ਤੋਂ ਘੱਟ ਹੈ, ਉਸ ਨੂੰ ਜ਼ਮੀਨ ਠੇਕੇ 'ਤੇ ਦੇ ਦੇਣੀ ਚਾਹੀਦੀ ਹੈ ਤੇ ਆਪ ਕੋਈ ਹੋਰ ਕੰਮ/ਵਪਾਰ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਛੋਟੇ ਕਿਸਾਨ ਦੀ ਆਮਦਨ ਵਧੇਗੀ ਅਤੇ ਉਹ ਨਵੇਂ ਹੁਨਰ ਸਿੱਖ ਕੇ ਆਤਮ ਨਿਰਭਰ ਬਣ ਸਕੇਗਾ। ਇਸ ਨਾਲ ਵੱਡੇ ਕਿਸਾਨ ਉਭਰ ਕੇ ਸਾਹਮਣੇ ਆਉਣਗੇ ਤੇ ਖੇਤੀ ਪ੍ਰਬੰਧ ਵਿਚ ਕੁਸ਼ਲਤਾ ਆਵੇਗੀ। ਪਿੰਡਾਂ ਦੇ ਹੀ ਸਰਦੇ ਜ਼ਿਮੀਂਦਾਰ ਅਤੇ ਪਰਵਾਸੀ ਪੰਜਾਬੀ ਇਨ੍ਹਾਂ 10 ਏਕੜ ਤੋਂ ਘਟ ਜ਼ਮੀਨ ਵਾਲੇ ਕਿਸਾਨਾਂ ਦੀ ਜਮੀਨ ਠੇਕੇ 'ਤੇ ਲੈ ਲੈਣ ਤਾਂ ਬਹੁਤ ਵਧੀਆ ਹੋਵੇਗਾ। ਸਰਕਾਰ ਨੂੰ ਵੱਡੀਆਂ ਕੰਪਨੀਆਂ ਨੂੰ ਸਿਧੇ ਤੌਰ 'ਤੇ ਜਮੀਨ ਠੇਕੇ ਉਤੇ ਲੈਣ ਤੋਂ ਰੋਕਣ ਲਈ ਸਖਤ ਕਾਨੂੰਨ ਬਣਾਉਣੇ ਚਾਹੀਦੇ ਹਨ। ਇਸ ਦੇ ਨਾਲ ਨਾਲ ਛੋਟੇ ਤੇ ਵੱਡੇ ਜ਼ਿਮੀਂਦਾਰਾਂ ਦਰਮਿਆਨ ਕੰਟ੍ਰੈਕਟ ਛੋਟੇ ਕਿਸਾਨ ਦੇ ਹੱਕਾਂ ਨੂੰ ਧਿਆਨ ਵਿਚ ਰੱਖ ਕੇ ਬਣਾਇਆ ਜਾਣਾ ਚਾਹੀਦਾ ਹੈ।

ਵੱਡੇ ਜ਼ਿਮੀਂਦਾਰਾਂ ਨੂੰ ਛੋਟੇ ਜ਼ਿਮੀਂਦਾਰਾਂ ਨੂੰ ਸਮੇਂ ਸਿਰ ਠੇਕੇ ਦੀ ਬਣਦੀ ਰਕਮ ਦੇਣੀ ਕਾਨੂੰਨੀ ਤੌਰ 'ਤੇ ਨਿਸ਼ਚਿਤ ਕਰਨੀ ਚਾਹੀਦੀ ਹੈ ਅਤੇ ਭੁਗਤਾਨ ਸਿਰਫ ਬੈਂਕਾਂ ਰਾਹੀਂ ਹੀ ਕੀਤਾ ਜਾਣਾ ਚਾਹੀਦਾ ਹੈ। ਇਸ ਨਾਲ ਸਰਕਾਰ ਦੇ ਰੈਵੇਨਿਊ ਵਿਚ ਵੀ ਵਾਧਾ ਹੋਵੇਗਾ ਤੇ ਗੜ੍ਹੇ ਮਾਰੀ ਜਾਂ ਹੋਰ ਕੁਦਰਤੀ ਆਫਤਾਂ ਨਾਲ ਹੋਈ ਤਬਾਹੀ ਸਮੇਂ ਸਰਕਾਰ ਬੜੇ ਸੌਖੇ ਤੇ ਕੁਸ਼ਲ ਤਰੀਕੇ ਨਾਲ ਮਦਦ ਵੱਡੇ ਕਿਸਾਨਾਂ ਤਕ ਪਹੁੰਚਦੀ ਕਰ ਸਕਦੀ ਹੈ।

ਸਰਕਾਰਾਂ ਨੂੰ ਵੀ ਛੋਟੇ ਕਿਸਾਨਾਂ ਲਈ ਜ਼ਮੀਨ ਉੱਤੇ ਦਿੱਤੇ ਜਾਣ ਵਾਲੇ ਕਰਜ਼ੇ ਘਟਾਉਣੇ ਜਾਂ ਬੰਦ ਕਰਨੇ ਪੈਣਗੇ, ਇਸ ਨਾਲ ਸਰਕਾਰੀ ਸਬਸਿਡੀ ਦੀ ਦੁਰਵਰਤੋਂ ਕਿਸਾਨ ਨਹੀਂ ਕਰ ਸਕੇਗਾ। ਮੇਰੇ ਮੁਤਾਬਕ ਛੋਟੇ ਕਿਸਾਨਾਂ ਨੂੰ ਜ਼ਮੀਨ 'ਤੇ ਮਿਲੇ ਕਰਜ਼ੇ ਨੂੰ ਸਿਰਫ ਬੱਚਿਆਂ ਦੀ ਪੜ੍ਹਾਈ ਅਤੇ ਸਿਹਤ ਨਾਲ ਜੁੜੇ ਕੰਮਾਂ 'ਤੇ ਖਰਚਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਲੋੜ ਪੈਣ ਸਮੇਂ ਜ਼ਮੀਨ 'ਤੇ ਮਿਲੇ ਕਰਜ਼ੇ ਦਾ ਭੁਗਤਾਨ ਸਿਰਫ ਵਿੱਦਿਅਕ ਅਦਾਰਿਆਂ ਜਾਂ ਸਿਹਤ ਕੇਂਦਰਾਂ, ਹਸਪਤਾਲਾਂ ਵਿਚ ਹੀ ਹੋਣਾ ਚਾਹੀਦਾ ਹੈ। ਛੋਟੇ ਕਿਸਾਨਾਂ ਲਈ ਇਸ ਕਰਜ਼ੇ ਦੀ ਵਿਆਜ਼ ਦਰ ਹੋਰ ਘਟਾਉਣ ਦੀ ਵੀ ਲੋੜ ਹੈ।

ਖੇਤੀ ਨਾਲ ਸਬੰਧਤ ਮਜਦੂਰਾਂ ਵਾਸਤੇ ਲੇਬਰ ਕਾਨੂੰਨ ਸਖਤ ਕਰਨੇ ਪੈਣਗੇ। ਵੱਡੇ ਕਿਸਾਨਾਂ ਨੂੰ ਖੇਤੀ ਮਜਦੂਰਾਂ ਨਾਲ ਕੰਟ੍ਰੈਕਟ ਕਰਨੇ ਪੈਣਗੇ ਤੇ ਉਨ੍ਹਾਂ ਦਾ ਬਣਦਾ ਮਿਹਨਤਾਨਾ ਸਮੇਂ ਸਿਰ ਵੱਡੇ ਕਿਸਾਨਾਂ ਨੂੰ ਮਜ਼ਦੂਰਾਂ ਦੇ ਬੈਂਕ ਖਾਤਿਆਂ ਵਿਚ ਪਾਉਣਾ ਪਵੇਗਾ। ਪੰਜਾਬੀ ਲੇਬਰ ਸੰਸਥਾਵਾਂ ਨੂੰ ਮਜਬੂਤ ਕਰਨ ਦੀ ਲੋੜ ਹੈ।

ਖੇਤੀ ਵਿਭਾਗ ਵੱਲੋਂ ਕਿਸਾਨਾਂ ਨੂੰ ਫਸਲਾਂ ਬਾਰੇ ਜਾਣਕਾਰੀ ਦੇ ਨਾਲ ਨਾਲ ਸੈਲਫ ਮੈਨੇਜਮੈਂਟ ਬਾਰੇ ਵੀ ਜਾਣਕਾਰੀ ਦੇਣੀ ਚਾਹੀਦੀ ਹੈ। ਖੇਤੀ ਨਾਲ ਜੁੜੇ ਪਰਿਵਾਰਾਂ ਦੀਆਂ ਔਰਤਾਂ ਨੂੰ ਵੀ ਸੰਸਾਰਕ ਪੜ੍ਹਾਈ ਦੇ ਨਾਲ ਗੁਰਬਾਣੀ ਨਾਲ ਜੋੜਨ ਦੀ ਲੋੜ ਹੈ। ਇਨ੍ਹਾਂ ਔਰਤਾਂ ਵਾਸਤੇ ਵਿਸ਼ੇਸ਼ ਸੈਮੀਨਾਰ ਹੋਣੇ ਚਾਹੀਦੇ ਹਨ, ਜੋ ਇਨ੍ਹਾਂ ਨੂੰ ਸੈਲਫ ਮੈਨੇਜਮੈਂਟ, ਚੰਗੀ ਸਿਹਤ, ਫੈਮਿਲੀ ਪਲਾਨਿੰਗ, ਉਚੇਰੀ ਵਿੱਦਿਆ, ਕੌਸਟ ਮੈਨੇਜਮੈਂਟ ਵਰਗੇ ਵਿਸ਼ਿਆਂ 'ਤੇ ਜਾਣਕਾਰੀ ਦੇਣ।

ਪਰਵਾਸੀ ਪੰਜਾਬੀਆਂ ਨੂੰ ਵੀ ਸਿਆਣੇ ਬਣਨ ਦੀ ਬਹੁਤ ਲੋੜ ਹੈ, ਇਹ ਆਪਣੇ ਪੰਜਾਬ ਰਹਿੰਦੇ ਭਰਾਵਾਂ ਦਾ ਪਹਿਲਾਂ ਨਾਲੋਂ ਵੱਧ ਸਾਥ ਦੇਣ। ਪਰਵਾਸੀ ਪੰਜਾਬੀ ਪੰਜਾਬ ਜਾ ਕੇ ਫੋਕੀ ਬੱਲੇ ਬੱਲੇ ਕਰਾਉਣ ਤੋਂ ਗੁਰੇਜ਼ ਕਰਨ ਅਤੇ ਪੰਜਾਬ ਦੀ ਖੇਤੀ ਅਤੇ ਖੇਤੀ ਨਾਲ ਜੁੜੇ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਹਿੱਸੇਦਾਰ ਬਣ ਕੇ ਯੋਗਦਾਨ ਪਾਉਣ।

ਨਵੇਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਹੋ ਰਹੇ ਸੰਘਰਸ਼ ਨੂੰ ਦੇਖ ਕੇ ਕਾਫੀ ਆਸ ਬੱਝੀ ਹੈ। ਇਹ ਸੰਘਰਸ਼ ਦੁਨੀਆਂ 'ਤੇ ਇਕ ਮਿਸਾਲ ਬਣ ਗਿਆ ਹੈ। ਸੰਘਰਸ਼ ਤੋਂ ਪਤਾ ਲੱਗਦਾ ਹੈ ਕੇ ਸਿੱਖ ਆਪਣੀ ਹਿੱਕ ਦੇ ਜ਼ੋਰ 'ਤੇ ਅਜੇ ਵੀ ਦੇਸ਼ ਦੀਆਂ ਜੜ੍ਹਾਂ ਹਿਲਾ ਸਕਦੇ ਹਨ। ਸੰਘਰਸ਼ ਕਰਨਾ ਕਿਸਾਨ ਅਤੇ ਕਿਸੇ ਵੀ ਦੇਸ਼ ਦੇ ਨਾਗਰਿਕਾਂ ਦਾ ਮੁਢਲਾ ਹੱਕ ਹੈ। ਭਾਰਤੀ ਸਰਕਾਰ ਨੂੰ ਕਿਸਾਨਾਂ ਦੇ ਸੰਘਰਸ਼ ਨੂੰ ਸਮਝਣਾ ਚਾਹੀਦਾ ਹੈ ਤੇ ਸੰਘਰਸ਼ ਨੂੰ ਖਤਮ ਕਰਨ ਲਈ ਆਪਣੀਆਂ ਕੋਝੀਆਂ ਚਾਲਾਂ ਤੋਂ ਗੁਰੇਜ ਕਰਨਾ ਚਾਹੀਦਾ ਹੈ। ਨਵੇਂ ਕਾਨੂੰਨਾਂ ਨੂੰ ਜਲਦ ਰੱਦ ਕਰਕੇ, ਕਿਸਾਨਾਂ ਨੂੰ ਰਾਹਤ ਦੇਣੀ ਚਾਹੀਦੀ ਹੈ, ਕਿਉਂਕਿ ਇਹ ਗੱਲ ਸਿਰਫ ਕਿਸਾਨਾਂ ਨਾਲ ਹੀ ਨਹੀਂ, ਸਗੋਂ ਅਤਿ ਜਰੂਰੀ ਦੇਸ਼ ਦੇ ਰੱਖਿਆ ਪ੍ਰਬੰਧ ਨਾਲ ਵੀ ਜੁੜੀ ਹੋਈ ਹੈ।

ਭਾਰਤ ਦੇ ਅੰਬਾਨੀ ਵਰਗੇ ਵਪਾਰੀਆਂ ਦੀ ਫਿਤਰਤ ਇਹ ਹੈ ਕਿ ਉਹ ਸਿਰਫ ਪ੍ਰਚੂਨ ਦੇ ਛੋਟੇ ਦੁਕਾਨਦਾਰ ਵਾਲੀ ਮਾਨਸਿਕਤਾ ਰੱਖਦੇ ਹਨ। ਇਹ ਭਾਰਤੀ ਵਪਾਰੀ ਅਮਰੀਕਾ ਅਤੇ ਦੂਸਰੇ ਵਿਕਸਿਤ ਦੇਸ਼ਾਂ ਦੇ ਵੱਡੇ ਵਪਾਰੀਆਂ ਦੇ ਗੁਲਾਮ ਹਨ। ਇਨ੍ਹਾਂ ਦੀ ਛੋਟੀ ਮਾਨਸਿਕਤਾ ਕਰਕੇ ਭਾਰਤ ਟੈਕਨੋਲੋਜੀ ਦੇ ਖੇਤਰ ਵਿਚ ਕਾਫੀ ਪਛੜ ਗਿਆ ਹੈ। 1991 ਤੋਂ ਬਾਅਦ ਭਾਰਤ ਵਿਚ ਪ੍ਰਾਈਵੇਟ ਕੰਪਨੀਆਂ ਨੇ ਸਮੇਂ ਦੀਆਂ ਸਰਕਾਰਾਂ ਨਾਲ ਮਿਲੀਭੁਗਤ ਅਤੇ ਭ੍ਰਿਸ਼ਟਾਚਾਰ ਕਰਕੇ ਹੀ ਤਰੱਕੀ ਕੀਤੀ ਹੈ। ਭਾਰਤੀ ਵਪਾਰੀਆਂ ਦੀ ਛੋਟੀ ਸੋਚ ਕਰਕੇ ਭਾਰਤ ਦੀ ਕੋਈ ਵੀ ਕੰਪਨੀ ਕੌਮਾਂਤਰੀ ਪੱਧਰ 'ਤੇ ਧਾਕ ਨਹੀਂ ਪਾ ਸਕੀ। ਟੈਕਨੋਲੋਜੀ ਵਪਾਰੀ ਵੀ ਵਿਕਸਿਤ ਦੇਸ਼ਾਂ ਦਾ ਹੀ ਕੰਮ ਕਰਦੇ ਹਨ, ਕਿਉਂਕਿ ਭਾਰਤ ਵਿਚ ਟੈਕਨੀਕਲ ਲੇਬਰ ਸਸਤੀ ਹੈ।

ਸਾਰੇ ਵਿਕਸਿਤ ਦੇਸ਼ਾਂ ਨੇ ਭਾਰਤ ਵਰਗੇ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਨਾਲ ਗੁਪਤ ਸਮਝੌਤੇ ਕੀਤੇ ਹੋਏ ਹਨ ਅਤੇ ਵਿਕਸਿਤ ਦੇਸ਼ਾਂ ਨੂੰ ਭਾਰਤ ਵਰਗੀਆਂ ਵੱਡੀਆਂ ਮੰਡੀਆਂ ਦੀ ਲੋੜ ਹੈ। ਇਸ ਕਰਕੇ ਕੋਈ ਵੀ ਦੇਸ਼ ਕਿਸਾਨਾਂ ਜਾਂ ਸਿੱਖ ਮਸਲਿਆਂ ਦੇ ਹੱਕ ਵਿਚ ਖੁੱਲ੍ਹੇ ਤੌਰ 'ਤੇ ਕੁਝ ਨਹੀਂ ਕਰ ਸਕਦਾ। ਯੂਨਾਈਟਿਡ ਨੇਸ਼ਨ ਵਰਗੀਆਂ ਸੰਸਥਾਵਾਂ ਵਿਚ ਪਟੀਸ਼ਨ ਪਾਉਣ ਨਾਲ ਕੁਝ ਨਹੀਂ ਬਣਨਾ, ਇਹ ਸਿਰਫ ਵਿਕਸਿਤ ਦੇਸ਼ਾਂ ਦੇ ਹੱਕ ਪੂਰਦੀਆਂ ਹਨ। ਇਹ ਗੁਪਤ ਸਮਝੌਤੇ ਕਿਸੇ ਵੀ ਦੇਸ਼ ਦੇ ਟੁਕੜੇ ਨਹੀਂ ਹੋਣ ਦੇਣਗੇ ਅਤੇ ਵਿਕਸਿਤ ਦੇਸ਼ ਸਿਰਫ ਬਾਹਰੀ ਤੌਰ 'ਤੇ ਹੀ ਮਜ਼ਲੂਮਾਂ ਦੇ ਹੱਕ ਵਿਚ ਹੋਣ ਦਾ ਦਾਅਵਾ ਕਰਦੇ ਹਨ। ਇਸ ਲਈ ਮੇਰੀ ਬੇਨਤੀ ਹੈ ਕਿ ਸਾਡੇ ਪੰਜਾਬ ਵਸਦੇ ਭਰਾ ਕਿਸੇ ਵੀ ਮੁਹਿੰਮ, ਜੋ ਪੰਜਾਬ ਨੂੰ ਭਾਰਤ ਨਾਲੋਂ ਅੱਡ ਕਰਨਾ ਚਾਹੁੰਦੀ ਹੋਵੇ, ਉਸ ਦਾ ਸਾਥ ਨਾ ਦੇਣ। ਸਾਰਾ ਭਾਰਤ ਸਾਡਾ ਹੈ ਅਤੇ ਅਸੀਂ ਸਾਰੀ ਦੁਨੀਆਂ 'ਤੇ ਰਾਜ ਕਰਨਾ ਹੈ। ਸਿੱਖਾਂ ਨੂੰ ਆਪਣੇ ਥਿੰਕ ਟੈਂਕ ਉਸਾਰਨੇ ਚਾਹੀਦੇ ਹਨ, ਜਿਨ੍ਹਾਂ ਦੇ ਮੈਂਬਰ ਅਰਥ ਸ਼ਾਸਤਰੀ, ਕਾਨੂੰਨੀ ਮਾਹਿਰ, ਖੇਤੀ ਮਾਹਿਰ, ਟੈਕਨੋਲੋਜੀ ਮਾਹਿਰ ਤੇ ਨੀਤੀ ਘਾੜੇ ਹੋਣ ਅਤੇ ਇਹ ਥਿੰਕ ਟੈਂਕ ਸਮੇਂ ਸਮੇਂ ਕੌਮ ਦੀ ਅਗਵਾਈ ਕਰਨ।

ਅਸੀਂ ਗੁਰੂ ਦੀ ਸਾਜੀ ਹੋਈ ਆਜ਼ਾਦ ਕੌਮ ਹਾਂ ਤੇ ਹੋਰ ਆਤਮ ਨਿਰਭਰ ਬਣੀਏ। ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਉਚੇਰੀ ਪੜ੍ਹਾਈ ਵੱਲ ਤੋਰੀਏ ਅਤੇ ਕੋਸ਼ਿਸ਼ ਕਰੀਏ ਕੇ ਉਹ ਵੱਡੇ ਵਪਾਰੀ ਬਣ ਸਕਣ। ਜਿਊਸ ਲੋਕਾਂ ਵਾਂਗ ਦੁਨੀਆਂ 'ਤੇ ਸਰਦਾਰੀ ਅਤੇ ਖਾਲਸੇ ਦਾ ਰਾਜ ਤਾਂ ਹੀ ਹੋ ਸਕਦਾ ਹੈ, ਜੇ ਸਾਡੇ ਕੋਲ ਅਕਲ, ਪੈਸਾ ਅਤੇ ਹਿੱਕ ਵਿਚ ਜ਼ੋਰ ਹੈ। ਸਿੱਖ ਕੌਮ ਨੂੰ ਅਰਬੀ ਤੇਲ ਦੇ ਖੂਹਾਂ ਤੋਂ ਵੀ ਵੱਧ ਕਮਾਈ ਕਰਨੀ ਪਏਗੀ। ਪਰਵਾਸੀ ਸਿੱਖ ਵੀ ਪੜ੍ਹਾਈ ਅਤੇ ਟੈਕਨੋਲੋਜੀ ਵਪਾਰ ਨੂੰ ਤਰਜੀਹ ਦੇਣ ਤਾਂ ਜੋ ਵਿਦੇਸ਼ਾਂ ਵਿਚ ਲੇਬਰ ਦਾ ਹਿੱਸਾ ਬਣ ਕੇ ਹੀ ਨਾ ਰਹਿ ਜਾਣ।

ਫਿਰ ਸਾਨੂੰ ਆਪਣੇ ਹੱਕ ਕਿਸੇ ਸਰਕਾਰ ਕੋਲੋਂ ਮੰਗਣ ਨਹੀਂ ਜਾਣਾ ਪਏਗਾ ਤੇ ਗੁਰੂ ਦੇ ਬਚਨਾਂ ਮੁਤਾਬਿਕ ਸਾਰੀ ਦੁਨੀਆਂ 'ਤੇ ਖਾਲਸੇ ਦਾ ਰਾਜ ਚੱਲੇਗਾ ਅਤੇ ਕਾਨੂੰਨ ਸਾਨੂੰ ਪੁੱਛ ਕੇ ਬਣਾਏ ਜਾਣਗੇ।

## ਮੈਂ ਕਿਸਾਨ ਮੈਂ ਸ਼ਹੀਦ

ਮੈਂ ਕਿਸਾਨ ਮੈਂ ਸ਼ਹੀਦ
ਮੇਰੀ ਰੂਹ ਦੀ ਸੁਣੋ ਅਵਾਜ਼।
ਮੈਂ ਲੇਖੇ ਲਾਈ ਜ਼ਿੰਦਗੀ
ਕਿਸਾਨੀ ਸੰਘਰਸ਼ 'ਤੇ ਮੈਨੂੰ ਨਾਜ਼।

ਮੈਂ ਕਿਸਾਨ ਮੈਂ ਸ਼ਹੀਦ
ਮੇਰੀ ਖੇਤੀਂ ਵੱਸਦੀ ਰੂਹ।
ਪੜਦਾਦਿਆਂ ਦੇ ਜੱਦੀ ਪੁਸ਼ਤੀ
ਏਹ ਖੇਤ ਨੇ ਮੇਰਾ ਤਾਜ।

ਮੈਂ ਕਿਸਾਨ ਮੈਂ ਸ਼ਹੀਦ
ਮੇਰੀ ਰੂਹ ਸੰਘਰਸ਼ ਦੇ ਨਾਲ।
ਤੁਹਾਡੀ ਜਿੱਤ 'ਚ ਮੇਰੀ ਮੁਕਤੀ
ਮੇਰੇ ਸਾਥੀਓ ਰੱਖਣਾ ਯਾਦ।

ਮੈਂ ਕਿਸਾਨ ਮੈਂ ਸ਼ਹੀਦ
ਹੋਈ ਦਰਸ਼ਨ ਕਰ ਰੂਹ ਨਿਹਾਲ।
ਮੈਂ ਉੱਪਰ ਸੰਘਰਸ਼ ਦੇ ਵੇਖਿਆ
ਕਰੇ ਰਾਖੀ ਗੁਰਾਂ ਦਾ ਬਾਜ਼।

ਮੈਂ ਕਿਸਾਨ ਮੈਂ ਸ਼ਹੀਦ
ਮੈਨੂੰ ਕਾਲੇ ਕਨੂੰਨ ਨਾ-ਮਨਜ਼ੂਰ।
ਗੂੰਗੀ ਬੋਲੀ ਅੰਨ੍ਹੀ ਸਰਕਾਰ ਦਾ
ਹੰਕਾਰ ਦਾ ਭੰਨਣਾ ਸਾਜ਼।

ਮੈਂ ਕਿਸਾਨ ਮੈਂ ਸ਼ਹੀਦ
ਮੇਰੀ ਰੂਹ ਦੀ ਸੁਣੀ ਅਵਾਜ਼।
'ਸੁੱਖਵਿੰਦਰ ਬੋਦਲਾਂ' ਵਾਲਿਆ,
ਹੈ ਏਕਤਾ ਜਿੱਤ ਦਾ ਰਾਜ਼।

*-ਸੁੱਖਵਿੰਦਰ ਬੋਦਲਾਂਵਾਲਾ*
*ਫੋਨ: 360-281-2624*

## ਪਹੁ ਫੁਟਾਲਾ

ਮਜ਼ਦੂਰ ਪਹੁ ਫੁਟਾਲੇ ਉੱਠਦਾ ਹੈ,
ਰੋਟੀ ਲਈ ਅਹੁਰ ਪਹੁਰ ਕਰਨ ਲਈ,
ਅਮੀਰ ਪਹੁ ਫੁਟਾਲੇ ਉੱਠਦਾ ਹੈ,
ਖਾਧੀ ਹੋਈ ਰੋਟੀ ਨੂੰ ਹਜ਼ਮ ਕਰਨ ਲਈ,
ਕਿਸਾਨ ਤਾਂ ਪਹੁ ਫੁਟਾਲੇ ਤੋਂ ਵੀ ਪਹਿਲਾਂ ਹੀ,
ਸ਼ੁਰੂ ਕਰ ਲੈਂਦੇ ਹਨ ਆਪਣੇ ਸਫਰ ਨੂੰ,
ਪਰ ਉਨ੍ਹਾਂ ਦੇ ਹਿੱਸੇ ਆਉਂਦੀ ਕਰਜ਼ੇ ਦੀ ਪੰਡ,
ਜੋ ਹਰ ਦਿਨ ਤੇ ਰਾਤ ਨੂੰ ਭਾਰੀ
ਅਤੇ ਹੋਰ ਭਾਰੀ ਹੀ ਹੁੰਦੀ ਜਾਂਦੀ ਹੈ,
ਕੀ ਕਦੇ ਉਸ ਨੂੰ ਵੀ ਰਾਹਤ ਮਿਲੇਗੀ?
ਇਹ ਇੱਕ ਵਡਾ ਸਵਾਲ ਹੈ,
ਜਿਸ ਦੇ ਉਤਰ ਨੂੰ ਟਟੋਲਣ ਲਈ
ਯਤਨਸ਼ੀਲ ਹੋਣ ਦੀ ਜ਼ਰੂਰਤ ਹੈ।

*-ਡਾ. ਅਜੀਤ ਸਿੰਘ ਕੋਟਕਪੂਰਾ*

# ਇਹ ਜੋ ਬੈਠੇ ਨੇ...



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 1-216-556-2080

ਇਹ ਜੋ ਬੈਠੇ ਨੇ, ਇਹ ਬੈਠੇ ਨਹੀਂ ਸਗੋਂ ਹੁਣ ਹੀ ਤਾਂ ਉਠੇ ਨੇ। ਹੁਣ ਹੀ ਇਨ੍ਹਾਂ ਦੀ ਜਾਗ ਖੁੱਲ੍ਹੀ ਹੈ, ਬੜੀ ਲੰਮੀ ਨੀਮ-ਬੇਹੋਸ਼ੀ ਤੋਂ ਬਾਅਦ। ਇਨ੍ਹਾਂ ਦੇ ਹੌਸਲਿਆਂ ਨੇ ਭਰੀ ਹੈ ਅੰਗੜਾਈ। ਇਨ੍ਹਾਂ ਦੀ ਸੋਚ ਵਿਚ ਉਗਿਆ ਏ ਨਵਾਂ ਸੂਰਜ, ਜਿਸ ਦੀ ਰੌਸ਼ਨੀ ਵਿਚ ਇਨ੍ਹਾਂ ਨੇ ਮੰਜ਼ਿਲਾਂ ਦੀ ਪੈੜ ਨੱਪਣੀ ਏ ਤੇ ਨਵੇਂ ਦਿੱਸਹੱਦਿਆਂ ਨੂੰ ਆਪਣੇ ਨਾਵੇਂ ਕਰਨਾ। ਮਸਾਂ ਮਸਾਂ ਤਾਂ ਇਹ ਜਾਗੇ ਨੇ ਆਪਣੇ ਹੱਕਾਂ ਦੀ ਰਾਖੀ ਲਈ, ਹੋ ਰਹੀਆਂ ਬੇਇਨਸਾਫੀਆਂ ਨੂੰ ਠੱਲ ਪਾਉਣ ਲਈ, ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਅਤੇ ਸਮੇਂ ਦੇ ਵਰਕਿਆਂ 'ਤੇ ਹਸਤਾਖਰ ਉਕਰਨ ਲਈ। ਇਹ ਹੁਣ ਖੜ੍ਹੇ ਹੋ ਗਏ ਨੇ। ਉਮਡ ਆਇਆ ਏ ਇਨ੍ਹਾਂ ਦੇ ਕਦਮਾਂ ਵਿਚ ਉਤਸ਼ਾਹ ਅਤੇ ਪੈਰਾਂ ਦੀਆਂ ਬਿਆਈਆਂ ਨੂੰ ਹੈ ਖੁਦ 'ਤੇ ਨਾਜ਼। ਇਨ੍ਹਾਂ ਦੇ ਹੱਥਾਂ ਦੇ ਪਏ ਰੱਟਣਾਂ ਦੀਆਂ ਕਹਾਣੀਆਂ, ਮਸਤਕ ਵਿਚ ਉਗ ਆਈਆਂ ਨੇ। ਇਸ ਦੀ ਇਬਾਰਤ ਨੇ ਬੀਤੇ ਇਤਿਹਾਸ ਨੂੰ ਮੁੜ ਤੋਂ ਦੁਹਰਾਉਣ ਅਤੇ ਨਵੀਂ ਤਹਿਜ਼ੀਬ ਸਿਰਜਣ ਲਈ ਹੱਲਾਸ਼ੇਰੀ ਬਣਨਾ ਏ।

ਇਹ ਜੋ ਬੈਠੇ ਨੇ, ਇਨ੍ਹਾਂ ਨੂੰ ਸਮੇਂ ਦੇ ਹਾਕਮਾਂ ਨੇ ਮਜਬੂਰ ਕਰ ਦਿੱਤਾ ਕਿ ਉਹ ਇਕਜੁੱਟ ਹੋ, ਫਿਰਕਿਆਂ ਤੇ ਜਾਤਾਂ ਤੋਂ ਉਪਰ ਉਠਣ। ਨਵੀਂ ਕਤਾਰਬੰਦੀ, ਹਰ ਮੂੰਹ ਵਿਚ ਪੈਂਦੀ ਬੁਰਕੀ ਨੂੰ ਸਲਾਮ ਕਹਿਣ ਲਈ ਅੱਗੇ ਆਈ ਏ। ਹਰੇਕ ਨੂੰ ਅੰਨਦਾਤਿਆਂ ਦੇ ਬਹੁਮੁੱਲੇ ਜੀਵਨ-ਦਾਨੀ ਰੁਤਬੇ ਨੂੰ ਮੁਖਾਤਬ ਹੋਣ ਲਈ ਪ੍ਰੇਰਤ ਕੀਤਾ ਏ।

ਇਹ ਜੋ ਚਿੱਟੀਆਂ ਦਾਹੜੀਆਂ ਵਾਲੇ ਬਾਬੇ ਬੈਠੇ ਨੇ, ਦਰਅਸਲ ਇਹ ਉਨ੍ਹਾਂ ਬਾਬਿਆਂ ਦੀਆਂ ਹੂਬਹੂ ਸ਼ਕਲਾਂ ਹਨ, ਜਿਨ੍ਹਾਂ ਨੇ ਕਦੇ ਜੱਲਿਆਂਵਾਲੇ ਬਾਗ ਨੂੰ ਖੂਨ ਨਾਲ ਰੰਗਿਆ ਸੀ। ਨਨਕਾਣੇ ਦੇ ਮਹੰਤ ਦੀ ਦਰਿੰਦਗੀ ਦਾ ਮੁਕਾਬਲਾ ਕੀਤਾ। ਗੁਰੂ ਕੇ ਬਾਗ, ਜੈਤੋ ਦੇ ਮੋਰਚਾ ਵਿਚ ਵਿਦੇਸ਼ੀ ਹੁਕਮਰਾਨਾਂ ਨੂੰ ਉਨ੍ਹਾਂ ਦੀ ਹੈਸੀਅਤ ਦਿਖਾਈ। ਇਹ ਤਾਂ ਉਹ ਬਾਬੇ ਨੇ, ਜਿਨ੍ਹਾਂ ਨੇ ਨੰਗੇ ਧੜ ਰੇਲ-ਗੱਡੀ ਨੂੰ ਰੋਕਿਆ, ਜੇਲ੍ਹਖਾਨਿਆਂ ਵਿਚ ਜਵਾਨੀ ਰੋਲੀ ਅਤੇ ਪਿਆਰੇ ਦੇਸ਼ ਲਈ ਜਾਨਾਂ ਦੀ ਆਹੂਤੀ ਦੇਣ ਲੱਗਿਆਂ ਕਦੇ ਪਿੱਠ ਨਹੀਂ ਦਿਖਾਈ। ਇਨ੍ਹਾਂ ਬਜੁਰਗਾਂ ਦੇ ਵਡੇਰੇ ਹੀ ਸਨ, ਜਿਨ੍ਹਾਂ ਨੇ 'ਪੱਗੜੀ ਸੰਭਾਲ ਜੱਟਾ' ਵਰਗੇ ਅੰਦੋਲਨ ਨਾਲ ਅੰਗਰੇਜੀ ਹਕੂਮਤ ਨੂੰ ਵੀ ਝੁਕਾ ਦਿੱਤਾ ਸੀ। ਇਨ੍ਹਾਂ ਦੀਆਂ ਰਗਾਂ ਵਿਚ ਆਪਣੇ ਗੁਰੂਆਂ ਦੀ ਕਰਤਾਰੀ ਸ਼ਕਤੀ ਦਾ ਪ੍ਰਵਾਹ ਚੱਲਦਾ ਹੈ। ਇਹ ਬਾਬੇ ਆਪਣੇ ਪੋਤਰਿਆਂ ਦੀ ਜ਼ਮੀਨ ਨੂੰ ਬਚਾਉਣ ਅਤੇ ਵਿਰਾਸਤ ਨੂੰ ਅੱਗੇ ਤੋਰਨ ਲਈ ਮੋਹਰੀ ਲਾਣੇਦਾਰ ਬਣੇ ਹੋਏ ਨੇ। ਇਹ ਬਾਬੇ ਆਪਣੀ ਮਾਂ ਵਰਗੀ ਜ਼ਮੀਨ ਨੂੰ ਬਚਾਉਣ ਆਏ ਨੇ, ਜਿਨ੍ਹਾਂ ਦੀ ਮਹਿਕ ਉਨ੍ਹਾਂ ਦੇ ਜੁੱਸੇ ਤੇ ਮੁੜਕੇ ਵਿਚ ਹੈ। ਉਨ੍ਹਾਂ ਦੇ ਦੀਦਿਆਂ ਵਿਚ ਮਿੱਟੀ ਦੀ ਰੰਗਤ। ਇਸ ਮਿੱਟੀ ਨੇ ਹੀ ਖਲਵਾਣਾਂ, ਖੂਹਾਂ ਅਤੇ ਖੇਤਾਂ ਨੂੰ ਭਾਗ ਲਾਏ। ਉਹ ਰੂਹ ਵਿਚ ਰਚੀ ਮਿੱਟੀ ਦੀ ਮਹਿਕ ਨੂੰ ਕਿਵੇਂ ਮਨਫੀ ਕਰ ਸਕਦੇ? ਬਾਬਿਆਂ ਦੀਆਂ ਅੱਖਾਂ ਵਿਚ ਤੈਰਦਾ ਹੈ, ਉਨ੍ਹਾਂ ਪਲਾਂ ਦਾ ਤਸੱਵਰ, ਜਦ ਉਹ ਜਿੱਤ ਕੇ ਆਪਣੇ ਘਰਾਂ ਤੇ ਖੇਤਾਂ ਨੂੰ ਪਰਤਣਗੇ ਅਤੇ ਖੇਤ ਦੀ ਮਿੱਟੀ ਮੱਥੇ ਨੂੰ ਲਾਉਣਗੇ।

ਇਹ ਜੋ ਚਾਂਦੀ ਰੰਗੇ ਵਾਲਾਂ ਵਾਲੀਆਂ ਬੈਠੀਆਂ ਨੇ, ਇਹ ਤਾਂ ਮਾਂਵਾਂ ਨੇ ਛਾਂਵਾਂ ਵੰਡਣ ਵਾਲੀਆਂ। ਦੁਆਵਾਂ ਨਾਲ ਆਪਣੀਆਂ ਨਸਲਾਂ ਨੂੰ ਅੱਗੇ ਵਧਾਉਣ ਵਾਲੀਆਂ। ਇਹ ਤਾਂ ਆਪਣੇ ਪੁੱਤਰਾਂ, ਪੋਤਿਆਂ ਅਤੇ ਆਰ-ਪਰਿਵਾਰ ਦੀਆਂ ਰੀਤਾਂ, ਰਿਵਾਜਾਂ ਅਤੇ ਰਵਾਇਤਾਂ ਨੂੰ ਅੱਗੇ ਤੋਰਨ ਲਈ ਹੀ ਮੋਹਰੀ ਬਣ ਕੇ ਆਈਆਂ ਨੇ। ਇਹ ਤਾਂ ਮਾਈ ਭਾਗੋ ਦੀਆਂ ਵਾਰਸ ਨੇ। ਇਹ ਉਨ੍ਹਾਂ ਮਾਂਵਾਂ ਦੀ ਕੁੱਖੋਂ ਜਾਈਆਂ, ਜਿਨ੍ਹਾਂ ਨੇ ਆਪਣੇ ਬੱਚਿਆਂ ਦੇ ਟੋਟੇ ਗਲਾਂ ਵਿਚ ਪਵਾਏ, ਸਿਰਾਂ ਦੇ ਸਾਈਆਂ ਨੂੰ ਮੌਤ ਵਿਹਾਜਣ ਲਈ ਭੇਜਿਆ, ਦੇਸ਼ ਦੀ ਆਜ਼ਾਦੀ ਲਈ ਪੁੱਤਾਂ ਨੂੰ ਵਾਰਿਆ ਅਤੇ ਹੁਣ ਵੀ ਜਿਨ੍ਹਾਂ ਦੇ ਪੁੱਤ ਸਰਹੱਦਾਂ 'ਤੇ ਸ਼ਹੀਦ ਹੋ ਰਹੇ ਨੇ। ਸ਼ਹੀਦਾਂ ਦੀਆਂ ਪਤਨੀਆਂ ਅਤੇ ਮਾਂਵਾਂ ਦੀ ਦਲੇਰੀ ਤੇ ਹੱਠ ਨੂੰ ਕੌਣ ਝੁਕਾ ਸਕਦਾ? ਮਾਂਵਾਂ ਨੂੰ ਆਪਣੀਆਂ ਕੁੱਖ 'ਤੇ ਮਾਣ ਹੈ। ਇਨ੍ਹਾਂ ਮਾਂਵਾਂ ਦੀਆਂ ਅੱਖਾਂ ਵਿਚ ਉਗੀ ਹੋਈ ਲਿਸ਼ਕ ਤੇ ਚਿਹਰਿਆਂ ਦਾ ਨੂਰ ਦੇਖਣਾ! ਇਨ੍ਹਾਂ ਦੀਆਂ ਝੁਰੜੀਆਂ ਵਿਚ ਸਿਦਕ ਤੇ ਸਬਰ ਦੀ ਕਲਾ-ਨੱਕਾਸ਼ੀ ਨੂੰ ਪੜ੍ਹਨਾ ਤਾਂ ਪਤਾ ਲੱਗੇਗਾ, ਇਹ ਮਾਂਵਾਂ ਬੈਠਣ ਨਹੀਂ ਆਈਆਂ। ਸਗੋਂ ਇਹ ਆਪਣੇ ਲਾਣੇ ਦੇ ਕੱਫਣ ਲੈ ਕੇ ਹੀ ਆਈਆਂ ਨੇ। ਜਦ ਕੋਈ ਮਾਂ ਕੱਫਣ ਨੂੰ ਆਪਣੀ ਚੁੰਨੀ ਬਣਾ ਲਵੇ ਤਾਂ ਹਾਕਮਾਂ ਦੀ ਨੀਂਦ ਵੀ ਹੰਘਾਲੀ ਜਾਂਦੀ ਅਤੇ ਕੰਬ ਜਾਂਦੀਆਂ ਨੇ ਦਰਿੰਦਗੀ ਤੇ ਜੁਲਮ ਦੀਆਂ ਦੀਵਾਰਾਂ। ਇਹ ਮਾਂਵਾਂ ਹੱਥਾਂ ਦੀਆਂ ਪੱਕੀਆਂ ਰੋਟੀਆਂ ਦੇ ਨਾਲ ਨਾਲ, ਜਵਾਨ ਪੁੱਤਰਾਂ ਨੂੰ ਪਰੋਸਦੀਆਂ ਨੇ ਰੋਟੀ ਦੀ ਕਸਮ।

ਇਹ ਜੋ ਚੇਤੰਨ ਹੋ ਕੇ ਨੌਜਵਾਨ ਬੈਠੇ ਦਿੱਸਦੇ, ਦਰਅਸਲ ਇਹ ਉਹ ਨੇ, ਜਿਨ੍ਹਾਂ ਨੂੰ ਨੱਸ਼ਈ ਕਹਿ ਕੇ ਭੰਡਿਆ ਗਿਆ। ਇਨ੍ਹਾਂ ਨੇ ਆਪਣੇ ਜੋਸ਼ ਤੇ ਹੋਸ਼ ਨੂੰ ਜ਼ਰਬ ਦੇ ਕੇ ਆਪਣੀ ਤਾਕਤ ਬਣਾ ਲਿਆ ਏ। ਬਜੁਰਗਾਂ ਦੀ ਰਹਿਨੁਮਾਈ ਵਿਚ ਲੋਹੇ ਦੀ ਦਵਾਰ ਬਣ ਕੇ ਡਟੇ ਨੇ। ਇਨ੍ਹਾਂ ਦੀਆਂ ਰਗਾਂ ਵਿਚ ਭਗਤ ਸਿੰਘ ਅਤੇ ਸਰਾਭੇ ਦਾ ਹੀ ਖੂਨ ਦੌੜਦਾ ਹੈ। ਇਨ੍ਹਾਂ ਦੀ ਸੋਚ ਵਿਚ ਊਧਮ ਸਿੰਘ ਦੀ ਕਸਮ ਵੀ ਸ਼ਾਮਲ ਹੈ, ਜਿਹੜੀ ਉਨ੍ਹਾਂ ਨੇ ਜੱਲਿਆਂਵਾਲੇ ਬਾਗ ਦੀ ਮਿੱਟੀ ਨੂੰ ਚੁੰਮ ਕੇ ਚੁੱਕੀ ਸੀ ਅਤੇ ਕਈ ਸਾਲਾਂ ਬਾਅਦ ਲੰਡਨ ਵਿਚ ਜਾ ਕੇ ਪੂਰੀ ਕੀਤੀ ਸੀ। ਇਹ ਨੌਜਵਾਨ ਤਾਂ ਭਗਤ ਸਿੰਘ ਵਾਂਗ ਦਿੱਲੀ ਦੇ ਬੋਲੇ ਕੰਨਾਂ ਨੂੰ ਆਪਣੀ ਅਵਾਜ਼ ਸੁਣਾਉਣ ਆਏ ਨੇ। ਇਨ੍ਹਾਂ ਨੇ ਆਪਣੀਆਂ ਸੋਚਾਂ ਤੇ ਸੁਪਨਿਆਂ ਨੂੰ ਤਿੜਕਣ ਨਹੀਂ ਦੇਣਾ ਅਤੇ ਨਾ ਹੀ ਆਪਣੇ ਹਿੱਸੇ ਦੀ ਧਰਤੀ ਤੇ ਅਸਮਾਨ ਨੂੰ ਕਿਸੇ ਦੇ ਨਾਮ ਹੋਣ ਦੇਣਾ। ਇਹ ਤਾਂ ਉਸ ਕੌਮ ਦੇ ਵਾਰਸ ਆ, ਜਿਹੜੀ ਖੁਦ ਨੂੰ ਦਾਅ 'ਤੇ ਲਾ, ਅਣਖ, ਗੈਰਤ ਅਤੇ ਇੱਜਤ ਨੂੰ ਦਾਗ ਨਹੀਂ ਲੱਗਣ ਦਿੰਦੀ। ਇਹ ਤਾਂ ਪੰਜਾਬ ਦੀ ਉਸ ਵਿਰਾਸਤ ਦੇ ਮਾਲਕ ਨੇ, ਜਿਨ੍ਹਾਂ ਦੀ ਬਹਾਦਰੀ ਦੀਆਂ ਕਹਾਣੀਆਂ ਦੱਰਾ ਖੈਬਰ, ਤਿੱਬਤ ਤੇ ਲਾਲ ਕਿਲੇ ਤੀਕ ਫੈਲੀਆਂ ਹੋਈਆਂ ਨੇ। ਇਹ ਤਾਂ ਉਨ੍ਹਾਂ ਸਾਹਿਬਜ਼ਾਦਿਆਂ ਦੀ ਤਾਸੀਰ ਦੇ ਮਾਲਕ ਨੇ, ਜਿਨ੍ਹਾਂ ਨੇ ਚਮਕੌਰ ਸਾਹਿਬ ਅਤੇ ਸਰਹਿੰਦ ਵਿਚ ਸਮੇਂ ਦੀ ਹਕੂਮਤ ਨੂੰ ਪੈਰਾਂ ਹੇਠ ਲਿਆਤਿਆ। ਇਨ੍ਹਾਂ ਦੇ ਮੱਥਿਆਂ ਵਿਚ ਉਗੇ ਹੋਏ ਸੂਰਜਾਂ ਦੇ ਤੱਪ-ਤੇਜ਼ ਸਾਹਵੇਂ ਫਿੱਕੀ ਏ ਰਾਜਸੀ ਪਿਲੱਤਣਾਂ ਵਿਚ ਡੁੱਬੀ ਹੋਈ ਕਮੀਨਗੀ। ਜਿੱਤ ਦੇ ਅਲੰਮਬਰਦਾਰ ਇਹ ਨੌਜਵਾਨ ਸੂਹੀ ਸੋਚ ਦੀ ਮਹਿੰਦੀ ਲਾ ਕੇ ਹੀ ਨਵੇਂ ਆਗਾਜ਼ ਦਾ ਪ੍ਰਤੀਕ ਨੇ। ਇਹ ਬੈਠੇ ਨਹੀਂ, ਸਗੋਂ ਇਹ ਉਹ ਚੱਲਦੀ ਵਹੀਰ ਨੇ, ਜਿਨ੍ਹਾਂ ਨੇ ਸਮਿਆਂ ਦੀਆਂ ਮੁਹਾਰਾਂ ਨੂੰ ਮੋੜਨਾ ਏ।

ਇਹ ਜੋ ਬੀਬੀਆਂ ਗੋਦੀਆਂ ਵਿਚ ਬਾਲ ਕੇ ਬੈਠੀਆਂ ਨਜ਼ਰ ਆਉਂਦੀਆਂ ਨੇ, ਅਸਲ ਵਿਚ ਇਹ ਆਪਣੇ ਬਾਲਕਾਂ ਨੂੰ ਗੁੜਤੀ ਦਿਵਾਉਣ ਆਈਆਂ ਨੇ ਕਿ ਕਿਵੇਂ ਇਤਿਹਾਸ ਸਿਰਜਿਆ ਜਾਂਦਾ ਹੈ? ਕਿਵੇਂ ਸੜਕਾਂ ਤੇ ਉਗਦੇ ਨੇ ਸ਼ਹਿਰ? ਕਿਵੇਂ ਸੜਕਾਂ ਦੇ ਕਿਨਾਰਿਆਂ 'ਤੇ ਫੈਲਦੇ ਨੇ ਖੇਤ? ਕਿਵੇਂ ਸੁੰਨੀਆਂ ਜੂਹਾਂ ਵਿਚ ਵੀ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਜਾ ਸਕਦੀ? ਕਿਵੇਂ ਦੋ ਦਿਨ ਦੇ ਧਰਨੇ ਨੂੰ ਮਹੀਨਿਆਂ ਤੀਕ ਵਧਾਇਆ ਜਾ ਸਕਦਾ? ਕਿਵੇਂ ਹਮਦਰਦੀ, ਹਮਜੋਲਤਾ ਅਤੇ ਸਾਂਝੀ-ਵਾਲਤਾ ਵਿਚੋਂ ਇਕ ਦੂਜੇ ਲਈ ਸੁਖਨ ਤੇ ਸਹਿਜ ਉਪਜਾਇਆ ਜਾ ਸਕਦਾ? ਇਹ ਉਹ ਔਰਤਾਂ ਨੇ, ਜੋ ਸਿਰ 'ਤੇ ਮੰਢਾਸਾ ਬੰਨ, ਟਰੈਕਟਰ ਵੀ ਚਲਾਉਂਦੀਆਂ, ਨੱਕੇ ਵੀ ਮੋੜਦੀਆਂ ਅਤੇ ਨਰਮਾ ਚੁਗਦੀਆਂ ਜੀਵਨ ਦੇ ਗੀਤ ਵੀ ਗਾਉਂਦੀਆਂ ਨੇ। ਇਨ੍ਹਾਂ ਦੀ ਰਗ ਰਗ ਵਿਚ ਜ਼ਿੰਦਗੀ ਮੌਲਦੀ। ਉਹ ਤਾਂ ਦੁਸ਼ਵਾਰੀਆਂ ਵਿਚੋਂ ਦੁਆਵਾਂ ਅਤੇ ਔਕੜਾਂ ਵਿਚੋਂ ਅਰਦਾਸਾਂ ਨੂੰ ਜਨਮ ਦਿੰਦੀਆਂ, ਨਵੀਆਂ ਪੇਸ਼ਬੰਦੀਆਂ ਦੀ ਪਰਿਕਰਮਾ ਕਰਦੀਆਂ ਨੇ। ਇਨ੍ਹਾਂ ਵਿਚੋਂ ਕਦੇ ਕੋਈ ਰਾਣੀ ਝਾਂਸੀ ਬਣੀ ਸੀ। ਇਨ੍ਹਾਂ ਦੀਆਂ ਸੁਲੱਖਣੀਆਂ ਕੁੱਖਾਂ ਨੇ ਹੀ ਭਵਿੱਖ ਦੇ ਸੂਰਬੀਰਾਂ ਤੇ ਯੋਧਿਆਂ ਲਈ ਜਨਮਦਾਤੀ ਬਣਨਾ ਏ, ਜਿਨ੍ਹਾਂ ਨੇ ਕਦੇ ਅਟਕ ਨੂੰ ਵੀ ਅਟਕਾਉਣਾ ਅਤੇ ਕਦੇ ਸਰਸਾ ਨਦੀ ਦੇ ਪਾਣੀ ਨੂੰ ਠਹਿਰ ਜਾਣ ਲਈ ਕਹਿਣਾ ਏ। ਇਨ੍ਹਾਂ ਜਾਗੀਆਂ ਔਰਤਾਂ ਨੇ ਹੁਣ ਨਹੀਂ ਸੌਣਾ। ਨਾ ਹੀ ਉਨ੍ਹਾਂ ਦੀ ਚੇਤਨਾ ਵਿਚੋਂ ਅਮੀਰ ਪਰੰਪਰਾਵਾਂ ਨੇ ਮਨਫੀ ਹੋਣਾ। ਇਤਿਹਾਸ ਦੇ ਵਰਕੇ ਫਰੋਲਦਿਆਂ, ਆਉਣ ਵਾਲੀਆਂ ਨਸਲਾਂ ਇਨ੍ਹਾਂ ਮਾਂਵਾਂ 'ਤੇ ਫਖਰ ਜਰੂਰ ਕਰਿਆ ਕਰਨਗੀਆਂ।

ਇਹ ਜੋ ਸਾਬਕਾ ਫੌਜੀ ਸੀਨਿਆਂ 'ਤੇ ਤਮਗੇ ਸਜਾ ਕੇ ਬੈਠੇ ਨੇ, ਕਦੇ ਇਨ੍ਹਾਂ ਦੇ ਦੀਦਿਆਂ ਵਿਚ ਝਾਕਣ ਦੀ ਹਿੰਮਤ ਕਰਨਾ! ਉਹ ਜਵਾਨੀ ਦੇਸ਼ ਲਈ ਅਰਪਿਤ ਕਰਨ ਤੋਂ ਬਾਅਦ ਹੁਣ ਆਪਣੀ ਹੀ ਜਮੀਂ ਦੀ ਰਾਖੀ ਲਈ ਆਏ ਨੇ। ਉਨ੍ਹਾਂ ਦੇ ਚੇਤਿਆਂ ਵਿਚ ਸੱਜਰਾ ਹੈ ਜਰਨਲ ਅਰੋੜਾ ਦੇ ਸਾਹਵੇਂ ਸਵਾ ਲੱਖ ਪਾਕਿਸਤਾਨੀ ਫੌਜੀਆਂ ਵਲੋਂ ਆਤਮ ਸਮਰਪਣ। ਇਹ ਤਾਂ ਅਜ਼ਾਦ ਹਿੰਦ ਫੌਜੀਆਂ ਦੀ ਕੁੱਲ ਵਿਚੋਂ ਨੇ, ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਹਿੱਤ, ਕਾਲੇ ਪਾਣੀਆਂ ਵਿਚ ਸੁਡੌਲ ਜਿੰਦਾਂ ਨੂੰ ਗਾਲਿਆ। ਇਨ੍ਹਾਂ ਨੂੰ ਸਿੱਖ ਜਰਨੈਲਾਂ ਦੀਆਂ ਉਹ ਕਹਾਣੀਆਂ ਹੁਣ ਵੀ ਯਾਦ ਨੇ ਕਿ ਕਿਵੇਂ 'ਕੱਲੇ 'ਕੱਲੇ ਜੰਗਜੂਆਂ ਨੇ ਸੈਂਕੜੇ ਦੁਸ਼ਮਣਾਂ ਨੂੰ ਚਿੱਤ ਕੀਤਾ? ਫੌਜੀਆਂ ਦਾ ਮਾਣਮੱਤਾ ਇਤਿਹਾਸ ਆਪਣੀ ਵਰਦੀ 'ਤੇ ਉਕਰਾ ਅਤੇ ਖੁਦ ਨੂੰ ਦਾਅ 'ਤੇ ਲਾਉਣ ਵਾਲਿਆਂ ਵਿਚੋਂ ਦਲੇਰੀ, ਅਣਖ, ਜਜ਼ਬਾਤ ਅਤੇ ਸਿਦਕਦਿਲੀ ਨੂੰ ਕਿਵੇਂ ਕਮਜ਼ੋਰ ਕੀਤਾ ਜਾ ਸਕਦਾ? ਬਰਫੀਲੀ ਵਾਦੀਆਂ ਵਿਚ ਸਰਹੱਦਾਂ 'ਤੇ ਪਹਿਰੇ ਦੇਣ ਵਾਲਿਆਂ ਲਈ ਇਨ੍ਹਾਂ ਕਠਿਨਾਈਆਂ ਦੇ ਕੋਈ ਅਰਥ ਨਹੀਂ। ਇਹ ਤਾਂ ਮੁਸ਼ਕਿਲਾਂ ਵਿਚੋਂ ਹੀ ਜੀਵਨ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਦੇਣ ਦੇ ਆਦੀ ਨੇ।




***ਇਨ੍ਹਾਂ ਬਜੁਰਗਾਂ ਦੇ ਵਡੇਰੇ ਹੀ ਸਨ, ਜਿਨ੍ਹਾਂ ਨੇ 'ਪੱਗੜੀ ਸੰਭਾਲ ਜੱਟਾ' ਵਰਗੇ ਅੰਦੋਲਨ ਨਾਲ ਅੰਗਰੇਜੀ ਹਕੂਮਤ ਨੂੰ ਵੀ ਝੁਕਾ ਦਿੱਤਾ ਸੀ। ਇਨ੍ਹਾਂ ਦੀਆਂ ਰਗਾਂ ਵਿਚ ਆਪਣੇ ਗੁਰੂਆਂ ਦੀ ਕਰਤਾਰੀ ਸ਼ਕਤੀ ਦਾ ਪ੍ਰਵਾਹ ਚੱਲਦਾ ਹੈ।***

ਇਹ ਜੋ ਨਿੱਕੇ ਨਿੱਕੇ ਜੁਆਕ ਆਪਣੇ ਮਾਪਿਆਂ ਨਾਲ ਬੈਠੈ ਦਿੱਸਦੇ ਨੇ, ਦਰਅਸਲ ਇਹ ਜਗਦੀਆਂ ਮਸ਼ਾਲਾਂ ਦੇ ਸੂਚਕ ਨੇ। ਇਨ੍ਹਾਂ ਦੇ ਅਵਚੇਤਨ ਵਿਚ ਇਸ ਇਕੱਠ ਨੇ ਕੁਝ ਅਜਿਹਾ ਧਰ ਦਿੱਤਾ ਏ, ਜਿਸ ਨੇ ਇਨ੍ਹਾਂ ਦੇ ਵਿਅਕਤੀਤਵ, ਵਰਤੋਂ-ਵਿਹਾਰ, ਚੱਜ-ਅਚਾਰ ਅਤੇ ਸਦਾਚਾਰ ਨੂੰ ਅਜਿਹਾ ਲਹਿਜ਼ਾ ਪ੍ਰਦਾਨ ਕਰਨਾ ਏ, ਜਿਸ ਨੇ ਨਵੇਂ ਸਮਾਜ ਦਾ ਸ਼ੀਸ਼ਾ ਬਣ ਜਾਣਾ। ਇਹ ਹੀ ਆਪਣੀ ਪੁਰਾਤਨ ਵਿਰਾਸਤ ਨੂੰ ਜਾਗਦੀ ਜ਼ਮੀਰ ਬਣਾ ਕੇ, ਆਉਣ ਵਾਲੀ ਸਦੀ ਦੇ ਨਾਮ ਕਰਨਗੇ। ਕੌਣ ਕੱਢ ਸਕਦਾ ਏ-ਇਨ੍ਹਾਂ ਦੇ ਮਨਾਂ ਵਿਚੋਂ ਮਾਪਿਆਂ ਵਲੋਂ ਇਸ ਸਮੇਂ ਦੌਰਾਨ ਹੰਢਾਈਆਂ ਤੰਗੀਆਂ ਤੇ ਤੁਰਸ਼ੀਆਂ? ਮਾਂ-ਪਿਉ ਦੇ ਮੁਖੜੇ 'ਤੇ ਆਏ ਜਲਾਲ ਨੂੰ, ਚੜ੍ਹਦੀ ਕਲਾ ਵਿਚ ਰਹਿਣ ਨੂੰ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਨੂੰ! ਇਨ੍ਹਾਂ ਬੱਚਿਆਂ ਨੂੰ ਸਦਾ ਯਾਦ ਰਹੇਗਾ ਕਿ ਕਿਵੇਂ ਬਜੁਰਗਾਂ ਨੇ ਪੁਲਿਸ ਕੋਲੋਂ ਲਾਠੀਆਂ ਖਾ ਕੇ ਵੀ ਉਨ੍ਹਾਂ ਨੂੰ ਭੁੱਖੇ ਸਮਝ ਕੇ ਲੰਗਰ ਛਕਾਇਆ? ਕਿਵੇਂ ਕਿਸੇ ਦੀ ਪੀੜਾ ਵਿਚ ਉਨ੍ਹਾਂ ਦੀਆਂ ਅੱਖਾਂ ਨਮ ਹੋਈਆਂ? ਕਿਵੇਂ ਚਾਰ ਜਣਿਆਂ ਨੇ ਇਕ ਰੋਟੀ ਨੂੰ ਚਾਰ ਹਿੱਸਿਆਂ ਵਿਚ ਵੰਡ ਕੇ ਰੱਜਤਾ ਦਾ ਡੱਕਾਰ ਮਾਰਿਆ? ਕਿਵੇਂ ਅੰਬਰ ਹੇਠ ਪੋਹ ਦੀਆਂ ਯੱਖ ਰਾਤਾਂ ਵਿਚ, ਹਮਉਮਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਕਥਾ ਸੁਣਦਿਆਂ, ਕਹਿਰ ਦੀ ਠੰਢ ਦਾ ਅਹਿਸਾਸ ਰੱਜ ਕੇ ਮਾਣਿਆ? ਇਹ ਬੱਚੇ ਹੀ ਇਸ ਇਤਿਹਾਸ ਦੇ ਚਸ਼ਮਦੀਦ ਗਵਾਹ ਹੋਣਗੇ ਅਤੇ ਖੋਜਕਾਰ ਇਨ੍ਹਾਂ ਬੱਚਿਆਂ ਵਿਚੋਂ ਇਸ ਅੰਦੋਲਨ ਦੀਆਂ ਕਈ ਪਰਤਾਂ ਦੀ ਨਿਸ਼ਾਨਦੇਹੀ ਕਰਨਗੀਆਂ।

ਇਹ ਜੋ ਬੈਠੇ ਲੱਗਦੇ ਆ, ਦਰਅਸਲ ਇਹ ਤਾਂ ਤੁਰ ਰਹੇ ਨੇ ਸੂਰਜੀ-ਸੋਚ ਦੇ ਮਾਰਗੀਂ। ਸਾਂਝੀਵਾਲਤਾ ਦੀ ਪੌੜੀ ਚੜ੍ਹਦੇ। ਇਨ੍ਹਾਂ ਨੂੰ ਪਤਾ ਹੈ ਕਿ ਸਫਰ ਸਦਾ ਜਾਰੀ ਰਹਿੰਦਾ। ਨਿਰੰਤਰਤਾ ਦੇ ਚਸ਼ਮਦੀਦ ਗਵਾਹ ਨੇ, ਬੈਠੇ ਹੋਏ ਨਜ਼ਰ ਆਉਂਦੇ ਇਹ ਅਦਭੁੱਤ ਲੋਕ।

ਇਹ ਜੋ ਬੈਠੇ ਹੋਏ ਨੇ, ਇਹ ਤਾਂ ਉਨ੍ਹਾਂ ਮਿੱਥਾਂ ਨੂੰ ਤੋੜਨ ਵੀ ਆਏ ਨੇ, ਜੋ ਸਮੇਂ ਦੇ ਹਾਕਮਾਂ ਨੇ ਲੋਕ-ਮਨਾਂ ਵਿਚ ਸਿਰਜ ਦਿੱਤੀਆਂ ਸਨ। ਉਸ ਪਾੜ ਨੂੰ ਮਿਟਾਉਣ ਆਏ ਨੇ, ਜੋ ਹਕੂਮਤ ਨੇ ਪਾਏ। ਇਨ੍ਹਾਂ ਨੇ ਕੁਰਸੀ ਦੇ ਪਾਵੇ ਬਣੇ ਲੋਕਾਂ ਨੂੰ ਨੰਗਿਆ ਕੀਤਾ ਏ, ਜੋ ਆਪਣੀ ਜਮੀਰ ਗਹਿਣੇ ਧਰ, ਖੁਦ ਦੀ ਬੋਲੀ ਲਾਉਂਦੇ ਆ। ਇਨ੍ਹਾਂ ਨੇ ਦਿਖਾ ਦਿੱਤਾ ਕਿ ਕਹਿਣੀ ਤੇ ਕਥਨੀ ਵਿਚ ਕਿੰਨਾ ਅੰਤਰ ਹੁੰਦਾ? ਕਿਵੇਂ ਮਿਰਗ-ਤ੍ਰਿਸ਼ਨਾ ਰਾਹੀਂ ਸਿਰਜੇ ਬਿੰਬ ਤਿੜਕਦੇ ਨੇ? ਕਿਵੇਂ ਸਪੱਸ਼ਟ ਹੋ ਜਾਂਦੀਆਂ ਨੇ ਕਿਸੇ ਵਿਸ਼ੇਸ਼ ਵਰਗ ਲਈ ਪੈਦਾ ਕੀਤੀਆਂ ਗਲਤਫਹਿਮੀਆਂ? ਇਨ੍ਹਾਂ ਨੇ ਸਮੇਂ ਨੂੰ ਇਹ ਵੀ ਦਰਸਾ ਦਿੱਤਾ ਕਿ ਸਭ ਤੋਂ ਅਹਿਮ ਹੁੰਦੇ ਨੇ ਲੋਕ ਅਤੇ ਇਨ੍ਹਾਂ ਦੀ ਅਗਵਾਈ ਵਿਚ ਨਿੱਜੀ ਰੋਸੇ, ਗਿੱਲੇ ਜਾਂ ਸ਼ਿਕਵੇ ਕੋਈ ਥਾਂ ਨਹੀਂ ਰੱਖਦੇ। ਇਨ੍ਹਾਂ ਤਾਂ ਇਹ ਵੀ ਦਰਸਾ ਦਿੱਤਾ ਕਿ ਸੰਘਰਸ਼ ਨੂੰ ਕੌਮਾਂ, ਮਜ਼ਹਬਾਂ ਜਾਂ ਖਿੱਤਿਆਂ ਵਿਚ ਵੰਡਿਆ ਨਹੀਂ ਜਾ ਸਕਦਾ। ਹੱਕਾਂ ਲਈ ਵਿਢਿਆ ਸੰਘਰਸ਼ ਸਿਰਫ ਲੋਕਾਂ ਦਾ ਅਤੇ ਲੋਕਾਂ ਲਈ ਹੀ ਹੁੰਦਾ।

ਇਹ ਜੋ ਨੀਲੇ ਬਾਣਿਆਂ ਤੇ ਦੁਮਾਲਿਆਂ ਵਿਚ ਸੱਜੇ ਬੈਠੇ ਨੇ, ਇਨ੍ਹਾਂ ਦੇ ਚਿਹਰਿਆਂ 'ਤੇ ਸ਼ਾਂਤ ਰੋਹ ਦਾ ਜਲਾਲ ਹੈ। ਇਨ੍ਹਾਂ ਦੀ ਪਿੱਠ 'ਤੇ ਹੈ ਚਮਕੌਰ ਦੀ ਗੜ੍ਹੀ, ਮੁਕਤਸਰ ਦੀ ਜੰਗ, ਛੋਟਾ ਤੇ ਵੱਡਾ ਘਲੂਘਾਰਾ, ਚੱਪੜਚਿੱੜੀ ਦੇ ਮੈਦਾਨ ਵਿਚ ਦਿਖਾਈ ਬਹਾਦਰੀ ਅਤੇ ਜ਼ਾਂਬਾਜ਼ੀ। ਇਨ੍ਹਾਂ ਦੇ ਘੋੜਿਆਂ ਦੀਆਂ ਟਾਪਾਂ ਸੁਣ ਕੇ ਹੁਣ ਵੀ ਗਜ਼ਨਵੀ ਅਤੇ ਅਬਦਾਲੀ ਦੀਆਂ ਪੀੜ੍ਹੀਆਂ ਤ੍ਰਭਕਦੀਆਂ ਨੇ। ਇਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਹੀ ਇਨ੍ਹਾਂ ਦਾ ਰੈਣ-ਬਸੇਰਾ ਅਤੇ ਛੋਲਿਆਂ ਦੀ ਮੁੱਠ ਚੱਬ ਕੇ ਜਿੰਦਾ ਰਹਿਣ ਦੀ ਜ਼ਿੰਦਾਦਿਲੀ, ਇਨ੍ਹਾਂ ਦੀ ਤਵਾਰੀਖ। ਇਨ੍ਹਾਂ ਦੀਆਂ ਉਚੀਆਂ ਨਜ਼ਰਾਂ ਵਿਚ ਅਬਦਾਲੀ ਵਲੋਂ ਅਗਵਾ ਕੀਤੀਆਂ ਧੀਆਂ-ਭੈਣਾਂ ਨੂੰ ਛੁਡਾ ਕੇ, ਆਦਰ-ਸਹਿਤ ਉਨ੍ਹਾਂ ਦੇ ਘਰੀਂ ਪਹੁੰਚਣ ਦਾ ਸ਼ਰਫ ਵੀ ਸ਼ਾਮਲ ਹੈ।

ਕਦੇ ਵੀ ਇਨ੍ਹਾਂ ਬੈਠੇ ਹੋਇਆਂ ਨੂੰ ਬੈਠੇ ਹੋਏ ਨਹੀਂ ਸਮਝਣਾ। ਇਹ ਤਾਂ ਸੁਚੇਤ ਹੋਏ ਉਹ ਲੋਕ ਨੇ ਜਿਨ੍ਹਾਂ ਨੇ ਬੋਲੇ ਕੰਨਾਂ ਨੂੰ ਲੋਕ-ਅਵਾਜ਼ ਸੁਣਨ ਲਈ ਮਜਬੂਰ ਕੀਤਾ। ਜਿਨ੍ਹਾਂ ਦੀ ਪੈੜਚਾਲ ਸੁਣ ਕੇ ਹਾਕਮ ਤ੍ਰਭਕ ਕੇ ਉਠਿਆ; ਜਿਨ੍ਹਾਂ ਦੀ ਗੁਫਤਗੂ ਸੁਣ ਕੇ ਹਾਕਮ ਨੂੰ ਪੈਰਾਂ ਹੇਠੋਂ ਜਮੀਂ ਖਿਸਕਦੀ ਨਜ਼ਰ ਆਈ; ਜਿਨ੍ਹਾਂ ਨੇ ਦੱਸ ਦਿੱਤਾ ਕਿ ਜਦ ਕੋਈ ਜਾਗਦਾ ਏ ਤਾਂ ਫਿਰ ਕੋਈ ਉਸ ਦੇ ਹੱਕਾਂ ਨੂੰ ਹਥਿਆ ਨਹੀਂ ਸਕਦਾ।

ਜਾਗਦੀ ਜਮੀਰ, ਜੋਸ਼, ਜਜ਼ਬਾਤ ਅਤੇ ਰੋਹੀਲੇ ਹੌਕਰਿਆਂ ਨਾਲ ਭਰੇ ਹੋਏ ਇਨ੍ਹਾਂ ਲੋਕਾਂ ਨੂੰ ਸਲਾਮ। ਇਤਿਹਾਸ ਸਦਾ ਇਨ੍ਹਾਂ ਦਾ ਸ਼ੁਕਰਗੁਜ਼ਾਰ ਰਹੇਗਾ, ਕਿਉਂਕਿ ਅਜਿਹੇ ਲੋਕਾਂ ਕਰਕੇ ਹੀ ਇਤਿਹਾਸ ਸਿਰਜੇ ਜਾਂਦੇ ਨੇ।

ਇਹ ਜੋ ਬੈਠੇ ਨੇ ਇਨ੍ਹਾਂ ਨੇ ਦਿਲ ਤੋਂ ਦਿੱਲੀ ਤੀਕ ਦਾ ਸਫਰ ਕਰ ਲਿਆ ਏ। ਇਸ ਸਫਰ ਨੇ ਹੀ ਜ਼ਿੰਦਗੀ ਦੀ ਤਵਾਰੀਖ ਨੂੰ ਨਵੇਂ ਅਰਥ ਦੇਣੇ ਨੇ।



***ਇਹ ਬਾਬੇ ਆਪਣੇ ਪੋਤਰਿਆਂ ਦੀ ਜ਼ਮੀਨ ਨੂੰ ਬਚਾਉਣ ਅਤੇ ਵਿਰਾਸਤ ਨੂੰ ਅੱਗੇ ਤੋਰਨ ਲਈ ਮੋਹਰੀ ਲਾਣੇਦਾਰ ਬਣੇ ਹੋਏ ਨੇ। ਇਹ ਬਾਬੇ ਆਪਣੀ ਮਾਂ ਵਰਗੀ ਜ਼ਮੀਨ ਨੂੰ ਬਚਾਉਣ ਆਏ ਨੇ, ਜਿਨ੍ਹਾਂ ਦੀ ਮਹਿਕ ਉਨ੍ਹਾਂ ਦੇ ਜੁੱਸੇ ਤੇ ਮੁੜਕੇ ਵਿਚ ਹੈ।***

***ਇਹ ਜੋ ਚਾਂਦੀ ਰੰਗੇ ਵਾਲਾਂ ਵਾਲੀਆਂ ਬੈਠੀਆਂ ਨੇ, ਇਹ ਤਾਂ ਮਾਂਵਾਂ ਨੇ ਛਾਂਵਾਂ ਵੰਡਣ ਵਾਲੀਆਂ। ਦੁਆਵਾਂ ਨਾਲ ਆਪਣੀਆਂ ਨਸਲਾਂ ਨੂੰ ਅੱਗੇ ਵਧਾਉਣ ਵਾਲੀਆਂ। ਇਹ ਤਾਂ ਆਪਣੇ ਪੁੱਤਰਾਂ, ਪੋਤਿਆਂ ਅਤੇ ਆਰ-ਪਰਿਵਾਰ ਦੀਆਂ ਰੀਤਾਂ, ਰਿਵਾਜਾਂ ਅਤੇ ਰਵਾਇਤਾਂ ਨੂੰ ਅੱਗੇ ਤੋਰਨ ਲਈ ਹੀ ਮੋਹਰੀ ਬਣ ਕੇ ਆਈਆਂ ਨੇ। ਇਹ ਤਾਂ ਮਾਈ ਭਾਗੋ ਦੀਆਂ ਵਾਰਸ ਨੇ।***



# ਭਵਿਖੀ ਕੁਲ-ਆਲਮੀ ਲੋਕ-ਲਹਿਰਾਂ ਲਈ ਸਬਕ ਹੈ ਕਿਸਾਨ ਅੰਦੋਲਨ

**ਰਵਿੰਦਰ ਚੋਟ, ਫਗਵਾੜਾ**
ਫੋਨ: 91-98726-73703

ਭਾਰਤ ਦੇ ਲੋਕਾਂ ਲਈ ਖੇਤੀ ਉਤਪਾਦਨ ਬਹੁਤ ਮਹੱਤਵ ਰੱਖਦਾ ਹੈ। ਪੰਜਾਬ ਸਣੇ ਦੇਸ਼ ਦੇ ਸਾਰੇ ਕਿਸਾਨਾਂ ਨੂੰ ਖੇਤੀ, ਜ਼ਮੀਨ, ਉਪਜ ਦੀ ਵੇਚ-ਖਰੀਦ ਅਤੇ ਭੰਡਾਰਨ ਸਬੰਧੀ ਕੇਂਦਰ ਸਰਕਾਰ ਵਲੋਂ ਤਿੰਨ ਖੇਤੀ ਕਾਨੂੰਨਾਂ ਦੇ ਚੱਕਰਵਿਊ ਵਿਚ ਫਸਾਇਆ ਗਿਆ ਹੈ। ਪੰਜਾਬ, ਜਿਸ ਨੂੰ ਇਸ ਚੱਕਰਵਿਊ ਦੇ ਸੜਨ ਤੇ ਵੱਧ ਸੇਕ ਲੱਗਣ ਦਾ ਖਦਸ਼ਾ ਹੀ ਨਹੀਂ ਸਗੋਂ ਯਕੀਨ ਹੈ, ਨੇ ਇਸ ਦੇ ਵਿਰੋਧ ਵਿਚ ਸਭ ਤੋਂ ਪਹਿਲਾਂ ਝੰਡਾ ਚੁਕਿਆ ਹੈ। ਸੱਠਵਿਆਂ ਦੌਰਾਨ ਜਦੋਂ ਲਾਲ ਬਹਾਦਰ ਸ਼ਾਸ਼ਤਰੀ ਅਤੇ ਇੰਦਰਾ ਗਾਂਧੀ ਦੇਸ਼ ਦੇ ਪ੍ਰਧਾਨ ਮੰਤਰੀ ਸਨ, ਉਦੋਂ ਦੇਸ਼ ਵਾਸੀਆਂ ਦੀ ਭੁੱਖ ਨੇ ਇਹ ਹਾਲ ਕਰ ਛੱਡਿਆ ਸੀ ਕਿ ਅਸੀਂ ਠੂਠਾ ਫੜ ਕੇ ਵੱਡੇ ਸਰਮਾਏਦਾਰ ਦੇਸ਼ਾਂ ਦੇ ਦਰ 'ਤੇ ਅਲਖ ਜਗਾਉਣ ਲਈ ਮਜ਼ਬੂਰ ਸਾਂ। ਭੁੱਖ ਦੀ ਵੰਗਾਰ ਨੂੰ ਸਵੀਕਾਰ ਕਰਦਿਆਂ ਖੇਤੀ ਵਿਗਿਆਨੀਆਂ ਨੇ ਉੱਨਤ ਦੇਸ਼ਾਂ ਦੀ ਤਰਜ਼ 'ਤੇ ਨਵੇਂ ਢੰਗਾਂ ਦੀ ਖੇਤੀ ਕਰ ਕੇ ਭੁੱਖ ਪੂਰੀ ਕਰਨ ਲਈ ਬਰਾਬਰ ਦੀ ਪੈਦਾਵਾਰ ਦੀ ਸਕੀਮ ਬਣਾਈ। ਅਖੌਤੀ ਉੱਨਤ ਕਹੇ ਜਾਂਦੇ ਦੇਸ਼ਾਂ ਦੇ ਢੰਗ-ਤਰੀਕਿਆਂ ਦੀ ਘੋਖ ਕੀਤੀ ਗਈ। ਫਿਰ ਸਾਰੇ ਦੇਸ਼ ਦੀ ਜ਼ਮੀਨ ਦਾ ਸਰਵੇਖਣ ਕੀਤਾ ਗਿਆ, ਇਹ ਦੇਖਣ ਲਈ ਕਿ ਦੇਸ਼ ਦੇ ਕਿਹੜੇ ਹਿੱਸੇ ਦੀ ਜ਼ਮੀਨ ਨਵੇਂ ਢੰਗਾਂ ਲਈ ਯੋਗ ਹੈ।

ਪੰਜਾਬ (ਪੰਜਾਬ ਅਤੇ ਹਰਿਆਣਾ ਇਕੱਠੇ ਹੀ ਸਨ) ਦੀ ਜ਼ਮੀਨ ਸਭ ਤੋਂ ਯੋਗ ਸਮਝੀ ਗਈ। ਨਵੇਂ ਵਿਦੇਸ਼ੀ ਬੀਜ, ਨਵੀਂ ਮਸ਼ੀਨਰੀ, ਰਸਾਇਣਕ ਖਾਦਾਂ, ਕੀਟਨਾਸ਼ਕਾਂ ਅਤੇ ਉਲੀਨਾਸ਼ਕਾਂ ਦੀ ਮਹਿੰਗਾਈ ਦਾ ਭਾਰ ਪੰਜਾਬ ਦੇ ਕਿਸਾਨ 'ਤੇ ਆ ਪਿਆ। ਹਰੀ ਕ੍ਰਾਂਤੀ ਤੋਂ ਪਹਿਲਾਂ ਪੰਜਾਬ ਦੀ ਧਰਤੀ ਜਰਖੇਜ਼ ਹੋਣ ਕਰਕੇ ਘਰ ਦੇ ਪਸ਼ੂਆਂ ਦੇ ਗੋਹੇ ਦੀ ਸਾਦੀ ਰੂੜੀ ਦੇ ਢੇਰ ਨਾਲ ਅਤੇ ਸਾਦੇ ਸੰਦਾਂ-ਢੰਗਾਂ ਨਾਲ ਹੀ ਪੰਜਾਬ ਆਪਣਾ ਢਿੱਡ ਭਰ ਰਿਹਾ ਸੀ। ਖੇਤੀ ਦੀ ਪੈਦਾਵਾਰ ਭਾਵੇਂ ਘੱਟ ਸੀ, ਪਰ ਖਰਚੇ ਵੀ ਬਹੁਤ ਘੱਟ ਸਨ। ਸਾਰੇ ਦੇਸ਼ ਦੀ ਭੁੱਖ ਮਿਟਾਉਣ ਲਈ ਘੁੱਗ ਵਸਦੇ ਪੰਜਾਬ ਨੂੰ ਹਰੀ ਕ੍ਰਾਂਤੀ ਲਈ ਬਲੀ ਦਾ ਬੱਕਰਾ ਬਣਾਇਆ ਗਿਆ। ਖੇਤੀ ਵਿਗਿਆਨੀਆਂ ਨੂੰ ਭਾਵੇਂ ਹਰੀ ਕ੍ਰਾਂਤੀ ਦੇ ਦੂਰਗਾਮੀ ਸਿੱਟਿਆਂ ਅਤੇ ਪ੍ਰਭਾਵਾਂ ਦਾ ਪਤਾ ਸੀ, ਪਰ ਉਨ੍ਹਾਂ ਨੇ ਵੀ ਦੇਸ਼ ਦੀ ਭੁੱਖ ਅੱਗੇ ਗੋਡੇ ਟੇਕ ਕੇ ਚੁੱਪ ਵੱਟ ਰੱਖੀ। ਪੰਜਾਬ ਨੇ ਸਾਰੇ ਦੇਸ਼ ਨੂੰ ਤਾਂ ਭੁੱਖ ਦੇ ਖੂਹ ਵਿਚੋਂ ਬਾਹਰ ਕੱਢ ਲਿਆਂਦਾ, ਪਰ ਆਪ ਹਰ ਤਰ੍ਹਾਂ ਅਪਾਹਜ ਹੋ ਕੇ ਬੀਮਾਰੀਆਂ ਸਹੇੜ ਲਈਆਂ। ਇਥੋਂ ਦੀ ਜ਼ਮੀਨ, ਪਾਣੀ ਅਤੇ ਹਵਾ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਗਏ। ਇਸ ਹਰੀ ਕ੍ਰਾਂਤੀ ਦਾ ਖਮਿਆਜ਼ਾ ਪਤਾ ਨਹੀਂ ਪੰਜਾਬ ਦੀਆਂ ਆਉਣ ਵਾਲੀਆਂ ਕਿੰਨੀਆਂ ਪੀੜ੍ਹੀਆਂ ਭੁਗਤਣਗੀਆਂ! ਪੰਜਾਬ ਦੀ ਕੁਰਬਾਨੀ ਦਾ ਮੋੜ ਕੇਂਦਰ ਸਰਕਾਰ ਨੇ ਇਹ ਕਾਲੇ ਕਾਨੂੰਨ ਲਿਆ ਕੇ ਮੋੜਿਆ ਹੈ। ਅੱਜ ਦਾ ਕਿਸਾਨੀ ਅੰਦੋਲਨ ਵੀ ਇਸੇ ਦਾ ਸਿੱਟਾ ਹੈ।




ਇਹ ਅੰਦੋਲਨ ਆਮ ਵਿਰੋਧ ਤੋਂ ਆਪਣੇ ਹੱਕਾਂ ਲਈ ਸੰਸਾਰ ਪੱਧਰ ਦਾ ਸੰਘਰਸ਼ ਬਣ ਗਿਆ ਹੈ। ਇਹ ਸੰਘਰਸ਼ ਆਮ ਜਨਤਾ ਦਾ ਜਨਤਾ ਵਲੋਂ ਥਾਪੇ ਬਾਦਸ਼ਾਹਾਂ ਵਲੋਂ ਕੀਤੇ ਜਾ ਰਹੇ ਧੱਕੇ ਦੇ ਵਿਰੋਧ ਵਿਚ ਹੈ। ਪੰਜਾਬ ਵਿਚ ਪਿਛਲੇ ਪੰਜ ਹਜ਼ਾਰ ਸਾਲਾਂ ਤੋਂ ਚਲੇ ਆ ਰਹੇ ਖੇਤੀ ਦੇ ਕੁਦਰਤੀ ਮਾਡਲ ਨੂੰ ਤਹਿਸ-ਨਹਿਸ ਕਰਕੇ ਲਿਆਂਦੇ ਗਏ ਸਰਮਾਏਦਾਰੀ ਦੇ ਖੇਤੀ ਮਾਡਲ ਨੇ ਕਿਸਾਨ ਦੀਆਂ ਆਰਥਕ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ ਹਨ। ਕਿਸਾਨ ਦਾ ਭਵਿਖ ਤਾਂ ਪਹਿਲਾਂ ਹੀ ਧੁੰਦਲਾਂ ਹੋ ਗਿਆ ਸੀ-ਇਨ੍ਹਾਂ ਨਵੇਂ ਕਾਨੂੰਨਾਂ ਨੇ ਹੋਰ ਵੀ ਬਲਦੀ 'ਤੇ ਤੇਲ ਪਾ ਦਿੱਤਾ ਹੈ। ਇਹ ਪਹਿਲੀ ਵਾਰੀ ਹੋਇਆ ਹੈ ਕਿ ਕਿਸਾਨਾਂ ਨੇ ਆਰਥਕ ਮੁੱਦਿਆਂ 'ਤੇ ਦੇਸ਼ ਦੇ ਸਾਰੇ ਵਰਗਾਂ ਨੂੰ ਇਕੱਠਿਆਂ ਅਵਾਜ਼ ਬੁਲੰਦ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਕਾਨੂੰਨ ਸਿਰਫ ਕਿਸਾਨੀ ਦੇ ਹੀ ਵਿਰੁੱਧ ਨਹੀਂ ਹਨ, ਸਗੋਂ ਸਮੁੱਚੀ ਭਾਰਤੀ ਜਨਤਾ ਦੇ ਹਿੱਤਾਂ ਉਤੇ ਅਸਿੱਧੇ ਤੌਰ 'ਤੇ ਡਾਕਾ ਹੈ। ਮੁੱਦਤਾਂ ਬਾਅਦ ਭਾਰਤ ਦੇ ਬਹੁਤ ਸਾਰੇ ਰਾਜਾਂ ਦੇ ਲੋਕ ਪੰਜਾਬ ਦੇ ਸੰਘਰਸ਼ੀ ਝੰਡੇ ਹੇਠ ਇਕੱਠੇ ਹੋ ਕੇ ਇਨ੍ਹਾਂ ਲੋਕ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਤੁਰੇ ਹੋਏ ਹਨ। ਇਸ ਦੇ ਨਤੀਜੇ ਹੁਣ ਭਾਵੇਂ ਕੁਝ ਵੀ ਨਿਕਲਣ, ਪਰ ਇਸ ਅੰਦੋਲਨ ਦਾ ਸਾਡੇ ਦੇਸ਼ ਦੀ ਸਿਆਸਤ 'ਤੇ ਅਸਰ ਤਾਂ ਹੋਣਾ ਹੀ ਹੈ, ਇਸ ਦੇ ਨਾਲ ਨਾਲ ਸੰਸਾਰ ਭਰ ਵਿਚ ਸਰਮਾਏਦਾਰੀ ਅਤੇ ਕਾਰਪੋਰੇਟ ਸੈਕਟਰ ਦੀ ਲੁੱਟ ਵਿਰੁੱਧ ਇਕ ਲਹਿਰ ਜਨਮ ਲਵੇਗੀ। ਜਿਸ ਤਰ੍ਹਾਂ ਇਸ ਲਹਿਰ ਨੇ ਪੰਜਾਬ ਤੋਂ ਸ਼ੁਰੂ ਹੋ ਕੇ ਭਾਰਤ ਦੇ ਬਹੁਤੇ ਰਾਜ, ਜਿਥੇ ਮੰਡੀਕਰਨ ਅਤੇ ਐਮ. ਐਸ. ਪੀ. ਨਹੀਂ ਸੀ, ਲੁੱਟ ਵਿਰੁੱਧ ਉਨ੍ਹਾਂ ਦੀ ਜ਼ਮੀਰ ਨੂੰ ਜਾਗਰੂਕ ਕੀਤਾ, ਉਸੇ ਤਰ੍ਹਾਂ ਸੰਸਾਰ ਪੱਧਰ 'ਤੇ ਵੀ ਇਸ ਦਾ ਸਾਰਥਕ ਪ੍ਰਭਾਵ ਉਘੜੇਗਾ।

ਇਸ ਸੰਘਰਸ਼ ਦੀ ਸਭ ਤੋਂ ਵੱਡੀ ਵਿਲਖੱਣਤਾ ਇਹ ਹੈ ਕਿ ਇਸ ਵਿਚ ਜਾਤ-ਪਾਤ, ਧਰਮ ਵਿਸ਼ੇਸ਼, ਸਿਆਸਤੀ ਪਾਰਟੀਬਾਜ਼ੀ ਲਈ ਕੋਈ ਥਾਂ ਨਹੀਂ ਹੈ। ਇਹ ਨਿਰੋਲ ਮਨੁੱਖੀ ਹੋਂਦ ਲਈ ਲੜਾਈ ਹੈ। ਮਨੁੱਖ ਦੀ ਰੋਜ਼ੀ ਰੋਟੀ ਲਈ ਲੜੀ ਜਾ ਰਹੀ ਲੜਾਈ ਹੈ। ਆਪਣੀ ਹੋਂਦ ਦਾ ਮੋਹ ਹੀ ਲੋਕ ਪੱਖੀ ਜਨਤਕ ਲਹਿਰਾਂ ਨੂੰ ਜਨਮ ਦਿੰਦਾ ਹੈ। ਸਾਰੇ ਦੇਸ਼ ਵਿਚ ਇਸ ਲੜਾਈ ਨੇ ਸਰਮਾਏਦਾਰੀ ਅਤੇ ਅਸਿੱਧੇ ਤੌਰ 'ਤੇ ਕਾਰਪੋਰੇਟ ਸੈਕਟਰ ਦੀ ਮਾਰ ਹੇਠ ਗਰੀਬੀ ਨਾਲ ਝੰਬੀ ਹੋਈ ਜ਼ਮੀਰ ਨੂੰ ਜਾਗਰੂਕ ਕਰਕੇ ਪ੍ਰਚੰਡ ਕੀਤਾ ਹੈ। ਜਿਸ ਤਰ੍ਹਾਂ ਇਸ ਅੰਦੋਲਨ ਨੂੰ ਸ਼ਾਂਤਮਈ ਵਿਉਂਤਬੰਦੀ ਨਾਲ ਕਿਸਾਨ ਜਥੇਬੰਦੀਆਂ ਦੇ ਲੀਡਰਾਂ ਨੇ ਏਕਾ ਕਾਇਮ ਕਰਕੇ ਸਿਖਰ 'ਤੇ ਪੁਹੰਚਾਇਆ, ਉਸ ਤੋਂ ਰਾਜਾਂ ਦੀਆਂ ਅਤੇ ਕੇਂਦਰ ਦੀਆਂ ਰਾਜਸੀ ਪਾਰਟੀਆਂ ਨੂੰ ਸਬਕ ਸਿਖਣਾ ਚਾਹੀਦਾ ਹੈ। ਸਾਰੀਆਂ ਰਾਜਸੀ ਪਾਰਟੀਆਂ ਨੂੰ ਚਾਹੀਦਾ ਸੀ ਕਿ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਖੁੱਲ੍ਹੇ ਦਿਲ ਨਾਲ ਇਸ ਲੋਕ ਘੋਲ ਦੀ ਮਦਦ ਕਰਦੀਆਂ, ਪਰ ਉਹ ਸਭ ਅਜੇ ਵੀ ਵੋਟ ਬੈਂਕ ਦੀ ਸਿਆਸਤ ਦਾ ਮੋਹ ਨਹੀਂ ਛੱਡ ਸਕੀਆ, ਜਦੋਂ ਕਿ ਇਹ ਸੰਘਰਸ਼ ਹੁਣ ਬਹੁਤ ਹੀ ਖਤਰਨਾਕ ਮੋੜ 'ਤੇ ਪਹੁੰਚ ਚੁਕਾ ਹੈ।

ਇਹ ਅੰਦੋਲਨ ਹੋਸ਼ ਅਤੇ ਜੋਸ਼ ਦਾ ਸੁਮੇਲ ਹੈ, ਪਰ ਅਖੀਰ ਤਕ ਸਾਂਤੀ ਬਣਾਈ ਰੱਖਣ ਦੀ ਸਖਤ ਲੋੜ ਹੈ, ਜਿਸ 'ਤੇ ਕਿਸਾਨ ਆਗੂ ਪੂਰਾ ਪਹਿਰਾ ਦੇ ਰਹੇ ਹਨ। ਪੰਜਾਬ ਵਿਚ ਇਹ ਅੰਦੋਲਨ ਕਰੀਬ ਚਾਰ ਮਹੀਨਿਆਂ ਤੋਂ ਪੜਾਅ-ਦਰ-ਪੜਾਅ ਚਲ ਰਿਹਾ ਹੈ। ਇਸ ਦੀ ਵਿਉਂਤਬੰਦੀ ਲਾਮਬੰਦੀ ਵਾਂਗ ਬਹੁਤ ਹੀ ਸੁਚੱਜੇ ਹੱਥਾਂ ਵਿਚ ਹੈ। ਇਸ ਵਿਚ ਬੱਚੇ, ਬਜ਼ੁਰਗ, ਔਰਤਾਂ, ਨੌਜਵਾਨ, ਅਨਪੜ੍ਹ, ਪੜ੍ਹੇ-ਲਿਖੇ, ਲੇਖਕ, ਬੁੱਧੀਜੀਵੀ, ਪੱਤਰਕਾਰ, ਸਮਾਜ ਸੇਵਕ, ਪ੍ਰੋਫੈਸਰ-ਅਧਿਆਪਕ, ਮਜ਼ਦੂਰ, ਮਸ਼ੀਨਰੀ ਦੇ ਕਾਰੀਗਰ, ਗਾਇਕ, ਅਭਿਨੇਤਾ, ਖਿਡਾਰੀ ਅਤੇ ਚੌਂਤੀ-ਪੈਂਤੀ ਕਿਸਾਨਾਂ ਦੀਆਂ ਜਥੇਬੰਦੀਆਂ ਸ਼ਾਮਲ ਹਨ। ਇੰਨੇ ਵਖਰੇਵੇਂ ਹੋਣ ਦੇ ਬਾਵਜੂਦ ਸਾਰੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਜ਼ਾਬਤੇ ਵਿਚ ਆਪਣੀ ਆਪਣੀ ਡਿਊਟੀ ਨਿਭਾ ਰਹੇ ਹਨ। ਭਾਵੇਂ ਸਰਕਾਰਾਂ ਨੇ ਇਨ੍ਹਾਂ ਵਿਚ ਅਰਾਜਕਤਾ ਪੈਦਾ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਉਪਰਾਲੇ ਕੀਤੇ, ਪਰ ਸਫਲ ਨਹੀ ਹੋਏ। ਸਾਰੇ ਵਰਗ ਆਪਣੀ ਸਲਾਮਤੀ ਦੀ ਜੰਗ ਨੂੰ ਰੂਹ ਨਾਲ ਲੜ ਰਹੇ ਹਨ।

ਪੰਜਾਬ ਦੇ ਨੌਜਵਾਨਾਂ ਨੇ ਆਪਣੇ 'ਤੇ ਲੱਗੇ ਨਸ਼ੇਬਾਜ਼ੀ ਤੇ ਵਿਹਲੜਪੁਣੇ ਦੇ ਦੂਸ਼ਣਾਂ ਨੂੰ ਇਸ ਲਹਿਰ ਵਿਚ ਸੱਚੇ ਮਨ ਨਾਲ ਕੰਮ ਕਰਕੇ ਧੋਣ ਦੀ ਕੋਸ਼ਿਸ਼ ਕੀਤੀ ਹੈ। ਮਾਂਵਾਂ ਆਪਣੇ ਬੱਚਿਆਂ ਨੂੰ ਸੰਘਰਸ਼ ਦੇ ਟੈਂਟਾਂ ਵਿਚ ਆਨਲਾਈਨ ਪੜ੍ਹਾਈ ਕਰਵਾ ਰਹੀਆਂ ਹਨ। ਇਸਾਈ ਭਾਈਚਾਰੇ ਦੇ ਲੋਕਾਂ ਨੇ ਕਿਸਾਨ ਭਾਈਚਾਰੇ ਦੀ ਹਮਾਇਤ ਕਰਦਿਆਂ ਕ੍ਰਿਸਮਸ ਉਨ੍ਹਾਂ ਨਾਲ ਆ ਕੇ ਮਨਾਈ। ਸਿੱਖ ਭਾਈਚਾਰੇ ਲਈ ਦਸੰਬਰ ਦਾ ਆਖਰੀ ਹਫਤਾ ਸ਼ਹੀਦਾਂ ਨੂੰ ਸਮਰਪਿਤ ਹੈ। ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਵੀ ਮੋਰਚੇ 'ਤੇ ਹੀ ਮਨਾਏ ਗਏ ਹਨ। ਅੰਗਹੀਣ ਲੋਕ ਵੀ ਪੂਰੇ ਹੌਸਲੇ ਨਾਲ ਸੈਂਕੜੇ ਮੀਲ ਟਰਾਈ-ਸਾਈਕਲ ਚਲਾ ਕੇ ਪਹੁੰਚੇ ਹੋਏ ਹਨ। ਵਾਲੀਬਾਲ ਦੇ ਖਿਡਾਰੀਆਂ ਨੇ ਆਪਣਾ ਨੈਟ ਮੋਰਚੇ ਵਿਚ ਹੀ ਗੱਡਿਆ ਹੋਇਆ ਹੈ। ਬਾਕਸਰ ਆਪਣੇ ਕੋਚਾਂ ਤੋਂ ਮੋਰਚੇ ਵਿਚ ਹੀ ਟਰੇਨਿੰਗ ਲੈ ਰਹੇ ਹਨ। ਕੜਾਕੇ ਦੀ ਠੰਡ ਵਿਚ ਕੁੰਡਲੀ ਬਾਰਡਰ ਉੱਤੇ ਲੱਗੇ ਮੋਰਚੇ ਵਿਚ ਜੀ. ਟੀ. ਰੋਡ 'ਤੇ ਮੈਟ ਵਿਛਾ ਕੇ ਲੜਕੀਆਂ ਦੇ ਕਬੱਡੀ ਮੈਚ ਕਰਵਾਏ ਗਏ।

ਪਿੰਡਾਂ ਤੋਂ ਹੁਣ ਵੀ ਵੀਹ ਵੀਹ ਕੁਇੰਟਲ ਪਿੰਨੀਆਂ, ਲੰਗਰ ਲਈ ਹਰ ਤਰ੍ਹਾਂ ਦੀ ਰਸਦ ਅਤੇ ਠੰਡ ਤੋਂ ਬਚਣ ਲਈ ਕੰਬਲ ਰਜਾਈਆਂ ਲਗਾਤਾਰ ਭੇਜੇ ਜਾ ਰਹੇ ਹਨ। ਲੰਗਰ ਲਈ ਹਰ ਤਰ੍ਹਾਂ ਦੇ ਪਕਵਾਨ ਤਿਆਰ ਕੀਤੇ ਜਾ ਰਹੇ ਹਨ। ਲੱਖਾਂ ਦੀ ਗਿਣਤੀ ਵਿਚ ਮੋਰਚੇ ਤੋਂ ਬਾਹਰਲੀਆਂ ਸੰਗਤਾਂ ਸਮੇਤ ਲੰਗਰ ਛਕ ਰਹੀਆਂ ਹਨ। ਇਸ ਤੋਂ ਵੱਡੀ ਸਹਿਜਤਾ ਕੀ ਹੋ ਸਕਦੀ ਹੈ! ਸਰਕਾਰ ਨਾਲ ਸੱਤਵੀਂ ਮੀਟਿੰਗ ਵੀ ਬੇਸਿੱਟਾ ਰਹਿਣ ਦੇ ਬਾਵਜੂਦ ਕਿਸਾਨ ਇਸ ਅੰਦੋਲਨ ਲਈ ਇੰਨੇ ਪੱਕੇ ਸ਼ਿੱਦਤ ਤੇ ਇਰਾਦੇ ਨਾਲ ਦਿੱਲੀ ਦੇ ਬਾਡਰ 'ਤੇ ਬੈਠੇ ਹਨ ਕਿ ਉਹ ਆਪਣੇ ਘਰ ਵਾਲਿਆਂ ਨੂੰ ਆਪਣਾ ਅਡਰੈਸ ਵੀ ਦਿੱਲੀ ਦੇ ਮੈਟਰੋ ਪਿੱਲਰਾਂ ਦੇ ਨੰਬਰ ਦੇ ਰਹੇ ਹਨ, ਜਿੱਥੇ ਉਹ ਡੇਰਾ ਜਮਾਈ ਬੈਠੇ ਹਨ। ਪੰਜਾਬ ਵਿਚ ਔਰਤਾਂ ਨੇ ਆਪਣੇ ਬ੍ਰਿਗੇਡ ਬਣਾ ਲਏ ਹਨ, ਜਿਹੜੇ ਘਰ ਘਰ ਜਾ ਕੇ ਔਰਤਾਂ, ਬੱਚਿਆਂ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਇਨ੍ਹਾਂ ਖੇਤੀ ਬਿੱਲਾਂ ਬਾਰੇ ਜਾਗਰੂਕ ਕਰ ਰਹੇ ਹਨ। ਵੱਖ ਵੱਖ ਸ਼ਹਿਰਾਂ, ਪਿੰਡਾਂ ਵਿਚ ਔਰਤਾਂ ਭੁੱਖ ਹੜਤਾਲਾਂ ਕਰ ਰਹੀਆਂ ਹਨ। ਸਾਹਿਤ ਸਭਾਵਾਂ ਆਪਣੀਆਂ ਮੀਟਿੰਗਾਂ ਕਿਸਾਨ ਸੰਘਰਸ਼ ਨੂੰ ਸਮਰਪਿਤ ਕਰ ਰਹੀਆਂ ਹਨ। ਸਾਬਕਾ ਫੌਜੀਆਂ, ਰਿਟਾਇਰਡ ਆਹਲਾ ਅਫਸਰਾਂ ਨੇ ਮੋਰਚਿਆਂ ਵਿਚ ਜਾ ਕੇ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜਿਆ ਹੈ। ਇਲੈਕਟ੍ਰੌਨਿਕ ਵੱਡੀਆਂ ਸਕਰੀਨਾਂ, ਵਾਕੀ-ਟਾਕੀ ਅਤੇ ਹਾਈ ਪਾਵਰ ਸਪੀਕਰਾਂ ਨੇ ਮੀਲਾਂ ਲੰਬੇ ਮੋਰਚਿਆਂ ਨੂੰ ਜੋੜ ਕੇ ਰੱਖਿਆ ਹੋਇਆ ਹੈ।

ਇਸ ਸਭ ਕੁਝ ਨੇ ਮਿਲ ਕੇ ਹੀ ਤਾਨਾਸ਼ਾਹੀ ਸਰਕਾਰ ਨੂੰ ਗੱਲਬਾਤ ਲਈ ਟੇਬਲ 'ਤੇ ਬੈਠਣ ਲਈ ਮਜ਼ਬੂਰ ਕੀਤਾ ਹੈ, ਨਹੀ ਤਾਂ ਹੁਣ ਤਕ ਇਸ ਮੋਰਚੇ ਦਾ ਹੱਲ ਇਸ ਸਰਕਾਰ ਨੇ ਆਪਣੇ ਹਿਸਾਬ ਨਾਲ ਹੀ ਕਰਨਾ ਸੀ। ਹੁਣ ਤਕ ਹੋਈਆਂ ਮੀਟਿੰਗਾਂ ਵਿਚ ਕਿਸਾਨਾਂ ਨੂੰ ਅੰਸ਼ਕ ਸਫਲਤਾ ਮਿਲੀ ਹੈ- ਆਸ ਕਰਦੇ ਹਾਂ ਸਰਕਾਰ ਜਿੰਨਾ ਮਰਜ਼ੀ ਅੜੀਆਂ ਕਰ ਲਵੇ, ਜਿੱਤ ਸੰਘਰਸ਼ ਦੀ ਹੀ ਹੋਵੇ। ਦੁਨੀਆਂ ਭਰ ਵਿਚ ਭਵਿਖ 'ਚ ਆਪਣੇ ਹੱਕਾਂ ਲਈ ਉੱਠਣ ਵਾਲੀਆਂ ਲਹਿਰਾਂ ਇਸ ਸੰਘਰਸ਼ ਤੋਂ ਕੁਝ ਨਾ ਕੁਝ ਸੇਧ ਲੈਣਗੀਆਂ।

# ਮੋਦੀ ਸੋਚਦਾ ਤਾਂ ਹੋਣੈ ਕਿ ਕਿਸਾਨੀ ਸੰਘਰਸ਼ ਪਿਛੇ ਕਿਹੜੀਆਂ ਤਾਕਤਾਂ ਹਨ?

**ਜਸਵਿੰਦਰ ਸਿੰਘ ਭੁਲੇਰੀਆ**
ਫੋਨ: 91-75891-55501

ਪੋਹ ਦੀਆਂ ਠੰਡੀਆਂ ਰਾਤਾਂ, ਠੰਡੀਆਂ ਹਵਾਵਾਂ ਦੇ ਵਗਦੇ ਬੁੱਲੇ, ਘਰਾਂ ਤੋਂ ਬਾਹਰ ਤੇ ਸੜਕਾਂ ਕਿਨਾਰੇ ਗਰਜ਼ਦੇ ਕਿਸਾਨ। ਕੋਈ ਪ੍ਰਵਾਹ ਨਹੀਂ ਕਿਸੇ ਨੂੰ, ਨਾ ਮਰਨ ਦਾ ਡਰ, ਨਾ ਭੁੱਖ ਪਿਆਸ ਦਾ ਡਰ, ਹੌਸਲੇ ਬੁਲੰਦ। ਇੱਕੋ ਇੱਕ ਮਿਸ਼ਨ ਕਿ ਦਿੱਲੀ ਜਿੱਤ ਕੇ ਹੀ ਘਰ ਪਰਤਾਂਗੇ। ਜੇ ਕਨੂੰਨ ਰੱਦ ਨਹੀਂ ਹੋਣਗੇ ਤੇ ਸੰਘਰਸ਼ ਵੀ ਖਤਮ ਨਹੀਂ ਹੋਵੇਗਾ। ਇਹ ਅਵਾਜ਼ ਸਾਰੇ ਕਿਸਾਨ ਆਵਾਮ ਦੀ ਸਭ ਦੇ ਸਿਰ ਚੜ੍ਹ ਕੇ ਬੋਲ ਰਹੀ ਹੈ। ਜੋ ਸਰਕਾਰ ਸੋਚ ਰਹੀ ਹੈ ਕਿ ਇਨ੍ਹਾਂ ਪਿਛੇ ਕਿਹੜੀਆਂ ਤਾਕਤਾਂ ਦਾ ਹੱਥ ਹੈ, ਆਉ ਉਸ ਬਾਰੇ ਵੀ ਥੋੜ੍ਹਾ ਜਿਹਾ ਚਾਨਣਾ ਪਾ ਲਈਏ। ਪੰਜਾਬ ਦੀ ਜ਼ਮੀਨ, ਪੰਜਾਬ ਦੇ ਵਿਰਸੇ, ਪੰਜਾਬ ਦੀ ਧਰਤੀ 'ਤੇ ਪਲੀ ਸਿੱਖ ਕੌਮ ਤੋਂ ਨਾ-ਵਾਕਿਫ ਲੋਕਾਂ ਲਈ ਇਹ ਸਵਾਲ ਪ੍ਰੇਸ਼ਾਨੀ ਦਾ ਸਬੱਬ ਬਣਿਆ ਹੋਇਆ ਹੈ।

ਮੋਦੀ ਮਹਿਕਮਾ ਹੈਰਾਨ ਹੈ ਕਿ ਅਨਪੜ੍ਹ ਕਿਸਾਨਾਂ ਨੂੰ ਜੰਗੀ ਕਾਫਲੇ ਵਾਂਗ ਤੁਰਨ ਦੀ ਟਰੇਨਿੰਗ ਕਿਸ ਨੇ ਦਿੱਤੀ ਹੈ? ਇਨ੍ਹਾਂ ਕੋਲ ਖਾਣ ਪੀਣ ਦੀ ਰਸਦ ਕਿਥੋਂ ਆ ਰਹੀ ਹੈ? ਇਨ੍ਹਾਂ ਲੋਕਾਂ ਦਾ ਭੋਜਨ ਕੌਣ ਤਿਆਰ ਕਰ ਰਿਹਾ ਹੈ? ਇਹ ਠੰਡ ਵਿਚ ਕਿਵੇਂ ਜੀਅ ਰਹੇ ਹਨ? ਇਹ ਘਰ-ਬਾਰ ਕਿਵੇਂ ਤਿਆਗ ਕੇ ਦਿੱਲੀ ਨੂੰ ਆਪਣਾ ਆਸ਼ੀਆਨਾ ਬਣਾ ਕੇ ਬੈਠੇ ਹਨ? ਇਨ੍ਹਾਂ ਦੇ ਘਰਦਿਆਂ ਦਾ ਖਿਆਲ ਕੌਣ ਰੱਖਦਾ ਹੈ? ਇਹ ਬਿਮਾਰ ਵੀ ਨਹੀਂ ਹੁੰਦੇ, ਕਿਹੜੇ ਵੇਲੇ ਰਾਤ ਨੂੰ ਸੌਂਦੇ ਹੋਣਗੇ? ਅੰਮ੍ਰਿਤ ਵੇਲੇ ਹੀ ਜੈਕਾਰੇ ਛੱਡਣ ਲੱਗ ਜਾਂਦੇ ਹਨ। ਇਨ੍ਹਾਂ ਦੇ ਫੋਨ ਚਾਰਜ ਕਿਵੇਂ ਹੋ ਰਹੇ ਹਨ। ਇਨ੍ਹਾਂ ਨੂੰ ਇਥੇ ਪਹੁੰਚਣ ਦਾ ਖਰਚਾ ਕਿਸ ਨੇ ਦਿੱਤਾ ਹੈ। ਇਨ੍ਹਾਂ ਉਤੇ ਠੰਡ ਦਾ ਕੋਈ ਅਸਰ ਵੀ ਨਹੀਂ ਦਿਸਦਾ। ਇਨ੍ਹਾਂ ਵਿਚ ਇਨ੍ਹਾਂ ਸਬਰ ਕਿਥੋਂ ਆਇਆ ਹੈ? ਇਕ ਮਹੀਨੇ ਤੋਂ ਵੱਧ ਹੋ ਗਿਆ ਹੈ, ਇਨ੍ਹਾਂ ਨੂੰ ਇਥੇ ਡਟਿਆ ਨੂੰ, ਨਾ ਇਹ ਅੱਕੇ ਹਨ, ਨਾ ਥੱਕੇ ਹਨ।



ਇਹ ਫੋਰਸਾਂ ਤੋਂ ਵੀ ਨਹੀਂ ਡਰਦੇ। ਇਹ ਅੰਗਰੇਜ਼ੀ ਕਿਵੇਂ ਬੋਲ ਲੈਂਦੇ ਹਨ? ਇਹ ਟਵਿਟਰ 'ਤੇ ਕਿਵੇਂ ਛਾ ਗਏ ਹਨ? ਇਨ੍ਹਾਂ ਭਾਰਤੀ ਗੋਦੀ ਮੀਡੀਆ ਦਾ ਪ੍ਰਭਾਵ ਵੀ ਕਬੂਲ ਨਹੀਂ ਕੀਤਾ। ਇਨ੍ਹਾਂ ਨੇ ਆਪਣਾ ਮੀਡੀਆ ਕਿਵੇਂ ਸਥਾਪਤ ਕਰ ਲਿਆ ਹੈ। ਇਹ ਜੰਗਲ ਪਾਣੀ ਕਿਥੇ ਜਾਂਦੇ ਹੋਣਗੇ, ਇਹ ਨਹਾਉਂਦੇ ਕਿਵੇਂ ਹੋਣਗੇ? ਇਨ੍ਹਾਂ ਦੇ ਕੱਪੜੇ ਕੌਣ ਧੋ ਰਿਹਾ ਹੈ? ਸਭ ਤੋਂ ਵੱਡੀ ਗੱਲ ਕਿ ਇਹ ਸਾਰੇ ਇੱਕੋ ਜ਼ੁਬਾਨ ਕਿਵੇਂ ਬੋਲ ਰਹੇ ਹਨ? ਛੋਟੇ ਤੋਂ ਲੈ ਕੇ ਬਜੁਰਗ ਦੀ ਜ਼ੁਬਾਨ ਉਤੇ ਇੱਕੋ ਹੀ ਗੱਲ ਹੈ ਕਿ ਅਸੀਂ ਮੋਦੀ ਵਲੋਂ ਪਾਸ ਕੀਤੇ ਤਿੰਨ ਕਾਲੇ ਕਾਨੂੰਨ ਰੱਦ ਕਰਾ ਕੇ ਹੀ ਘਰ ਨੂੰ ਜਾਵਾਂਗੇ। ਉਚੇ ਉਚੇ ਟਾਵਰਾਂ 'ਤੇ ਬਿਨਾ ਡਰ ਤੋਂ ਚੜ੍ਹ ਕੇ ਆਪਣੇ ਕਿਸਾਨੀ ਦੇ ਝੰਡੇ ਚੜ੍ਹਾ ਕੇ ਬੈਠੇ ਹਨ।

ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਸਵਾਲ ਇਨ੍ਹਾਂ ਦੇ ਦਿਮਾਗ ਉਤੇ ਘੁੰਮਦੇ ਹੋਣਗੇ। ਆਉ ਆਪਾਂ ਵੀ ਇਨ੍ਹਾਂ ਸਵਾਲਾਂ ਦੇ ਜਵਾਬ ਇਨ੍ਹਾਂ ਨੂੰ ਲੱਭ ਕੇ ਦੇ ਦਿੰਦੇ ਹਾਂ ਕਿ ਇਸ ਕਿਸਾਨੀ ਸੰਘਰਸ਼ ਪਿੱਛੇ ਕਿਹੜੀਆਂ ਕਿਹੜੀਆਂ ਤਾਕਤਾਂ ਖੜ੍ਹੀਆਂ ਹਨ! ਸਭ ਤੋਂ ਵੱਡੀ ਇਸ ਸੰਘਰਸ਼ ਨੂੰ ਜੋ ਤਾਕਤ ਮਿਲ ਰਹੀ ਹੈ, ਉਹ ਹੈ ਗੁਰੂ ਦਾ ਆਸਰਾ। ਅਰਦਾਸਾਂ ਕਰਕੇ ਤੁਰੇ ਜਥੇ ਕਦੇ ਮਰਨ ਤੋਂ ਨਹੀਂ ਡਰਦੇ। ਇਨ੍ਹਾਂ ਨੂੰ ਜੋਸ਼ ਉਸ ਦਿਨ ਮਿਲਿਆ, ਜਦੋਂ ਮੋਦੀ ਦੇ ਚਮਚੇ ਖੱਟਰ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਅਸੀਂ ਪੰਜਾਬ ਵਾਸੀਆਂ ਨੂੰ ਹਰਿਆਣੇ ਵਿਚੋਂ ਨਹੀਂ ਲੰਘਣ ਦਿਆਂਗੇ। ਦਿੱਲੀ ਦੀ ਗੱਲ ਤਾਂ ਦੂਰ, ਅੰਬਾਲਾ ਵੀ ਲੰਘਣ ਨਹੀਂ ਦਿਆਂਗਾ। ਫਿਰ ਕੀ ਹੋਇਆ! ਉਹ ਸਾਰੀ ਦੁਨੀਆਂ ਨੇ ਲਾਵੀਵ ਵੇਖਿਆ। ਕਿਸੇ ਤੋਂ ਲੁਕਿਆ ਛਿਪਿਆ ਨਹੀਂ ਰਿਹਾ।

ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਦਿੱਲੀ ਦੇ ਬਾਰਡਰਾਂ 'ਤੇ ਪਹੁੰਚ ਗਏ। ਜੇ ਚਾਹੁੰਦੇ ਤਾਂ ਇਹ ਦਿੱਲੀ ਦੇ ਅੰਦਰ ਵੀ ਜਾ ਸਕਦੇ ਸਨ, ਪਰ ਨਹੀਂ! ਸੂਰਮੇ ਕਦੇ ਸੁੱਤੇ 'ਤੇ ਵਾਰ ਨਹੀਂ ਕਰਦੇ, ਪਹਿਲਾਂ ਦੁਸ਼ਮਣ ਨੂੰ ਜਗਾਉਂਦੇ ਹਨ। ਫਿਰ ਉਸ ਨੂੰ ਪੁੱਛਦੇ ਹਨ ਕਿ ਤੂੰ ਤਿਆਰ ਹੈਂ? ਫਿਰ ਅਗਲਾ ਕਦਮ ਲੈਂਦੇ ਹਨ। ਪੰਜਾਬ ਦੇ ਪੁੱਤ ਕਦੇ ਵੀ ਦਿੱਲੀ ਹੱਥੋਂ ਹਾਰ ਨਹੀਂ ਦੇਖਣਾ ਚਾਹੁੰਦੇ। ਜੇ ਗੱਲ ਕਰੀਏ ਕਿ ਇਨ੍ਹਾਂ ਕਾਫਲਿਆਂ ਵਿਚ ਚੱਲਣ ਦੀ ਟ੍ਰੇਨਿੰਗ ਕਿਥੋਂ ਲਈ, ਉਹ ਵੀ ਦਸ ਦਿੰਦੇ ਹਾਂ।

ਸਾਲ ਵਿਚ ਕਈ ਕਈ ਵਾਰ ਹੋਲਾ ਮਹੱਲਾ, ਮਾਘੀ ਦਾ ਮੇਲਾ, ਵਿਸਾਖੀ ਦੇ ਇਕੱਠ, ਸ਼ਹੀਦੀ ਜੋੜ ਮੇਲ ਅਤੇ ਹੋਰ ਅਨੇਕਾਂ ਮੇਲੇ ਆਉਂਦੇ-ਜਾਂਦੇ ਹੀ ਰਹਿੰਦੇ ਹਨ। ਟਰਾਲੀਆਂ ਜੋੜਨੀਆਂ ਇਨ੍ਹਾਂ ਵਾਸਤੇ ਕੋਈ ਨਵਾਂ ਕੰਮ ਨਹੀਂ ਸੀ। ਪੋਹ ਦੇ ਮਹੀਨੇ ਫਤਿਹਗੜ੍ਹ ਸਾਹਿਬ ਤੇ ਚਮਕੌਰ ਸਾਹਿਬ ਪਹੁੰਚਣ ਵਾਲਿਆਂ ਵਾਸਤੇ ਕੋਈ ਦਿੱਲੀ ਦੂਰ ਨਹੀਂ ਸੀ। ਗੁਰਪੁਰਬਾਂ ਅਤੇ ਹੋਰ ਦਿਹਾੜਿਆਂ ਉਤੇ ਲੰਗਰ ਲਾਉਣ ਵਾਲਿਆਂ ਵਾਸਤੇ ਦਿੱਲੀ 'ਚ ਲੰਗਰ ਲਾਉਣਾ ਕੋਈ ਵੱਡੀ ਗੱਲ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਨੇ ਜੋ ਵੰਡ ਕੇ ਛਕੋ, ਪੰਗਤ ਤੇ ਸੰਗਤ ਦੀ ਮਰਿਆਦਾ ਅਤੇ ਸਰਬਤ ਦਾ ਭਲਾ ਵਾਲੀ ਰੀਤ ਚਲਾਈ ਹੈ, ਹੁਣ ਅਸੀਂ ਉਸ ਨੂੰ ਕਿਵੇਂ ਭੁੱਲ ਸਕਦੇ ਹਾਂ। ਦੇਸ਼ ਦੁਨੀਆਂ ਦੇ ਅੰਦਰ ਕਿਧਰੇ ਵੀ ਕੋਈ ਆਫਤ ਆਉਂਦੀ ਹੈ ਤਾਂ ਪੰਜਾਬੀ ਸਭ ਤੋਂ ਪਹਿਲਾਂ ਉਥੇ ਮੋਰਚਾ ਸੰਭਾਲਦੇ ਹਨ। ਭਾਵੇਂ ਗੁਜਰਾਤ ਵਿਚ ਭੁਚਾਲ ਦੀ ਗੱਲ ਕਰੀਏ ਤੇ ਭਾਵੇਂ ਨੇਪਾਲ ਦੀ; ਭਾਵੇਂ ਇਸ ਸਮੇਂ ਦੁਨੀਆਂ ਵਿਚ ਕਰੋਨਾ ਦੇ ਕਹਿਰ ਦੀ-ਹਰ ਥਾਂ ਇਨ੍ਹਾਂ ਨੇ ਆਪਣਾ ਵੱਡਮੁਲਾ ਯੋਗਦਾਨ ਪਾਇਆ ਹੈ। ਭਾਵੇਂ ਕਿੰਨੀ ਵੀ ਆਰਥਕ ਮੰਦੀ ਵੀ ਕਿਉਂ ਨਾ ਹੋਵੇ, ਇਹ ਕੌਮ ਆਪਣਾ ਦਸਵੰਧ ਕੱਢ ਕੇ ਸੇਵਾ ਕਰਦੀ ਹੈ। ਅੱਜ ਵੀ ਦਸਵੰਧ ਇਸ ਕਿਸਾਨ ਅੰਦੋਲਨ ਦੀ ਰੀੜ੍ਹ ਦੀ ਹੱਡੀ ਵਜੋਂ ਕੰਮ ਕਰ ਰਿਹਾ ਹੈ।

ਅਨੰਦਪੁਰ ਸਾਹਿਬ ਦਾ ਕਿਲਾ ਛੱਡਣ ਤੋਂ ਲੈ ਕੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ-ਸਭ ਇਤਿਹਾਸਕ ਘਟਨਾਵਾਂ ਇੱਕਲੇ ਇੱਕਲੇ ਕਿਸਾਨ ਨੂੰ ਹੌਸਲਾ ਦੇ ਰਹੀਆਂ ਹਨ। ਕਿਸਾਨ ਅੱਜ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰ ਕਦੇ ਸਰੀਰਕ ਤੰਗੀਆਂ ਤੋਂ ਹਾਰ ਨਹੀਂ ਮੰਨਦੇ। ਜਿਨ੍ਹਾਂ ਦਾ ਪਿਤਾ ਮਾਛੀਵਾੜੇ ਦੇ ਜੰਗਲਾਂ ਵਿਚ ਕੰਡਿਆਂ ਦੀ ਸੇਜ 'ਤੇ ਸੁੱਤਾ ਹੋਵੇ, ਭਲਾ ਉਸ ਦੇ ਪੁੱਤਰ ਨੂੰ ਦਿੱਲੀ ਦੀਆਂ ਸੜਕਾਂ 'ਤੇ ਸੌਣਾ ਕੋਈ ਔਖਾ ਹੈ!

ਮੋਰਚੇ ਵਿਚ ਬਹੁਤ ਗਿਣਤੀ ਬਜੁਰਗਾਂ ਦੀ ਹੈ। ਬਜੁਰਗਾਂ ਨੂੰ ਨੌਵੇਂ ਪਾਤਸ਼ਾਹ ਦੀ ਚਾਂਦਨੀ ਚੌਕ ਵਿਖੇ ਦਿੱਤੀ ਸ਼ਹਾਦਤ ਪ੍ਰੇਰਨਾ ਦਿੰਦੀ ਹੈ। ਉਹ ਆਪਣੇ ਪੁੱਤਰਾਂ ਤੋਂ ਪਹਿਲਾਂ ਸ਼ਹੀਦ ਹੋਣ ਵਾਸਤੇ ਕਾਹਲੇ ਪੈ ਰਹੇ ਹਨ। ਰੁਪਿਆ ਰੁਪਿਆ ਜੋੜ ਕੇ ਪਿੰਡਾਂ ਦੇ ਗੁਰੂ ਘਰਾਂ ਵਿਚ ਇਕੱਠੇ ਕੀਤੇ ਬਰਤਨ ਅੱਜ ਦਿੱਲੀ ਦੀਆਂ ਸੜਕਾਂ 'ਤੇ ਲੱਖਾਂ ਲੋਕਾਂ ਨੂੰ ਲੰਗਰ ਛਕਾ ਰਹੇ ਹਨ।

ਕਰੋੜਾਂ ਦੀ ਕਬੱਡੀ ਖੇਡਦੇ ਨੌਜਵਾਨ ਗੁਪਤ ਦਾਨ ਵਜੋਂ ਟਰੱਕ ਭਰ ਭਰ ਕੇ ਆਈਆਂ ਵਾਸ਼ਿੰਗ ਮਸ਼ੀਨਾਂ ਨਾਲ ਕੱਪੜੇ ਧੋਣ ਦੀ ਸੇਵਾ ਕਰ ਰਹੇ ਹਨ। ਅੱਧਿਓਂ ਵੱਧ ਨੌਜਵਾਨ ਆਈਲੈਟਸ ਦੀਆਂ ਕਲਾਸਾਂ ਲਾ ਕੇ ਅੰਗਰੇਜ਼ੀ ਸਿੱਖੀ ਫਿਰਦੇ ਹਨ, ਜੋ ਕੈਮਰੇ ਅੱਗੇ ਖੂਬ ਅੰਗਰੇਜ਼ੀ ਬੋਲ ਰਹੇ ਹਨ। ਇਨ੍ਹਾਂ ਨੂੰ ਸੀ ਕਿ ਅਨਪੜ੍ਹਾਂ ਦੇ ਪੁੱਤ ਅੰਗਰੇਜ਼ੀ ਕਿਵੇਂ ਬੋਲ ਸਕਦੇ ਹਨ? ਗੋਦੀ ਮੀਡੀਆ ਨੂੰ ਪਰੇ ਕਰਕੇ ਮੁੰਡਿਆਂ ਨੇ ਆਪਣੇ ਚੈਨਲ ਹੀ ਚਲਾ ਲਏ ਹਨ। ਏਸੇ ਏਕੇ ਨੇ ਦਿੱਲੀ ਦੇ ਸਾਰੇ ਰਾਹ ਬੰਦ ਕਰ ਦਿੱਤੇ ਹਨ। ਦਿੱਲੀ ਕੋਲ ਹੁਣ ਕੋਈ ਚਾਰਾ ਬਾਕੀ ਨਹੀਂ ਹੈ ਜਾਂ ਤਾਂ ਕਾਨੂੰਨ ਰੱਦ ਕਰੇਗੀ ਜਾਂ ਫਿਰ ਬਲ ਦਾ ਇਸਤੇਮਾਲ ਕਰੇਗੀ। ਕਿਸਾਨਾਂ ਦੇ ਦ੍ਰਿੜ੍ਹ ਇਰਾਦੇ ਅੱਗੇ ਮੋਦੀ ਨੂੰ ਝੁਕਣਾ ਹੀ ਪੈਣਾ ਹੈ- ਅੱਜ ਨਹੀਂ ਤਾਂ ਕੱਲ੍ਹ। ਗੁਰੂ ਓਟ ਆਸਰੇ ਦੇ ਨਾਲ ਚਲੇ ਕਿਸਾਨ ਜਿੱਤ ਦੀ ਆਸ ਲੈ ਕੇ ਬੈਠੇ ਹਨ। ਪਰਮਾਤਮਾ ਜਰੂਰ ਪੂਰੀ ਕਰੇਗਾ, ਇਹ ਵਿਸ਼ਵਾਸ ਇਨ੍ਹਾਂ ਦਾ ਪੱਕਾ ਹੈ।

# ਦੁੱਲੇ ਭੱਟੀ ਦੀ ਚਿੱਠੀ ਪੰਜਾਬੀਆਂ ਦੇ ਨਾਂ

## ਖੁੱਲ੍ਹੇ ਅਸਮਾਨ ਹੇਠ ਚੱਲ ਰਹੀ ਹੈ ਹੱਕ-ਸੱਚ ਦੀ ਜੰਗ

*ਦੁੱਲਾ ਭੱਟੀ ਜਿਸ ਦਾ ਅਸਲ ਨਾਂ ਅਬਦੁੱਲਾ ਭੱਟੀ ਸੀ, ਪੰਜਾਬ ਦਾ ਅਜਿਹਾ ਨਾਇਕ ਹੈ ਜਿਸ ਨੇ ਵਕਤ ਦੇ ਹਾਕਮਾਂ ਦੀ ਈਨ ਨਹੀਂ ਮੰਨੀ ਅਤੇ ਉਨ੍ਹਾਂ ਨੂੰ ਸਿੱਧੇ ਹੋ ਕੇ ਵੰਗਾਰਿਆ ਤੇ ਉਹ ਆਮ ਬੰਦੇ ਦੇ ਹੱਕ ਖੜ੍ਹਿਆ। ਉਘੇ ਲਿਖਾਰੀ ਧਰਮ ਗੋਰਾਇਆ ਨੇ ਆਪਣੇ ਇਸ ਲੇਖ ਵਿਚ ਇਸ ਨਾਇਕ ਦੀ ਵਾਰਤਾ ਸੁਣਾਈ ਹੈ। ਖੁੱਲ੍ਹੀ ਚਿੱਠੀ ਦੇ ਰੂਪ ਵਿਚ ਲਿਖੇ ਇਸ ਲੇਖ ਦੇ ਲਿਖਾਰੀ ਨੇ ਪੰਜਾਬ ਦੀ ਨਾਬਰੀ ਦੀ ਕਥਾ ਬਿਆਨ ਕੀਤੀ ਹੈ ਅਤੇ ਦੁੱਲੇ ਦੀ ਵਾਰਤਾ ਨੂੰ ਅੱਜ ਦੇ ਕਿਸਾਨ ਸੰਘਰਸ਼ ਨਾਲ ਜੋੜਿਆ ਹੈ, ਜੋ ਅੱਜ ਦੀ ਦਿੱਲੀ ਸਰਕਾਰ ਖਿਲਾਫ ਬੇਖੌਫ ਚੱਲ ਰਿਹਾ ਹੈ। -ਸੰਪਾਦਕ*

**ਧਰਮ ਗੋਰਾਇਆ**
ਫੋਨ: 301-653-7029

ਮੇਰੇ ਦਿਲੋਂ ਅਜ਼ੀਜ਼ ਪੰਜਾਬੀਓ,
ਸਭ ਨੂੰ ਸਲਾਮ ਸਤਿ ਸ੍ਰੀ ਅਕਾਲ!

ਤੁਸੀਂ ਸੋਚੋਗੇ, ਇਸ ਨੂੰ ਰੁਖਸਤ ਹੋਇਆਂ ਚਾਰ ਸੌ ਤੀਹ ਵਰ੍ਹੇ ਬੀਤ ਗਏ, ਫਿਰ ਇਹ ਕਿਧਰੋਂ ਆਣ ਟਪਕਿਆ ਹੈ? ਓ ਨਹੀਂ ਯਾਰ! ਮੈਂ ਕਿਧਰੇ ਗਿਆ ਹੀ ਨਹੀਂ ਸਾਂ। ਤੁਹਾਡੇ ਹੀ ਆਲੇ-ਦੁਆਲੇ ਤੁਰਿਆ ਫਿਰਦਾਂ। ਖੈਰ, ਚਲੋ ਆਉ ਕੰਮ ਦੀ ਗੱਲ ਕਰਦੇ ਹਾਂ।

ਮੈਂ ਜਦ ਲਾਹੌਰ ਕਿਲ੍ਹੇ ਸੰਗ ਮੱਥਾ ਲਾਇਆ, ਲੋਕ ਸਮਝਦੇ ਸਨ, ਚਲੋ ਕੋਈ ਨਹੀਂ, ਇਨ੍ਹਾਂ ਦੀ ਬਾਦਸ਼ਾਹ ਨਾਲ ਖਾਨਦਾਨੀ ਦੁਸ਼ਮਣੀ ਹੈ, ਆਪੇ ਪਏ ਨਜਿੱਠਣ ਪਰ ਅਸਲੀ ਮਸਲਾ ਕੁਝ ਹੋਰ ਹੀ ਸੀ। ਜਦ ਮੇਰੇ ਬਾਪ-ਦਾਦੇ ਨੂੰ ਲਾਹੌਰ ਦੇ ਦਰਬਾਰੀ ਫੜ ਕੇ ਲੈ ਗਏ। ਲੋਕ ਚੁੱਪ ਸਨ। ਜਦ ਉਨ੍ਹਾਂ ਨੂੰ ਸ਼ਾਹੀ ਕਿਲ੍ਹੇ ਅੰਦਰ ਫਾਂਸੀ 'ਤੇ ਚਾੜ੍ਹ ਦਿੱਤਾ, ਲੋਕ ਉਦੋਂ ਵੀ ਚੁੱਪ ਸਨ। ਕੋਈ ਅੱਖ ਨਹੀਂ ਸੀ ਰੋਈ। ਹਾਂ, ਪਿੰਡ ਭੱਟੀਆ ਅੰਦਰ ਚੁੱਲਿਆ ਵਿਚ ਅੱਗ ਨਹੀਂ ਸੀ ਬਲੀ। ਮੈਂ ਤਾਂ ਅੱਬਾ ਦੇ ਮਰਨ ਤੋਂ ਤਿੰਨ ਮਹੀਨੇ ਬਾਅਦ ਪਿੰਡ ਚੂਚਕ ਵਿਚ ਜੰਮਿਆ ਸਾਂ। ਮੈਨੂੰ ਜਵਾਨ ਹੋਣ ਲਈ 12-13 ਵਰ੍ਹੇ ਤਾਂ ਲੱਗਣੇ ਹੀ ਸਨ ਪਰ ਲੋਕਾਂ ਦੇ ਤਾਹਨਿਆਂ-ਮਿਹਣਿਆਂ ਨੇ ਮੈਨੂੰ ਉਮਰੋਂ ਪਹਿਲਾਂ ਜਵਾਨ ਕਰ ਦਿੱਤਾ।

*ਇਹ ਉਹ ਵਕਤ ਸੀ, ਜਦ ਵਾਹੀ-ਜੋਤੀ ਦਾ ਮੰਦੜਾ ਹਾਲ ਸੀ। ਬਹੁਤੇ ਲੋਕ ਗਰੀਬੀ ਵਾਸਾ ਹੀ ਹੰਢਾ ਰਹੇ ਸਨ। ਉਨ੍ਹਾਂ ਲਈ ਹਾਕਮਾਂ ਨੂੰ ਜ਼ਮੀਨ ਦਾ ਮਾਲੀਆ ਦੇਣਾ ਬੜਾ ਔਖਾ ਸੀ। ਹਲਕਾਰੇ ਆਉਂਦੇ, ਮਾਲੀਆ ਮੰਗਦੇ ਪਰ ਅੱਗੋਂ ਕੁਝ ਨਾ ਮਿਲਦਾ। ਅਖੀਰ ਲੋਕਾਂ ਨੂੰ ਉਨ੍ਹਾਂ ਦੀਆਂ ਚਾਬਕਾਂ ਖਾਣੀਆਂ ਪੈਂਦੀਆਂ। ਉਹ ਆਪਣੀਆਂ ਬਹੂ-ਬੇਟੀਆਂ ਦੀ ਬੇਇਜ਼ਤੀ ਹੁੰਦੀ ਦੇਖਦੇ। ਲੋਕ ਫਰਿਆਦੀ ਬਣ ਕੇ ਸਾਡੀ ਹਵੇਲੀ ਆਉਂਦੇ। ਮੇਰੇ ਦਾਦਾ ਬਾਪ ਉਨ੍ਹਾਂ ਦੀ ਬਾਂਹ ਫੜਦੇ। ਮੇਰੇ ਵੱਡਿਆਂ ਕੋਲ ਚੰਗੇ ਪਸ਼ੂ ਤੇ ਜ਼ਮੀਨਾਂ ਸਨ। ਸਾਡੀ ਹਵੇਲੀ ਅੰਦਰ ਘੋੜੀਆਂ, ਊਠ, ਮੱਝਾਂ, ਗਾਵਾਂ ਤੇ ਹੋਰ ਪਤਾ ਨਹੀਂ ਕੀ-ਕੀ ਸੀ।*



ਲਾਹੌਰ ਵਿਚ ਸਥਿਤ ਦੁੱਲਾ ਭੱਟੀ ਦੀ ਮਜ਼ਾਰ।

ਇਹ ਉਹ ਵਕਤ ਸੀ, ਜਦ ਵਾਹੀ-ਜੋਤੀ ਦਾ ਮੰਦੜਾ ਹਾਲ ਸੀ। ਬਹੁਤੇ ਲੋਕ ਗਰੀਬੀ ਵਾਸਾ ਹੀ ਹੰਢਾ ਰਹੇ ਸਨ। ਉਨ੍ਹਾਂ ਲਈ ਹਾਕਮਾਂ ਨੂੰ ਜ਼ਮੀਨ ਦਾ ਮਾਲੀਆ ਦੇਣਾ ਬੜਾ ਔਖਾ ਸੀ। ਹਲਕਾਰੇ ਆਉਂਦੇ, ਮਾਲੀਆ ਮੰਗਦੇ ਪਰ ਅੱਗੋਂ ਕੁਝ ਨਾ ਮਿਲਦਾ। ਅਖੀਰ ਲੋਕਾਂ ਨੂੰ ਉਨ੍ਹਾਂ ਦੀਆਂ ਚਾਬਕਾਂ ਖਾਣੀਆਂ ਪੈਂਦੀਆਂ। ਉਹ ਆਪਣੀਆਂ ਬਹੂ-ਬੇਟੀਆਂ ਦੀ ਬੇਇਜ਼ਤੀ ਹੁੰਦੀ ਦੇਖਦੇ। ਲੋਕ ਫਰਿਆਦੀ ਬਣ ਕੇ ਸਾਡੀ ਹਵੇਲੀ ਆਉਂਦੇ। ਮੇਰੇ ਦਾਦਾ ਬਾਪ ਉਨ੍ਹਾਂ ਦੀ ਬਾਂਹ ਫੜਦੇ। ਮੇਰੇ ਵੱਡਿਆਂ ਕੋਲ ਚੰਗੇ ਪਸ਼ੂ ਤੇ ਜ਼ਮੀਨਾਂ ਸਨ। ਸਾਡੀ ਹਵੇਲੀ ਅੰਦਰ ਘੋੜੀਆਂ, ਊਠ, ਮੱਝਾਂ, ਗਾਵਾਂ ਤੇ ਹੋਰ ਪਤਾ ਨਹੀਂ ਕੀ-ਕੀ ਸੀ।

ਫਰਿਆਦੀ ਧੜਾ-ਧੜ ਆਉਂਦੇ। ਹਵੇਲੀ ਅੰਦਰ ਮਜਲਸਾਂ ਹੋਣ ਲੱਗੀਆਂ। ਲਾਗਲੇ ਪਿੰਡ ਵਿਚ ਨੌਜਵਾਨਾਂ ਨੂੰ ਬੁਲਾ ਕੇ ਸਾਰੀ ਕਹਾਣੀ ਸਮਝਾਈ ਗਈ। ਇੰਜ ਕਹਿ ਲਉ, ਲਾਹੌਰ ਤਖਤ ਦੇ ਨੱਕ ਹੇਠ ਇਕ ਹੋਰ ਤਖਤ ਬਣ ਚੁੱਕਾ ਸੀ। ਇਨ੍ਹਾਂ ਨੌਜਵਾਨਾਂ ਦੇ ਛਾਪਾਮਾਰ ਦਸਤੇ ਬਣਾਏ ਗਏ। ਇਨ੍ਹਾਂ ਨੂੰ ਘੋੜ-ਸਵਾਰੀ ਅਤੇ ਹਥਿਆਰ ਚਲਾਉਣੇ ਸਿਖਾਏ ਗਏ। ਮੁਗਲਸ਼ਾਹੀ ਦੇ ਜੂਹੋ-ਜੂਹ ਕੁਦਾਤਦੇ ਘੋੜਿਆਂ ਦੀਆਂ ਲਗਾਮਾਂ ਨੂੰ ਹੱਥ ਪੈਣ ਲੱਗੇ। ਘੋੜਿਆਂ ਦੀਆਂ ਛੱਟਾਂ ਖਾਲੀ ਲਾਹੌਰ ਨੂੰ ਜਾਂਦੀਆਂ ਤੇ ਅੱਗੇ ਇਨ੍ਹਾਂ ਦੇ ਸਵਾਰਾਂ ਨੂੰ ਮੂੰਹ ਭਰ-ਭਰ ਗਾਲਾਂ ਦਾ ਇਨਾਮ ਮਿਲਦਾ।

ਮੇਰੇ ਦਾਦਾ ਬਿਜਲੀ ਖਾਨ ਆਪਣੇ ਪੁੱਤਰ, ਮੇਰੇ ਬਾਪ ਫਰੀਦ ਖਾਂ ਭੱਟੀ ਨਾਲ ਸਾਂਦਲ ਬਾਰ ਦੀਆਂ ਆਖਰੀ ਹੱਦਾਂ ਤੱਕ ਆਪਣੇ ਪਿੰਡਾਂ ਦੇ ਲੋਕਾਂ ਦੀ ਸਾਰ ਲੈਂਦੇ। ਫਸਲ ਮਾਰੀ ਜਾਂਦੀ ਜਾਂ ਘੱਟ ਹੁੰਦੀ, ਕੋਈ ਮਾਲੀਆ ਨਹੀਂ ਸੀ ਉਗਰਾਇਆ ਜਾਂਦਾ ਪਸ਼ੂਆਂ ਦੀਆਂ ਚੋਰੀਆਂ ਰੋਕਣ ਲਈ ਸਖਤ ਪਹਿਰੇਦਾਰੀ ਸ਼ੁਰੂ ਕੀਤੀ। ਸੁਆਣੀਆਂ ਦੀ ਇੱਜ਼ਤ-ਆਬਰੂ ਦਾ ਖਾਸ ਖਿਆਲ ਰੱਖਿਆ ਜਾਂਦਾ। ਭੱਟੀਆਂ ਨੇ ਹਲਕਾਰਿਆ ਰਾਹੀਂ ਸਭਨੀਂ ਪਿੰਡੀ ਮੁਨਿਆਦੀ ਕਰਾ ਰੱਖੀ ਸੀ ਕਿ ਲਗਾਨ-ਮਾਲੀਆ ਲਾਹੌਰ ਨਹੀਂ ਜਾਣਾ ਚਾਹੀਦਾ। ਜਿਸ ਕੋਲੋਂ ਜਿੰਨਾ ਸਰਦਾ-ਬਣਦਾ ਹੋਏ, ਪਿੰਡੀ ਪਹੁੰਚਾ ਦਿਓ। ਤੁਹਾਡੇ ਜਾਨ-ਮਾਲ ਦੀ ਰਾਖੀ ਪਿੰਡੀ ਦੇ ਸੂਰਬੀਰ ਕਰਨਗੇ।

ਲਾਹੌਰ-ਦਿੱਲੀ ਦੀ ਮੁਗਲਈ ਹਾਕਮਸ਼ਾਹੀ ਵੱਲੋਂ ਨਿੱਤ ਨਵੇਂ ਜ਼ੁਲਮੋ-ਸਿਤਮ ਢਾਹੇ ਜਾਂਦੇ ਸਨ। ਜੋ ਵੀ ਹਕੂਮਤ ਵਿਰੁਧ ਬਗਾਵਤ ਕਰਦਾ, ਉਸ ਨੂੰ ਸਜ਼ਾ-ਇ-ਮੌਤ ਹੁੰਦੀ। ਮੇਰੇ ਬਾਪ-ਦਾਦੇ ਨਾਲ ਵੀ ਇਹੀ ਕੁਝ ਵਾਪਰਿਆ। ਲਾਹੌਰ ਦਰਬਾਰ ਨੇ ਸ਼ਰਤ ਰੱਖੀ ਕਿ ਜਾਂ ਤਾਂ ਮੁਗਲ ਹਕੂਮਤ ਦੀ ਈਨ ਮੰਨੋ ਜਾਂ ਸਿਰ ਕਲਮ ਹੋਣਗੇ। ਸਿਰ ਨੀਵੇਂ ਨਾ ਹੋਏ, ਕੱਟੇ ਜ਼ਰੂਰ ਗਏ। ਇਹ ਹੁੰਦਾ ਆਇਆ ਤੇ ਹੋਣਾ ਨਿਸਚਿਤ ਸੀ। ਹਮੇਸ਼ਾ ਦੋ ਧੜੇ ਰਹੇ। ਇਕ ਸਥਾਪਤੀ ਦੀ ਜੀ ਹਜ਼ੂਰੀ, ਤੇ ਦੂਜਾ ਉਸ ਦੀਆਂ ਜੜ੍ਹਾਂ ਪੁੱਟਣ ਵਾਲਾ। ਜ਼ਾਲਮਾਂ ਦਾ ਤੁਖਮ ਬਰਬਾਦ ਕਰਨ ਵਾਲਾ। ਮੈਂ ਬਾਰ ਦੇ ਸੂਰਮਿਆਂ ਦੀਆਂ ਗਾਥਾਵਾਂ ਸੁਣਦਾ-ਸੁਣਦਾ ਜਵਾਨ ਹੋਇਆ। ਖੁੱਲ੍ਹਾ ਖਾਣ-ਪੀਣ, ਦੂਰ-ਨੇੜੇ ਲਈ ਚੜ੍ਹਨ ਨੂੰ ਘੋੜੀਆਂ। ਆਪਣੇ ਯਾਰਾਂ-ਬੇਲੀਆਂ ਨਾਲ ਅਸੀਂ ਝਨਾਂ ਤੇ ਰਾਵੀ ਦਾ ਸਾਰਾ ਜੰਗਲ ਗਾਹ ਮਾਰਦੇ। ਨਿੱਤ ਸ਼ਿਕਾਰ ਖੇਡਦੇ ਤੇ ਮਨਚਾਹੀਆਂ ਅਠਖੇਲੀਆਂ ਕਰਦੇ। ਕਿਸੇ ਰੱਬ ਦੀ ਪਰਵਾਹ ਨਹੀਂ ਸੀ ਕਰਦੇ।

ਅਚਾਨਕ ਇਕ ਦਿਨ ਮੱਥੇ ਟਿੱਕਾ ਲਾਈ ਬ੍ਰਾਹਮਣ ਮਿਲ ਪਿਆ। ਸਾਡੀਆਂ ਖਰਮਸਤੀਆਂ ਸ਼ਾਇਦ ਉਸ ਨੂੰ ਨਾ ਭਾਈਆਂ। ਕਹਿਣ ਲੱਗਾ, "ਮੁੰਡਿਓ, ਕੋਈ ਚੰਗੇ ਕੰਮ ਕਰ ਲਿਆ ਕਰੋ। ਦੁਨੀਆ ਯਾਦ ਰੱਖੂ। ਮਸ਼ਹੂਰ ਹੋ ਜਾਵੋਗੇ।" ਮੈਂ ਕਿਹਾ, "ਪੰਡਤ ਜੀ, ਛੇਤੀ ਮਸ਼ਹੂਰ ਕਿੰਜ ਹੋਸੀ।" ਅੱਗੋਂ ਕਹਿੰਦਾ- "ਮਾੜੇ ਕੰਮਾਂ ਨਾਲ ਮਸ਼ਹੂਰੀ ਛੇਤੀ ਹੁੰਦੀ ਏ।" ਅਗਲੇ ਦਿਨ ਮੈਂ ਮਸੀਤੇ ਮੌਲਵੀ ਕੋਲ ਪੜ੍ਹਨ ਗਏ ਨੇ ਉਸ ਨੂੰ ਕੁੱਟ ਸੁੱਟਿਆ। ਚਾਰ-ਚੁਫੇਰੇ ਹਾਹਾਕਾਰ ਮੱਚ ਗਈ। ਹਰ ਪਾਸੇ ਦੁੱਲਾ-ਦੁੱਲਾ ਹੋਣ ਲੱਗਾ। ਸੋਚਿਆ, ਚਲੋ ਦੇਖਦੇ ਹਾਂ ਮਸ਼ਹੂਰ ਕਿੰਜ ਬਣਸੀ।

ਖੂਹੀਆਂ ਤੋਂ ਪਾਣੀ ਦੇ ਘੜੇ ਭਰਦੀਆਂ ਕੁੜੀਆਂ ਉਪਰ ਅਸੀਂ ਹੱਥੀਂ ਬਣਾਏ ਗੁਲੇਲਿਆਂ ਨਾਲ ਹਮਲਾ ਕਰਦੇ। ਉਨ੍ਹਾਂ ਦੇ ਘੜੇ ਤੋੜ ਕੇ ਮਸਤੀ ਕਰਦੇ। ਝੂਠ-ਮੂਠ ਆਪਸ ਵਿਚ ਲੜਾਈ ਲੜਦੇ। ਕੀ ਪਤਾ ਸੀ, ਕਿਸਮਤ ਵਿਚ ਮੈਦਾਨੇ-ਜੰਗ ਅੰਦਰ ਵੀ ਮੁਗਲਾਂ ਨਾਲ ਦੋ-ਦੋ ਹੱਥ ਕਰਨੇ ਲਿਖਿਆ ਸੀ। ਸਾਡੀਆਂ ਮਸਤੀਆਂ ਸਾਡੇ ਘਰਾਂ ਅੰਦਰ ਤਾਹਨੇ ਮਿਹਣੇ ਬਣਨ ਲੱਗੇ। ਕੋਈ ਕਹਿੰਦਾ ਤੇਰੇ ਵੱਡ-ਵਡੇਰੇ ਤਾਂ ਤੇਰੇ ਜੈਸੇ ਨਹੀਂ ਸਨ। ਕੋਈ ਕਹਿੰਦਾ, ਇਹ ਜ਼ਰੂਰ ਬਾਪ-ਦਾਦੇ ਦਾ ਨਾਂ ਰੌਸ਼ਨ ਕਰੂ। ਕੋਈ ਕਹਿੰਦਾ, ਜੇ ਏਡਾ ਹੀ ਸੂਰਮਾ ਏ ਤਾਂ ਆਪਣੇ ਬਾਪ-ਦਾਦੇ ਦਾ ਬਦਲਾ ਕਿਉਂ ਨਹੀਂ ਲੈਂਦਾ। ਮੇਰੀ ਜਾਣਦੀ ਬਲਾ, ਕਾਹਦਾ ਬਦਲਾ, ਕਿਹਦੇ ਕੋਲੋਂ? ਅਖੀਰ ਜਦ ਸੁਣ-ਸੁਣ ਕੰਨ ਪੱਕਣ ਲੱਗੇ ਤਾਂ ਇਕ ਦਿਨ ਮਾਈ ਲੱਧੀ ਮੂਹਰੇ ਗੁੱਸੇ ਨਾਲ ਜਾ ਪੁਛਿਆ, "ਪਿਓ-ਦਾਦੇ ਨਾਲ ਕੀ ਭਾਣਾ ਵਾਪਰਿਆ ਸੀ?" ਕਹਿੰਦੀ, "ਤੇਰੇ ਪਿਓ-ਦਾਦੇ ਤੇਰੇ ਜੈਸੇ ਨਾ ਸੀ।" ਫਿਰ ਮਾਈ ਨੇ ਸਾਰੀ ਵਿਥਿਆ ਕਹਿ ਸੁਣਾਈ। ਉਸ ਦੀਆਂ ਅੱਖਾਂ ਵਿਚੋਂ ਜਿਵੇਂ ਝਨਾਂ ਦਾ ਨੀਰ ਵਹਿ ਰਿਹਾ ਸੀ।

ਮਾਈ ਨੇ ਵੱਡੇ-ਵੱਡੇ ਜਿੰਦਰਿਆਂ ਦੀਆਂ ਚਾਬੀਆਂ ਮੇਰੇ ਅੱਗੇ ਲਿਆ ਸੁਟੀਆਂ। ਸਾਲਾਂ ਬੱਧੀ ਬੰਦ ਪਈਆਂ ਇਨ੍ਹਾਂ ਕੋਠੀਆਂ ਅੰਦਰ ਜਾਲੇ ਹੀ ਜਾਲੇ ਸਨ। ਅੰਦਰ ਹਰ ਕਿਸਮ ਦੇ ਹਥਿਆਰ ਪਏ ਸਨ। ਅੰਦਰ ਦੀ ਝਾੜ ਪੂੰਝ ਕਰ ਕੇ ਹਥਿਆਰ ਸਾਫ ਕੀਤੇ। ਅਸੀਂ ਆਪਣੇ ਸਿਰ ਝੁਕਾ ਕੇ ਇਨ੍ਹਾਂ ਨੂੰ ਆਪਣੀਆਂ ਹਿੱਕਾਂ ਨਾਲ ਲਾਇਆ। ਬੱਸ ਕਹਿ ਲਉ, ਜਿਵੇਂ ਤੁਹਾਡੇ ਕਲਗੀਆਂ ਵਾਲੇ ਨੇ ਸ਼ਸਤਰ ਦਾ ਸਨਮਾਨ ਕਰਨਾ ਕਿਹਾ ਸੀ; ਕਿਉਂਕਿ ਹਰ ਮੁਸੀਬਤ ਵਿਚ ਦੋ ਹੀ ਚੀਜ਼ਾਂ ਕੰਮ ਆਉਂਦੀਆਂ ਨੇ- ਇਕ ਤੁਹਾਡੇ ਪੱਲੇ ਸੱਚ ਹੋਵੇ ਤੇ ਦੂਜਾ ਤੁਹਾਡੇ ਕਲੋਂ ਚੰਗੇ ਹਥਿਆਰ ਹੋਵਣ। ਪਿੰਡੀ ਭੱਟੀਆਂ ਦੇ ਲੁਹਾਰਾਂ ਦੀਆਂ ਭੱਠੀਆਂ ਵਿਚ ਕਿੱਕਰਾਂ ਟਾਹਲੀਆਂ ਦੇ ਮੋਛੇ ਅੱਗ ਦੇ ਭਾਂਬੜ ਬਣ ਉਠੇ। ਭੱਠੀਆਂ ਅੰਦਰ ਲੋਹਾ ਢਲਣ ਲੱਗਾ। ਉਨ੍ਹਾਂ ਉਤੇ ਹਥੌੜੇ ਚੱਲਣ ਲੱਗੇ। ਪੁਰਾਣੇ ਹਥਿਆਰਾਂ ਨੂੰ ਸਾਣ ਲਾ ਕੇ ਉਨ੍ਹਾਂ ਦੀਆਂ ਧਾਰਾਂ ਨੂੰ ਚਮਕਦੇ ਸੂਰਜ ਵਾਂਗ ਕੀਤਾ ਗਿਆ।

ਝਨਾਂ ਦੇ ਪੱਤਣੀਂ ਰੌਣਕਾਂ ਲੱਗੀਆਂ ਰਹਿੰਦੀਆਂ। ਲਾਹੌਰ ਤੋਂ ਪੇਸ਼ਾਵਰ ਲਈ ਇਹ ਸਿੱਧਾ ਰਸਤਾ ਸੀ। ਬਹੁਤੇ ਵਪਾਰ ਲੋਕ ਘੋੜਿਆਂ ਊਠਾਂ, ਖੱਚਰਾਂ, ਖੋਤਿਆਂ ਰਾਹੀਂ ਸਮਾਨ ਲੱਦ ਕੇ ਸਾਡੇ ਪਿੰਡੋਂ ਲੰਘਦਿਆਂ ਬਾਹਰਵਾਰ ਆਪਣਾ ਪੜਾਅ ਜ਼ਰੂਰ ਕਰਦੇ। ਪਿੰਡ ਵੱਡਾ ਸੀ। ਦਰੱਖਤਾਂ ਦੀ ਸੰਘਣੀ ਛਾਂ, ਪਾਣੀ-ਚਾਰਾ ਆਮ ਸੀ। ਸਰਸਬਜ਼ ਚਾਰਗਾਹਾਂ ਕਰ ਕੇ ਸਾਡਾ ਇਲਾਕਾ ਮਸ਼ਹੂਰ ਹੋ ਚੁੱਕਾ ਸੀ।

ਹੁਣ ਸਾਨੂੰ ਆਪਣੀ ਜ਼ਿੰਦਗੀ ਦੇ ਮਕਸਦ ਦੀ ਪੂਰੀ ਸੂਝ ਆ ਚੁੱਕੀ ਸੀ। ਅਸੀਂ ਸੱਜਣਾ, ਯਾਰਾਂ, ਬੇਲੀਆਂ ਨਾਲ ਬੈਠ ਕੇ ਤੈਅ ਕਰ ਲਿਆ ਸੀ ਕਿ ਲਾਹੌਰ ਦੇ ਸ਼ਾਹੀ ਕਿਲ੍ਹੇ ਅੱਗੇ ਜਾ ਕੇ ਇਸ ਮੁਗਲਸ਼ਾਹੀ ਨੂੰ ਲਲਕਾਰਾਂਗੇ। ਜੇ ਇਸ ਜਰਵਾਣੀ ਹਕੂਮਤ ਨੇ ਆਮ ਗਰੀਬ ਕਿਸਾਨਾਂ ਤੋਂ ਜਬਰੀ ਵਸੂਲੀ ਬੰਦ ਨਾ ਕੀਤੀ, ਤਾਂ ਫਿਰ ਇਸ ਦੇ ਸਿਪਾਹ ਸਲਾਰਾਂ ਦਾ ਪਿੱਛਾ ਕਰਾਂਗੇ। ਅਸੀਂ ਇਨ੍ਹਾਂ ਦੇ ਖੈਰਖਾਹਾਂ ਨੂੰ ਲੁੱਟਾਂਗੇ, ਮਾਰਾਂਗੇ, ਜੂਹ ਬੰਦ ਵੀ ਕਰਾਂਗੇ ਤੇ ਫਿਰ ਇਹ ਸਿਲਸਲਾ ਸ਼ੁਰੂ ਹੋਇਆ।

ਅਸਾਂ ਵੱਖ-ਵੱਖ ਗੁਰੀਲਾ ਟੋਲੇ ਬਣਾ ਕੇ ਉਨ੍ਹਾਂ ਨੂੰ ਹਰ ਪੰਜ-ਪੰਜ ਕੋਹ 'ਤੇ ਤਾਇਨਾਤ ਕੀਤਾ। ਉਹ ਉਥੇ ਰਹਿੰਦੇ, ਸੌਂਦੇ, ਪਕਾਉਂਦੇ, ਖਾਂਦੇ। ਨਮਾਜ਼ ਪੜ੍ਹਨ ਵਾਲੇ ਨਮਾਜ਼ ਪੜ੍ਹਦੇ, ਆਪਣੇ ਰੱਬ ਨੂੰ ਸਿਜਦਾ ਕਰਦੇ। ਮੀਟ ਖਾਣ ਵਾਲੇ ਸ਼ਿਕਾਰ ਕਰ ਕੇ ਆਪਣਾ ਹਲਕ ਪੂਰਾ ਕਰਦੇ ਅਤੇ ਸ਼ਰਾਬ ਪੀਣ ਵਾਲੇ ਆਪਣਾ ਬੰਦੋਬਸਤ ਕਰਦੇ ਪਰ ਇਕ ਗੱਲ ਸਭ ਨੂੰ ਪਤਾ ਸੀ ਕਿ ਕਿੰਜ ਅਕੀਦੇ ਵਿਚ ਰਹਿਣਾ, ਕਿੰਜ ਕਿਸੇ 'ਤੇ ਐਵੇਂ ਵਧੀਕੀ ਨਹੀਂ ਕਰਨੀ। ਹਾਂ, ਕਿਤੇ ਗਰੀਬ ਗੁਰਬੇ 'ਤੇ ਜ਼ੁਲਮ ਹੁੰਦਾ ਹੋਵੇ, ਤਾਂ ਬੇਸ਼ਕ ਮੌਕੇ 'ਤੇ ਆਰ-ਪਾਰ ਕਰ ਦਿਉ।

ਸਾਡੇ ਪਹਿਲੇ ਟੋਲੇ ਦਾ ਸ਼ਿਕਾਰ ਮੁਗਲ ਦਰਬਾਰੀ ਅਮੀਰ ਬੇਗ ਮਾਨਕੇਰਾ ਹੋਇਆ। ਇਕ ਤਾਂ ਇਸ ਦਾ ਸ਼ਾਹੀ ਸਮਾਨ ਲੁੱਟਿਆ ਤੇ ਦੂਜਾ ਸਿਰ ਧੜ ਤੋਂ ਵੱਖ ਕਰ ਕੇ ਬੋਰੇ ਵਿਚ ਬੰਦ ਕੀਤਾ ਅਤੇ ਮਬਦਾ ਖੱਤਰੀ ਦੇ ਹੱਥ ਮੁਗਲ ਦਰਬਾਰ ਵਿਚ ਸੁਗਾਤ ਵਜੋਂ ਭੇਜਿਆ ਗਿਆ। ਨਾਲ ਇਹ ਵੀ ਕਹਿ ਘੱਲਿਆ ਕਿ ਬਾਦਸ਼ਾਹ ਨੂੰ ਕਹਿਣਾ, ਇਹ ਦੁੱਲਾ ਭੱਟੀ ਵੱਲੋਂ ਨਜ਼ਰਾਨਾ ਹੈ। ਸਾਡੇ ਟੋਲੇ ਅਮੀਰ ਲੋਕਾਂ ਨੂੰ ਲੁੱਟਦੇ ਜਿਨ੍ਹਾਂ ਵਿਚ ਵਪਾਰੀ, ਸਰਕਾਰੀ ਅਹਿਲਕਾਰ ਤੇ ਤਕੜੇ ਜਗੀਰਦਾਰ ਹੁੰਦੇ। ਅਸੀਂ ਪਹਿਲਾਂ ਆਪਣੇ ਨੌਜਵਾਨਾਂ ਦੀਆਂ ਜ਼ਰੂਰਤਾਂ, ਉਨ੍ਹਾਂ ਦੇ ਘਰਾਂ ਦੀਆਂ ਬੇਫਿਕਰੀਆਂ ਦੂਰ ਕਰਦੇ। ਚੰਗੇ ਘੋੜੇ, ਉਨ੍ਹਾਂ ਉਤੇ ਵਧੀਆ ਕਾਠੀਆਂ ਜੋ ਸਾਡੇ ਹੀ ਪਿੰਡ ਬਣਦੀਆਂ, ਵਧੀਆ ਹਥਿਆਰ, ਦੁੱਧ ਘਿਉ ਦਾ ਬੰਦੋਬਸਤ ਕਰਦੇ। ਇਸ ਤੋਂ ਬਾਅਦ ਬਚਿਆ ਪੈਸਾ ਤੇ ਰਸਦ ਅਸੀਂ ਗਰੀਬਾਂ ਵਿਚ ਤਕਸੀਮ ਕਰਦੇ। ਲੋਕ ਸਾਡੇ ਤੱਕ ਆ ਕੇ ਫਰਿਆਦਾਂ ਕਰਦੇ। ਕਿਸੇ ਤੋਂ ਜਬਰੀ ਲਗਾਨ, ਕਿਸੇ ਦੇ ਪਸ਼ੂ ਚੋਰੀ, ਕਿਸੇ ਦੀ ਧੀ ਚੁੱਕੀ ਜਾਣੀ, ਕਿਸੇ ਦੀ ਫਸਲ ਦਾ ਉਜਾੜਾ ਤੇ ਕਿਸੇ ਨਾਲ ਜ਼ਬਰਦਸਤੀ।

ਅਸੀਂ ਜਿੰਨੇ ਜੋਗੇ ਹੁੰਦੇ, ਤੁਰੰਤ ਨਿਬੇੜਾ ਕਰਦੇ। ਨਿਬੇੜਾ ਕਰਨ ਵੇਲੇ ਕਦੇ-ਕਦੇ ਅਸੀਂ ਜੋਸ਼ ਵਿਚ ਵੱਧ-ਘੱਟ ਵੀ ਕਰ ਜਾਂਦੇ। ਔਲੇ ਦਾ ਖਾਧਾ ਅਤੇ ਸਿਆਣੇ ਦਾ ਆਖਿਆ ਭੁੱਲ ਜਾਂਦੇ। ਖਦੇ-ਕਦੇ ਸਾਈਂ ਸ਼ਾਹ ਹੁਸੈਨ ਆਪਣੇ ਟੋਲੇ ਨਾਲ ਚੱਲਦੇ-ਫਿਰਦੇ ਸਾਨੂੰ ਮਿਲ ਜਾਂਦੇ। ਇਸ਼ਾਰਿਆਂ ਨਾਲ ਬੜਾ ਕੁਝ ਦੱਸ ਜਾਂਦੇ ਪਰ ਅਸੀਂ ਬਹੁਤਾ ਧਿਆਨ ਨਾ ਕਰਦੇ। ਕਿਥੇ ਜਵਾਨੀ ਦਾ ਨਸ਼ਾ ਤੇ ਕਿਥੇ ਫਕੀਰੀ ਦੀਆਂ ਗੱਲਾਂ!

ਅਕਬਰ ਦੇ ਦਰਬਾਰ ਭੇਜਿਆ ਸਾਡਾ ਨਜ਼ਰਾਨਾ ਜਲਦ ਹੀ ਰੰਗ ਲੈ ਆਇਆ। ਲਾਹੌਰ ਤੋਂ ਮੁਗਲਾਂ ਦੇ ਫੌਜੀ ਸਾਡੇ ਇਲਾਕੇ ਨੂੰ ਘੇਰ ਕੇ ਪ੍ਰੇਸ਼ਾਨ ਕਰਦੇ। ਸਾਡੇ ਲੜਾਕੇ ਯੋਧੇ ਘਾਤ ਲਾ ਕੇ ਉਨ੍ਹਾਂ 'ਤੇ ਟੁੱਟ ਪੈਂਦੇ। ਅਸੀਂ ਉਨ੍ਹਾਂ ਨੂੰ ਮਾਰ ਭਜਾਉਂਦੇ। ਆਪਣੇ ਬੰਦਾ ਸਿੰਘ ਬਹਾਦਰ ਨੇ ਵੀ ਤਾਂ ਇੰਜ ਹੀ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤੇ ਯੁੱਧ ਬਹੁਤ ਚਲਾਕ ਤੇ ਦਗਾਬਾਜ਼ ਪਹਾੜੀ ਰਾਜਿਆਂ ਖਿਲਾਫ ਹੀ ਲੜੇ। ਅੱਜ ਦੇ ਹਿੰਦੋਸਤਾਨ ਦੇ ਹਾਕਮ ਆਪਣੀਆਂ ਨੀਤੀਆਂ-ਰਣਨੀਤੀਆਂ ਨਾਲ ਤੁਹਾਡੇ ਚੁੱਲ੍ਹੇ-ਚੌਕਿਆਂ ਤੱਕ ਆਣ ਅੱਪੜੇ ਹਨ ਤੇ ਜੇ ਅਜੇ ਵੀ ਤੁਸੀਂ ਸਾਰੇ ਇਕ ਹੋ ਕੇ ਇਨ੍ਹਾਂ ਵਿਰੁਧ ਨਾ ਲੜੇ ਤਾਂ ਤੁਹਾਡੀ ਹੋਂਦ ਮਲੀਆਮੇਟ ਹੋ ਜਾਵੇਗੀ।

ਪੰਜਾਬ ਦੇ ਸਪੂਤੋ! ਅੱਜ ਤੱਕ ਤੁਸੀਂ ਕੋਈ ਮੈਦਾਨ ਨਹੀਂ ਹਾਰਿਆ। ਅੱਜ ਇਹ ਜ਼ਾਲਮ ਹਾਕਮ ਤੁਹਾਡੀ ਧਰਤੀ ਹੜੱਪਣ ਤੱਕ ਆਣ ਪਹੁੰਚੇ ਨੇ। ਇਕ ਵਾਰ ਤੁਹਾਡੀ ਜ਼ਮੀਨ 'ਤੇ ਇਨ੍ਹਾਂ ਵੱਡੇ ਘਰਾਣਿਆਂ ਦਾ ਕਬਜ਼ਾ ਹੋ ਗਿਆ, ਤਾਂ ਸਮਝ ਲਿਓ, ਤੁਹਾਡਾ ਸਭ ਕੁਝ ਲੁੱਟ ਹੋ ਗਿਆ। ਆਪਣੀ ਜ਼ਮੀਨ, ਫਸਲ ਅਤੇ ਨਸਲ ਬਚਾਉਣ ਲਈ ਤੁਸਾਂ ਦਿੱਲੀ ਤਖਤ ਨੂੰ ਸਾਰੇ ਪਾਸਿਓਂ ਘੇਰਾ ਘੱਤਿਆ ਹੋਇਆ ਹੈ। ਅੰਤਾਂ ਦੀ ਹੱਡ ਚੀਰਵੀਂ ਠੰਢ ਤੇ ਮੀਂਹ ਵਿਚ ਵੀ ਬਜ਼ੁਰਗਾਂ, ਮਾਵਾਂ, ਭੈਣਾਂ, ਭਰਾਵਾਂ, ਬੱਚਿਆਂ ਦੇ ਹੌਸਲੇ ਬੁਲੰਦ ਨੇ। ਤੁਸਾਂ ਅੱਜ ਪੂਰੇ ਮੁਲਕ ਦੇ ਕਿਸਾਨਾਂ, ਮਜ਼ਦੂਰਾਂ, ਗ਼ਰੀਬਾਂ, ਦੁਕਾਨਦਾਰਾਂ ਨੂੰ ਹੱਕਾਂ ਲਈ ਲੜਨ ਮਰਨ ਦਾ ਬਲ ਦਿੱਤਾ ਹੈ; ਕਦੇ ਬੰਦਾ ਸਿੰਘ ਬਹਾਦਰ ਨੇ, ਕਦੇ ਤੇਜਾ ਸਿੰਘ ਸੁਤੰਤਰ ਨੇ, ਤੇ ਰਹਿੰਦੀ ਕਸਰ ਅੱਜ ਤੁਸੀਂ ਉਹੀ ਕੁਝ ਕਰ ਰਹੇ ਹੋ ਜੋ ਕਿਧਰੇ ਅਧੂਰਾ ਰਹਿ ਗਿਆ ਸੀ।

ਅੱਜ ਦਾ ਸ਼ਾਤਰ ਹਾਕਮ ਸੱਚ ਤੋਂ ਕੋਹਾਂ ਦੂਰ ਜਾ ਚੁੱਕਾ ਹੈ। ਉਹ ਅਮੀਰਾਂ ਦਾ ਹੋ ਕੇ ਰਹਿ ਗਿਆ ਹੈ। ਉਸ ਨੂੰ ਅੰਨਦਾਤਾ ਨਹੀਂ ਦਿਸ ਰਿਹਾ। ਵਾਰ-ਵਾਰ ਤਾਕਤ ਵਿਚ ਕਿੰਜ ਆਉਣਾ, ਕਿੰਜ ਕੋਝੇ ਹੱਥਕੰਡੇ ਵਰਤਣੇ, ਬਸ ਇਹੀ ਹੈ ਉਸ ਦੀ ਚੌਂਤੇ ਪਹਿਰ ਦੀ ਸੋਚ। ਹਰ ਹੱਕ ਸੱਚ ਦੀ ਆਵਾਜ਼ ਉਹ ਬੰਦ ਕਰੇਗਾ, ਉਹ ਤੁਹਾਡੇ ਉਪਰ ਬੰਬ ਬਾਰੂਦ ਵਰਤੇਗਾ, ਉਹ ਤੁਹਾਨੂੰ ਲਾਲਚ ਦੇਵੇਗਾ, ਤੁਹਾਡੇ ਅੰਦਰ ਫੁੱਟ ਪੈਦਾ ਕਰੇਗਾ ਪਰ ਤੁਹਾਨੂੰ ਅਡੋਲ ਰਹਿਣਾ ਪਵੇਗਾ। ਤੁਹਾਡਾ ਨਿਸ਼ਾਨਾ ਬਹੁਤ ਉਚਾ ਹੈ। ਦੇਖਣਾ, ਕਿਧਰੇ ਤੁਹਾਡੇ ਚੁੱਲ੍ਹਿਆਂ ਵਿਚ ਘਾਹ ਨਾ ਉੱਗ ਆਵੇ!

ਪੰਜਾਬ ਦੇ ਸਪੂਤੋ, ਤੁਹਾਡਾ ਵਿਰਸਾ ਦੁਨੀਆ ਭਰ ਵਿਚ ਵਿਲੱਖਣ ਹੈ ਤੇ ਵਿਲੱਖਣ ਰਹੇਗਾ।

ਇਹ ਗੱਲ ਮੈਨੂੰ ਪਤਾ, ਤੁਸੀਂ ਮੈਨੂੰ ਲੋਹੜੀ ਮੌਕੇ ਯਾਦ ਕਰਦੇ ਹੋ ਪਰ ਮੈਂ ਤਾਂ ਹਰ ਘੜੀ, ਹਰ ਪਲ ਹੀ ਤੁਹਾਡੇ ਵਿਚ ਰਹਿੰਦਾ ਹਾਂ ਅਤੇ ਪੰਜਾਬ ਦੀਆਂ ਧੀਆਂ, ਭੈਣਾਂ, ਭਰਾਵਾਂ ਦੀ ਸਲਾਮਤੀ ਲਈ ਦੁਆ ਕਰਦਾ ਰਹਿੰਦਾ ਹਾਂ। ਇਸ ਦਾ ਗਵਾਹ ਸ਼ਾਹ ਹੁਸੈਨ ਆਪ ਹੈ ਜਿਸ ਨੇ ਮੈਨੂੰ ਜਾਂਦੇ-ਜਾਂਦੇ ਕਿਹਾ ਸੀ:

ਯਾ ਦਿਲਵਰ ਯਾ ਸਿਰ ਕਰ ਪਿਆਰਾ।
ਜੇ ਤੂੰ ਹੈਂ ਮੁਸ਼ਤਾਕ ਯਗਾਨਾ।
ਸਿਰ ਦੇਵਣ ਦਾ ਛੋਡਿ ਬਹਾਨਾ।
ਦੁੱਲੇ ਦੇ ਲਾਲ ਲਬਾਂ ਦੇ ਲਾਰੇ।
ਸੂਲੀ ਉਪਰ ਚੜ੍ਹ ਲੈ ਹੁਲਾਰੇ।



ਦਿੱਲੀ ਬਾਰਡਰ ਉਤੇ ਨਾਅਰੇ ਬੁਲੰਦ ਕਰ ਰਹੇ ਕਿਸਾਨ।

# ਕਿਸਾਨੀ ਸਭਿਆਚਾਰ ਦਾ ਤਿਉਹਾਰ: ਲੋਹੜੀ

**ਸਭਿਆਚਾਰ**

ਲੋਹੜੀ ਦਾ ਤਿਉਹਾਰ ਪੋਹ ਮਹੀਨੇ ਦੀ ਅਖੀਰਲੀ ਰਾਤ ਨੂੰ ਅੱਗ ਮਚਾ ਕੇ ਮਨਾਇਆ ਜਾਂਦਾ ਹੈ, ਭਾਵ ਇਹ ਮਾਘ ਮਹੀਨੇ ਦੀ ਸੰਗਰਾਂਦ ਦੀ ਪੂਰਵ ਸੰਧਿਆ ਨੂੰ ਮਨਾਇਆ ਜਾਂਦਾ ਹੈ। ਅੰਗਰੇਜ਼ੀ ਕੈਲੰਡਰ ਦੇ ਹਿਸਾਬ ਨਾਲ ਇਹ 12-13 ਜਨਵਰੀ ਨੂੰ ਹੁੰਦਾ ਹੈ। ਜਿੱਥੇ ਦੀਵਾਲੀ ਸਰਦ-ਰੁੱਤ ਦਾ ਆਗਮਾਨੀ-ਤਿਉਹਾਰ ਮੰਨਿਆ ਜਾਂਦਾ ਹੈ, ਉਥੇ ਲੋਹੜੀ ਨੂੰ ਸਰਦੀ ਦੀ ਚਰਮ-ਸੀਮਾ ਦਾ ਤਿਉਹਾਰ ਕਿਹਾ ਜਾ ਸਕਦਾ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਲੋਹੜੀ ਪੰਜਾਬ ਵਿਚ ਪ੍ਰਚੱਲਿਤ ਕਿਸੇ ਸਮੇਂ ਸੂਰਜ ਦੇਵਤੇ ਦੀ ਕੀਤੀ ਜਾਂਦੀ ਪੂਜਾ ਦਾ ਹੀ ਰਹਿੰਦ ਹੈ। ਇਨ੍ਹਾਂ ਮਹੀਨਿਆਂ ਵਿਚ ਸੂਰਜ ਧਰਤੀ ਤੋਂ ਕਾਫੀ ਦੂਰ ਹੁੰਦਾ ਹੈ ਅਤੇ ਉਸ ਦੀਆਂ ਕਿਰਨਾਂ ਧਰਤੀ ਉੱਤੇ ਪਹੁੰਚਦਿਆਂ ਬਹੁਤੀਆਂ ਗਰਮ ਨਹੀਂ ਰਹਿੰਦੀਆਂ। ਆਦਿ ਵਾਸੀ ਮਾਨਵ ਇਸ ਪ੍ਰਕ੍ਰਿਆ ਨੂੰ ਸੂਰਜ ਦੀ ਤਪਸ਼ ਘਟ ਜਾਣ ਨਾਲ ਜੋੜਦੇ ਸਨ ਅਤੇ ਸੂਰਜ ਦੇ ਚਾਨਣ ਤੇ ਤਪਸ਼ ਨੂੰ ਮੁੜ ਸੁਰਜੀਤ ਕਰਨ



**ਡਾ: ਆਸਾ ਸਿੰਘ ਘੁੰਮਣ**
ਨਡਾਲਾ (ਕਪੂਰਥਲਾ)
ਵਟਸਐਪ: 91-97798-53245

ਲਈ ਲੋਹੜੀ ਦੀ ਅੱਗ ਮਚਾਈ ਜਾਂਦੀ ਸੀ। ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਲੋਹੜੀ ਸ਼ਬਦ ਤਿਲ ਅਤੇ ਰੋੜੀ ਦੇ ਸੁਮੇਲ ਤੋਂ ਬਣਿਆ ਭਾਸਦਾ ਹੈ। ਇਸ ਦਿਨ ਲੋਕ ਤਿਲ ਅਤੇ ਗੁੜ ਦੀ ਰੋੜੀ ਖਾਂਦੇ ਤੇ ਵੰਡਦੇ ਸਨ। ਸ਼ਾਇਦ ਇਸ ਦਿਨ ਨੂੰ 'ਤਿਲਰੋੜੀ' ਕਿਹਾ ਜਾਂਦਾ ਹੋਵੇ, ਜੋ ਹੌਲੀ ਹੌਲੀ 'ਲੋਹੜੀ' ਬਣ ਗਿਆ।

ਡਾ. ਨਵਰਤਨ ਕਪੂਰ ਅਨੁਸਾਰ 'ਲੋਹੜੀ' ਸ਼ਬਦ ਦਾ ਨਿਕਾਸ 'ਲੋਂਹਡੀ' ਤੋਂ ਹੋਇਆ ਲੱਗਦਾ ਹੈ। ਮੁਖ-ਸੁਖ ਕਾਰਨ ਲੋਂਹਡੀ ਦੀ ਬਿੰਦੀ ਲੋਪ ਹੋ ਗਈ ਅਤੇ 'ਡ' ਵੀ 'ੜ' ਵਿਚ ਬਦਲ ਗਿਆ। ਗੋਪਾਲ ਸਿੰਘ ਦੇ 'ਬਾਰਾਮਾਹ ਦਿਉਰ ਭਾਬੀ' ਵਿਚ ਵੀ ਇਸ ਤਰ੍ਹਾਂ ਦਾ ਜ਼ਿਕਰ ਹੈ,

ਰਾਤੀਂ ਤਿਲ ਲੋਂਹਡੀ ਵਿਚ ਪਾਈਏ
ਮਾਘ ਮਹੀਨਾ ਆਇਆ ਈ,
ਜਾਵੀਂ ਦਿਉਰਾ ਤਿਲ ਲਿਆਵੀਂ
ਮਾਘ ਮਹੀਨਾ ਆਇਆ ਈ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਇਸ ਤਿਉਹਾਰ ਦੇ ਨਾਮਕਰਣ ਬਾਰੇ ਕੁਝ ਵੀ ਅੰਤਿਮ ਨਹੀਂ ਕਿਹਾ ਜਾ ਸਕਦਾ, ਪਰ ਇਹ ਸੱਚ ਹੈ ਕਿ ਲੋਹੜੀ ਦਾ ਸਬੰਧ ਅਗਨੀ-ਪੂਜਾ ਨਾਲ ਹੈ। ਪੁਰਾਣੇ ਜ਼ਮਾਨਿਆਂ ਵਿਚ ਮਨੁੱਖ ਦੀ ਸਭ ਤੋਂ ਵੱਡੀ ਜ਼ਰੂਰਤ ਅਤੇ ਸਹੂਲਤ ਅੱਗ ਸੀ। ਘਰਾਂ ਵਿਚ ਅੱਗ ਵਰਤਣ ਤੋਂ ਬਾਅਦ ਇਸ ਤਰ੍ਹਾਂ ਦੱਬ ਦਿੱਤੀ ਜਾਂਦੀ ਸੀ ਕਿ ਉਹ ਜ਼ਿੰਦਾ ਰਹੇ ਅਤੇ ਜਦੋਂ ਮਨ ਚਾਹੇ ਫੇਰ ਮਘਾ ਲਈ ਜਾਵੇ; ਪਰ ਕਈ ਵਾਰ ਜਦ ਕਿਤੇ ਦੱਬੀ ਅੱਗ ਸੌਂ ਜਾਵੇ ਜਾਂ ਮਰ ਜਾਵੇ ਤਾਂ ਅੱਗ ਗੁਆਂਢੀਆਂ ਕੋਲੋਂ ਮੰਗਣੀ ਪੈਂਦੀ ਸੀ, ਜੋ ਬਦਸ਼ਗਨੀ ਸਮਝੀ ਜਾਂਦੀ ਸੀ- ਦੇਵਤੇ ਨਾਰਾਜ਼ ਹੁੰਦੇ ਸਨ। ਅੱਗ ਦੀ ਸਭ ਤੋਂ ਵੱਧ ਜ਼ਰੂਰਤ ਵੀ ਸਰਦੀਆਂ ਵਿਚ ਹੀ ਹੁੰਦੀ ਸੀ ਅਤੇ ਅੱਗ ਬੁੱਝਦੀ-ਮਰਦੀ ਵੀ ਜ਼ਿਆਦਾ ਸਰਦੀਆਂ ਵਿਚ ਹੀ ਸੀ। ਇਸ ਲਈ ਪਿੰਡ ਵਿਚ ਸਾਂਝੇ ਤੌਰ 'ਤੇ ਬਾਲਣ ਇਕੱਠਾ ਕਰਕੇ ਵੱਡੀ ਅਗਨੀ ਬਾਲੀ ਜਾਂਦੀ ਸੀ। ਖਾਸ ਤੌਰ 'ਤੇ ਉਨ੍ਹਾਂ ਘਰਾਂ ਵਿਚ ਲੋਹੜੀ ਮੰਗੀ ਜਾਂਦੀ ਸੀ, ਜਿਨ੍ਹਾਂ ਘਰਾਂ ਵਿਚ ਕੁਦਰਤ ਨੇ ਖੁਸ਼ੀਆਂ ਬਖਸ਼ੀਆਂ ਹੋਣ: ਮੁੰਡੇ ਦਾ ਵਿਆਹ ਹੋਇਆ ਹੋਵੇ ਜਾਂ ਉਸ ਘਰ ਲੜਕੇ ਦੀ ਦਾਤ ਆਈ ਹੋਵੇ। ਰਾਤ ਦੇਰ ਗਏ ਤੱਕ ਸਾਰੇ ਜਣੇ ਅੱਗ ਸੇਕਦੇ ਗੀਤ/ਗਾਣੇ ਗਾਉਂਦੇ, ਭੰਗੜੇ ਪਾਏ ਜਾਂਦੇ ਅਤੇ ਗੁੜ, ਭੁੱਜੇ ਦਾਣੇ, ਮੂੰਗਫਲੀ, ਤਿਲ ਆਦਿ ਖਾਧੇ/ਚੱਬੇ ਜਾਂਦੇ; ਅਤੇ ਫਿਰ ਅੱਗ ਦਬਾ ਦਿੱਤੀ ਜਾਂਦੀ। ਅਗਲੇ ਦਿਨ ਤੱਕ ਜਦੋਂ ਕੋਈ ਚਾਹੇ ਏਥੋਂ ਅੱਗ ਲਿਜਾ ਸਕਦਾ ਸੀ। ਲੋਹੜੀ ਦੇ ਭੁੱਗੇ ਦੀ ਅੱਗ ਘਰ ਲਿਜਾਣ ਦੀ ਪਰੰਪਰਾ ਅੱਜ ਵੀ ਤੁਰੀ ਆਉਂਦੀ ਹੈ।

ਲੋਹੜੀ ਦਾ ਸਮੂਹਿਕ ਤੌਰ 'ਤੇ ਮਨਾਉਣਾ ਕਈ ਪੱਖਾਂ ਤੋਂ ਵੈਦਿਕ ਸਮਿਆਂ ਵਿਚ ਕੀਤੇ ਜਾਂਦੇ ਯੱਗਾਂ ਦੇ ਤੱਤਾਂ ਦੀ ਮੌਜੂਦਗੀ ਪੱਖੋਂ ਵੀ ਵਿਚਾਰਿਆ ਜਾ ਸਕਦਾ ਹੈ। ਗ੍ਰਹਿਸਥੀ ਮਨੁੱਖ ਲਈ ਨਿਸ਼ਚਿਤ ਕੀਤੇ ਯੱਗਾਂ ਦੇ ਕਈ ਤੱਤ ਲੋਹੜੀ ਦੇ ਮਘਾਉਣ ਵਿਚ ਮੌਜੂਦ ਹਨ। ਵੇਦਾਂ ਵਿਚ ਅਗਨੀ-ਯੱਗ ਕਰਨੇ, ਉਨ੍ਹਾਂ ਨੂੰ ਸਰਦੇ-ਬਣਦੇ ਦੀ ਆਹੂਤੀ ਦੇਣੀ ਜਿਵੇਂ ਘਿਉ, ਚੌਲ, ਤਿਲ ਆਦਿ। ਯੱਗ ਵਿਚ ਸਭ ਨੂੰ ਸ਼ਾਮਲ ਕਰਨਾ ਅਤੇ ਪ੍ਰਸ਼ਾਦ ਛਕਾਉਣਾ ਆਦਿ ਸਭ ਕੁਝ ਹੀ ਲੋਹੜੀ-ਕੁੰਡ ਵਿਚ ਸ਼ਾਮਲ ਹੁੰਦਾ ਹੈ। ਲੋਹੜੀ ਮੰਗਣ ਵਿਚ, ਬਾਲਣ ਵਿਚ, ਸੇਕਣ ਵਿਚ ਅਤੇ ਮੂੰਗਫਲੀ, ਦਾਣੇ ਆਦਿ ਚੱਬਣ ਵਿਚ ਸਾਰਾ ਪਿੰਡ ਸ਼ਾਮਲ ਹੁੰਦਾ ਹੈ।

ਲੋਹੜੀ ਵਾਲੇ ਦਿਨ ਕੁੜੀਆਂ-ਮੁੰਡਿਆਂ ਦੀਆਂ ਟੋਲੀਆਂ ਗੀਤ ਗਾ ਕੇ ਖੁਸ਼ੀ ਵਾਲੇ ਘਰੋਂ ਲੋਹੜੀ ਮੰਗਦੀਆਂ ਹਨ। ਇਹ ਲੋਹੜੀ ਪਹਿਲੇ ਸਮਿਆਂ ਵਿਚ ਭੁੱਜੇ ਹੋਏ ਮੱਕੀ ਦੇ ਦਾਣੇ ਅਤੇ ਗੁੜ ਦੇ ਰੂਪ ਵਿਚ ਦਿੱਤੀ ਜਾਂਦੀ ਸੀ। ਸਮਾਂ ਬਦਲਣ ਨਾਲ ਮੱਕੀ ਦੇ ਫੁੱਲਿਆਂ ਦੀ ਥਾਂ ਮੂੰਗਫਲੀ ਨੇ ਲੈ ਲਈ ਅਤੇ ਗੁੜ ਦੀ ਥਾਂ ਰਿਉੜੀਆਂ ਨੇ। ਕਈ ਪਿੰਡਾਂ ਵਿਚ ਕੁੜੀਆਂ-ਮੁੰਡੇ ਲੋਹੜੀ ਤੋਂ ਹਫਤਾ-ਦੱਸ ਦਿਨ ਪਹਿਲਾਂ ਤੋਂ ਕੱਚੀ ਲੋਹੜੀ ਮੰਗਣ ਲੱਗਦੇ। ਕੁੜੀਆਂ ਤੇ ਮੁੰਡਿਆਂ ਵੱਲੋਂ ਗਾਏ ਜਾਂਦੇ ਗੀਤਾਂ ਤੋਂ ਸਾਫ ਜਾਹਰ ਹੈ ਕਿ ਲੋਹੜੀ ਸ਼ੁਰੂਆਤੀ ਦਿਨਾਂ ਵਿਚ ਜ਼ਰੂਰੀ ਹੀ ਕਿਸਾਨੀ-ਘਰਾਂ ਤੋਂ ਮੰਗੀ ਜਾਂਦੀ ਹੋਵੇਗੀ।

ਹੋਰ ਕਾਰੋਬਾਰ ਕਰਨ ਵਾਲੇ ਆਪਣੀਆਂ ਲੋੜਾਂ ਲਈ ਕਿਸਾਨਾਂ 'ਤੇ ਨਿਰਭਰ ਸਨ। ਠੰਡ ਤੋਂ ਬਚਣ ਲਈ ਬਾਲਣ ਅਤੇ ਖਾਣ-ਪੀਣ ਵਾਲੀਆਂ ਸਭ ਵਸਤੂਆਂ ਦਾ ਸ੍ਰੋਤ ਕਿਸਾਨ ਹੀ ਸੀ। ਲੱਕੜਾਂ ਅਤੇ ਪਾਥੀਆਂ ਵੀ ਕਿਸਾਨ ਘਰੋਂ ਹੀ ਮਿਲਣੀਆਂ ਹੁੰਦੀਆਂ ਸਨ ਅਤੇ ਸਰਦੀਆਂ ਵਿਚ ਖਾਣ-ਚੱਬਣ ਵਾਲੀਆਂ ਚੀਜਾਂ ਜਿਵੇਂ ਗੁੜ, ਸ਼ੱਕਰ, ਫੁੱਲੇ, ਤਿਲ, ਮੂੰਗਫਲੀ ਸਿਰਫ ਜੱਟ/ਕਿਸਾਨ ਦੇ ਘਰੋਂ ਹੀ ਉਪਲਬਧ ਸਨ। ਇੱਕ ਲੋਕ-ਗੀਤ ਵਿਚ ਅਜਿਹੇ ਖਾਧ-ਪਦਾਰਥ ਦੀ ਮੰਗ ਗੀਤ ਗਾ ਕੇ ਏਦਾਂ ਕੀਤੀ ਗਈ ਹੈ,

ਹਰਨ ਮਾਰੀ ਛਾਲ, ਦੇ ਪੜੋਪੀ ਦਾਲ
ਹਰਨ ਮਾਰੀ ਚੁੰਗੀ, ਦੇ ਪੜੋਪੀ ਮੂੰਗੀ
ਹਰਨ ਮਾਰੀ ਟੱਕਰ, ਦੇ ਮਾਈ ਸ਼ੱਕਰ
ਹਰਨ ਪਿਆ ਬੋਲੇ, ਦੇ ਮਾਈ ਫੁੱਲੇ





ਹਰਨ ਮਾਰਿਆ ਨਿਓਲ, ਦੇ ਪੜੋਪੀ ਚਾਓਲ
ਹਰਨ ਮਾਰੀ ਬਿੱਲੀ, ਟੁਰ ਗਏ ਨੇ ਦਿੱਲੀ।

ਅੰਨ-ਉਤਪਾਦਕ ਹਮੇਸ਼ਾ ਤੋਂ ਸਖੀ ਰਿਹੈ, ਇਸ ਲਈ ਉਸ ਦੇ ਅਹਿਸਾਨਮੰਦ ਹੋਣਾ ਇਖਲਾਕੀ ਫਰਜ਼ ਬਣਦਾ ਹੈ ਭਾਵੇਂ ਕਿ ਇਹ ਵੀ ਸੱਚ ਹੈ ਕਿ ਅੰਨ-ਉਤਪਾਦਕ ਖੁਦ ਅਸਲੀ ਅੰਨ ਦਾਤੇ ਦਾ, ਦਿੱਤੀਆਂ ਫਸਲਾਂ ਲਈ ਸ਼ੁਕਰ-ਗੁਜ਼ਾਰ ਹੁੰਦੈ। ਲੋਹੜੀ ਮੰਗਣ ਵੇਲੇ ਕਿਸਾਨ ਦੇ ਕੁਨਬੇ ਦੀਆਂ ਸੱਤੇ ਖੈਰਾਂ ਮੰਗੀਆਂ ਜਾਂਦੀਆਂ ਹਨ,

ਲੋਹੜੀ ਬਈ ਲੋਹੜੀ ਏ
ਕਲਮਦਾਨ ਵਿਚ ਘਿਉ
ਜੀਵੇ ਮੁੰਡੇ ਦਾ ਪਿਉ
ਕਲਮਦਾਨ ਵਿਚ ਕਾਂ
ਜੀਵੇ ਮੁੰਡੇ ਦੀ ਮਾਂ
ਕਲਮਦਾਨ ਵਿਚ ਕਾਨਾ
ਜੀਵੇ ਮੁੰਡੇ ਦਾ ਨਾਨਾ
ਕਲਮਦਾਨ ਵਿਚ ਕਾਨੀ
ਜੀਵੇ ਮੁੰਡੇ ਦੀ ਨਾਨੀ
ਲੋਹੜੀ ਬਈ ਲੋਹੜੀ
ਦਿਉ ਬੀਬੀਓ ਲੋਹੜੀ।

ਲੋਹੜੀ ਮੰਗਣ ਵਾਲਿਆਂ ਨੂੰ ਪਤਾ ਹੁੰਦੈ ਕਿ ਫਸਲਾਂ ਦੇ ਮਾਲਕ ਦੇ ਘਰ ਵੰਡਣ ਲਈ ਬਹੁਤ ਕੁਝ ਹੁੰਦੈ, ਪਰ ਲੁਟਾਉਣ ਲਈ ਨਹੀਂ। ਇਸ ਲਈ ਸੁਆਣੀ ਨੇ ਸੋਚ-ਸਮਝ ਕੇ ਹੀ ਵੰਡਣਾ ਹੁੰਦੈ। ਸਾਰੇ ਦਿਨ ਵਿਚ ਕੁੜੀਆਂ-ਮੁੰਡਿਆਂ ਦੀਆਂ ਦਰਜਨਾਂ ਹੀ ਟੋਲੀਆਂ ਮੰਗਣ ਲਈ ਚੜ੍ਹੀਆਂ ਰਹਿੰਦੀਆਂ ਹਨ। ਉਨ੍ਹਾਂ ਨੂੰ ਦਰਜ-ਬ-ਦਰਜਾ ਖੁਸ਼ ਰੱਖਣਾ ਹੁੰਦਾ ਹੈ, ਪਰ ਨਾਲ ਹੀ ਪਰਮਾਤਮਾ ਦੇ ਮਿਹਰ-ਕਰਮ ਨਾਲ ਆਈਆਂ ਫਸਲਾਂ ਲਈ ਹਰ ਕਿਸੇ ਦੀ ਅਸੀਸ ਵੀ ਲੈਣੀ ਹੁੰਦੀ ਹੈ। ਇਸ ਕਮਜ਼ੋਰੀ ਨੂੰ ਮੰਗਣ ਵਾਲੇ ਵੀ ਜਾਣਦੇ ਹੁੰਦੇ ਹਨ। ਇੱਕ ਗੀਤ ਤੋਂ ਪਤਾ ਲੱਗਦੈ ਕਿ ਕਿਸਾਨ-ਘਰ ਵਿਚ ਕੀ ਕੁਝ ਪਿਆ ਹੈ, ਵੰਡਣ ਲਈ,

ਜਿਹੜਾ ਦੇਵੇ ਗੰਨਾ
ਉਹਦਾ ਪੁੱਤਰ ਲੰਮਾ,
ਜਿਹੜਾ ਦੇਵੇ ਕਣਕ ਜੁਆਰ
ਉਹਦਾ ਪੁੱਤਰ ਠਾਣੇਦਾਰ,
ਜਿਹੜਾ ਦੇਵੇ ਪਾਥੀ
ਉਹਦਾ ਪੁੱਤਰ ਹਾਥੀ,
ਜਿਹੜਾ ਦੇਵੇ ਗੋਹਟਾ
ਉਹਦਾ ਪੁੱਤਰ ਚੋਹਟਾ,
ਜਿਹੜਾ ਦੇਵੇ ਲੱਪ ਜਵੈਣ
ਉਹਦਾ ਪੁੱਤਰ ਹਾਫੂ ਡੈਣ।

ਕਿਸਾਨ ਦੇ ਘਰ ਤੋਂ ਹਰ ਕਿਸੇ ਨੂੰ ਆਸ ਹੁੰਦੀ ਹੈ। ਲੋੜਵੰਦਾਂ ਵਿਚ ਮਨੁੱਖਾਂ ਤੋਂ ਬਿਨਾਂ ਪਸੂ-ਪੰਛੀ, ਜੀ-ਜਿਤਰੂ, ਸਭ ਸ਼ਾਮਲ ਹੁੰਦੇ ਹਨ। ਕਿਸਾਨ ਕਦੀ ਨਹੀਂ ਚਾਹੁੰਦਾ ਕਿ ਉਹਦੇ ਘਰੋਂ ਕੋਈ ਬੇ-ਜ਼ੁਬਾਨਾਂ ਵੀ ਭੁੱਖਾ ਜਾਵੇ। ਲੜਕੀਆਂ ਦੀ ਇੱਕ ਟੋਲੀ ਲੋਹੜੀ ਮੰਗਣ ਸਮੇਂ ਕਿੰਨੀ ਸੰਵੇਦਨਸ਼ੀਲਤਾ ਵਿਖਾਉਂਦੀਆਂ ਹਨ ਕਿ ਆਪਣੀ ਮੰਗ ਦੇ ਨਾਲ ਹੀ ਬੇ-ਜ਼ੁਬਾਨੇ ਦੀ ਮੰਗ ਪ੍ਰਤੀ ਵੀ ਘਰ-ਮਾਲਕਣ ਨੂੰ ਸੁਚੇਤ ਕਰ ਦਿੰਦੀਆਂ ਹਨ,

ਪਾ ਮਾਈ ਪਾ
ਕਾਲੇ ਕੁੱਤੇ ਨੂੰ ਵੀ ਪਾ,
ਕਾਲਾ ਕੁੱਤਾ ਦਈ ਦੁਆਈਂ
ਤੇਰੀ ਜੀਵੇ ਮੱਝੀ ਗਾਈਂ,
ਮੱਝੀ ਗਾਈਂ ਦਿੱਤਾ ਦੁੱਧ
ਤੇਰੇ ਜੀਵਣ ਸੱਤੇ ਪੁੱਤ,
ਸੱਤਾਂ ਪੁੱਤਾਂ ਦੀ ਵਧਾਈ
ਥਾਲ ਭਰਕੇ ਲਿਆਈਂ,
ਨਾਲ ਗੁੜ ਵੀ ਲਿਆਈਂ
ਲੋਹੜੀ ਬਈ ਲੋਹੜੀ
ਦਿਉ ਬੀਬੀਓ ਲੋਹੜੀ।

ਕਿੰਨੇ ਅਫਸੋਸ ਦੀ ਗੱਲ ਹੈ ਕਿ ਦੇਸ਼ ਵਾਸੀਆਂ ਦੀਆਂ ਸਾਰੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਾਲਾ, ਲੋਹੜੀਆਂ ਮੰਗਣ ਵਾਲਿਆਂ ਦੀਆਂ ਝੋਲੀਆਂ ਭਰਣ ਵਾਲਾ ਹਿੰਦੁਸਤਾਨ ਦਾ ਕਿਸਾਨ ਅਤੇ ਖਾਸ ਤੌਰ 'ਤੇ ਉੱਤਰੀ ਭਾਰਤ ਦਾ ਕਿਸਾਨ ਅੱਜ ਸੜਕਾਂ 'ਤੇ ਰੁਲ ਰਿਹੈ। ਇਨ੍ਹਾਂ ਸੱਤਾਧਾਰੀਆਂ ਨੂੰ ਕੋਈ ਯਾਦ ਕਰਾਵੇ ਕਿ ਕਿਸਾਨ ਆਪਣਾ ਖੇਤ ਤਿਆਰ ਕਰਕੇ, ਬੀਜ ਪਾਉਣ ਤੋਂ ਪਹਿਲਾਂ ਪਤੈ ਕੀ ਅਰਦਾਸ ਕਰਦੈ?

ਜੀਅ ਜੰਤ ਦੇ ਭਾਗੀਂ
ਆਏ-ਗਏ ਦੇ ਭਾਗੀਂ
ਚਿੜੀ-ਚੜ੍ਹੰਗੇ ਦੇ ਭਾਗੀਂ
ਡੰਗਰ-ਵੱਛੇ ਦੇ ਭਾਗੀਂ
ਰਾਹੀ-ਪਾਂਧੀ ਦੇ ਭਾਗੀਂ
ਹਾਲੀ-ਪਾਲੀ ਦੇ ਭਾਗੀਂ
ਸੀਰੀ-ਸਾਂਝੀ ਦੇ ਭਾਗੀਂ
ਸਕੇ-ਸਬੰਧੀ ਦੇ ਭਾਗੀਂ ਤੇ
(ਅਖੀਰ ਵਿਚ) ਘਰ-ਪਰਿਵਾਰ ਦੇ ਭਾਗੀਂ।

ਸੱਤਾਧਾਰੀਆਂ ਨੂੰ ਇਹ ਵੀ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਅਜਿਹੀਆਂ ਸੁੱਖਾਂ ਮੰਗਣ ਵਾਲਾ ਜਦ ਬਦ-ਦੁਆਵਾਂ ਦੇਣ 'ਤੇ ਆਉਂਦਾ ਹੈ ਤਾਂ ਪਰਮਾਤਮਾ ਉਸ ਦੀ ਬੜੀ ਨੇੜੇ ਹੋ ਕੇ ਸੁਣਦਾ ਹੈ। ਕਿਸਾਨ ਬਾਖੂਬੀ ਜਾਣਦਾ ਹੈ ਕਿ ਉਸ ਪਰਮਾਤਮਾ ਦੇ ਘਰ ਦੇਰ ਤਾਂ ਹੈ ਪਰ ਅੰਧੇਰ ਨਹੀਂ ਹੈ।

## ਹੱਕ-ਸੱਚ ਦੀ ਸਦਾ

*-ਚੰਨ, 908-788-8427*

ਹੱਕ, ਸੱਚ ਦੀ ਸਦਾ ਅੱਜ ਫਿਰ ਉੱਠੀ ਪੰਜਾਬ ਤੋਂ
ਮੁਲਕ ਦੇ ਅੰਨਦਾਤੇ ਨੂੰ ਜਗਾਇਆ ਡੂੰਘੇ ਖਾਬ ਤੋਂ।

ਸਰਮਾਇਦਾਰੀ ਕਿਸ ਤਰ੍ਹਾਂ ਲੁੱਟ ਰਹੀ ਕਿਸਾਨ ਨੂੰ
ਭੋਲੇ ਮਿਹਨਤਕਸ਼ਾਂ ਨੂੰ ਬੇਈਮਾਨਾਂ ਦੇ ਹਿਸਾਬ ਤੋਂ।

ਧਰਤੀ ਦੇ ਵਾਹਦ ਮਾਲਕ ਬੇਦਖਲ ਕੀਤੇ ਜਾ ਰਹੇ
ਮੁਲਕ ਦੇ ਲੁਟੇਰੇ ਰਹਿਬਰ, ਆਕੀ ਹੋਏ ਜਵਾਬ ਤੋਂ।

ਓ ਫਿਰਕਾਪ੍ਰਸਤ ਜਨੂੰਨੀ ਬੇਸ਼ਊਰ ਤੇ ਠੱਗ ਹਾਕਮੋ
ਕੀਮਤੀ ਹੈ ਮੁੜ੍ਹਕੇ ਦੀ ਬੂੰਦ ਗੌਹਰੇ ਨਾ-ਯਾਬ ਤੋਂ।

ਅੰਨਦਾਤੇ ਦੀ ਬਦੌਲਤ ਘਰਾਂ 'ਚ ਚੁੱਲ੍ਹੇ ਬਲ ਰਹੇ
ਬਚਿਆ ਬੈਠਾ ਏ ਮੁਲਕ ਭੁੱਖਮਰੀ ਦੇ ਅਜ਼ਾਬ ਤੋਂ।

ਲੋਕ ਤਾਕਤ ਅੱਗੇ ਅੱਜ ਤੱਕ ਨਹੀਂ ਕੋਈ ਤਗਿਆ
ਹੋ ਜਾਂਦਾ ਏ ਬਚਣਾ ਮੁਸ਼ਕਿਲ ਚੜ੍ਹੇ ਹੋਏ ਸੈਲਾਬ ਤੋਂ।

ਪਰਿੰਦਾ, ਪਿੰਜਰਾ ਤੋੜਨ ਲਈ ਪਰ ਤੋਲ ਰਿਹਾ ਹੈ
ਡੱਕ ਨਹੀਂ ਸਕਦਾ ਉਸ ਨੂੰ ਕੋਈ ਵੀ ਪਰਵਾਜ਼ ਤੋਂ।

ਕਿਰਤੀਆਂ, ਕਿਸਾਨਾਂ, ਮਿਹਨਤਕਸ਼ਾਂ ਦੇ ਹਜ਼ੂਮ ਨੂੰ
ਅਸਾਂ ਨਹੀਂ ਕਰਨਾ ਮਹਿਰੂਮ ਹੱਕ-ਏ-ਅਵਾਜ਼ ਤੋਂ।

ਕੰਨ ਲਾ ਸੁਣੋ ਇਹ ਨਗਮਾ ਏ ਸੋਜ਼ੇ ਉਲਫਤ ਜ਼ਰਾ
ਕੁਝ ਕਹਿੰਦਾ ਪਿਆ ਏ ਮਖਲੂਕ-ਏ-ਮਿਜ਼ਰਾਬ 'ਚੋਂ।

ਜਾਂ-ਨਿਸਾਰਾਂ, ਦੀ ਮਹਿਫਿਲ ਸਜੀ ਹੈ ਤੇਰੇ ਦਰ 'ਤੇ
ਬੇਤਾਬ ਲੁੱਟੇ ਜਾਣ ਲਈ ਤੇਰੇ ਨਖਰ-ਓ-ਨਾਜ਼ ਤੋਂ।

ਨਾ ਕੱਸ ਏਨੀਆਂ ਤਾਰਾਂ ਕਿ ਸਾਜ਼ ਹੀ ਟੁੱਟ ਜਾਏ
ਨਿਕਲ ਨਾ ਸਕੇ ਤਰੰਨਮ ਕੋਈ ਵੀ ਮਿਜ਼ਰਾਬ ਤੋਂ।

ਝੁਕਦਾ ਏ ਸਿਰ ਤੇਰੇ ਅੱਗੇ ਮੇਰੇ ਸੋਹਣੇ ਪੰਜਆਬ
ਤੂੰ ਹੀ ਸਦਾ ਬਚਾਇਆਂ ਏ ਮੁਲਕ ਨੂੰ ਅਜ਼ਾਬ ਤੋਂ।

### ਲੋਹੜੀ ਨੂੰ ਸਮਰਪਿਤ

## ਕੁੜੀਆਂ

ਮੁੰਡਾ ਜੰਮੇ ਲੱਡੂ ਵੰਡਦੇ
ਕੁੜੀ 'ਤੇ ਕਿਉਂ ਨਹੀ ਬਰਫੀ?
ਕੁੜੀ ਜੰਮਣ 'ਤੇ ਕਿਉਂ ਕੁੜ੍ਹਦੇ
ਮੁੰਡੇ 'ਤੇ ਖੁਸ਼ੀ ਚੌਤਰਫੀ!
ਕੁੜੀ ਮਾਰਾਂ ਦਾ ਭੈੜਾ ਫੱਟਾ
ਕਿਉਂ ਪੰਜਾਬ ਦੇ ਮੱਥੇ ਲੱਗੇ?
ਫਿਟਕਾਰਾਂ ਧਰਮ ਵੀ ਮਾਰੇ
ਫਿਰ ਸੁੱਤਾ ਕਿਉਂ ਨਾ ਜਾਗੇ?

ਧੀ-ਪੁੱਤ ਵਿਚ ਫਰਕ ਨਾ ਕੋਈ
ਦੋਨੋਂ ਇੱਕੋ ਮਾਂ ਕੁੱਖੋਂ ਜਾਏ,
ਸੀਰ ਚੁੰਘਿਆ ਇੱਕੋ ਮਾਂ ਦਾ
ਇੱਕੋ ਜਿਹੇ ਨੇ ਲਾਡ ਲਡਾਏ।
ਫਿਰ ਕੁੜੀ ਕਿਉਂ ਭੰਡਦੇ ਨੇ
ਜੱਗ ਨੂੰ ਮੂਲੋਂ ਸ਼ਰਮ ਨਾ ਆਏ,
ਖੜੇ ਮੱਥੇ 'ਤੇ ਹੱਥ ਮਾਰਨ
ਪੁੱਤਾਂ ਨਸ਼ਿਆਂ 'ਚ ਚੰਨ ਚੜ੍ਹਾਏ।

ਧੀਆਂ ਪੁੱਤਰ ਤੋਂ ਘੱਟ ਨਹੀਂ
ਵਿਚ ਅਸਮਾਨੀ ਲਾਂਵਣ ਤਾਰੀ,
ਜਹਾਜ ਦੀ ਪਾਇਲਟ ਬਣ'ਗੀ
ਰਾਕਟ ਦੀ ਵੀ ਕਰੇ ਸਵਾਰੀ।
'ਕਲਪਨਾ ਚਾਵਲਾ' ਤੇ 'ਸੁਨੀਤਾ'
ਅਕਾਸ਼ਾਂ ਦੀ ਭਰੇ ਉਡਾਰੀ,
ਫਿਰ ਅੱਜ ਤੱਕ ਕਿਉਂ ਆਖਦੇ
ਨੀ ਕੁੜੀਏ ਤੂੰ ਕਿਸਮਤ ਮਾਰੀ?

ਪੁੱਤ ਵਿਆਹੀਏ ਨੂੰਹਾਂ ਆਵਣ
ਧੀ ਵਿਆਹੀਏ ਤਾਂ ਜਵਾਈ,
ਫੋਤੇ-ਪੋਤੀਆਂ ਵਿਹੜੇ ਖੇਡਣ
ਰਲ ਦੋਹਤੇ-ਦੋਹਤੀਆਂ ਤਾਈਂ।
ਰਸਦਾ-ਵਸਦਾ ਪਰਿਵਾਰ ਹੋਵੇ
ਫਿਰ ਲੋਕੀਂ ਸਿਫਤਾਂ ਕਰਦੇ,
ਖੁਸ਼ੀਆਂ ਖੇੜੇ ਡੁੱਲ੍ਹ ਡੁੱਲ੍ਹ ਪੈਂਦੇ
ਇਕੱਠੇ ਬੈਠ ਠਹਾਕੇ ਵੱਜਦੇ।

ਕੁੜੀਆਂ ਚਿੜੀਆਂ ਚਹਿਕਣ
ਤਾਂ ਚੰਗੀਆਂ ਲੱਗਦੀਆਂ ਨੇ,
ਹੱਸਣ ਖੇਡਣ ਮਹਿਕਣ
ਤਾਂ ਫਿਰ ਉਹ ਜੱਚਦੀਆਂ ਨੇ।
ਮੋਹ ਸਹੁਰੇ ਘਰ ਤੋਂ ਭਾਲਣ
ਤਾਂ ਫਿਰ ਉਹ ਰਚਦੀਆਂ ਨੇ,
ਮਾਪਿਆਂ ਨੂੰ ਭੁੱਲ ਜਾਵਣ
ਤਾਂ ਸਦਾ ਸੁਖੀ ਵੱਸਦੀਆਂ ਨੇ।

*-ਸੇਵਾ ਸਿੰਘ ਨੂਰਪੁਰੀ*

# ਇਤਿਹਾਸ 'ਤੇ ਮੁੜ ਝਾਤੀ ਪਾਉਣ ਦਾ ਵਾਸਤਾ

**ਕਲਾ ਪਰਿਕਰਮਾ**

**ਸੁਰਿੰਦਰ ਸਿੰਘ ਤੇਜ**

ਬੜਾ ਖ਼ੂਬਸੂਰਤ ਨਾਮ ਹੈ ਹਿੰਦੋਸਤਾਨ। ਅਠਾਰਵੀਂ ਸਦੀ ਵਿਚ ਦੱਰਾ ਖੈਬਰ ਤੋਂ ਲੈ ਕੇ ਅਸਾਮ ਅਤੇ ਗਿਲਗਿਤ-ਬਾਲਟਿਸਤਾਨ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਪੂਰੇ ਉਪ ਮਹਾਂਦੀਪ ਦਾ ਇਹੋ ਨਾਮ ਸੀ। ਯੂਰਪ ਵਾਸੀ ਭਾਵੇਂ ਇਸ ਖਿੱਤੇ ਨੂੰ ਇੰਡੀਆ/ਇੰਡੀਕਾ ਵਜੋਂ ਜਾਣਦੇ ਸਨ ਪਰ ਪੁਰਤਗੀਜ਼ਾਂ, ਡੱਚਾਂ ਜਾਂ ਅੰਗਰੇਜ਼ਾਂ ਨੇ ਇਸ ਧਰਤੀ 'ਤੇ ਪੈਰ ਰੱਖਣ ਤੋਂ ਬਾਅਦ 'ਹਿੰਦੁਸਤਾਨ' ਅਤੇ 'ਹਿੰਦੁਸਤਾਨੀ' ਸ਼ਬਦ ਹੀ ਆਪਣੀ ਖਤੋ-ਕਿਤਾਬਤ ਵਿਚ ਵਰਤੇ। ਈਸਟ ਇੰਡੀਆ ਕੰਪਨੀ ਵੀ 19ਵੀਂ ਸਦੀ ਦੇ ਮੁੱਢਲੇ ਵਰ੍ਹਿਆਂ ਦੌਰਾਨ ਇਹੋ ਸ਼ਬਦ ਵਰਤਦੀ ਰਹੀ ਪਰ ਉਪ-ਮਹਾਂਦੀਪ ਦੇ ਵੱਡੇ ਹਿੱਸੇ ਉਤੇ 18ਵੀਂ ਸਦੀ ਦੇ ਅੰਤ ਤੱਕ ਆਪਣੇ ਪੈਰ ਜਮਾਉਣ ਮਗਰੋਂ ਉਸ ਨੇ ਇੰਡੀਆ ਤੇ ਇੰਡੀਅਨਜ਼ ਸ਼ਬਦਾਂ ਦਾ ਪ੍ਰਚਲਨ ਵੀ ਆਰੰਭ ਕਰ ਦਿੱਤਾ ਸੀ। 1857 ਵਾਲੇ ਗਦਰ ਮਗਰੋਂ ਹਿੰਦੋਸਤਾਨ ਸ਼ਬਦ ਬਰਤਾਨਵੀ ਸਰਕਾਰੀ ਰਿਕਾਰਡਾਂ ਵਿਚੋਂ ਲੁਪਤ ਹੋਣ ਲੱਗਾ। ਸਾਡਾ ਮੁਲਕ ਜਾਂ ਉਪ-ਮਹਾਂਦੀਪ, ਬ੍ਰਿਟਿਸ਼ ਇੰਡੀਆ ਬਣ ਗਿਆ ਅਤੇ ਬਰਤਾਨਵੀ ਮਹਾਰਾਣੀ ਵਿਕਟੋਰੀਆ 'ਐਂਪਰੈੱਸ ਆਫ ਇੰਡੀਆ' (ਮਲਿਕਾ-ਇ-ਹਿੰਦ)। ਹਿੰਦੋਸਤਾਨ ਦੇ ਇੰਡੀਆਕਰਨ ਦਾ ਅਮਲ ਤੇਜ਼ੀ ਗ੍ਰਹਿਣ ਕਰਨ ਲੱਗਾ।


ਇਸ ਅਮਲ ਦਾ ਆਗਾਜ਼, ਦਰਅਸਲ, 'ਪਾੜੋ ਤੇ ਰਾਜ ਕਰੋ' ਵਾਲੀ ਨੀਤੀ ਅਧੀਨ 18ਵੀਂ ਸਦੀ ਦੇ ਦੂਜੇ ਅੱਧ ਦੌਰਾਨ ਹੀ ਹੋ ਗਿਆ ਸੀ: ਭਾਰਤੀ ਇਤਿਹਾਸ ਦਾ ਪੁਨਰਕਥਨ ਤੇ ਨਵ-ਉਸਾਰੀ ਯੂਰਪੀ ਨਜ਼ਰੀਏ ਤੇ ਹਿਤਾਂ ਦੇ ਮੁਜਬ ਢਾਲ ਕੇ। ਹਿੰਦੂ ਰਾਜਿਆਂ-ਰਾਜਗਾਨਾਂ ਨੇ ਆਪਣੇ ਸਮਿਆਂ ਵਿਚ ਇਤਿਹਾਸਕਾਰੀ ਨੂੰ ਮਹੱਤਵ ਨਹੀਂ ਸੀ ਦਿੱਤਾ। ਉਨ੍ਹਾਂ ਦੇ ਰਾਜ-ਯੁੱਗਾਂ ਦਾ ਲੇਖਾ-ਜੋਖਾ, ਮੁੱਖ ਤੌਰ 'ਤੇ ਪ੍ਰਾਚੀਨ ਧਰਮ ਗ੍ਰੰਥਾਂ ਜਾਂ ਸਿੱਕਿਆਂ ਜਾਂ ਸ਼ਿਲਾਲੇਖਾਂ ਦੀਆਂ ਲਿਖਤਾਂ ਦੀ ਵਿਆਖਿਆ ਉਤੇ ਆਧਾਰਿਤ ਹੈ। ਇਸਲਾਮੀ ਸ਼ਾਸਕਾਂ ਨੇ ਰੋਜ਼ਨਾਮਚਾਕਾਰੀ ਦੀ ਪਰੰਪਰਾ ਸਾਡੇ ਉਪ-ਮਹਾਂਦੀਪ ਵਿਚ ਆਰੰਭੀ। ਉਨ੍ਹਾਂ ਨੇ ਹੀ ਤਵਾਰੀਖਸਾਜ਼ੀ ਦੇ ਕਿੱਤੇ ਨੂੰ ਥੋੜ੍ਹੀ-ਬਹੁਤ ਮਾਨਤਾ ਵੀ ਦਿੱਤੀ।

ਮੁਗਲ ਹੁਕਮਰਾਨਾਂ ਨੇ ਸਵੈ-ਜੀਵਨੀ ਲਿਖਣ/ਲਿਖਵਾਉਣ ਦਾ ਪ੍ਰਚਲਨ ਬਾਖ਼ੂਬੀ ਆਰੰਭਿਆ ਪਰ ਬਹੁਤੀਆਂ ਲਿਖਤਾਂ ਪ੍ਰਾਚੀਨ ਅਰਬੀ/ਫਾਰਸੀ ਵਿਚ ਹੋਣ ਕਾਰਨ ਬੜਾ ਕੁਝ ਤਰਜਮਾਕਾਰੀ ਵਿਚ ਜਾਂ ਤਾਂ ਵਿਗੜ ਗਿਆ ਅਤੇ ਜਾਂ ਫਿਰ ਬ੍ਰਿਟਿਸ਼ ਹੁਕਮਰਾਨੀ ਦੀ ਹਿੱਤ-ਪੂਰਤੀ ਖਾਤਿਰ ਵਿਗਾੜ ਦਿੱਤਾ ਗਿਆ। ਇਹ ਵਿਗਾੜ ਵੀ ਵਿਦਵਤਾਪੂਰਨ ਤੇ ਸ਼ਾਤਿਰਾਨਾ ਢੰਗ ਨਾਲ ਕੀਤੇ ਗਏ ਤਾਂ ਜੋ ਚਲਾਕੀ ਫੜੀ ਨਾ ਜਾ ਸਕੇ। ਸਰੋਤ ਇਸਲਾਮੀ ਰਹੇ ਪਰ ਉਨ੍ਹਾਂ ਦੇ ਟੁਕੜੇ ਉਹ ਚੁਣੇ ਗਏ ਜਿਹੜੇ ਬ੍ਰਿਟਿਸ਼/ਯੂਰਪੀ ਨਜ਼ਰੀਏ ਜਾਂ ਸੋਚ 'ਚ ਫਿੱਟ ਬੈਠਦੇ ਸਨ। ਇਸਲਾਮ ਅਤੇ ਇਸਲਾਮਪ੍ਰਸਤੀ ਹਿੰਦੂ ਬਹੁਗਿਣਤੀ ਦੇ ਦੋਖੀ ਬਣਾ ਦਿੱਤੇ ਗਏ।

ਭਾਰਤੀ ਦਾਨਿਸ਼ਵਰ ਕਿਉਂਕਿ ਬ੍ਰਿਟੇਨ ਵੱਲੋਂ ਘੜੇ ਵਿਦਿਅਕ ਢਾਂਚੇ ਦੀ ਪੈਦਾਇਸ਼ ਸਨ, ਇਸੇ ਲਈ ਭਾਰਤੀ ਇਤਿਹਾਸ ਤੇ ਪ੍ਰੰਪਰਾਵਾਂ ਬਾਰੇ ਉਨ੍ਹਾਂ ਦੇ ਨਜ਼ਰੀਏ ਵਿਚ ਵੀ ਉਹੀ ਵਿਗਾੜ ਆ ਗਏ ਜੋ ਬ੍ਰਿਟਿਸ਼ ਸਾਮਰਾਜੀ ਚਾਹੁੰਦੇ ਸਨ। ਭਾਰਤੀ ਦਾਨਿਸ਼ਵਰ ਹੀ ਕੀ, ਵਾਲਟੇਅਰ, ਹੀਗਲ, ਕਾਂਤ ਤੇ ਗਿਬਨ ਵਰਗੇ ਆਲਮੀ ਦਾਰਸ਼ਨਿਕਾਂ ਦਾ ਹਿੰਦੋਸਤਾਨ ਪ੍ਰਤੀ ਨਜ਼ਰੀਆ ਵੀ ਇਨ੍ਹਾਂ ਵਿਗਾੜਾਂ ਉਤੇ ਹੀ ਆਧਾਰਿਤ ਰਿਹਾ। ਭਾਰਤੀ 'ਇਲੀਟ' ਦਾ ਇਸੇ ਗੁਮਰਾਹੀ ਦਾ ਸ਼ਿਕਾਰ ਹੋਣਾ ਸੁਭਾਵਿਕ ਹੀ ਸੀ। ਲਿਹਾਜ਼ਾ, ਅਜਿਹੀ ਗੁਮਰਾਹੀ ਤੋਂ ਰਾਜਾ ਰਾਮਮੋਹਨ ਰਾਏ ਤੋਂ ਲੈ ਕੇ ਮਹਾਤਮਾ ਗਾਂਧੀ,



ਪਾਕਿਸਤਾਨੀ ਇਤਿਹਾਸਕਾਰ ਮਾਨਨ ਅਹਿਮਦ ਆਸਿਫ


THE LOSS OF
HINDUSTAN
THE INVENTION OF
INDIA
MANAN AHMED ASIF

ਮਾਨਨ ਅਹਿਮਦ ਆਸਿਫ ਦੀ ਕਿਤਾਬ 'ਲੌਸ ਆਫ ਹਿੰਦੋਸਤਾਨ' ਦਾ ਮੁਖੜਾ।



### ਸਾਹਿਰ ਨੇ ਕਿਹਾ ਸੀ...

*ਸ਼ਾਇਰ ਸਾਹਿਰ ਲੁਧਿਆਣਵੀ ਦੀ 42 ਵਰ੍ਹੇ ਪੁਰਾਣੀ ਸੰਖੇਪ ਜਿਹੀ ਇੰਟਰਵਿਊ ਸੁਣੀ। ਇਕ ਫਿਕਰਾ ਆਪਣੀ ਛਾਪ ਛੱਡ ਗਿਆ: "ਪਾਗਲ ਠੀਕ ਹੋ ਸਕਦੇ ਹਨ, ਬੇਵਕੂਫ ਨਹੀਂ, ਉਨ੍ਹਾਂ ਲਈ ਬੇਵਕੂਫਖਾਨਾ ਅਜੇ ਤੱਕ ਕਿਤੇ ਵੀ ਨਹੀਂ ਬਣਿਆ।"*

ਜਵਾਹਰਲਾਲ ਨਹਿਰੂ, ਮੁਹੰਮਦ ਅਲੀ ਜਿਨਾਹ, ਡਾ. ਭੀਮ ਰਾਓ ਅੰਬੇਦਕਰ ਤੇ ਅੱਲਾਮਾ ਇਕਬਾਲ ਵੀ ਨਹੀਂ ਬਚ ਸਕੇ।

ਇਸ ਸਮੁੱਚੇ ਕਥਾਨਕ ਅਤੇ ਹਿੰਦੋਸਤਾਨ ਦੇ ਸੰਕਲਪ ਨੂੰ ਉਪਰੋਕਤ ਕਾਰਨਾਂ ਕਰ ਕੇ ਹੋਏ ਨੁਕਸਾਨ ਦਾ ਬਾਰੀਕੀ ਨਾਲ ਅਧਿਐਨ ਪੇਸ਼ ਕਰਦੀ ਹੈ ਪਾਕਿਸਤਾਨੀ ਮੂਲ ਦੇ ਇਤਿਹਾਸਕਾਰ ਮਾਨਨ ਅਹਿਮਦ ਆਸਿਫ ਦੀ ਕਿਤਾਬ 'ਦਿ ਲੌਸ ਆਫ ਹਿੰਦੋਸਤਾਨ: ਦਿ ਇਨਵੈਨਸ਼ਨ ਆਫ ਇੰਡੀਆ' (ਹਿੰਦੋਸਤਾਨ ਦੀ ਗੁੰਮਸ਼ੁਦਗੀ: ਇੰਡੀਆ ਦੀ ਘੜਤ)। ਮਾਨਨ ਆਸਿਫ ਦੀ ਧਾਰਨਾ ਹੈ ਕਿ ਜੇਕਰ ਬ੍ਰਿਟਿਸ਼ ਤੇ ਹੋਰ ਪੱਛਮੀ ਇਤਿਹਾਸਕਾਰਾਂ ਵੱਲੋਂ ਰਚੇ ਇਤਿਹਾਸ ਨੂੰ ਹਿੰਦੋਸਤਾਨੀ ਇਲੀਟ ਨੇ ਸੱਚ ਤੇ ਸਿਰਫ ਸੱਚ ਵਜੋਂ ਨਾ ਸਵੀਕਾਰਿਆ ਹੁੰਦਾ ਤਾਂ ਪੂਰਾ ਉਪ ਮਹਾਂਦੀਪ ਸ਼ਾਇਦ ਹੁਣ ਵੀ ਹਿੰਦੋਸਤਾਨ ਹੁੰਦਾ।

ਮਾਨਨ ਅਹਿਮਦ ਆਸਿਫ ਨੇ 17ਵੀਂ ਸਦੀ ਦੇ ਦੱਖਣੀ ਭਾਰਤ ਦੇ ਤਾਰੀਕਸਾਜ਼ ਮੁਹੰਮਦ ਕਾਸਿਮ ਫਰਿਸ਼ਤਾ ਦੀ ਕਿਤਾਬ 'ਤਾਰੀਖ-ਇ-ਫਰਿਸ਼ਤਾ' ਉਤੇ 90 ਸਫੇ ਕੇਂਦਰਤ ਕਰ ਕੇ ਇਹ ਦਰਸਾਇਆ ਹੈ ਕਿ ਫਰਿਸ਼ਤਾ ਨੇ ਕੀ ਲਿਖਿਆ ਅਤੇ ਜੇਮਜ਼ ਮਿੱਲ, ਅਲੈਗਜ਼ਾਂਡਰ ਡਾਊ, ਜੋਨਾਥਨ ਸਕੌਟ ਤੇ ਜੌਹਨ ਬ੍ਰਿਗਜ਼ ਵਰਗੇ ਨਾਮਵਰ ਬ੍ਰਿਟਿਸ਼ ਇਤਿਹਾਸਕਾਰਾਂ ਨੇ ਕਿਵੇਂ ਇਸ ਲੇਖਣ ਦੇ ਅਰਥਾਂ ਨੂੰ ਅਨਰਥ ਵਿਚ ਬਦਲਿਆ। ਕਿਤਾਬ ਇਹ ਵੀ ਦਰਸਾਉਂਦੀ ਹੈ ਕਿ ਜੀਵਨਜੀ ਜਮਸ਼ੇਦਜੀ ਮੋਦੀ, ਗੁਲਾਮ ਯਜ਼ਦਾਨੀ, ਈਸ਼ਵਰੀ ਪ੍ਰਸਾਦ ਉਪਾਧਿਆਇ, ਸੁਰੇਂਦਰ ਨਾਥ ਸੇਨ ਵਰਗੇ ਡੇਢ ਦਰਜਨ ਤੋਂ ਵੱਧ ਇਤਿਹਾਸਕਾਰਾਂ ਨੇ ਪਿਛਲੀ ਸਦੀ ਦੇ ਮੁੱਢ ਤੋਂ ਲੈ ਕੇ ਬ੍ਰਿਟਿਸ਼ ਹਕੂਮਤ ਦੇ ਖਾਤਮੇ ਤੱਕ ਸਾਡੇ ਉਪ ਮਹਾਂਦੀਪ ਦੇ ਦਾਨਿਸ਼ਵਰਾਂ ਤੇ ਸਿਆਸੀ ਸਰਬਰਾਹਾਂ ਨੂੰ ਹਿੰਦ ਦੇ ਇਤਿਹਾਸ ਨੂੰ ਹਿੰਦੋਸਤਾਨੀ ਤਹਿਜ਼ੀਬੀ ਨਜ਼ਰੀਏ ਨਾਲ ਨਿਰਖਣ-ਪਰਖਣ ਦੇ ਵਾਸਤੇ ਪਾਏ ਪਰ ਇਹ ਵਾਸਤੇ ਸਾਡੇ 'ਇਲੀਟ' ਵਰਗ ਦੀਆਂ ਅੱਖਾਂ 'ਤੇ ਬੱਝੀ ਪੱਟੀ ਨਾ ਖੋਲ੍ਹ ਸਕੇ। 1947 ਵਾਲੇ ਬਟਵਾਰੇ ਨੇ ਹਿੰਦੋਸਤਾਨੀ ਤਹਿਜ਼ੀਬ ਨਾਲ ਵੱਧ ਧਰੋਹ ਕਮਾਇਆ। ਪਾਕਿਸਤਾਨ ਤਾਂ ਬਣਿਆ ਹੀ, ਹਿੰਦੋਸਤਾਨ ਸ਼ਬਦ ਨੂੰ ਵੀ ਭਾਰਤੀ ਸੰਵਿਧਾਨ ਵਿਚੋਂ ਮਿਟਾ ਕੇ 'ਇੰਡੀਆ ਉਰਫ ਭਾਰਤ' ਬਣਾ ਦਿੱਤਾ ਗਿਆ। ਅੱਠ ਸਦੀਆਂ ਤੋਂ ਵੀ ਵੱਧ ਉਮਰ ਲੰਮੀ ਸਾਂਝੀ ਵਿਰਾਸਤ ਵੱਲ ਨਾ ਸਿਰਫ ਪਿੱਠ ਕੀਤੀ ਗਈ ਸਗੋਂ ਸੋਹਿੰਦੜੀ ਤਹਿਜ਼ੀਬ ਨੂੰ ਜ਼ਿਬ੍ਹਾ ਕਰਨ ਵਾਲੇ ਮਨਸੂਬੇ ਵੀ ਵਿੱਢ ਦਿੱਤੇ ਗਏ। ਨਤੀਜੇ ਸਾਹਮਣੇ ਹੀ ਹਨ।...

... ਵਾਹਗੇ ਦੇ ਲਹਿੰਦੇ ਵੱਲ ਜਿਹੜਾ ਮੁਲਕ ਵਜੂਦ ਵਿਚ ਆਇਆ, ਉਹ ਖੁਦ ਨੂੰ ਮੋਮਿਨਾਂ ਦੀ ਧਰਤ ਸਾਬਤ ਕਰਨ ਹਿੱਤ ਆਪਣੀ 92 ਫੀਸਦੀ ਵਸੋਂ ਦਾ ਡੀ.ਐਨ.ਏ. 'ਬਦਲਣ' ਦੀ ਹੋੜ ਵਿਚ ਫਸਿਆ ਹੋਇਆ ਹੈ। ਆਪਣੀ ਹਿੰਦੋਸਤਾਨੀ ਜ਼ੱਦ ਮਿਟਾਉਣ ਦੀ ਲਾਲਸਾਵੱਸ ਉਹ ਇਸ ਹਕੀਕਤ ਤੋਂ ਵੀ ਇਨਕਾਰੀ ਹੈ ਕਿ ਮੁਲਕ ਵਿਚ ਅਰਬੀ ਸ਼ੇਖਾਂ-ਸੱਯਦਾਂ ਦੇ ਖ਼ੂਨ ਅੰਸ਼ ਵਾਲੀ ਵਸੋਂ ਅੱਠ ਫੀਸਦੀ ਤੋਂ ਵੀ ਘੱਟ ਹੈ। ਇੰਜ ਹੀ ਵਾਹਗੇ ਤੋਂ ਚੜ੍ਹਦੇ ਪਾਸੇ ਮੋਦੀ ਸੈਨਾ ਅਕਬਰ ਨੂੰ ਮਹਾਨ ਕਹਿਣ-ਦੱਸਣ ਤੋਂ ਵੀ ਮੁਨਕਰ ਹੋ ਰਹੀ ਹੈ।

ਲਾਹੌਰ ਵਿਚ ਜਨਮੇ ਅਤੇ ਸਕੂਲ ਪੱਧਰ ਦੀ ਸਿੱਖਿਆ ਉਥੇ ਹੀ ਗ੍ਰਹਿਣ ਕਰਨ ਵਾਲੇ ਮਾਨਨ ਆਸਿਫ ਦੀ ਕਿਤਾਬ 'ਸੱਚ ਸੁਣਾਇਸੀ' ਵਰਗਾ ਹੋਕਾ ਹੈ। ਇਸ ਹੋਕੇ ਦੀ ਬੁਨਿਆਦ ਹੈ ਵੀਹ ਵਰ੍ਹਿਆਂ ਦੀ ਅਕਾਦਮਿਕ ਖੋਜ ਤੇ ਇਤਿਹਾਸਕ ਸਰੋਤਾਂ ਦਾ ਡੂੰਘਾ ਅਧਿਐਨ। ਸਕੂਲ ਪੱਧਰ ਤੋਂ ਹੀ ਪੜ੍ਹਾਏ ਅਤੇ ਪੜ੍ਹੇ ਜਾਣ ਵਾਲੇ ਇਤਿਹਾਸ ਦਾ ਮੁੜ ਜਾਇਜ਼ਾ ਲਏ ਜਾਣ ਦਾ ਇਹ ਹੋਕਾ ਵਾਹਗੇ ਦੇ ਦੋਵੇਂ ਪਾਸੇ ਸੁਣੇ ਤੇ ਜਜ਼ਬ ਕੀਤੇ ਜਾਣ ਦੀ ਲੋੜ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 23 ਜਨਵਰੀ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-465



*ਕੁੜਤੇ-ਚਾਦਰੇ ਸਾਦਾ ਹੈ ਪਹਿਰਾਵਾ, ਵੱਖ ਵੱਖ ਰੰਗ ਦੀ ਦਸਤਾਰ ਸਜਾਈ।*
*ਸ਼ੌਕੀ ਬੰਦੇ ਹੱਕ ਲੈਣਾ ਜਾਣਦੇ, 'ਕੱਲੇ 'ਕੱਲੇ ਨੇ ਤਾਹੀਓਂ ਡਾਂਗ ਲਿਸ਼ਕਾਈ।*

## ਕੈਪਸ਼ਨ ਮੁਕਾਬਲਾ-463



ਪੜ੍ਹੇ-ਲਿਖੇ ਹਾਂ ਸਮੇਂ ਦੇ ਹਾਣੀ
ਨਹੀਂ ਰਹੇ ਅਨਪੜ੍ਹਾਂ ਦੀ ਢਾਣੀ।
ਸਮਝਦੇ ਹਾਂ ਸਰਕਾਰੀ ਚਾਲ
ਛੇੜੇ ਨੇ ਘੋਲ ਹੈ ਜਿੱਤ ਦੀ ਠਾਣੀ।
ਹੌਲੀ ਹੌਲੀ ਜਿੱਤ ਵੱਲ ਜਾਣਾ
ਰੱਖਦੇ ਹਾਂ ਜੱਗ ਦੀ ਪੂਰੀ ਖਬਰ,
ਜੋ ਸਾਡੇ ਨਾਲ ਲਵੇਗਾ ਪੰਗਾ
ਐਸੀ ਨੀਤੀ ਦੀ ਪੁੱਟਾਂਗੇ ਕਬਰ।
**-ਸੇਵਾ ਸਿੰਘ ਨੂਰਪੁਰੀ**

---

ਵਾਹ! ਕਿਸਾਨੀ ਘੋਲ ਨੇ ਆਖਿਰ
ਅਜ਼ਬ ਤਰ੍ਹਾਂ ਦਾ ਰੰਗ ਦਿਖਾਇਆ।
ਹੈ ਸੀ 'ਗਦਰ' ਅਸਾਡਾ ਵਿਰਸਾ
'ਟਰਾਲੀ-ਟਾਈਮਜ਼' ਨੇ ਯਾਦ ਕਰਾਇਆ।
ਟਰਾਲੀਓ-ਟਰਾਲੀ ਵੰਡ ਵੰਡਾ ਕੇ
ਜ਼ਿੰਦਾਬਾਦ ਦਾ ਪਾਠ ਪੜ੍ਹਾਇਆ।
**-ਜਗਮੀਤ ਸਿੰਘ ਪੰਧੇਰ**
**ਪਿੰਡ ਕਲਾਹੜ (ਲੁਧਿਆਣਾ)**
**ਫੋਨ: 91-98783-37222**

---

ਘਰ-ਬਾਰ ਤੇ ਬੱਚੇ ਛੱਡ ਕੇ
ਸਹੁੰ ਧਰਤੀ ਦੀ ਖਾ ਕੇ।
ਹੱਕਾਂ ਲਈ ਬੰਨੇ ਸ਼ਹੀਦੀ ਗਾਨੇ
ਵਿਚ ਦਿੱਲੀ ਦੇ ਆ ਕੇ।
ਪਰਚਾ ਕੱਢ ਸੁਚੇਤ ਕਰਦੇ ਹਾਂ
ਹਰ ਮੋਰਚੇ 'ਤੇ ਜਾ ਕੇ।
ਅਨਪੜ੍ਹ ਕਹਿਣ ਵਾਲਿਆਂ ਨੂੰ
ਹੁਣ ਜਾਵਾਂਗੇ ਪੜ੍ਹਨੇ ਪਾ ਕੇ।
**-ਗੁਰਦੇਵ ਸਿੰਘ ਢਪਾਲੀ**
**ਗੁਰੂ ਤੇਗ ਬਹਾਦਰ ਨਗਰ, ਬਠਿੰਡਾ**
**ਫੋਨ: 91-94176-49275**

---

ਨਹਾ ਧੋ ਕੇ ਟਰਾਲੀ ਘਰ ਵਿਚ
ਟਰਾਲੀ ਟਾਈਮਜ਼ ਪੜ੍ਹੇ ਅਖਬਾਰ।
ਸਿਦਕ, ਸਬਰ, ਮਨ ਸ਼ਾਂਤ, ਅਡੋਲ
ਨਾ ਕੋਈ ਤੌਖਲਾ, ਨਾ ਤਕਰਾਰ।
ਟਰਾਲੀ, ਟਰੈਕਟਰ ਸੰਗ ਜੰਗ ਜਿੱਤਾਂਗੇ
ਵਾਹਣੀਂ ਪਾ ਦੇਣੀ ਸਰਕਾਰ।
**-ਦਵਿੰਦਰ ਕੌਰ**

---

ਅਸੀਂ ਸੋਸ਼ਲ ਮੀਡੀਏ 'ਤੇ ਵੀ ਹਾਂ
ਸਾਡਾ ਆਪਣਾ ਹੈ ਅਖਬਾਰ।
ਸਕਦੇ ਜਾਈਏ ਸਾਡੇ ਆਈ. ਟੀ. ਸੈਲ ਦੇ
ਅਸੀਂ ਕਿਸੇ ਵੀ ਯੁੱਧ ਲਈ ਹਾਂ ਤਿਆਰ।
**-ਇੰਦਰਜੀਤ ਮੰਗਾ**
**ਪਿਟਸਬਰਗ, ਕੈਲੀਫੋਰਨੀਆ।**

---

ਜਾਗ ਉਠਿਆ ਬਈ!
ਜਾਗ ਉਠਿਆ ਕਿਸਾਨ।
ਹੱਕਾਂ ਆਪਣਿਆਂ ਲਈ
ਲੜਨਾ ਨਹੀਂ ਕੋਈ ਗੁਨਾਹ।
ਮੋਰਚੇ 'ਤੇ ਵੀ ਪਲ ਪਲ
ਦੀਆਂ ਰੱਖੇ ਖਬਰਾਂ,
ਇਕਜੁੱਟ ਹੋ ਕੇ ਚੱਲਣ
ਸਭਨਾਂ ਦਾ ਸੋਚਦੇ ਭਲਾ।
ਪੋਹ ਦੇ ਠੰਢੇਠਾਰ ਯਖ ਮੌਸਮ 'ਚ
ਕਿਸਾਨ ਦੇ ਸਬਰ ਤੇ ਜਜ਼ਬੇ ਨੂੰ ਸਲਾਮ।
ਸਾਰੇ ਆਲਮ ਦੀ ਲੈ ਹਮਦਰਦੀ
ਲੋਟੂਆਂ ਦੀ ਨੀਂਦ ਕਰ ਰਿਹਾ ਹਰਾਮ।
**-ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾ, ਪਟਿਆਲਾ।**
**ਫੋਨ: 91-98784-69639**

---

ਘੋਲਾਂ ਦੀ ਸਫਲਤਾ ਮੰਗਦੀ ਹੈ
ਅੰਤਰਮੁਖੀ ਤੇ ਬਾਹਰਮੁਖੀ
ਹਲਾਤਾਂ ਨੂੰ ਘੋਖਣਾ ਜਰੂਰੀ
ਚੱਪੇ ਚੱਪੇ ਦੀ ਖਬਰ ਰੱਖਣਾ
ਦੋਸਤ ਦੁਸ਼ਮਣ ਦੀ ਪਛਾਣ ਹੈ ਜਰੂਰੀ
ਕਹਿੰਦੇ ਨੇ, ਨਿੱਕਾ ਜਿਹਾ ਘੁਣ
ਦਰਖਤ ਖੋਖਲਾ ਕਰ ਦਿੰਦਾ
ਸਬਰ, ਦ੍ਰਿੜ ਇਰਾਦਾ
ਆਪਾ ਬਚਾਓ ਪਹਿਲਾਂ
ਹਿੱਕ ਤਾਣ ਕੇ ਸਾਹਮਣੇ ਖੜ੍ਹਨਾ
ਜਣਾ-ਖਣਾ ਨਹੀਂ ਕਰ ਸਕਦਾ
ਖੜ੍ਹੂ ਓਹੀ, ਜਿਨ੍ਹਾਂ ਨੂੰ ਦਰਦ ਹੈ
ਦਿਲੋਂ ਮਰਜ਼ ਦਾ।
**-ਦਰਸ਼ਨਪਾਲ ਦੋਸਾਂਝ**

# ਕਾਮਾਗਾਟਾਮਾਰੂ ਦਾ ਵੈਨਕੂਵਰ ਤੇ ਅਜੋਕਾ ਕਿਸਾਨ ਧਰਨਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਕਿਸਾਨ ਜਥੇਬੰਦੀਆਂ ਅਤੇ ਕੇਂਦਰ ਦੀ ਸਰਕਾਰ ਵਿਚ ਚੱਲ ਰਹੇ ਰੇੜਕੇ ਨੇ ਮੈਨੂੰ 1914 ਵਾਲੇ ਕਾਮਾਗਾਟਾਮਾਰੂ ਦੀ ਲਾਮਿਸਾਲ ਘਟਨਾ ਚੇਤੇ ਕਰਵਾ ਦਿੱਤੀ ਹੈ। ਦੋਹਾਂ ਧਿਰਾਂ ਦੇ ਸਿੰਗ ਫਸਿਆਂ ਸਵਾ ਮਹੀਨਾ ਹੋ ਗਿਆ ਹੈ ਤੇ ਸਰਕਾਰ ਅਸਲ ਮਸਲੇ 'ਤੇ ਗੱਲ ਕਰਨ ਦੀ ਥਾਂ ਉਰਲੀਆਂ-ਪਰਲੀਆਂ ਗੱਲਾਂ ਦੇ ਸਹਾਰੇ ਡੰਗ ਟਪਾ ਰਹੀ ਹੈ। ਕਹਿਰਾਂ ਦੇ ਕੋਰੇ ਤੇ ਠੰਢ ਵਿਚ ਬੈਠੇ ਕਿਸਾਨਾਂ ਦਾ ਦਮ ਦੇਖਣ ਉਤੇ ਤੁਲੀ ਹੋਈ ਹੈ। ਚਾਰ ਦਰਜਣ ਤੋਂ ਵਧ ਕਿਸਾਨਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ, ਫੇਰ ਵੀ ਕਿਸਾਨਾਂ ਦੇ ਹੌਸਲੇ ਬੁਲੰਦ ਹਨ। ਇਕ ਸਦੀ ਪਹਿਲਾਂ 1914 ਵਿਚ ਬਰਤਾਨੀਆਂ ਦੀ ਸਰਕਾਰ ਨੇ 400 ਮੁਸਾਫਿਰਾਂ ਦੇ ਭਰੇ ਕਾਮਾਗਾਟਾਮਾਰੂ ਜਹਾਜ ਨੂੰ ਦੋ ਮਹੀਨੇ ਵੈਨਕੂਵਰ ਦੀ ਬੰਦਰਗਾਹ ਦੇ ਬਾਹਰ ਰੋਕੀ ਰੱਖਿਆ ਸੀ।


ਕੈਨੇਡਾ ਦੇ ਪੱਛਮ ਵਿਚ ਸ਼ਾਂਤ ਮਹਾਸਾਗਰ ਦੇ ਬ੍ਰਿਟਿਸ਼ ਕੋਲੰਬੀਆ ਵਿਚ ਪੈਂਦਾ ਵੈਨਕੂਵਰ ਇਹ ਸ਼ਹਿਰ ਕਾਮਾਗਾਟਾਮਾਰੂ ਸਾਕੇ ਦਾ ਕੇਂਦਰ ਬਿੰਦੂ ਰਿਹਾ।

ਅੰਤ 14 ਅਪਰੈਲ ਤੋਂ ਜਹਾਜ ਦੇ ਅੰਦਰ ਤੁੜੇ 340 ਸਿੱਖ, 12 ਹਿੰਦੂ ਤੇ 24 ਮੁਸਲਮਾਨਾਂ ਵਿਚੋਂ ਸਿਰਫ 24 ਮੁਸਾਫਿਰਾਂ, ਜਹਾਜ ਦੇ ਡਾਕਟਰ ਦਾ ਪਰਿਵਾਰ ਤੇ ਇੰਡੀਆ ਤੋਂ ਕੈਨੇਡਾ ਪਰਤਣ ਵਾਲੇ ਕੈਨੇਡੀਅਨ ਬਾਕੀ ਸਾਰਿਆਂ ਨੂੰ 23 ਜੁਲਾਈ ਵਾਲੇ ਦਿਨ ਵਾਪਸ ਚਾਲੇ ਪਾਉਣ ਲਈ ਮਜਬੂਰ ਕਰ ਦਿੱਤਾ। ਇਸ ਸਾਕੇ ਨਾਲ ਸਬੰਧਤ ਬਾਬਾ ਸੋਹਣ ਸਿੰਘ ਭਕਨਾ, ਮੌਲਾਨਾ ਬਰਕਤ ਉਲਾਹ ਤੇ ਹਸਨ ਰਹੀਮ ਹੀ ਨਹੀਂ, ਅਨੇਕਾ ਮਰਜੀਵੜੇ ਸਨ।

ਕਾਮਾਗਾਟਾਮਾਰੂ ਦੇ ਮੁਸਾਫਿਰ ਸਵਾ ਤਿੰਨ ਮਹੀਨੇ ਜਹਾਜ ਵਿਚ ਕੈਦ ਰਹਿਣ ਪਿਛੋਂ ਵਾਪਸ ਪਰਤ ਕੇ ਕਲਕੱਤਾ ਦੀ ਬਜਬਜ ਘਾਟ ਉਤੇ ਜਿਹੜੀਆਂ ਸ਼ਹੀਦੀਆਂ ਦਿੱਤੀਆਂ, ਉਨ੍ਹਾਂ ਨੇ ਸ਼ਕਤੀਸ਼ਾਲੀ ਗੋਰੀ ਸਰਕਾਰ ਦੇ ਪੈਰਾਂ ਥਲਿਓਂ ਮਿੱਟੀ ਖਿੱਚ ਲਈ। ਕਿਸਾਨ ਅੰਦੋਲਨ ਦੀਆਂ ਸ਼ਹੀਦੀਆਂ ਕੇਂਦਰ ਦੀ ਸਰਕਾਰ ਦੀਆਂ ਚੂਲਾਂ ਵਿਚ ਕਿੰਨਾ ਤੇਲ ਚੋਂਦੀਆਂ ਹਨ, ਸਮੇਂ ਨੇ ਦਸਣਾ ਹੈ।

ਹੁਣ ਥੋੜ੍ਹਾ ਸਮਾਂ ਪਹਿਲਾਂ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਪ੍ਰਾਂਤ ਦੀਆਂ ਚੋਣਾਂ ਵਿਚ ਪੰਜਾਬੀਆਂ ਦੇ ਚੋਖੀ ਗਿਣਤੀ ਵਿਚ ਜਿੱਤਣ ਅਤੇ ਫਿਰ ਉਨ੍ਹਾਂ ਵਿਚੋਂ ਕਈਆਂ ਦੇ ਮੰਤਰੀ ਬਣਨ ਦੀਆਂ ਹੁਲਾਸ ਭਰੀਆਂ ਖਬਰਾਂ ਦਾ ਅਖਬਾਰਾਂ ਅਤੇ ਮੀਡੀਆਂ ਵਿਚ ਚੰਗਾ ਜ਼ਿਕਰ ਹੋ ਚੁਕਾ ਹੈ। ਇਸੇ ਕੜੀ ਵਿਚ ਇਕ ਹੋਰ ਵੱਡੀ ਖਬਰ ਹੈ, ਰਾਜ ਚੌਹਾਨ ਦਾ ਉਥੋਂ ਦੀ ਅਸੈਂਬਲੀ ਦੇ ਸਪੀਕਰ ਵਜੋਂ ਚੁਣਿਆ ਜਾਣਾ।

ਰਾਜ ਚੌਹਾਨ, 1973 ਵਿਚ ਪਰਵਾਸੀ ਬਣ ਕੇ ਪੰਜਾਬ ਤੋਂ ਕੈਨੇਡਾ ਗਿਆ ਸੀ। ਸਪੀਕਰ ਚੁਣੇ





ਜਾਣ 'ਤੇ ਰਾਜ ਚੌਹਾਨ ਨੂੰ ਵਧਾਈ ਦਿੰਦਿਆਂ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਜੌਹਨ ਹੋਰਗਨ ਨੇ ਕਿਹਾ ਕਿ ਨਾ ਸਿਰਫ ਬੀ. ਸੀ. ਸਗੋਂ ਸਮੁੱਚੇ ਕੈਨੇਡਾ ਵਿਚ ਤੇ ਸ਼ਾਇਦ ਬਾਕੀ ਮੁਲਕਾਂ ਵਿਚ ਵੀ, ਸਪੀਕਰ ਦੇ ਮਾਣਮੱਤੇ ਪਦ ਉੱਤੇ ਪਹੁੰਚਣ ਵਾਲਾ ਰਾਜ ਚੌਹਾਨ ਪਹਿਲਾ ਪੰਜਾਬੀ ਹੈ। ਅਸੈਂਬਲੀ ਵਿਚ ਆਪਣੇ ਧੰਨਵਾਦੀ ਭਾਸ਼ਨ ਵਿਚ ਰਾਜ ਚੌਹਾਨ ਨੇ ਵੀ ਕਾਮਾਗਾਟਾਮਾਰੂ ਕਾਂਡ ਦੇ ਹਵਾਲੇ ਨਾਲ ਉਨ੍ਹਾਂ ਬਜੁਰਗਾਂ ਦੀਆਂ ਕੁਰਬਾਨੀਆਂ ਨੂੰ ਚੇਤੇ ਕੀਤਾ, ਜੋ ਕੈਨੇਡਾ ਦੀ ਧਰਤੀ 'ਤੇ ਪੈਰ ਜਮਾਉਣ ਲਈ ਸੰਘਰਸ਼ ਕਰਦੇ ਰਹੇ ਸਨ। ਉਸ ਨੇ ਕੈਨੇਡਾ ਪਹੁੰਚਣ 'ਤੇ ਸ਼ੁਰੂ ਵਿਚ ਖੁਦ ਫਾਰਮ ਵਰਕਰ ਵਜੋਂ ਕੰਮ ਕੀਤਾ ਅਤੇ ਫਿਰ ਟਰੇਡ ਯੂਨੀਅਨ ਵਿਚ ਸਰਗਰਮ ਹੋ ਗਿਆ ਤੇ ਅੱਸੀਵਿਆਂ ਵਿਚ ਬਣੀ ਕੈਨੇਡਾ ਦੇ ਫਾਰਮ ਵਰਕਰਾਂ ਦੀ ਯੂਨੀਅਨ ਦਾ ਬਾਨੀ ਪ੍ਰਧਾਨ ਬਣਿਆ। ਸਾਲ 2005 ਵਿਚ ਉਹ ਪਹਿਲੀ ਵਾਰ ਐਡਮੰਡ ਬਰਨਬੀ ਹਲਕੇ ਤੋਂ ਅਸੈਂਬਲੀ ਮੈਂਬਰ ਚੁਣਿਆ ਗਿਆ ਅਤੇ ਉਸ ਤੋਂ ਮਗਰੋਂ ਲਗਾਤਾਰ ਚਾਰ ਵਾਰ ਚੋਣ ਜਿੱਤਣਾ ਹੈ। ਉਸ ਦੇ ਦੋ ਭਰਾ ਕ੍ਰਮਵਾਰ ਲੁਧਿਆਣਾ ਤੇ ਮੋਹਾਲੀ ਵਿਖੇ ਪੰਜਾਬ 'ਚ ਵਕਾਲਤ ਕਰ ਰਹੇ ਹਨ।

ਪੰਜਾਬੀਆਂ ਦੀ ਕੇਂਦਰ ਨਾਲ ਅਜੋਕੀ ਟੱਕਰ ਦੇ ਨਤੀਜੇ ਤਾਂ ਸਮੇਂ ਨੇ ਕੱਢਣੇ ਹਨ, ਪਰ ਏਸ ਘੋਲ ਨੇ ਅੱਜ ਦੇ ਦਿਨ ਪੰਜਾਬ ਤੋਂ ਬਾਹਰ ਦੇ ਕਿਸਾਨਾਂ ਦੀ ਹੀ ਨਹੀਂ, ਦੁਨੀਆਂ ਭਰ ਦੇ ਕਿਸਾਨਾਂ ਦੀ ਹਮਦਰਦੀ ਜਿੱਤੀ ਹੈ। ਹਰਿਆਣਾ ਦੇ ਜਾਟਾਂ ਤੇ ਮਲੇਰਕੋਟਲਾ ਦੇ ਮੁਸਲਮਾਨਾਂ ਸਮੇਤ ਪ੍ਰਤੱਖ ਹੈ ਕਿ ਆਉਣ ਵਾਲੇ ਸਮਿਆਂ ਵਿਚ ਇਨ੍ਹਾਂ ਬਜ਼ੁਰਗਾਂ ਦੀ ਔਲਾਦ ਭਾਰਤੀ ਰਾਜਨੀਤੀ ਵਿਚ ਅਹਿਮ ਹਿੱਸਾ ਪਾਏਗੀ।

ਮਸਲਾ ਏਨਾ ਗੁੰਝਲਦਾਰ ਨਹੀਂ, ਜਿੰਨਾ ਕਾਰਪੋਰੇਟ ਘਰਾਣਿਆਂ ਤੋਂ ਮਾਇਕ ਲਾਹਾ ਲੈਣ ਲਈ ਬਣਾਇਆ ਜਾ ਰਿਹਾ ਹੈ। ਜੇ ਕੇਂਦਰ ਦੀ ਸਰਕਾਰ ਕੋਲ ਭਾਰਤੀ ਕਿਸਾਨਾਂ ਵਲੋਂ ਪੈਦਾ ਕੀਤੀ ਜਾ ਰਹੀ ਕਣਕ ਤੇ ਝੋਨੇ ਲਈ ਯੋਗ ਭੰਡਾਰਨ ਤੇ ਵਿਤਰਣ ਪ੍ਰਣਾਲੀ ਦੀ ਸੁਵਿਧਾ ਨਹੀਂ ਤੇ ਸਾਰੇ ਕਿਸਾਨਾਂ ਨੂੰ ਫਲ ਤੇ ਸਬਜ਼ੀਆਂ ਪੈਦਾ ਕਰਨ ਲਈ ਪ੍ਰੇਰਨਾ ਚਾਹੁੰਦੀ ਹੈ ਤਾਂ ਇਨ੍ਹਾਂ ਲਈ ਵੀ ਘਟੋ ਘਟ ਸਮਰਥਨ ਮੁੱਲ ਦੀ ਸੁਵਿਧਾ ਦੇ ਸਕਦੀ ਹੈ। ਅੰਦੋਲਨਕਾਰੀਆਂ ਦਾ ਮੰਤਵ ਕਿਸਾਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਚੁੰਗਲ ਵਿਚ ਫਸਾਉਣ ਤੋਂ ਬਚਾਉਣ ਦਾ ਹੈ। ਇਹ ਘਰਾਣੇ ਦੋ ਤਿੰਨ ਸਾਲ ਤਾਂ ਕਿਸਾਨਾਂ ਨੂੰ ਸਬਜ਼ ਬਾਗ ਦਿਖਾਉਣਗੇ, ਪਰ ਫੇਰ ਉਨ੍ਹਾਂ ਦੀ ਜ਼ਮੀਨ ਹੜੱਪ ਜਾਣਗੇ। ਜੇ ਕਿਸਾਨ ਨਵੇਂ ਕਾਨੂੰਨ ਨਹੀਂ ਚਾਹੁੰਦੇ ਤਾਂ ਕੇਂਦਰ ਵੱਲੋਂ ਇਨ੍ਹਾਂ ਦਾ ਠੋਸੇ ਜਾਣਾ ਸਰਾਸਰ ਗਲਤ ਹੈ। ਖਾਸ ਕਰਕੇ ਇਸ ਲਈ ਕਿ ਭਾਰਤੀ ਸੰਵਿਧਾਨ ਅਨੁਸਾਰ ਇਹ ਵਿਸ਼ਾ ਰਾਜ ਸਰਕਾਰਾਂ ਦਾ ਹੈ, ਕੇਂਦਰ ਦਾ ਨਹੀਂ। ਏਡਾ ਵੱਡਾ ਧੱਕਾ ਤਾਨਾਸ਼ਾਹੀ ਨਹੀਂ ਤਾਂ ਹੋਰ ਕੀ ਹੈ?

**ਤੇਰਾ ਸਿੰਘ ਚੰਨ ਦੇ ਵਾਰਿਸਾਂ ਦਾ ਅੰਤਰ-ਜਾਤੀ ਵਿਆਹਾਂ 'ਤੇ ਪਹਿਰਾ:** ਇਪਟ ਦੇ ਰੰਗਕਰਮੀ, ਅਭਿਨੇਤਾ ਤੇ ਸਰਪ੍ਰਸਤ ਅਤੇ ਰਹਿ ਚੁਕੇ ਅਗਾਂਹਵਧੂ ਸੋਚ ਨੂੰ ਪ੍ਰਨਾਏ ਤੇਰਾ ਸਿੰਘ ਚੰਨ ਨੇ ਹੁਣ ਸਾਲ 100 ਦਾ ਹੋ ਜਾਣਾ ਸੀ। ਜਿਹਲਮ (ਹੁਣ ਪਾਕਿਸਤਾਨ) ਦੇ ਜੰਮਪਲ ਇਸ ਜਿਉੜੇ ਦਾ ਜਨਮ ਛੇ ਜਨਵਰੀ 1920 ਦਾ ਹੈ। ਉਸ ਨੇ ਜ਼ਿੰਦਗੀ ਭਰ ਅਗਾਂਹਵਧੂ ਕਦਰਾਂ ਕੀਮਤਾਂ ਉੱਤੇ



ਤੇਰਾ ਸਿੰਘ ਚੰਨ

ਹੀ ਪਹਿਰਾ ਨਹੀਂ ਦਿੱਤਾ, ਆਪਣੇ ਪਰਿਵਾਰ ਵਿਚ ਵੀ ਅਜਿਹੀ ਰੂਹ ਫੂਕੀ ਕਿ ਪਰਿਵਾਰ ਦੇ ਤਿਹਾਈ ਮੈਂਬਰਾਂ ਨੇ ਅੰਤਰ-ਜਾਤੀ ਤੇ ਅੰਤਰ-ਧਰਮੀ ਕੀਤੇ ਹਨ। ਚੰਨ ਹੁਰਾਂ ਦੀ ਵੱਡੀ ਧੀ ਸੁਲੇਖਾ ਨੇ ਟੇਲਰ ਮਾਸਟਰ ਘਰਾਣੇ ਦੇ ਰਾਜਬੀਰ ਸਿੰਘ ਸਿਰਜਣਾ ਨੂੰ ਆਪਣਾ ਹਮਸਫਰ ਚੁਣਿਆ ਤੇ ਦੋਹਾਂ ਦੀ ਅਮਰੀਕਾ ਨਿਵਾਸੀ ਬੇਟੀ ਸਿਰਜਣਾ ਨੇ ਬਾਣੀਆਂ ਦੇ ਰਾਹੁਲ ਬਿੰਦਲਿਸ਼ ਨਾਲ ਵਿਆਹ ਕਰਵਾਇਆ। ਸਿਰਫ ਬ੍ਰਿਟਿਸ਼ ਕੋਲੰਬੀਆ ਦੇ ਮੰਤਰੀ ਮੰਡਲ ਦਾ ਮੈਂਬਰ ਬਣੀ ਰਚਨਾ ਸਿੰਘ ਦਾ ਪਤੀ ਗੁਰਮੀਤ ਸਿੰਘ ਸਹਿਗਲ ਹੈ, ਆਪਣੇ ਸਹੁਰੇ ਤੇਰਾ ਸਿੰਘ ਚੰਨ ਦੇ ਚੱਢਾ ਗੋਤ ਵਾਂਗ ਖੱਤਰੀ ਪਰਿਵਾਰ ਵਿਚੋਂ।

ਸਵਰਗੀ ਚੰਨ ਦੀ ਦੂਜੀ ਧੀ ਨਿਤਾਸ਼ਾ ਨੇ ਖੁਖਰੈਣ ਬਰਾਦਰੀ ਦੇ ਜਸਬੀਰ ਕੋਹਲੀ ਨੂੰ ਚੁਣਿਆ ਤੇ ਉਨ੍ਹਾਂ ਦੇ ਬੇਟੇ ਸੁਮੀਤ ਨੇ ਪੰਡਿਤਾਂ ਦੀ ਧੀ ਸੁਚੇਤਾ ਚਤੁਰਵੇਦੀ ਨੂੰ। ਤੀਜੀ ਧੀ ਮਮਤਾ ਨੇ ਤੇਜਵਿੰਦਰ ਸਿੰਘ ਅਰੋੜਾ ਨਾਲ ਸ਼ਾਦੀ ਕੀਤੀ ਹੈ, ਸਗੋਂ ਉਨ੍ਹਾਂ ਦੀ ਬੇਟੀ ਮਨਪ੍ਰੀਤ ਨੇ ਰਾਹੁਲ ਪਾਠਕ ਨਾਂ ਦੇ ਪੰਡਿਤ ਨਾਲ। ਚੰਨ ਹੁਰਾਂ ਦੇ ਵੱਡੇ ਬੇਟੇ ਮਨਦੀਪ ਸਿੰਘ ਨੇ ਵਿਰਕ ਜੱਟਾਂ ਦੀ ਧੀ ਅਮਰਜੀਤ ਕੌਰ ਨੂੰ ਜੀਵਨ ਸਾਥਣ ਬਣਾਇਆ, ਜਿਨ੍ਹਾਂ ਦੀ ਨੂੰਹ ਸ਼ਰਮਾ ਪਰਿਵਾਰ ਤੋਂ ਹੈ ਤੇ ਜਵਾਈ ਖੱਤਰੀ। ਦੂਜੇ ਬੇਟੇ ਦਿਲਦਾਰ ਸਿੰਘ ਦੀ ਪਤਨੀ ਮੁਸਲਿਮ ਸੁਲਤਾਨਾ ਹੈ ਤੇ ਬੇਟੀ ਸੰਦਲੀ ਦਾ ਪਤੀ ਨਵਜੀਵਨ ਜੱਟ ਸਿੱਖ ਥੀਏਟਰ ਹਸਤੀ ਕੰਵਲਜੀਤ ਢਿੱਲੋਂ ਦਾ ਬੇਟਾ ਹੈ। ਤੀਜੇ ਬੇਟੇ ਜਨਮੀਤ ਸਿੰਘ ਦੀ ਪਤਨੀ ਜਸਬੀਰ ਕੌਰ ਅਰੋੜਿਆਂ ਦੀ ਧੀ ਹੈ ਤੇ ਉਨ੍ਹਾਂ ਦੀ ਧੀ ਸੁਗੰਧੀ ਕਪੂਰ ਘਰਾਣੇ ਵਿਚ ਵਿਆਹੀ ਗਈ ਹੈ। ਹੈ ਕਿਧਰੇ ਇਹੋ ਜਿਹੇ ਅੰਤਰ-ਜਾਤੀ ਵਿਆਹ ਬਾਰੇ ਪਹਿਰੇ ਵਾਲੀ ਸਾਂਝ! ਇਹ ਵਰਤਾਰਾ ਅਜੋਕੇ ਕਿਸਾਨ ਅੰਦੋਲਨ ਵਿਚ ਤਾਂ ਵੇਖਣ ਨੂੰ ਮਿਲਦਾ ਹੈ, ਪਰ ਇਹ ਕਿਸੇ ਇੱਕ ਪਰਿਵਾਰ ਦਾ ਨਹੀਂ। ਇਹ ਵੀ ਅੰਦੋਲਨ ਹੈ।

**ਅੰਤਿਕਾ: ਫੈਜ਼ ਅਹਿਮਦ ਫੈਜ਼**

ਗਰ ਬਾਜ਼ੀ ਇਸ਼ਕ ਕੀ ਬਾਜ਼ੀ ਹੈ
ਜੋ ਕੁਛ ਹੈ ਲਗਾਦੋ ਡਰ ਕੈਸਾ,
ਜੋ ਜੀਤ ਗਏ ਤੋ ਜੀਤ ਗਏ
ਹਾਰੇ ਭੀ ਤੋ ਬਾਜ਼ੀ ਮਾਤ ਨਹੀਂ।

# ਹਮਰੀ ਬੇਦਨ ਹਰਿ ਪ੍ਰਭੁ ਜਾਨੈ

ਜਿਸ ਦਿਨ ਤੋਂ ਭਾਰਤ ਵਿਚ ਕਿਸਾਨਾਂ ਦਾ ਸੰਘਰਸ਼ ਸ਼ੁਰੂ ਹੋਇਆ ਹੈ, ਮਨ ਬੜਾ ਬੇ-ਚੈਨ ਹੈ। ਦਿਨ ਰਾਤ ਇੱਕੋ ਹੀ ਗੱਲ, ਇੱਕੋ ਹੀ ਵਿਚਾਰ, ਇੱਕੋ ਹੀ ਚਰਚਾ; ਕਿਸੇ ਦਾ ਫੋਨ ਆ ਜਾਵੇ ਤਾਂ ਫਿਰ ਓਹੀ ਹੀ ਗੱਲਾਂ ਸ਼ੁਰੂ। ਮੈਂ ਹੀ ਕਿਓਂ, ਪੰਜਾਬ ਜਾਂ ਭਾਰਤ ਤੋਂ ਬਾਹਰ ਬੈਠਾ ਹਰ ਸ਼ਖਸ-ਚਾਹੇ ਉਹ ਕਿਸੇ ਵੀ ਮੁਲਕ ਵਿਚ ਪਿਆ ਵਸਦਾ ਹੋਵੇ, ਅੱਜ ਚਿੰਤਾਤੁਰ ਹੈ, ਕਿਓਂਕਿ ਅਸੀ ਉੱਥੋਂ ਦੇ ਜੰਮੇ ਜਾਏ ਹਾਂ, ਉਸ ਮਿੱਟੀ ਵਿਚ ਖੇਡ ਕੇ ਪਰਵਾਨ ਚੜ੍ਹੇ ਹਾਂ, ਸਾਡੇ ਜੀਵਨ ਰੂਪੀ ਦਰਖਤ ਦੀਆਂ ਜੜ੍ਹਾਂ ਉਥੇ ਹਨ। ਸਾਨੂੰ ਤਾਂ ਰਾਤੀਂ ਸੁੱਤਿਆਂ ਸੁਪਨੇ ਵੀ ਆਪਣੇ ਪਿੰਡਾਂ ਅਤੇ ਖੇਤਾਂ ਦੇ ਹੀ ਆਉਂਦੇ ਹਨ, ਸਾਡੀ ਹਰ ਸੋਚ ਸਾਡੇ ਅਤੀਤ ਨਾਲ ਜੁੜ ਸਾਨੂੰ ਉਥੇ ਹੀ ਜੋੜੀ ਰੱਖਦੀ ਹੈ, ਮੇਰਾ ਮੁਲਕ, ਮੇਰਾ ਪਿੰਡ, ਮੇਰਾ ਘਰ, ਮੇਰੀ ਜ਼ਮੀਨ,



ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਮੇਰੇ ਖੇਤ, ਸਾਡੀ ਸੋਚ, ਸਾਡੀ ਚਿੰਤਾ ਗਲਤ ਵੀ ਤਾਂ ਨਹੀਂ ਹੈ!

ਟੀ. ਵੀ. ਲਾਓ ਤਾਂ ਜਾਲਮ ਸਰਕਾਰ ਦੇ ਖਰੀਦੇ ਹੋਏ ਲੋਕ ਕਿਸਾਨਾਂ ਦੇ ਹੱਕ ਵਿਚ ਨਹੀਂ, ਉਲਟ ਬੋਲਦੇ ਹਨ ਤਾਂ ਮੈਂ ਟੀ. ਵੀ. ਬੰਦ ਕਰ ਦਿੰਦੀ ਹਾਂ। ਆਪਣਾ ਫੋਨ ਫੜਦੀ ਹਾਂ ਤਾਂ ਅਣਗਿਣਤ ਚੈਨਲ ਕਿਸਾਨਾਂ ਦੀਆਂ ਲਾਈਵ ਪੋਸਟਾਂ ਦਿਖਾ ਰਹੇ ਹੁੰਦੇ ਹਨ। ਮੈਂ ਉਨ੍ਹਾਂ ਨੂੰ ਸੁਣਦੀ ਤੇ ਦੇਖਦੀ ਹਾਂ, ਮਨ ਨੂੰ ਕੁਝ ਤਸੱਲੀ ਭਾਸਦੀ ਹੈ ਕਿ ਇਹ ਲੋਕ ਸੱਚ ਬੋਲ ਤੇ ਸੱਚ ਦਿਖਾ ਰਹੇ ਹਨ; ਫਿਰ ਵੀ ਮਨ ਵਿਆਕੁਲ ਹੋ ਉਠਦਾ ਹੈ ਕਿ ਮੈਂ ਇਥੇ ਹਾਂ, ਤੇ ਉਥੇ ਕਿਓਂ ਨਹੀਂ!

ਕਾਸ਼ ਅੱਜ ਮੈਂ ਵੀ ਆਪਣੇ ਉਸ ਸਰਬ ਸਾਂਝੇ ਪਰਿਵਾਰ ਵਿਚ ਬੈਠ ਆਪਣੇ ਫਰਜ਼ ਨਿਭਾ ਰਹੀ ਹੁੰਦੀ, ਪਰ ਜੀਵਨ ਵੀ ਤਾਂ ਇਕ ਸੰਘਰਸ਼ ਹੀ ਹੈ, "ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ॥"

ਜਦ ਤੋਂ ਇਹ ਹੱਕ ਸੱਚ ਦਾ ਮੋਰਚਾ ਲੱਗਿਆ ਹੈ, ਮੈਂ ਉਪਰਾਮ ਹਾਂ, ਮੈਂ ਹਰ ਰੋਜ਼ ਘੰਟਿਆਂ ਬੱਧੀ ਲਿਖਣ ਵਾਲੀ ਗੁੰਮ ਸੁੰਮ ਜਿਹੀ ਹੋ ਗਈ ਹਾਂ। ਕਾਗਜ਼ ਕਲਮ ਲੈ ਕੇ ਬੈਠਦੀ ਹਾਂ ਤਾਂ ਸ਼ਬਦ ਦੂਰ ਤੁਰ ਜਾਂਦੇ ਹਨ, ਮੈਂ ਬਉਰੀ ਹੋ ਇੱਧਰ-ਉਧਰ ਦੇਖ ਉਠ ਪੈਂਦੀ ਹਾਂ ਅਤੇ ਇੰਟਰਨੈਟ 'ਤੇ ਜਾਂਦੀ ਹਾਂ, ਖਬਰਾਂ ਦਾ ਜਿਵੇਂ ਹੜ੍ਹ ਆਇਆ ਹੋਵੇ, ਹਰ ਥਾਂ ਕਿਸਾਨ ਸੰਘਰਸ਼ ਦੀ ਤੇ ਉਨ੍ਹਾਂ ਦੇ ਹੱਕਾਂ ਦੀ ਗੱਲ ਹੀ ਹੋ ਰਹੀ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਜ਼ਰਾ ਵੀ ਫਿਕਰ ਨਹੀਂ। ਪੜ੍ਹਦੇ ਤੇ ਸੁਣਦੇ ਵੀ ਆਏ ਹਾਂ ਕਿ ਦੇਸ਼ ਜਾਂ ਮੁਲਕ ਦਾ ਰਾਜਾ ਪਰਜਾ ਨੂੰ ਆਪਣੀ ਔਲਾਦ ਵਾਂਗ ਪਿਆਰ ਕਰਦਾ ਹੈ, ਪਰ ਮੋਦੀ ਦੀ ਤਾਂ ਔਲਾਦ ਹੀ ਕੋਈ ਨਹੀਂ, ਇਹ ਭਲਾ ਕਾਹਨੂੰ ਪਰਜਾ ਨੂੰ ਪਿਆਰ ਕਰੇਗਾ?

ਰਾਤ ਜਦ ਸੌਣ ਤੋਂ ਪਹਿਲਾਂ ਅਰਦਾਸ ਕੀਤੀ ਤਾਂ ਸਰੀਰ ਇਥੇ ਅਤੇ ਮਨ ਉਥੇ ਹੀ ਸੀ। ਸੜਕਾਂ 'ਤੇ ਬੈਠੇ ਲੱਖਾਂ ਲੋਕ ਅਤੇ ਉਨ੍ਹਾਂ ਦੇ ਲੁੱਟੇ ਜਾ ਰਹੇ ਹੱਕ, ਪਤਾ ਹੀ ਨਹੀਂ ਲਗਿਆ ਮੈਂ ਕਿਸ ਵੇਲੇ ਉਥੇ ਜਾ ਪਹੁੰਚੀ। ਜਿਸ ਪਾਸੇ ਜਿਸ ਵੀ ਸੜਕ ਵੱਲ ਵੇਖਾਂ ਖਲਕਤ ਹੀ ਖਲਕਤ, ਮੈਂ ਬਾਵਰੀ ਹੋ ਹੋ ਦੇਖਦੀ ਹਾਂ-ਚਾਰ ਚੁਫੇਰੇ ਸੰਗਤਾਂ ਹੀ ਸੰਗਤਾਂ। ਕਿਤੇ ਰਾਗੀ ਸਿੰਘ ਪਏ ਸ਼ਬਦ ਗਾਇਨ ਕਰਦੇ ਨੇ, ਕਿਤੇ ਢਾਡੀ ਪਏ ਵਾਰਾਂ ਗਾਉਂਦੇ ਨੇ ਅਤੇ ਕਿਤੇ ਪੰਜਾਬ ਦੇ ਕਲਾਕਾਰ ਪਏ ਆਪਣੇ ਹੱਕਾਂ ਦੇ ਗੀਤ ਗਾਉਂਦੇ ਨੇ; ਕਿਸਾਨ ਆਗੂ ਨੌਜਵਾਨਾਂ ਨੂੰ ਪਏ ਆਖਦੇ ਨੇ, 'ਯੋਧਿਓ ਇਸ ਸੰਘਰਸ਼ ਨੂੰ ਅਸਾਂ ਸ਼ਾਂਤਮਈ ਬਣਾ ਕੇ ਅਗੇ ਵਧਣਾ ਹੈ, ਸਾਡੇ ਟੀਚੇ ਅਤੇ ਸ਼ਾਂਤੀ ਵਿਚ ਹੀ ਸਾਡੀ ਜਿੱਤ ਹੋਣੀ ਹੈ।' ਪੰਜਾਬ, ਹਰਿਆਣਾ, ਯੂ. ਪੀ., ਬਿਹਾਰ, ਰਾਜਸਥਾਨ, ਹਰ ਸਟੇਟ ਦਾ ਕਿਰਤੀ ਕਿਰਸਾਨ ਅਤੇ ਮਜ਼ਦੂਰ-ਗੱਲ ਕੀ ਦਿੱਲੀ ਵਿਚੋਂ ਵੀ ਹਰ ਵਰਗ ਦੇ ਲੋਕ ਜੋ ਇਸ ਸੰਘਰਸ਼ ਵਿਚ ਆ ਜੁੜੇ ਹਨ, ਉਹ ਸਾਰਾ ਇਕ ਪਰਿਵਾਰ ਹੀ ਤਾਂ ਹੈ।

ਲੋਹਾਂ ਤਪ ਰਹੀਆਂ ਹਨ, ਬੀਬਆਂ ਤੇ ਵੀਰੇ ਪਰਸ਼ਾਦੇ ਪਕਾਈ ਜਾ ਰਹੇ ਨੇ, ਨਾਲ ਹੀ ਪਰ੍ਹਾਂ ਵੱਡੇ ਵੱਡੇ ਦੇਗਿਆਂ ਵਿਚ ਦਾਲਾਂ ਸਬਜ਼ੀਆਂ ਬਣ ਰਹੀਆਂ ਹਨ, ਹਰ ਜਾਤ ਦਾ ਹਰ ਮਜ਼ਹਬ ਦਾ ਇਨਸਾਨ ਸੇਵਾ ਕਰ ਰਿਹਾ ਹੈ,

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥

ਏਨੇ ਨੂੰ ਇਕ ਮਹਾਨ ਆਤਮਾ ਨੇ ਆ ਸਿਰ 'ਤੇ ਹੱਥ ਰੱਖਿਆ ਤੇ ਮਿਠੀ ਅਵਾਜ਼ ਵਿਚ ਬੋਲੇ, "ਬੀਬਾ ਕਿਸ ਨੂੰ ਪਏ ਭਾਲਦੇ ਜੇ, ਸਾਨੂੰ ਦੱਸੋ!" ਮੈਂ ਹੱਥ ਜੋੜ ਆਖਿਆ, "ਜੀ ਮੈਂ ਤਾਂ ਸੰਗਤਾਂ ਦੇ ਦੀਦਾਰ ਕਰਨ ਆਈ ਹਾਂ ਮਨ ਬੜਾ ਵਿਆਕੁਲ ਸੀ, ਉਸੇ ਦੀ ਪਿਆਸ ਬੁਝਾਉਣ ਲਈ ਆਈ ਹਾਂ।" ਉਹ ਗੁਰੂ ਸਵਾਰੇ ਬੋਲੇ, "ਚਲੋ ਤੁਹਾਨੂੰ ਉਥੇ ਲੈ ਚਲੀਏ, ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ।" ਮੈਂ ਕਿਹਾ, "ਤੁਹਾਨੂੰ ਕਿੰਜ ਪਤਾ ਕਿ ਮੈਂ ਕਿੱਥੇ ਜਾਣਾ ਮੰਗਦੀ ਹਾਂ?" ਤਾਂ ਕਹਿਣ ਲੱਗੇ, "ਸਾਨੂੰ ਤਾਂ ਸਾਰਾ ਕੁਝ ਪਤੈ ਚਲੋ ਸਾਡੇ ਨਾਲ।" ਇਹ ਆਖ ਮੇਰਾ ਹੱਥ ਫੜ ਓਧਰ ਨੂੰ ਹੋ ਤੁਰੇ, ਜਿਧਰ ਇਕ ਅਲੌਕਿਕ ਨਜ਼ਾਰਾ ਦਿਖਾਈ ਦੇ ਰਿਹਾ ਸੀ, ਆਸਮਾਨ ਦੀ ਖੁੱਲ੍ਹੀ ਛੱਤ ਥੱਲੇ ਲੰਮੀਆਂ ਲੰਮੀਆਂ ਪੰਗਤਾਂ ਵਿਚ ਬੈਠ ਅਣਗਿਣਤ ਹੀ ਸੰਗਤਾਂ ਪਈਆਂ ਲੰਗਰ ਛਕਦੀਆਂ ਹਨ ਅਤੇ ਅਣਗਿਣਤ ਹੀ ਸੇਵਾਦਾਰ ਲੰਗਰ ਵਰਤਾਈ ਜਾ ਰਹੇ ਹਨ ਤੇ ਨਾਲ ਸ਼ਬਦ ਪੜ੍ਹਦੇ ਹਨ,

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ॥

ਵਾਹ! ਵਾਹ!! ਮੈਂ ਤੱਕਦੀ ਹੀ ਰਹਿ ਗਈ, ਪਿਤਾ ਜੀ ਸੰਗਤ ਵਿਚ ਲੰਗਰ ਵਰਤਾਉਣ ਦੀ ਸੇਵਾ ਪਏ ਕਰਦੇ ਸਨ। ਮੈਨੂੰ ਵੇਖਦੇ ਹੀ ਬੋਲੇ, "ਆ ਮੇਰੇ ਜੀਤਿਆ ਆ ਜਾਹ!" ਮੈਂ ਦੌੜ ਕੇ ਪਿਤਾ ਜੀ ਦੇ ਗਲ ਲੱਗ ਗਈ, "ਪਿਤਾ ਜੀ ਤੁਸੀਂ ਇਥੇ?" ਤਾਂ ਸਿਰ 'ਤੇ ਪਿਆਰ ਦਿੰਦਿਆਂ ਬੋਲੇ ਮੈਂ ਤਾਂ ਕਈ ਦਿਨਾਂ ਤੋਂ ਹੀ ਇਥੇ ਹਾਂ ਅਤੇ ਤੈਨੂੰ ਪਿਆ ਉਡੀਕਦਾ ਸੀ ਕਿ ਮੇਰਾ ਜੀਤ ਜ਼ਰੂਰ ਆਵੇਗਾ; ਹੋ ਹੀ ਨਹੀਂ ਸਕਦਾ ਕਿ ਤੂੰ ਨਾ ਆਵੇਂ।" ਆਪ ਮੁਹਾਰੇ ਹੀ ਮੇਰੇ ਹੱਥ ਸ਼ੁਕਰਾਨੇ ਵਿਚ ਜੁੜ ਗਏ ਤਾਂ ਮੈਂ ਗੁਰੂ ਸਵਾਰੇ ਜੀ ਵੱਲ ਦੇਖ ਪਿਤਾ ਜੀ ਨੂੰ ਇਸ਼ਾਰੇ ਨਾਲ ਪੁਛਿਆ ਕਿ ਇਹ ਕੌਣ ਹਨ, ਤਾਂ ਪਿਤਾ ਜੀ ਹੱਥ ਜੋੜ ਸਿਰ ਝੁਕਾ ਕੇ ਬੋਲੇ, "ਇਹ ਓਹੀ ਹਨ, ਜੋ ਸਾਰੇ ਕਾਰਜ ਪਏ ਆਪ ਹੀ ਕਰਦੇ ਹਨ; ਇਹ ਓਹੀ ਹਨ, ਜੋ ਹਰ ਵੇਲੇ ਸਭ ਦੀ ਸਾਰ ਕਰੇਂਦੇ ਹਨ; ਇਹ ਓਹੀ ਹਨ, ਜਿਨ੍ਹਾਂ ਦੀ ਮਿਹਰ ਨਾਲ ਅੱਜ ਸਾਰੀ ਮਨੁੱਖਤਾ ਇਕ ਥਾਂ ਪਰਿਵਾਰ ਵਾਂਗ ਜੁੜ ਬੈਠੀ ਹੈ, ਸਭ ਇਨ੍ਹਾਂ ਦਾ ਹੀ ਖੇਲ ਤਾਂ ਵਰਤ ਰਿਹਾ ਹੈ। ਬੇਟਾ ਇਨ੍ਹਾਂ ਦੇ ਚਰਨਾਂ 'ਤੇ ਡਿੱਗ ਤੇ ਸ਼ੁਕਰਾਨੇ ਕਰ, ਇਹੋ ਹੀ ਤਾਂ ਹੈਨ ਜੋ ਤੈਨੂੰ ਇਸ ਦੁਨੀਆਂ 'ਚ ਸੰਭਾਲੀ ਫਿਰਦੇ ਹਨ ਵਰਨਾ...!"

ਮੈਂ ਚਰਨਾਂ 'ਤੇ ਡਿੱਗ ਆਪਣਾ ਮਸਤਕ ਉਨ੍ਹਾਂ ਸੋਹਣੇ ਪਾਵਨ ਚਰਨਾਂ 'ਤੇ ਰੱਖ ਆਖਿਆ, "ਭਲਾ ਮੈਂ ਬਾਵਰੀ ਕੀ ਜਾਣਾ ਸਤਿਗੁਰ ਜੀ ਤੇਰੀ ਰਹਿਮਤ ਕਿੱਥੇ ਕਿੱਥੇ ਪਈ ਵਰਸਦੀ ਹੈ! ਮੇਰੇ ਮਿਹਰਬਾਨ ਪਿਤਾ ਜੀ ਅੱਜ ਸ਼ਾਖਸ਼ਾਤ ਆਪ ਜੀ ਮੇਰੇ ਨਿਮਾਣੀ ਦੇ ਸਾਹਮਣੇ...! ਮਿਹਰ ਕਰਨਾ ਮੇਰੇ ਸਤਿਗੁਰੂ ਜੀ ਮੈਨੂੰ ਕਦੀ ਇਕੱਲਿਆਂ ਨਾ ਛੱਡਣਾ ਜੀ, ਸਦੀਵ ਮੇਰੇ ਨਾਲ ਰਹਿਣਾ ਜੀਓ, ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥"

ਤਾਂ ਸਿਰ 'ਤੇ ਹੱਥ ਰੱਖ ਆਖਣ ਲੱਗੇ, "ਝੱਲੀ ਨਾ ਹੋਵੇ ਤਾਂ! ਤੈਨੂੰ ਜਨਮ ਤੋਂ ਲੈ ਹੁਣ ਤੱਕ ਕਦੀ ਇਕੱਲਿਆਂ ਛੱਡਿਆ ਈ? ਨਹੀਂ ਨਾ! ਤੇ ਅੱਗੋਂ ਕਿਵੇਂ ਛੱਡ ਦਿਆਂਗੇ, ਸਦਾ ਤੇਰੇ ਨਾਲ ਹੀ ਰਹਾਂਗੇ।"

ਜਦ ਪਿਤਾ ਜੀ ਨੇ ਬਾਹੋਂ ਫੜ ਉਠਾਇਆ ਤਾਂ ਦੇਖਾਂ ਸਾਰਾ ਕੁਝ ਤਾਂ ਹੈ, ਪਰ ਉਹ ਕਿੱਥੇ ਹਨ, ਤਾਂ ਪਿਤਾ ਜੀ ਬੋਲੇ, "ਉਹ ਇਥੇ ਹੀ ਕਿਤੇ ਹੋਣਗੇ, ਏਡੇ ਪਰਿਵਾਰ ਦੀ ਸਾਂਭ ਸੰਭਾਲ ਵੀ ਤਾਂ ਕਰਨੀ ਹੈ।"

"ਪਿਤਾ ਜੀ ਸਤਿਗੁਰੂ ਜੀ ਆਪ ਇਥੇ?"

ਤਾਂ ਕਹਿਣ ਲੱਗੇ, "ਪਤਾ ਈ ਨਾ ਧਰਮ ਦੇ ਨਾਮ 'ਤੇ ਜਗਤ ਵਿਚ ਕੀ ਕੁਝ ਹੋ ਰਿਹਾ ਹੈ! ਧਰਮੀਆਂ ਨੇ ਧਰਮੀ ਹੋਣ ਦੇ ਢੋਂਗ ਤਾਂ ਰਚ ਲਏ ਹਨ, ਪਰ ਸਿਰਫ ਦਿਖਾਵੇ ਲਈ, ਭੋਲੇ ਭਾਲੇ ਗਰੀਬਾਂ ਨੂੰ ਲੁੱਟਣ ਲਈ। ਪੁੱਤਰਾ! ਅੱਜ ਇਕ ਨਹੀਂ, ਸਾਰੇ ਹੀ ਧਰਮਾਂ ਦੇ ਧਰਮੀ ਬਣੇ ਲੋਕ ਅਸਲ 'ਚ ਠੱਗ ਤੇ ਲੁਟੇਰੇ ਹਨ। ਚੋਲੇ ਭਾਵੇਂ ਭਗਵੇਂ ਹਨ ਜਾਂ ਚਿੱਟੇ, ਅੰਦਰੋਂ ਸਭ ਚੋਰ ਹਨ, ਧਰਮ ਤਾਂ ਸਾਰੇ ਚੰਗੇ ਹਨ, ਪਰ ਧਰਮੀਆਂ ਨੇ ਇਹ ਧਰਤੀ ਨਰਕ ਬਣਾ ਕੇ ਰੱਖ ਦਿੱਤੀ ਹੈ, ਬੇ-ਬੱਸ, ਮਜਬੂਰ ਗਰੀਬ ਲੋਕ ਆਪਣੇ ਢਿੱਡੋਂ ਭੁੱਖੇ ਰਹਿ ਰਹਿ ਕੇ ਇਨ੍ਹਾਂ ਦੇ ਅੱਗੇ ਚੜ੍ਹਾਵੇ ਚੜ੍ਹਾ ਰਹੇ ਹਨ ਤੇ ਅਮੀਰ ਪੂੰਜੀਪਤੀ ਗਰੀਬਾਂ ਦੇ ਸਿਰ 'ਤੇ ਮੌਜਾਂ ਕਰ ਰਹੇ ਹਨ,

ਕੂੜਾ ਰਾਜ ਬਹਾਲਿਐ ਫਿਰ ਚੱਕੀ ਚਟੈ॥

ਬੇਟਾ! ਧਰਮੀਆਂ ਤੋਂ ਤਾਂ ਤਖਤਾਂ ਤਾਜਾਂ ਵਾਲਿਆਂ ਸਿੱਖਿਆ ਲੈ ਰਾਜ ਭਾਗ ਚਲਾਉਣੇ ਸਨ, ਪਰ ਧਰਮੀ ਤਾਂ ਆਪ ਹੀ ਠੱਗਾਂ ਨਾਲ ਜਾ ਰਲੇ ਹਨ। ਆਹ ਜੋ ਮੋਦੀ ਨੇ ਪਰਜਾ ਦਾ ਖੂਨ ਪੀਣਾ ਸ਼ੁਰੂ ਕੀਤਾ ਹੈ, ਇਸ ਪਿੱਛੇ ਵੀ ਬਥੇਰੇ ਧਰਮੀ ਬੈਠੇ ਹਨ ਅਤੇ ਮਾਇਆ ਦੀ ਹਵਸ ਵਿਚ ਸਣੇ ਮੋਦੀ, ਪੂੰਜੀਪਤੀਆਂ ਦੀ ਝੋਲੀ ਵਿਚ ਜਾ ਡਿੱਗੇ ਹਨ। ਉਸੇ ਦਾ ਨਤੀਜਾ ਹੈ ਕਿ ਅੱਜ ਗਰੀਬ ਕਿਰਤੀ-ਕਿਸਾਨ ਅਤੇ ਹਰ ਵਰਗ ਦਾ ਮਜ਼ਦੂਰ ਸੜਕਾਂ 'ਤੇ ਬੈਠਾ ਧੱਕੇ ਖਾ ਰਿਹਾ ਹੈ, ਪਰ ਹੁਣ ਇਹ ਅਜਬ ਵਰਤਾਰਾ ਵਰਤੇਗਾ ਕਿ ਕੁਠਾਲੀ ਵਿਚ ਪਏ ਸੋਨੇ ਵਾਂਗ ਇਹ ਲੋਕ ਸਵੱਛ ਅਤੇ ਖਾਲਸ ਇਨਸਾਨ ਬਣ ਕੇ ਸੱਚ ਦਾ ਰਾਜ ਕਾਇਮ ਕਰਨਗੇ, ਕੂੜ ਦਾ ਤੇ ਅਧਰਮ ਦਾ ਰਾਜ ਖਤਮ ਹੋਵੇਗਾ, ਇਨ੍ਹਾਂ ਦੇ ਸਿਰਾਂ 'ਤੇ ਮਨੁੱਖਤਾ ਦੀ ਸੇਵਾ ਦੇ ਤਾਜ ਸਜਣਗੇ। ਇਹ ਲੋਕ ਮਾਇਆ ਦੇ ਨਹੀਂ, ਮਾਨਵਤਾ ਦੇ ਪੁਜਾਰੀ ਹੋਣਗੇ। ਇੱਥੋਂ ਹੀ ਸਤਿਜੁਗ ਸ਼ੁਰੂ ਹੋਵੇਗਾ, ਰਾਜਾ ਤੇ ਰੰਕ ਇੱਕੋ ਜਿਹੇ ਹੋਣਗੇ, ਕੋਈ ਕਿਸੇ ਦੇ ਅਧੀਨ ਨਹੀਂ ਹੋਵੇਗਾ। ਹਰ ਪ੍ਰਾਣੀ ਉੱਚੇ ਸੁੱਚੇ ਕਿਰਦਾਰ ਵਾਲਾ ਹੋਵੇਗਾ ਅਤੇ ਸਭ ਦੇ ਹੱਕ ਇੱਕੋ ਜਿਹੇ ਹੋਣਗੇ।"

ਮੈਂ ਹੈਰਾਨ ਹੋ ਆਖਿਆ, "ਪਿਤਾ ਜੀ, ਤੁਸੀਂ ਇਹ ਸਭ ਕਿਵੇਂ ਜਾਣਦੇ ਹੋ?"

ਤਾਂ ਸ਼ੁਕਰਾਨੇ ਵਿਚ ਹੱਥ ਜੋੜ ਬੋਲੇ, "ਭਲਾ ਮੇਰੀ ਕੀ ਔਕਾਤ! ਇਹ ਬਚਨ ਤਾਂ ਪ੍ਰੀਤਮ ਪਿਆਰੇ ਜੀ ਦੇ ਆਪਣੇ ਮੁਖਾਰਬਿੰਦ 'ਚੋਂ ਨਿਕਲੇ ਹੋਏ ਹਨ, ਜੋ ਉਹ ਆਪਣੇ ਨਿਕਟ ਵਰਤੀ ਪਿਆਰਿਆਂ ਨੂੰ ਪਏ ਆਖਦੇ ਸਨ।"

"ਪਿਤਾ ਜੀ, ਤੁਸਾਂ ਉਨ੍ਹਾਂ ਦੇ ਨਾਲ ਕਿਵੇਂ?" ਤਾਂ ਕਹਿਣ ਲੱਗੇ, "ਉਸ ਦੀ ਮਿਹਰ ਦਾ ਕੋਈ ਪਾਰਾਵਾਰ ਤਾਂ ਹੈ ਨਹੀਂ! ਪ੍ਰੀਤਮ ਪਿਆਰੇ ਦੇ ਘਰ ਦੇ ਬਾਹਰ ਵਾਰ ਪਿੱਛੇ ਜਿਹੇ ਕਰਕੇ ਬੈਠਾ ਰਹਿੰਦਾ ਹਾਂ ਤੇ ਦਰਸ਼ਨ ਰੂਪੀ ਅੰਮ੍ਰਿਤ ਪੀ ਪੀ ਕੇ ਜੁੜਿਆ ਰਹਿੰਦਾ ਹਾਂ ਉਸ ਮਾਲਕ ਨਾਲ। ਬੱਸ ਮਿਹਰ ਕੀਤੀ ਸੁ ਤੇ ਜਿਸ ਦਿਨ ਇਥੇ ਆਉਣਾ ਸੀ, ਇਸ਼ਾਰਾ ਕਰ ਬੋਲੇ, 'ਗੁਰਮੁਖਾ ਚੱਲਣਾ ਈ ਸੇਵਾ ਦੇ ਸਾਗਰ ਵਿਚ ਚੁੱਭੀਆਂ ਲਾਉਣ ਲਈ?' ਤਾਂ ਮੈਂ ਝੱਟ ਨਾਲ ਹੋ ਤੁਰਿਆ...ਇਹ ਤਾਂ ਉਸ ਮਾਲਕ ਜੀ ਦਾ ਹੁਕਮ ਹੈ, ਜੋ ਸਤਿਗੁਰੂ ਜੀ ਸੰਸਾਰ ਵਿਚ ਵਰਤਾਉਣ ਲਈ ਆਏ ਹਨ। ਬੱਸ ਕੁਝ ਸਮਾਂ ਹੋਰ, ਫਿਰ ਮਿਹਰਾਂ ਹੀ ਮਿਹਰਾਂ ਹੋਣਗੀਆਂ, ਸਭ ਜੀਵ ਸੁੱਖੀ ਵੱਸਣਗੇ।"

ਆਨੰਦ ਵਿਭੋਰ ਹੋਈ ਪਈ ਸਾਂ ਕਿ ਅਵਾਜ਼ ਆਈ, "ਮੰਮਾ ਜੀ ਉਠੋ! ਅੱਜ ਬਹੁਤ ਸੁੱਤੇ ਹੋ।"

ਦਿਨ ਚੜ੍ਹ ਆਇਆ ਸੀ। ਸਤਿਗੁਰੂ ਜੀ ਦੇ ਦੀਦਾਰ ਨਾਲ ਤਨ-ਮਨ ਠੰਢਾ ਹੋਇਆ ਪਿਆ ਸੀ। ਸ਼ੁਕਰਾਨੇ 'ਚ ਸ਼ਬਦ ਮੂੰਹੋਂ ਨਿਕਲਿਆ, ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ॥

# ਸਿੱਖ ਕਿਰਸਾਨੀ ਦਾ ਸੰਘਰਸ਼, ਫਿਰ ਇਸ ਤੋਂ ਬਾਅਦ...?

80ਵੇਂ ਦਹਾਕੇ ਦੀ ਗੱਲ ਹੈ, ਜਦੋਂ ਮੈਨੂੰ ਪੰਜਾਬੀ ਅਖਬਾਰ 'ਅਜੀਤ' ਜਲੰਧਰ ਨਾਲ ਕਲਕੱਤੇ ਤੋਂ ਵਪਾਰਕ ਪ੍ਰਤੀਨਿਧੀ ਵਜੋਂ ਕੰਮ ਕਰਨ ਦਾ ਮੌਕਾ ਮਿਲਿਆ। ਉਸ ਵੇਲੇ ਕਲਕੱਤਾ, ਬੰਬਈ, ਦਿੱਲੀ, ਮਦਰਾਸ, ਬੰਗਲੌਰ ਅਤੇ ਹੈਦਰਾਬਾਦ ਸ਼ਹਿਰ ਅਖਬਾਰਾਂ ਵਿਚ ਇਸ਼ਤਿਹਾਰ ਦੇਣ ਦੇ ਮੁੱਖ ਕੇਂਦਰ ਹੁੰਦੇ ਸਨ। ਇਸ਼ਤਿਹਾਰ ਦੇਣ ਵਾਲੀਆਂ ਐਡ ਏਜੰਸੀਆਂ ਵੀ ਇਨ੍ਹਾਂ ਸ਼ਹਿਰਾਂ ਵਿਚ ਹੀ ਸਥਿਤ ਹੁੰਦੀਆਂ ਸਨ। ਉਸ ਵੇਲੇ ਇਲੈਕਟ੍ਰੌਨਿਕ ਮੀਡੀਆ ਦਾ ਇੱਕੋ ਇਕ ਮੁੱਖ ਸਰੋਤ ਦੂਰ ਦਰਸ਼ਨ ਹੀ ਸੀ। ਰੇਡੀਓ ਵੀ ਉਨ੍ਹੀਂ ਦਿਨੀਂ ਐਡ ਦੇਣ ਦਾ ਇਕ ਸਸ਼ਕਤ ਮਾਧਿਅਮ

**ਅਮਰਜੀਤ ਸਿੰਘ ਮੁਲਤਾਨੀ**
multaniny@gmail.com

ਸੀ। ਪੰਜਾਬ ਤੋਂ ਛਪਦੀ ਹਿੰਦੀ ਭਾਸ਼ਾ ਦੀ ਅਖਬਾਰ 'ਪੰਜਾਬ ਕੇਸਰੀ' ਦੀ ਉਸ ਵੇਲੇ ਸਾਰੇ ਹੀ ਵਿਗਿਆਪਨ ਕੇਂਦਰਾਂ 'ਤੇ ਪੂਰੀ ਚੜ੍ਹਤ ਸੀ। ਐਡ ਏਜੰਸੀਆਂ ਦੇ ਮੀਡੀਆ ਪਲੈਨ ਵਿਚ ਪੰਜਾਬ ਰਾਜ ਦੇ ਪ੍ਰਤੀਨਿਧੀ ਅਖਬਾਰ ਵਜੋਂ ਪੰਜਾਬ ਕੇਸਰੀ ਦੀ ਹੀ ਸ਼ਮੂਲੀਅਤ ਹੁੰਦੀ ਸੀ। ਉਨ੍ਹੀਂ ਦਿਨੀਂ ਐਡ ਏਜੰਸੀਆਂ ਦਾ ਦਬਦਬਾ ਬਹੁਤ ਸੀ। ਕਲਾਇੰਟ ਏਜੰਸੀਆਂ ਵੱਲੋਂ ਸੁਝਾਈ ਮੀਡੀਆ ਲਿਸਟ 'ਤੇ ਬਹੁਤ ਭਰੋਸਾ ਕਰਦੇ ਹੁੰਦੇ ਸਨ। ਐਡ ਏਜੰਸੀਆਂ ਵਿਚ ਮੀਡੀਆ ਪਲੈਨਿੰਗ ਵਿਭਾਗ, ਜਿਸ ਵਿਚ ਮੀਡੀਆ ਪਲੈਨਰ, ਮੀਡੀਆ ਕੰਟ੍ਰੋਲਰ, ਮੀਡੀਆ ਸਰਵੀਸਿੰਗ, ਕਲਾਇੰਟ ਐਗਜ਼ੇਕਿਉਟਿਵ ਅਤੇ ਸਰਵੀਸਿੰਗ ਵਿਭਾਗ ਬਹੁਤ ਖਾਸ ਹੁੰਦੇ ਸਨ। ਕਲਾਇੰਟ ਨਾਲ ਮੀਟਿੰਗਾਂ ਕਰਕੇ ਉਸ ਦੀ ਵਪਾਰਕ ਲੋੜ ਨੂੰ ਪੂਰਾ ਕਰਦਾ ਸਾਲਾਨਾ ਮੀਡੀਆ ਪਲੈਨ ਬਣਾਉਂਦੇ ਸਨ। ਹਰ ਐਡ ਏਜੰਸੀ ਵਿਚ ਮੀਡੀਆ ਮੈਨੇਜਰ ਇੱਕ ਅਹਿਮ ਪੋਸਟ ਹੁੰਦੀ ਸੀ।

ਸਾਰੀਆਂ ਹੀ ਅਖਬਾਰਾਂ ਦੇ ਮਾਲਕ ਜਾਂ ਐਡ ਮੈਨੇਜਰ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਸਥਿਤ ਐਡ ਏਜੰਸੀਆਂ ਵਿਚ ਸਾਲਾਨਾ ਦੋ ਵਾਰ ਜ਼ਰੂਰ ਜਾਂਦੇ ਸਨ। ਇੱਕ ਵਾਰ ਮਾਰਚ-ਅਪਰੈਲ 'ਚ, ਜਦੋਂ ਹਰ ਵੱਡੇ ਕਲਾਇੰਟ ਦਾ ਸਾਲਾਨਾ ਐਡ ਕੰਪੇਨ ਬਣਦਾ ਹੁੰਦਾ ਸੀ। ਦੂਜੀ ਵਾਰ ਜਦੋਂ ਦੀਵਾਲੀ ਸਮੇਤ ਤਿਉਹਾਰਾਂ ਦਾ ਸੀਜ਼ਨ ਹੁੰਦਾ ਸੀ। ਅਖਬਾਰਾਂ ਦੇ ਮਾਲਕ ਜਾਂ ਉਨ੍ਹਾਂ ਦੇ ਪ੍ਰਤੀਨਿਧੀ ਇਨ੍ਹਾਂ ਦੌਰਿਆਂ ਵੇਲੇ ਉਨ੍ਹਾਂ ਦੀ ਅਖਬਾਰ ਨੂੰ ਐਡ ਬਿਜਨਸ ਦੇਣ ਵਾਲੀਆਂ ਏਜੰਸੀਆਂ ਦੇ ਮੁੱਖ ਤੌਰ 'ਤੇ ਮੀਡੀਆ ਮੈਨੇਜਰ ਤੇ ਮੀਡੀਆ ਵਿਭਾਗਾਂ ਨੂੰ ਲੰਚ/ਡਿਨਰ ਦਿੰਦੇ ਅਤੇ ਮੀਡੀਆ ਮੈਨੇਜਰ ਨੂੰ ਵੱਖਰੇ ਤੌਰ 'ਤੇ ਗਿਫਟ ਯਾਂ ਕੈਸ਼ ਪੈਸੇ ਵੀ ਦਿਆ ਕਰਦੇ ਸਨ।

ਪੰਜਾਬ ਕੇਸਰੀ ਅਖਬਾਰ ਆਪਣੇ ਆਪ ਨੂੰ ਚੰਗੀ ਤਰ੍ਹਾਂ ਸਥਾਪਤ ਕਰ ਚੁਕਾ ਸੀ। ਲਾਲਾ ਜਗਤ ਨਰਾਇਣ ਦੇ ਦੋ ਬੇਟੇ ਵੱਡਾ ਰਮੇਸ਼ ਚੋਪੜਾ ਅਤੇ ਵਿਜੇ ਚੋਪੜਾ ਵੀ ਅਖਬਾਰ ਦੇ ਕੰਮਾਂ ਵਿਚ ਪੈ ਗਏ ਸਨ। ਰਮੇਸ਼ ਚੋਪੜਾ ਵਧੇਰੇ ਕਰਕੇ ਬਿਜਨਸ ਲਈ ਸਾਰੇ ਵਪਾਰਕ ਕੇਂਦਰਾਂ ਦਾ ਦੌਰਾ ਕਰਦੇ ਸਨ। ਉਨ੍ਹਾਂ ਨੇ ਸਾਰੇ ਸੈਂਟਰਾਂ ਦੇ ਮੀਡੀਆ ਮੈਨੇਜਰਾਂ ਨੂੰ ਪੰਜਾਬ ਕੇਸਰੀ ਨਾਲ ਚੰਗੀ ਤਰ੍ਹਾਂ ਬੰਨ੍ਹਿਆ ਹੋਇਆ ਸੀ। ਸਾਰੇ ਭਾਰਤ ਵਿਚ ਸਾਰੀਆਂ ਐਡ ਏਜੰਸੀਆਂ ਵਿਚ ਪੰਜਾਬ ਕੇਸਰੀ ਦੀ ਤੂਤੀ ਬੋਲਦੀ ਸੀ। ਉਸ ਵੇਲੇ ਪੰਜਾਬ ਦੀ ਪ੍ਰਤੀਨਿਧੀ ਅਖਬਾਰ ਵਜੋਂ ਪੰਜਾਬ ਕੇਸਰੀ ਨੂੰ ਹੀ ਇਹ ਮਾਣ ਪ੍ਰਾਪਤ ਸੀ।

ਜਦੋਂ ਮੈਨੂੰ ਰੋਜ਼ਾਨਾ ਅਜੀਤ ਲਈ ਵਪਾਰਕ ਪ੍ਰਤੀਨਿਧੀ ਬਣਨ ਦਾ ਮੌਕਾ ਮਿਲਿਆ, ਉਸ ਵੇਲੇ ਕਲਕੱਤਾ ਦੀ ਐਡ ਮਾਰਕੀਟ ਵਿਚ ਵੀ ਪੰਜਾਬ ਕੇਸਰੀ ਦੀ ਹੀ ਚੱਲਦੀ ਸੀ। ਇੱਥੇ ਮੈਂ ਇਹ ਦੱਸ ਦਿਆਂ ਕਿ ਪੰਜਾਬੀ ਜ਼ੁਬਾਨ ਦਾ ਸ਼ੁਰੂ ਤੋਂ ਰੱਬ ਹੀ ਰਾਖਾ ਰਿਹਾ ਹੈ। ਮੈਂ ਜਦੋਂ ਪਹਿਲੀ ਵਾਰ ਐਡ ਏਜੰਸੀਆਂ ਵਿਚ ਅਜੀਤ ਦੇ ਵਪਾਰਕ ਪ੍ਰਤੀਨਿਧੀ ਵਜੋਂ ਸ਼ੁਰੂਆਤ ਕੀਤੀ, ਤਾਂ ਐਡ ਏਜੰਸੀਆਂ ਦਾ ਇੱਕੋ ਇੱਕ ਘੜਿਆ ਘੜਾਇਆ ਉੱਤਰ ਹੁੰਦਾ ਜੀ, ਪੰਜਾਬ ਨੂੰ ਕਵਰ ਕਰਨ ਵਾਸਤੇ ਪੰਜਾਬ ਕੇਸਰੀ ਅਖਬਾਰ ਹੈ, ਜਿਸ ਦੀ ਸਰਕੂਲੇਸ਼ਨ ਵੀ ਅਜੀਤ ਤੋਂ ਵੱਧ ਹੈ। ਦਿਲ ਰੱਖਣ ਲਈ ਉਨ੍ਹਾਂ ਦਾ ਜਵਾਬ ਹੁੰਦਾ ਸੀ ਕਿ ਹਾਂ ਜੇ ਕਲਾਇੰਟ ਕੋਲ ਐਕਸਟਰਾ ਬਜਟ ਹੋਇਆ ਤਾਂ ਫਿਰ ਅਜੀਤ ਬਾਰੇ ਸੋਚਾਂਗੇ। ਹਰ ਪਾਸੇ ਇੱਕੋ ਜਿਹਾ ਜਵਾਬ ਸੁਣ ਕੇ ਮੈਨੂੰ ਲੱਗਾ ਕਿ ਇਨ੍ਹਾਂ ਨੇ ਇੰਜ ਨਹੀਂ ਮੰਨਣਾ। ਮੇਰੇ ਵਾਸਤੇ ਸਭ ਤੋਂ ਵੱਡੀ ਹੈਰਾਨੀ ਵਾਲੀ ਗੱਲ ਇਹ ਸੀ, ਪੰਜਾਬ ਜਿੱਥੇ ਪੰਜਾਬੀ ਬੋਲੀ ਜਾਂਦੀ ਹੈ, ਉਹਦੀ ਪ੍ਰਤੀਨਿਧਤਾ ਹਿੰਦੀ ਭਾਸ਼ਾ ਦੀ ਅਖਬਾਰ ਕਿਵੇਂ ਕਰ ਸਕਦੀ ਹੈ? ਮੈਂ ਪੰਜਾਬ ਕੇਸਰੀ ਦੀ ਸਥਾਪਤ ਪੁਜ਼ੀਸ਼ਨ ਅਤੇ ਵੱਧ ਸਰਕੂਲੇਸ਼ਨ ਦੀ ਕਾਟ ਕਰਨ ਲਈ, ਉਸ ਵੇਲੇ ਦੇ ਪੰਜਾਬ ਰਾਜ ਦੇ ਕੇਂਦਰ ਸਰਕਾਰ ਵੱਲੋਂ ਤਿਆਰ ਕੀਤੇ ਸਰਕਾਰੀ ਮਾਨਕਾਂ ਨੂੰ ਇੱਕਠਾ ਕਰਨਾ ਸ਼ੁਰੂ ਕੀਤਾ। ਉਨ੍ਹੀਂ ਦਿਨੀਂ ਪੰਜਾਬ ਦੀ ਪ੍ਰਤੀ ਜੀਅ ਔਸਤ ਆਮਦਨ ਭਾਰਤ ਦੇ ਦੂਜੇ ਰਾਜਾਂ ਦੇ ਮੁਕਾਬਲੇ ਕਿਤੇ ਵੱਧ ਸੀ। ਇੰਜ ਹੀ ਪੰਜਾਬ ਦੂਜੇ ਕੇਂਦਰੀ ਮਾਨਕਾਂ ਵਿਚ ਆਪਣੇ ਸਮਕਾਲੀ ਰਾਜਾਂ ਤੋਂ ਅੱਗੇ ਸੀ। ਦੂਜਾ ਇਹ ਕਿ ਹਰੀ ਕ੍ਰਾਂਤੀ, ਜਿਸ ਦੀਆਂ ਧੁੰਮਾਂ ਸਾਰੇ ਭਾਰਤ ਵਿਚ ਸਨ, ਉਹ ਤਾਂ ਪੰਜਾਬ ਦਿਆਂ ਪੇਂਡੂ ਖੇਤਰਾਂ ਵਿਚ ਹੋਈ ਹੈ, ਸੋ ਇਸ ਕਰਕੇ ਪਿੰਡ ਦਿਆਂ ਲੋਕਾਂ ਦੀ ਖਰੀਦ ਸ਼ਕਤੀ ਆਪਣੇ ਸਮਕਾਲੀ ਸ਼ਹਿਰੀਆਂ ਨਾਲੋਂ ਵੱਧ ਸੀ। ਪੰਜਾਬ ਦੇ ਪਿੰਡਾਂ ਵਿਚ ਤਾਂ ਸਿਰਫ ਪੰਜਾਬੀ ਹੀ ਪੜ੍ਹੀ ਜਾਂਦੀ ਹੈ।

ਇਨ੍ਹਾਂ ਸਾਰਿਆਂ ਤੱਥਾਂ ਨੂੰ ਮੈਂ ਇਕ ਦਸਤਾਵੇਜ਼ ਬਣਾ ਕੇ ਸਾਰੀਆਂ ਐਡ ਏਜੰਸੀਆਂ ਮੂਹਰੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ ਕਿ ਜਦੋਂ ਸਾਰੇ ਕੇਂਦਰੀ ਮਾਨਕਾਂ ਅਨੁਸਾਰ ਪੰਜਾਬ ਭਾਰਤ ਦਾ ਨੰਬਰ ਇੱਕ ਰਾਜ ਹੈ। ਮੈਂ ਹੋਰ ਅੱਗੇ ਦੱਸਿਆ ਕਿ ਪੰਜਾਬ ਦੀ ਸਾਰੀ ਖੁਸ਼ਹਾਲੀ ਦਾ ਇੱਕੋ ਇੱਕ ਮੂਲ ਕਾਰਨ ਤਾਂ 'ਹਰੀ ਕ੍ਰਾਂਤੀ' ਹੀ ਹੈ ਅਤੇ ਇਸ ਦਾ ਮੁੱਖ ਪਿੜ ਹੈ, ਪੇਂਡੂ ਇਲਾਕਾ। ਪੇਂਡੂ ਭਾਈਚਾਰੇ ਦੀ ਜ਼ੁਬਾਨ ਹੈ ਪੰਜਾਬੀ, ਤੇ ਉਹ ਪੜ੍ਹਦਾ ਵੀ ਪੰਜਾਬੀ ਹੈ। ਪੰਜਾਬ ਦੀ ਜਨਸੰਖਿਆ ਦਾ ਵੱਡਾ ਹਿੱਸਾ ਵੀ ਪਿੰਡਾਂ ਵਿਚ ਰਹਿੰਦਾ ਹੈ। ਮੈਂ ਉਨ੍ਹਾਂ ਨੂੰ ਸਵਾਲ ਕੀਤਾ ਕਿ ਜਦੋਂ ਹਰ ਰਾਜ ਵਿਚ ਤੁਸੀਂ ਉੱਥੋਂ ਦੀ ਮਾਤਰੀ ਭਾਸ਼ਾ ਦੀਆਂ ਅਖਬਾਰਾਂ ਮੀਡੀਆ ਪਲੈਨ ਵਿਚ ਜ਼ਰੂਰੀ ਰੱਖਦੇ ਹੋ ਤਾਂ ਫਿਰ ਪੰਜਾਬ ਰਾਜ ਦੀ ਪ੍ਰਤੀਨਿਧੀ ਅਖਬਾਰ ਹਿੰਦੀ ਦੀ ਪੰਜਾਬ ਕੇਸਰੀ ਕਿਉਂ? ਦੂਜਾ ਇਹ ਕਿ ਪੈਸਾ ਤਾਂ ਪੰਜਾਬ ਦੇ ਕਿਸਾਨਾਂ ਪਾਸ ਹੈ, ਅਤੇ ਉਹ ਪੜ੍ਹਦੇ ਹਨ ਪੰਜਾਬੀ ਅਖਬਾਰ। ਇਸ ਦੇ ਉਲਟ ਪੰਜਾਬ ਕੇਸਰੀ ਦੇ ਵੱਡੀ ਗਿਣਤੀ ਵਿਚ ਪਾਠਕ ਬਿਹਾਰ ਅਤੇ ਉੱਤਰ ਪ੍ਰਦੇਸ਼ ਤੋਂ ਆਏ ਪਰਵਾਸੀ ਮਜ਼ਦੂਰ ਹਨ। ਪਿੰਡਾਂ ਦੇ ਕਿਸਾਨ ਖੁਸ਼ਹਾਲ ਹਨ ਅਤੇ ਇਨ੍ਹਾਂ ਦੀ ਖਰੀਦ ਸ਼ਕਤੀ ਵੀ ਵੱਧ ਹੈ। ਦੂਜੇ ਪਾਸੇ ਦਿਹਾੜੀਦਾਰ ਮਜ਼ਦੂਰ ਹਨ। ਮੈਂ ਉਨ੍ਹਾਂ ਨੂੰ ਸਵਾਲ ਕਰਦਾ ਸਾਂ ਕਿ ਤੁਹਾਡੇ ਕਲਾਇੰਟਾਂ ਦਾ ਸਮਾਨ ਇਹ ਪੈਸੇ ਵਾਲੇ ਲੋਕ ਖਰੀਦਣਗੇ ਜਾਂ ਦਿਹਾੜੀਦਾਰ ਮਜ਼ਦੂਰ?

ਮੈਂ ਆਪਣੇ ਇਨ੍ਹਾਂ ਯਤਨਾਂ ਵਿਚ ਬਹੁਤ ਸਫਲ ਰਿਹਾ। 2006 ਵਿਚ ਜਦੋਂ ਮੈਂ ਅਜੀਤ ਅਖਬਾਰ ਦਾ ਕੰਮ ਛੱਡਿਆ, ਅਖਬਾਰ ਨੂੰ ਕਲਕੱਤੇ ਤੋਂ ਬਹੁਤ ਵਧੀਆ ਐਡ ਬਿਜਨਿਸ ਆ ਰਿਹਾ ਸੀ। ਉਪਰੋਕਤ ਕਹਾਣੀ ਦੱਸਣ ਪਿੱਛੇ ਮੇਰਾ ਮਕਸਦ ਅੱਜ ਦੀ ਪੀੜ੍ਹੀ ਨੂੰ ਉਨ੍ਹਾਂ ਦਿਨਾਂ ਵਿਚ ਪੰਜਾਬ ਦੀ ਭਾਰਤ ਵਿਚ ਚੌਧਰ ਦਾ ਗੁਣਗਾਨ ਕਰਨਾ ਹੈ। ਆਜ਼ਾਦੀ ਤੋਂ ਫੌਰਨ ਬਾਅਦ ਦੇ ਦਹਾਕਿਆਂ ਦੌਰਾਨ ਪੰਜਾਬੀ ਭਾਸ਼ਾ ਦੀ ਸਥਿਤੀ ਬਾਰੇ ਵੀ ਦੱਸਣਾ ਮੇਰੇ ਮਕਸਦ ਵਿਚ ਸ਼ਾਮਲ ਹੈ। ਆਜ਼ਾਦੀ ਤੋਂ ਬਾਅਦ ਸ਼ਰਨਾਰਥੀ ਬਣ ਕੇ ਆਈ ਪੀੜ੍ਹੀ ਨੇ ਕਿੰਨੀ ਸਖਤ ਮਿਹਨਤ ਕੀਤੀ ਸੀ, ਜਿਨ੍ਹਾਂ ਸਦਕਾ ਪੰਜਾਬ ਦੇਸ਼ ਦੀ ਨੰਬਰ ਵੰਨ ਸਟੇਟ ਬਣ ਸਕਿਆ ਸੀ, ਪਰ ਹੁਣ ਹਾਲਾਤ ਉਲਟ ਦਿਸ਼ਾ ਵੱਲ ਚਲੇ ਗਏ ਹਨ।

ਅਜੇ ਕੱਲ੍ਹ ਦੀ ਹੀ ਗੱਲ ਹੈ ਕਿ ਭਾਰਤ ਦਾ ਮਸ਼ਹੂਰ ਅਤੇ ਗਿਆਨੀ ਟੀ. ਵੀ. ਐਂਕਰ ਪੁਨਿਆ ਪ੍ਰਸੂਨ ਵਾਜਪਾਈ ਭਾਰਤ ਵਿਚ ਚੱਲ ਰਹੇ ਇਤਿਹਾਸਕ ਕਿਸਾਨ ਅੰਦੋਲਨ ਬਾਰੇ ਜ਼ਿਕਰ ਕਰਦਿਆਂ ਦੱਸਦਾ ਹੈ ਕਿ ਦੇਸ਼ ਦੀ ਰਾਜਧਾਨੀ ਦਿੱਲੀ ਦੇ ਸਿੰਘੂ ਬਾਰਡਰ 'ਤੇ ਬੈਠੇ ਪੰਜਾਬੀ ਕਿਸਾਨਾਂ ਦੀ ਦਿੱਖ ਨੂੰ ਸਾਰੇ ਪੰਜਾਬੀ ਕਿਸਾਨਾਂ ਦੀ ਵਾਸਤੂ ਸਥਿਤੀ ਨਾ ਸਮਝੀ ਜਾਏ। ਉਸ ਦਾ ਕਹਿਣਾ ਹੈ ਕਿ ਪੰਜਾਬ ਦੀ ਵਧੇਰੀ ਕਿਸਾਨੀ ਹਾਸ਼ੀਏ 'ਤੇ ਹੈ। ਉਸ ਨੇ ਦੱਸਿਆ ਕਿ ਕਦੇ ਦੇਸ਼ ਦੀ ਨੰਬਰ ਵੰਨ ਸਟੇਟ ਅੱਜ ਪੂਰੇ ਦੇਸ਼ ਵਿਚ ਕੇਂਦਰੀ ਮਾਨਕਾਂ ਅਨੁਸਾਰ 16ਵੇਂ ਸਥਾਨ 'ਤੇ ਹੈ। ਸਾਡੇ ਅਪਨੇ ਹੱਥੀਂ ਜਮਾਏ ਹਰਿਆਣਾ/ਹਿਮਾਚਲ ਪ੍ਰਦੇਸ਼ ਕਈ ਕੇਂਦਰੀ ਮਾਨਕਾਂ ਵਿਚ ਪੰਜਾਬ ਤੋਂ ਅੱਗੇ ਹਨ। ਵਾਜਪਾਈ ਨੇ ਹੋਰ ਅੰਕੜੇ ਦਿੰਦਿਆਂ ਦੱਸਿਆ ਕਿ ਪੰਜਾਬ ਦੀ ਕਿਰਸਾਨੀ ਕਿੰਨੀ ਵੱਡੀ ਗਿਣਤੀ ਵਿਚ ਕਰਜ਼ਈ ਹੈ। ਕਿਵੇਂ ਪੰਜਾਬ ਦੇ ਕਿਸਾਨ ਵੀ ਕਰਜ਼ੇ ਦਾ ਬੋਝ ਨਾ ਝੱਲਦੇ ਹੋਏ ਖੁਦਕਸ਼ੀਆ ਕਰ ਰਹੇ ਹਨ।

ਸਿੰਘੂ ਬਾਰਡਰ 'ਤੇ ਇਸ ਵੇਲੇ ਜੋ ਦ੍ਰਿਸ਼ ਨਜ਼ਰ ਆ ਰਹੇ ਹਨ, ਉਨ੍ਹਾਂ ਦਾ ਅਰਥ ਇਹੀ ਹੈ ਕਿ ਕਿਰਸਾਨ ਆਪਣੇ ਜਿਉਂਦੇ ਰਹਿਣ ਦੀ ਲੜਾਈ ਲੜ ਰਹੇ ਹਨ। ਇੱਥੇ ਕਿਸਾਨੀ ਸੰਘਰਸ਼ ਨੂੰ ਪੰਜਾਬੀ ਕਿਸਾਨ ਅਗਵਾਈ ਦੇ ਰਹੇ ਹਨ। ਕਈ ਜਥੇਬੰਦੀਆਂ ਦੇ ਆਪਸ ਵਿਚ ਵਿਚਾਰਕ ਮਤਭੇਦ ਹਨ, ਪਰ ਇਸ ਸੰਘਰਸ਼ ਵਿਚ ਉਹ ਇਕੱਠੇ ਹਨ। ਬੜੀ ਸਿਆਣਪ ਨਾਲ ਪੰਜਾਬੀ ਕਿਸਾਨੀ ਲੀਡਰਸ਼ਿਪ ਨੇ ਹੋਰਨਾਂ ਰਾਜਾਂ ਦੇ ਕਿਸਾਨੀ ਆਗੂਆਂ ਨੂੰ ਆਪਣੇ ਨਾਲ ਜੋੜਿਆ ਹੈ। ਕਿਸਾਨਾਂ ਨੇ ਇਹ ਜੰਗ ਜਿੱਤ ਲੈਣੀ ਹੈ, ਕਿਉਂਕਿ ਸਰਕਾਰ ਦੇ ਕਦਮ ਗਲਤ ਹਨ। ਉਹ ਬੜੀ ਚਲਾਕੀ ਨਾਲ ਲੋਕਾਂ ਨੂੰ ਬੇਵਕੂਫ ਬਣਾਉਣ ਲਈ ਕਹਿੰਦੇ ਹਨ, ਇਹ ਖੇਤੀ ਸੁਧਾਰ ਬਿੱਲ ਕੋਈ ਨਵੇਂ ਨਹੀਂ ਹਨ। ਇਨ੍ਹਾਂ ਸੁਧਾਰਾਂ 'ਤੇ ਪਹਿਲੀਆਂ ਸਰਕਾਰਾਂ ਵੀ ਗੱਲਾਂ ਕਰਦੀਆਂ ਰਹੀਆਂ ਹਨ। (ਪਰ ਮੋਦੀ ਤੋਂ ਪਹਿਲੀਆਂ ਸਰਕਾਰਾਂ 'ਤੇ ਵੀ ਕੌਮਾਂਤਰੀ ਬੈਂਕਾਂ ਦਾ ਖੇਤੀ ਸੁਧਾਰ ਕਰਨ ਲਈ ਦਬਾਉ ਹੁੰਦਾ ਸੀ, ਪਰ ਉਨ੍ਹਾਂ ਕਦੇ ਵੀ ਅਜਿਹਾ ਕਰਨ ਦੀ ਹਿਮਾਕਤ ਨਹੀਂ ਸੀ ਕੀਤੀ)।

ਅਸਲੀਅਤ ਵਿਚ 2014 ਦੀਆਂ ਚੋਣਾਂ ਵਿਚ ਪ੍ਰਚਾਰ ਵੇਲੇ ਨਰਿੰਦਰ ਮੋਦੀ ਨੇ ਥੋਕ ਦੇ ਭਾਅ ਝੂਠ ਅਤੇ ਸਿਰਫ ਝੂਠ ਹੀ ਬੋਲਿਆ ਸੀ। ਰਾਹੁਲ ਗਾਂਧੀ ਵਲੋਂ ਆਰਡੀਨੈਂਸ ਪਾੜਨ ਨਾਲ ਆਮ ਜਨਤਾ ਵਿਚ ਮਨਮੋਹਨ ਸਿੰਘ ਸਰਕਾਰ ਪ੍ਰਤੀ ਇੱਕ ਨਾਂਹ ਪੱਖੀ ਸੰਦੇਸ਼ ਗਿਆ। ਦੂਸਰਾ, ਰਾਬਰਟ ਵਾਡਰਾ ਦੇ ਜ਼ਮੀਨੀ ਸੌਦਿਆ ਨੇ ਵੀ ਲੋਕਾਂ ਵਿਚ ਗਲਤ ਸੰਦੇਸ਼ ਗਏ ਸਨ। ਇਸ ਤਰ੍ਹਾਂ ਮੋਦੀ ਝੂਠ ਦੀ ਲਹਿਰ 'ਤੇ ਸਵਾਰ ਹੋ ਕੇ ਸੱਤਾ ਵਿਚ ਆ ਗਿਆ। ਉਸ ਨੇ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਭੁਲਾ ਦਿੱਤਾ। ਰਾਜ ਕਰਨ ਦੀ ਜਾਣਕਾਰੀ ਤੇ



ਤਜਰਬੇ ਦੀ ਘਾਟ ਅਤੇ ਲੋਕਾਂ ਵੱਲੋਂ ਉਸ ਦੇ ਬੋਲੇ ਝੂਠ ਦਾ ਨੋਟਿਸ ਨਾ ਲੈਣ ਕਾਰਨ ਉਸ ਨੂੰ ਇਨਾ ਗਿਆਨ ਜ਼ਰੂਰ ਹੋ ਗਿਆ ਕਿ ਭਾਰਤ ਦੀ ਕੁਲ ਜਨਸੰਖਿਆ ਦਾ ਵੱਡਾ ਹਿੱਸਾ ਅਕਲ ਤੇ ਗਿਆਨ ਦੇ ਮਾਮਲੇ 'ਚ ਹਲਕਾ ਹੈ। ਇਨ੍ਹਾਂ ਨੂੰ ਕਿਵੇਂ ਪਰਚਾਣਾ ਹੈ, ਉਹ ਜਾਣ ਗਿਆ ਸੀ ਕਿ ਜਿੰਨਾ ਮਰਜ਼ੀ ਝੂਠ ਬੋਲੀ ਜਾਓ, ਇਸ ਅਨਪੜ੍ਹ ਵਰਗ ਦੀ ਸਮਝ ਵਿਚ ਕੁਝ ਵੀ ਨਹੀਂ ਆਉਣਾ। ਇਸੇ ਲਈ ਉਸ ਨੇ ਪਹਿਲਾਂ ਤੋਂ ਹੀ ਪ੍ਰਚਲਿਤ ਸਕੀਮਾਂ ਦੇ ਨਾਮ ਬਦਲ ਕੇ ਮੁੜ ਪੇਸ਼ ਕੀਤੀਆਂ। ਨਾਲੋਂ ਨਾਲ ਉਸ ਨੇ ਹਿੰਦੂਤਵਾ ਦਾ ਪੱਤਾ ਖੇਡਣਾ ਜਾਰੀ ਰੱਖਿਆ। ਵਿਰੋਧੀ ਧਿਰ ਦਾ ਭੋਗ ਪੈ ਗਿਆ ਸੀ। ਮੋਦੀ ਦੇ ਹੌਸਲੇ ਬੁਲੰਦ ਹੁੰਦੇ ਗਏ ਅਤੇ ਮੌਜੂਦਾ ਤਿੰਨ ਕਿਸਾਨੀ ਬਿੱਲ ਉਸੇ ਹੌਸਲੇ ਦਾ ਨਤੀਜਾ ਹਨ।

ਨੋਟ ਕਰਨ ਵਾਲੀ ਗੱਲ ਹੈ ਕਿ ਜਦੋਂ ਅਡਾਨੀ ਗਰੁਪ ਨੇ ਵੱਡੇ ਪੱਧਰ 'ਤੇ ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਵਿਸ਼ਾਲ ਗੋਦਾਮ ਬਣਾਉਣੇ ਸ਼ੁਰੂ ਕਰ ਦਿੱਤੇ, ਕਿਸੇ ਨੇ ਵੀ ਅਡਾਨੀ ਦੇ ਇਸ ਕਦਮ ਦਾ ਨੋਟਿਸ ਨਹੀਂ ਲਿਆ। ਦਰਅਸਲ ਅੰਦਰਖਾਤੇ ਇਨ੍ਹਾਂ ਤਿੰਨ ਖੇਤੀ ਬਿੱਲਾਂ ਦੀ ਜ਼ਮੀਨ ਉਦੋਂ ਤੋਂ ਹੀ ਤਿਆਰ ਹੋਣੀ ਸ਼ੁਰੂ ਹੋ ਗਈ ਸੀ। ਕਰੋਨਾ ਕਾਲ ਦੌਰਾਨ ਜਦੋਂ ਸਭ ਕੁਝ ਠਹਿਰ ਜਿਹਾ ਗਿਆ ਸੀ, ਨਰਿੰਦਰ ਮੋਦੀ ਦੇ ਚੁਸਤ ਸ਼ਰਾਰਤੀ ਦਿਮਾਗ ਨੂੰ ਇਹ ਲੱਗਾ ਕਿ ਇਹੋ ਸਹੀ ਮੌਕਾ ਹੈ, ਇਨ੍ਹਾਂ ਬਿੱਲਾਂ ਨੂੰ ਕਾਨੂੰਨ ਬਣਾਉਣ ਦਾ। ਲੋਕ ਸਭਾ ਵਿਚ ਤਾਂ ਬਹੁਮਤ ਸੀ ਅਤੇ ਲੋਕ ਸਭਾ ਵਿਚ ਸਵਾਲਾਂ ਦੇ ਸਮੇਂ ਵਿਚ ਕਟੌਤੀ ਕਰਕੇ ਅਜਿਹਾ ਪ੍ਰਬੰਧ ਕੀਤਾ ਗਿਆ ਕਿ ਸਭ ਕੁਝ ਤੁਰੰਤ ਹੋ ਜਾਵੇ। ਰਾਜ ਸਭਾ ਵਿਚ ਇਹ ਬਿੱਲ ਕਿਵੇਂ ਗਲਤ ਢੰਗ ਨਾਲ ਪਾਸ ਹੋਏ ਹਨ, ਅਸਾਂ ਸਾਰਿਆਂ ਨੇ ਵੇਖਿਆ ਹੀ ਹੈ।

ਮੋਦੀ ਨੂੰ ਆਪਣੇ ਆਪ 'ਤੇ ਲੋੜ ਨਾਲੋਂ ਵੱਧ ਯਕੀਨ ਸੀ ਕਿ ਉਹ ਇਨ੍ਹਾਂ ਬਿੱਲਾਂ ਦੀ ਵਿਰੋਧਤਾ ਨੂੰ ਆਪਣੀਆਂ ਗੱਲਾਂ ਵਿਚ ਉਲਝਾ ਕੇ ਜੁਮਲੇਬਾਜੀ ਨਾਲ ਠੰਡਾ ਕਰ ਲਵੇਗਾ। ਇਸੇ ਕਰਕੇ ਉਸ ਨੇ ਪੰਜਾਬ ਦੇ ਸ਼ੁਰੂਆਤੀ ਅੰਦੋਲਨ ਨੂੰ ਗੰਭੀਰਤਾ ਨਾਲ ਨਹੀਂ ਲਿਆ, ਸਗੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੂੰ ਸਿਫਰ ਕਰਨ ਲਈ ਕੇਂਦਰ ਸਰਕਾਰ ਵੱਲੋਂ ਵਿਖਾਈ ਹੈਂਕੜਬਾਜੀ ਨੇ ਇਨ੍ਹਾਂ ਕਿਸਾਨ ਜਥੇਬੰਦੀਆਂ ਨੂੰ ਆਤਮਿਕ ਮਜ਼ਬੂਤੀ ਦਿੱਤੀ। ਦੂਜਾ ਮੋਦੀ ਸਿੱਖਾਂ ਦੇ ਇਤਿਹਾਸ ਨੂੰ ਨਹੀਂ ਜਾਣਦਾ ਸੀ, ਕਿਵੇਂ ਇਹ ਕੌਮ ਜਦੋਂ ਇੱਕ ਵਾਰ ਕਿਸੇ ਮੁਹਿੰਮ 'ਤੇ ਨਿਕਲਦੀ ਹੈ ਤਾਂ ਫਤਹਿ ਕਰ ਕੇ ਹੀ ਮੁੜਦੀ ਹੈ। ਬੱਸ ਇਥੇ ਹੀ ਮੋਦੀ ਦੇ ਲੋੜ ਤੋਂ ਵੱਧ ਆਤਮ ਵਿਸ਼ਵਾਸ ਨੇ ਪੁਆੜੇ ਪਾ ਦਿੱਤੇ। ਮੋਦੀ ਨੂੰ ਪੂਰਾ ਭਰੋਸਾ ਸੀ ਕਿ ਇਸ ਵਾਰ ਵੀ ਕਵੱਲੀਆਂ ਸਿੱਧੀਆਂ ਪੈਣਗੀਆਂ, ਪਰ ਹੋਇਆ ਕਿ ਹਰ ਚਾਲ ਮੋਦੀ ਨੂੰ ਹੀ ਪੁੱਠੀ ਪਈ। ਸੁਪਰੀਮ ਕੋਰਟ ਨੇ ਵੀ ਇਸ ਵਾਰ ਸਰਕਾਰ ਨੂੰ ਪੱਲਾ ਨਹੀਂ ਫੜਾਇਆ।

ਸਭ ਤੋਂ ਵੱਧ ਪ੍ਰਭਾਵਸ਼ਾਲੀ ਜੋ ਇਸ ਕਿਰਸਾਨੀ ਅੰਦੋਲਨ ਵਿਚ ਵੇਖਣ ਨੂੰ ਮਿਲਿਆ, ਉਹ ਹੈ ਪੰਜਾਬੀਆਂ ਦੀ ਏਕਤਾ। ਕਿਰਸਾਨੀ ਨਾਲ ਸਿੱਧੇ ਜਾਂ ਅਸਿੱਧੇ ਤੌਰ 'ਤੇ ਜੁੜੇ ਹਰ ਵਰਗ ਨੇ ਇਸ ਅੰਦੋਲਨ ਵਿਚ ਸ਼ਾਮਲ ਹੋ ਕੇ ਹਿੱਸਾ ਪਾਇਆ ਹੈ। ਪੰਜਾਬੀ ਸਮਾਜ ਦੇ ਹਰ ਹਿੱਸੇ ਨੇ ਆਪਣੇ ਹਿਸਾਬ ਨਾਲ ਇਸ ਅੰਦੋਲਨ ਵਿਚ ਸ਼ਿਰਕਤ ਕੀਤੀ ਹੈ। ਪੰਜਾਬੀ ਬੁੱਧੀਜੀਵੀਆਂ, ਮਨੋਰੰਜਨ ਸਨਅਤ ਨਾਲ ਜੁੜੇ ਕਲਾਕਾਰਾਂ, ਖੇਤੀ ਸਨਅਤ ਨਾਲ ਜੁੜੇ ਤਕਨੀਕੀ ਕਾਰੀਗਰਾਂ ਨੇ ਵੀ ਆਪਣੀ-ਆਪਣੀ ਹਾਜ਼ਰੀ ਲਵਾਈ ਹੈ। ਰਵੀ ਸਿੰਘ ਵੱਲੋਂ ਸੰਚਾਲਿਤ ਖਾਲਸਾ ਏਡ ਨੇ ਵੱਡੇ ਪੱਧਰ 'ਤੇ ਇਸ ਅੰਦੋਲਨ ਵਿਚ ਸ਼ਿਰਕਤ ਕਰਨ ਵਾਲਿਆਂ ਦੇ ਖਾਣ-ਪੀਣ, ਰਹਿਣ-ਸਹਿਣ ਦਾ ਵੱਡਾ ਪ੍ਰਬੰਧ ਕੀਤਾ ਹੈ। ਜਿਸ ਢੰਗ ਨਾਲ ਅੰਦੋਲਨਕਾਰੀ ਕਿਰਸਾਨ ਸੜਕਾਂ ਦੇ ਦੋਵਾਂ ਪਾਸੇ ਰਹਿਣ ਵਾਲੇ ਸਥਾਨਕ ਲੋਕਾਂ ਨਾਲ ਤਾਲ-ਮੇਲ ਬਿਠਾ ਲਿਆ ਹੈ, ਇਹ ਬਹੁਤ ਸ਼ਲਾਘਾਯੋਗ ਹੈ। ਇਸ ਅੰਦੋਲਨ ਦੀ ਸਫਲਤਾ ਵਿਚ ਸੋਸ਼ਲ ਮੀਡੀਏ, ਐਨ. ਡੀ. ਟੀ. ਵੀ. ਅਤੇ ਯੂ ਟਿਊਬ ਜਿਹੀਆਂ ਵੱਡੀਆਂ ਚੈਨਲਾਂ ਦਾ ਵੀ ਵੱਡਾ ਹੱਥ ਹੈ। ਇਨ੍ਹਾਂ ਚੈਨਲਾਂ ਨੇ ਸਰਕਾਰੀ ਭੰਡੀ ਪ੍ਰਚਾਰ ਦਾ ਵੀ ਮੂੰਹ ਤੋੜਵਾਂ ਜੁਆਬ ਦਿੱਤਾ ਅਤੇ 'ਨਾਨਕ ਓੜਕ ਸੱਚ ਰਹੀ' ਨੂੰ ਕ੍ਰਿਤਾਰਥ ਕੀਤਾ ਹੈ।

ਆਸ ਹੈ ਕਿ ਇਸ ਫੈਸਲਾਕੁਨ ਲੜਾਈ ਵਿਚ ਕਿਸਾਨ ਹੀ ਜੇਤੂ ਹੋਣਗੇ, ਪਰ ਇਸ ਤੋਂ ਬਾਅਦ ਕੀ ਪੰਜਾਬ ਦੀ ਕਿਰਸਾਨੀ ਦੇ ਸਾਰੇ ਦੁੱਖ ਕੱਟੇ ਜਾਣਗੇ? ਹਾਸ਼ੀਏ 'ਤੇ ਆਈ ਕਿਰਸਾਨੀ ਵਾਸਤੇ ਤਾਂ ਆਮ ਹਾਲਾਤਾਂ ਵਿਚ ਕੁਝ ਵੀ ਫਰਕ ਨਹੀਂ ਪੈਣਾ। ਉਸ ਨੂੰ ਤਾਂ ਆਪਣੀਆਂ ਨਿੱਤ ਦੀਆਂ ਲੋੜਾਂ ਲਈ ਪਹਿਲਾਂ ਵਾਂਗ ਹੀ ਜੂਝਣਾ ਪੈਣਾ ਹੈ। ਇਸ ਕਿਰਸਾਨੀ ਸੰਘਰਸ਼ ਵਿਚ ਪੰਜਾਬੀ ਦਾਨਵੀਰਾਂ ਵੱਲੋਂ ਵਿਖਾਈ ਦਰਿਆਦਿਲੀ ਕਾਬਿਲੇ ਤਾਰੀਫ ਹੈ। ਬੜੀਆਂ ਵੱਡੀਆਂ ਰਕਮਾਂ ਇਹ ਸਾਰੇ ਦਾਨਵੀਰ ਖਰਚ ਰਹੇ ਹਨ। ਮੇਰੀ ਇਨ੍ਹਾਂ ਪੰਜਾਬੀ ਦਾਨਵੀਰਾਂ ਅਤੇ ਸਿੱਖ ਦਾਨਿਸ਼ਵਰਾਂ ਨੂੰ ਬੇਨਤੀ ਹੈ ਕਿ ਉਨ੍ਹਾਂ ਨੂੰ ਕੁਝ ਅਜਿਹੀਆਂ ਸਿਰਜਣਾਵਾਂ ਕਰਨੀਆਂ ਚਾਹੀਦੀਆਂ ਹਨ ਕਿ ਪੰਜਾਬ ਵਿਚ ਖੇਤੀ ਪੈਦਾਵਾਰ ਨੂੰ ਸੰਭਾਲਣਾ ਅਤੇ ਮੁੜ ਇਸ ਦੀ ਤਿਜਾਰਤ ਕਰਨ ਲਈ ਕੁਝ ਕੁ ਅਜਿਹੇ ਵਪਾਰਕ ਅਦਾਰੇ ਕਾਇਮ ਕੀਤੇ ਜਾਣ ਤਾਂ ਜੋ ਹਾਸ਼ੀਏ 'ਤੇ ਬੈਠੀ ਕਿਰਸਾਨੀ ਨੂੰ ਠੁੰਮਣਾ ਦਿੱਤਾ ਜਾ ਸਕੇ। ਪੰਜਾਬੀ ਕਿਰਸਾਨੀ ਦੀ ਸਰਕਾਰਾਂ 'ਤੇ ਨਿਰਭਰਤਾ ਵੀ ਖਤਮ ਹੋਏ।

ਮੈਨੂੰ ਬੇਪਨਾਹ ਵਿਸ਼ਵਾਸ ਹੈ ਕਿ ਗੁਰੂ ਨਾਨਕ ਦੇ ਵਰਸੋਏ ਸਿੱਖਾਂ ਦੇ ਜ਼ਰਖੇਜ਼ ਦਿਮਾਗ ਜ਼ਰੂਰ ਅਜਿਹੇ ਵਪਾਰਕ ਢੰਗ ਤਰੀਕੇ ਈਜਾਦ ਕਰ ਸਕਦੇ ਹਨ, ਜੋ ਪੰਜਾਬ ਦੀ ਕਿਰਸਾਨੀ ਨੂੰ ਸਰਕਾਰ ਦੇ ਰਹਿਮ 'ਤੇ ਨਾ ਛੱਡ ਕੇ ਕੋਈ ਅਜਿਹੇ ਵਪਾਰਕ ਨਿਜ਼ਾਮ ਦੀ ਖੋਜ ਕਰਨ, ਜੋ ਪੰਜਾਬ ਦੀ ਵੱਖ-ਵੱਖ ਕਿਰਸਾਨੀ ਉਪਜ ਨੂੰ ਲਾਭਦਾਇਕ ਮੁੱਲ ਦੇ ਦੇ ਕੇ ਖਰੀਦੇ, ਭੰਡਾਰਨ ਕਰੇ ਅਤੇ ਫਿਰ ਦੇਸ਼ ਵਿਦੇਸ਼ ਦੀਆਂ ਮੰਡੀਆਂ ਵਿਚ ਇਨ੍ਹਾਂ ਉਤਪਾਦਕਾਂ ਨੂੰ ਵੇਚੇ। ਪੰਜਾਬ ਵਿਚ ਵੱਧ ਤੋਂ ਵੱਧ ਐਗਰੋ ਪ੍ਰੋਸੈਸਿੰਗ ਪਲਾਂਟ ਲਾ ਕੇ ਦਰਮਿਆਨੀ ਕਿਰਸਾਨੀ ਨੂੰ ਰਵਾਇਤੀ ਫਸਲਾਂ ਦੇ ਚੱਕਰ 'ਚੋਂ ਕੱਢ ਕੇ ਦੂਜੀਆਂ ਲਾਭਕਾਰੀ ਖੇਤੀ ਉਤਪਾਦਾਂ ਵੱਲ ਨੂੰ ਮੋੜਿਆ ਜਾ ਸਕੇ। ਵਿਦੇਸ਼ੀ ਧਨਾਢ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੀ ਕਿਰਸਾਨੀ ਨੂੰ ਦੁਪਾਸੜ ਲਾਭਕਾਰੀ ਦਰਾਂ 'ਤੇ ਰਿਣ ਮੁਹੱਈਆ ਕਰਵਾਉਣ ਵਾਸਤੇ ਫੰਡਾਂ ਦੀ ਸਥਾਪਨਾ ਕਰਨ। ਜੇ ਸਿੱਖ ਕੁਝ ਅਜਿਹੇ ਹੀ ਗੁਰੂ ਨਾਨਕ ਦੇ ਆਸ਼ੇ ਅਨੁਸਾਰ 'ਵੰਡ ਛਕਣ' ਵਾਲੇ ਕਦਮ ਚੁੱਕਣਗੇ ਤਾਂ ਇਹ ਉਨ੍ਹਾਂ ਦਾ ਆਪਣੇ ਇਸ਼ਟ 'ਗੁਰੂ ਨਾਨਕ' ਪ੍ਰਤੀ ਸੱਚੀ ਸ਼ਰਧਾ ਦਾ ਪ੍ਰਗਟਾਵਾ ਤੇ ਸਜਦਾ ਹੋਵੇਗਾ।

# ਕਿਸਾਨ ਸੰਘਰਸ਼ ਬਚ ਕੇ ਰਹੇ ਅਖੌਤੀ ਧਿਰਾਂ ਤੋਂ

ਕੁਝ ਦਿਨ ਪਹਿਲਾਂ ਯੂ ਟਿਊਬ 'ਤੇ ਇਕ ਵੀਡੀਓ ਵੇਖਿਆ, ਜਿਸ ਵਿਚ ਦੀਪ ਸਿੱਧੂ ਆਪਣੇ ਸਮਰਥਕਾਂ ਦੇ ਵਾੜੇ ਵਿਚ ਬੈਠ ਕੇ ਕਿਸਾਨ ਸੰਘਰਸ਼ ਦੇ ਸੰਦਰਭ ਵਿਚ ਆਪਣੇ ਹਮਾਇਤੀਆਂ ਨੂੰ ਸੰਬੋਧਨ ਕਰ ਰਿਹਾ ਸੀ। ਜੋ ਮੈਨੂੰ ਸਮਝ ਵਿਚ ਆਇਆ, ਉਹ ਇਹ ਸੀ ਕਿ ਉਹ ਕਿਸਾਨ ਸੰਘਰਸ਼ ਮੋਰਚੇ ਨਾਲ ਇਸ ਗੱਲੋਂ ਬੇਹੱਦ ਨਾਰਾਜ਼ ਹੈ ਕਿ ਉਸ (ਦੀਪ ਸਿੱਧੂ) ਨੂੰ ਉਹ ਆਪਣੀਆਂ ਰਣਨੀਤੀਆਂ ਤਿਆਰ ਕਰਨ ਵੇਲੇ ਉਸ ਦੀ ਰਾਇ ਕਿਉਂ ਨਹੀਂ ਲੈਂਦੇ? ਉਹ ਆਪਣੇ ਸੰਬੋਧਨ ਵਿਚ ਵਾਰ-ਵਾਰ ਗੁਰਬਾਣੀ ਦੀਆਂ ਤੁਕਾਂ ਬੋਲ ਕੇ ਆਪਣੇ ਆਪ ਨੂੰ ਅਤੇ ਆਪਣੇ ਇਰਾਦਿਆਂ ਨੂੰ ਪਾਕ ਤੇ ਗੁਰੂ ਆਸ਼ੇ ਅਨੁਸਾਰ ਸਹੀ ਠਹਿਰਾਉਣ ਦੇ ਯਤਨ ਕਰ ਰਿਹਾ ਸੀ। ਉਹ ਇਹ ਵੀ ਦੱਸਣ ਦਾ ਯਤਨ ਕਰ ਰਿਹਾ ਸੀ ਕਿ ਕਿਸਾਨ ਅੰਦੋਲਨ ਦੀ ਵਿਸ਼ਾਲਤਾ ਵਿਚ ਕਿਤੇ ਉਸ ਦਾ ਵੀ ਵੱਡਾ ਹੱਥ ਹੈ। ਉਸ ਨੂੰ ਕਿਤੇ ਇਹ ਵੀ ਲੱਗ ਰਿਹਾ ਸੀ, ਜੇ ਕਿਸਾਨ ਸੰਘਰਸ਼ ਬਾਰੇ ਫੈਸਲੇ ਲੈਣ ਵਾਲੀ ਕਮੇਟੀ ਵਿਚ ਉਸ ਦੀ ਸ਼ਮੂਲੀਅਤ ਹੋਏ ਅਤੇ ਉਸ ਦੀ ਰਾਇ ਲਈ ਜਾਵੇ ਤਾਂ ਇਹ ਵੱਡੇ ਅਤੇ ਵਧੀਆ ਨਤੀਜੇ ਵਿਖਾ ਸਕਦੀ ਹੈ। ਉਸ ਨੂੰ ਇਸ ਗੱਲ ਦਾ ਬਹੁਤ ਰੰਜ ਹੈ ਕਿ 'ਦੀਪ ਸਿੱਧੂ' ਦੀ ਅਣਦੇਖੀ ਕੀਤੀ ਜਾ ਰਹੀ ਹੈ। ਕਈ ਵਾਰ ਉਹ ਆਪਣੇ ਸੁਝਾਵਾਂ ਦੀ ਪ੍ਰੌੜਤਾ ਲਈ ਆਪਣੇ ਸੱਜੇ-ਖੱਬੇ ਬੈਠੇ ਆਪਣੇ ਚਾਟੂਕਾਰਾਂ ਨੂੰ ਵੀ ਪੁੱਛਦਾ ਹੈ, ਜੋ ਉਸ ਦੀ ਹਾਂ ਵਿਚ ਹਾਂ ਵਿਚ ਮਿਲਾਉਂਦੇ ਹਨ। ਉਹ ਯੂ ਟਿਊਬ ਉੱਪਰ ਨਿਰੰਤਰ ਵੀਡੀਓ ਵੀ ਪਾ ਰਿਹਾ ਹੈ।

ਇਹ ਕਿਸਾਨ ਸੰਘਰਸ਼ ਜਿਸ ਰਫਤਾਰ ਨਾਲ ਪ੍ਰਫੁਲਿਤ ਹੋ ਰਿਹਾ ਹੈ, ਇਹ ਮੋਦੀ ਸਰਕਾਰ ਲਈ ਅਸੁਖਾਵੀਆਂ ਸਥਿਤੀਆਂ ਤਿਆਰ ਕਰ ਰਿਹਾ ਹੈ। ਹਿੰਦੀ ਭਾਸ਼ਾ ਦੀਆਂ ਵੱਡੀਆਂ ਯੂ ਟਿਊਬ ਚੈਨਲਾਂ ਇਸ ਸੰਘਰਸ਼ ਦੇ ਹੱਕ ਵਿਚ ਪੁਰਜ਼ੋਰ ਯਤਨ ਕਰ ਰਹੀਆਂ ਹਨ। ਇਸ ਦੇ ਦੂਜੇ ਪਾਸੇ ਪੰਜਾਬੀ ਦੇ ਕੌਮਾਂਤਰੀ ਚੈਨਲ 'ਪ੍ਰਾਈਮ ਏਸ਼ੀਆ' ਉਤੇ ਜਤਿੰਦਰ ਪੰਨੂ, ਪਰਮਵੀਰ ਬਾਠ ਅਤੇ ਗੁਰਪ੍ਰੀਤ ਸੰਧਾਵਾਲੀਆ ਦੇ ਪ੍ਰੋਗਰਾਮ ਵੀ ਕਿਸਾਨੀ ਸੰਘਰਸ਼ ਦੀ ਭਰਪੂਰ ਤੇ ਸਾਰਥਕ ਢੰਗ ਨਾਲ ਸਹਿਯੋਗ ਕਰ ਰਹੇ ਹਨ।

ਉਂਜ ਬਹੁਤ ਸਾਰੀਆਂ ਰਾਤੋ ਰਾਤ ਪੈਦਾ ਹੋਈਆਂ ਯੂ ਟਿਊਬ ਚੈਨਲਾਂ ਦੀਪ ਸਿੱਧੂ ਅਤੇ ਉਸ ਵਰਗੇ ਕਈ ਨਾਮ ਨਿਹਾਦ ਚਿਹਰਿਆਂ ਦੇ ਅਨਾਪ ਸ਼ਨਾਪ ਵਿਚਾਰਾਂ ਦੇ ਵੀਡੀਓ ਪਾ ਕੇ ਸੰਘਰਸ਼ ਦੇ ਤੇਜ਼ ਨੂੰ ਕਿਤੇ ਹੋਰ ਰੰਗ ਦੇਣ ਦੇ ਯਤਨ ਕਰਦੀਆਂ ਹਨ, ਜੋ ਕਿ ਮਾੜੇ ਯਤਨ ਹਨ ਅਤੇ ਅਜਿਹੀਆਂ ਕਾਰਵਾਈਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਜਦੋਂ ਵੀ ਮੈਂ ਅਜਿਹਾ ਹੁੰਦਾ ਵੇਖਦਾ ਹਾਂ ਤਾਂ ਮੇਰੇ ਜ਼ਹਿਨ ਵਿਚ ਉਹ ਸਾਰੇ ਖਲਨਾਇਕ ਕਿਰਦਾਰ ਜੀਵੰਤ ਹੋ ਉੱਠਦੇ ਹਨ, ਜਿਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦੁਰ, ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਤੋਂ ਲੈ ਕੇ ਦੇਸ਼ ਦੀ ਵੰਡ ਅਤੇ ਉਸ ਤੋਂ ਬਾਅਦ ਅਜੋਕੇ ਪੰਜਾਬ ਦੀ ਬਦਹਾਲੀ ਵਿਚ ਆਪਣੇ ਕੁਕਰਮਾਂ ਨਾਲ ਭਰਪੂਰ ਭਾਈਵਾਲੀ ਨਿਭਾਈ ਸੀ। ਅਫਸੋਸ ਹੈ ਕਿ ਉਨ੍ਹਾਂ ਇਤਿਹਾਸਕ ਖਲਨਾਇਕੀ ਚਰਿੱਤਰਾਂ ਦੇ ਵਾਰਿਸ ਅੱਜ ਵੀ ਉਸੇ ਪੁਰਾਣੀ ਨਿਰਲੱਜਤਾ ਨਾਲ ਆਪਣੇ ਕੁਕਰਮ ਨਿਰੰਤਰ ਕਰ ਕੇ 'ਪੰਜਾਬ' ਦੀ ਸ਼ਾਨ ਨੂੰ ਧੂਮਲ ਕਰ ਰਹੇ ਹਨ। ਅਫਸੋਸ ਹੈ ਕਿ ਜਿਵੇਂ ਸਿੱਖਾਂ ਨੇ ਗੁਰੂ ਨਾਨਕ ਦੀ ਨਾ ਮੰਨ ਕੇ ਮੂੰਹ ਚੋਟਾਂ ਖਾਧੀਆਂ ਹਨ, ਸ਼ਾਇਦ ਹੁਣ ਢਲਦੀ ਪੰਜਾਬੀਅਤ ਦੀ ਵਾਰੀ ਹੈ। ਵਾਹਿਗੁਰੂ ਸਰਬੱਤ ਨੂੰ ਸੁਮੱਤ ਬਖਸ਼ੇ।

*-ਅਮਰਜੀਤ ਸਿੰਘ ਮੁਲਤਾਨੀ*

# ਘੱਟੋ ਘੱਟ ਸਮਰਥਨ ਮੁਲ ਦੇਣ ਵਾਲੀ ਸੰਸਥਾ ਐਫ. ਸੀ. ਆਈ. ਡੁੱਬਣ ਕਿਨਾਰੇ

ਕਿਸੇ ਨੇ ਠੀਕ ਹੀ ਕਿਹਾ ਹੈ ਕਿ 'ਤਾਕਤ ਜ਼ੁਲਮ ਢਾਹੁੰਦੀ ਹੈ, ਮਜਬੂਰੀ ਬਰਦਾਸ਼ਤ ਕਰਦੀ ਹੈ। 'ਕੇਂਦਰੀ ਹਕੂਮਤ ਦੇਸ਼ ਵਿਚ ਤਿੰਨ ਕਾਲੇ ਖੇਤੀ ਕਾਨੂੰਨ ਲਾਗੂ ਕਰ ਰਹੀ ਹੈ। ਖੇਤਾਂ ਦਾ ਜਾਇਆ ਅੰਦੋਲਨ ਕਰ ਰਿਹਾ ਹੈ, ਉਹ ਠੰਢੀਆਂ ਠਾਰ ਰਾਤਾਂ ਵਿਚ ਦਿੱਲੀ ਨੂੰ ਨਾਗਵਲ ਪਾਈ ਬੈਠਾ ਹੈ ਕਿ ਕਿਸੇ ਤਰ੍ਹਾਂ ਐਮ. ਐਸ. ਪੀ. ਨੂੰ ਕਾਨੂੰਨ ਦਾ ਦਰਜਾ ਮਿਲ ਜਾਵੇ, ਪਰ ਸਰਕਾਰ ਨੇ ਅਜਿਹੇ ਹਾਲਾਤ ਬਣਾ ਦਿੱਤੇ ਹਨ ਕਿ ਐਮ. ਐਸ. ਪੀ. ਦੇ ਤਹਿਤ ਜਿਣਸ ਖਰੀਦਣ ਵਾਲੀ ਸੰਸਥਾ ਐਫ. ਸੀ. ਆਈ. ਹੀ ਦਿਵਾਲੀਆ ਹੋ ਜਾਵੇ। ਇਹ ਅੱਜ ਦੀ ਬਿਸਾਤ



ਨਹੀਂ, ਪਿਛਲੇ ਪੰਜ ਸਾਲਾਂ ਤੋਂ ਵਿਛਾਈ ਜਾ ਰਹੀ ਹੈ, ਜਦ ਤੋਂ ਮੋਦੀ ਸਰਕਾਰ ਕੇਂਦਰ ਵਿਚ ਆਈ ਹੈ। ਉਸ ਦੀ ਮਨਸ਼ਾ ਸੀ ਕਿ ਇਨ੍ਹਾਂ ਤਿੰਨ

**ਸੁਕੰਨਿਆਂ ਭਾਰਦਵਾਜ ਨਾਭਾ**
**ਫੋਨ: 815-307-3112**

ਕਾਨੂੰਨਾਂ 'ਤੇ ਕਿਸੇ ਤਰ੍ਹਾਂ ਸੰਸਦ ਦੀ ਮੋਹਰ ਲੱਗ ਜਾਵੇ ਤਾਂ ਕਿ ਐਮ. ਐਸ. ਪੀ. ਦੀ ਕੋਈ ਵਿਵਸਥਾ ਹੀ ਨਾ ਰਹੇ, ਮੰਡੀ ਕਿਤੇ ਟਿਕੇ ਨਾ। ਕਿਸਾਨ ਖੁੱਲ੍ਹੇ ਬਾਜ਼ਾਰ ਵਿਚ ਬਾਜ਼ਾਰ ਦੇ ਅਨੁਕੂਲ ਹੋ ਕੇ ਜੋ ਕੀਮਤ ਉਸ ਨੂੰ ਮਿਲੇ, ਉਸ 'ਤੇ ਹੀ ਉਹ ਆਪਣੀ ਜਿਣਸ ਵੇਚੇ।

ਐਫ. ਸੀ. ਆਈ. ਸਟਾਫ ਯੂਨੀਅਨ ਦੇ ਸੂਬਾ ਪ੍ਰਧਾਨ ਰਿਟਾਇਰਡ ਗੁਰਦੀਪ ਸਿੰਘ ਵਿਰਕ ਤੇ ਜੋਗਾ ਸਿੰਘ ਸਾਥੀਆਂ ਸਮੇਤ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਦਿੱਲੀ ਪਹੁੰਚੇ। ਕਿਸਾਨ ਮੋਰਚਾ ਦੇ ਸਿੰਘੂ ਬਾਰਡਰ 'ਤੇ ਧਰਨੇ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਲੜਾਈ ਇਕੱਲੇ ਕਿਸਾਨਾਂ ਦੀ ਨਹੀਂ ਸਗੋਂ ਖਪਤਕਾਰ, ਐਫ. ਸੀ. ਆਈ. ਦੇ ਵੱਕਾਰ, ਮੁਲਾਜਮਤ, ਹਰ ਵਰਗ ਤੇ ਪੰਜਾਬ ਦੇ ਵਜੂਦ ਦੀ ਲੜਾਈ ਹੈ। ਇਨ੍ਹਾਂ ਕਾਲੇ ਖੇਤੀ ਕਾਨੂੰਨਾਂ ਤੋਂ ਐਫ. ਸੀ. ਆਈ. ਵੀ ਕਿਸਾਨ ਦੀ ਤਰ੍ਹਾਂ ਹੀ ਪ੍ਰਭਾਵਿਤ ਹੈ। ਐਮ. ਐਸ. ਪੀ. ਵੀ ਤਾਂ ਹੀ ਬਰਕਰਾਰ ਰਹਿ ਸਕੇਗੀ, ਜੇ ਉਕਤ ਖਰੀਦ ਏਜੰਸੀ ਦਾ ਵਜੂਦ ਰਹੇਗਾ। ਇਸ ਨਾਲ ਜੁੜੇ ਮੁਲਾਜ਼ਮਾਂ ਦਾ ਭਵਿਖ ਹਨੇਰੇ ਵਿਚ ਹੈ। ਰੋਜ਼ਗਾਰ ਦੇ ਮੌਕੇ ਪਹਿਲਾਂ ਹੀ ਸੁੰਗੜ ਗਏ ਹਨ। ਇਸ ਲਈ ਕਿਸਾਨ ਤੇ ਆਪਣੇ ਅਦਾਰੇ ਐਫ. ਸੀ. ਆਈ. ਨੂੰ ਬਚਾਉਣ ਲਈ ਉਹ ਕਿਸਾਨ ਮੋਰਚੇ ਦੇ ਨਾਲ ਹਨ।

ਓਪਰੀ ਝਾਤ ਮਾਰਿਆਂ ਲਗਦਾ ਹੈ ਕਿ ਅੱਜ ਕਿਸਾਨਾਂ ਵਲੋਂ ਮੋਰਚਾ ਵਿੱਢਣ ਉਤੇ ਹਰ ਵਰਗ/ਅਦਾਰਾ ਅੰਤਰ-ਸਬੰਧਾਂ ਦਾ ਹਵਾਲਾ ਦੇ ਕੇ ਉਸ ਨਾਲ ਇਕਮੁੱਠਤਾ ਦਿਖਾ ਰਿਹਾ ਹੈ। ਇਸ ਲਈ ਇਸ ਨੂੰ ਪਰਤ-ਦਰ-ਪਰਤ ਸਮਝਣ ਲਈ ਘੱਟੋ ਘੱਟ ਸਮਰਥਨ ਮੁਲ ਦੇ ਪਿਛੋਕੜ ਨੂੰ ਫਰੋਲਣ ਦੀ ਲੋੜ ਹੈ। ਐਮ. ਐਸ. ਪੀ. ਦੇ ਤਹਿਤ ਖਰੀਦ ਕਰਨ ਵਾਲੀ ਸਭ ਤੋਂ ਵੱਡੀ ਖਰੀਦ ਏਜੰਸੀ ਐਫ. ਸੀ. ਆਈ. 1965 ਵਿਚ ਉਸ ਵੇਲੇ ਦੇ 'ਜੈ ਜਵਾਨ ਜੈ ਕਿਸਾਨ' ਦਾ ਨਾਹਰਾ ਦੇਣ ਵਾਲੇ ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਬਣਾਈ ਸੀ। ਜਿਨ੍ਹਾਂ ਚਾਰ ਮੁਖ ਮੱਦਾਂ ਨੂੰ ਲੈ ਕੇ ਇਹ ਏਜੰਸੀ ਖੜ੍ਹੀ ਕੀਤੀ ਗਈ ਸੀ, ਉਹ 2020 ਵਿਚ ਬੇ-ਮਾਅਨੇ ਹੋ ਗਈ।

ਸ਼ਾਸਤਰੀ ਜੀ ਮੁਤਾਬਕ ਗਰੀਬ ਕਿਸਾਨਾਂ ਨੂੰ ਐਮ. ਐਸ. ਪੀ. ਜਰੂਰ ਮਿਲਣੀ ਚਾਹੀਦੀ ਹੈ ਤਾਂ ਕਿ ਕਿਸਾਨ ਖੇਤੀ ਨਾਲ ਜੁੜਿਆ ਰਹੇ, ਕਿਉਂਕਿ ਇਸ ਦੇਸ਼ ਨੂੰ ਕਿਸਾਨਾਂ ਦੀ ਲੋੜ ਹੈ। ਕਿਤੇ ਇਹ ਨਾ ਹੋਵੇ ਕਿ ਉਸ ਗਰੀਬ ਨੂੰ ਉਹ ਕੀਮਤ ਵੀ ਨਾ ਮਿਲ ਸਕੇ, ਜੋ ਲਾਗਤ ਉਸ ਦੀ ਲੱਗੀ ਹੈ। ਦੂਜਾ ਪੀ. ਡੀ. ਐਸ. ਸਿਸਟਮ (ਰਾਸ਼ਨ ਦੁਕਾਨਾਂ) ਤੋਂ ਸਸਤੇ ਭਾਅ (ਸਬਸਡਾਇਜ਼), ਜੋ ਲੋੜਵੰਦ ਲੋਕਾਂ ਨੂੰ ਕਣਕ ਚੌਲ ਮਿਲਦਾ ਹੈ, ਉਹ ਨਿਯਮਿਤ ਰਹੇ। ਤੀਜਾ ਕੁਦਰਤੀ ਆਫਤਾਂ, ਮਹਾਂਮਾਰੀ ਦੇ ਸਮੇਂ ਇਹ ਐਫ. ਸੀ. ਆਈ. ਦੇ ਗੋਦਾਮਾਂ ਵਿਚ ਰੱਖਿਆ ਅਨਾਜ ਕੰਮ ਆ ਸਕੇ। ਚੌਥਾ ਸਭ ਤੋਂ ਅਹਿਮ ਕਿ ਬਾਜ਼ਾਰ ਆਪਣੇ ਤਰੀਕੇ ਨਾਲ ਕੀਮਤਾਂ ਤੈਅ ਨਾ ਕਰਨ ਲੱਗੇ। ਇਸ ਲਈ ਐਫ. ਸੀ. ਆਈ. ਦੇ ਗੋਦਾਮਾਂ ਵਿਚ ਪਿਆ ਅਨਾਜ ਚੈਕ ਐਂਡ ਬੈਲੰਸ ਕਰੇਗਾ ਤੇ ਅਨਾਜ ਦੀ ਕੀਮਤ ਆਮ ਜਨਤਾ ਦੇ ਪੱਧਰ 'ਤੇ ਰਹੇਗੀ।

ਪਰ ਜੋ ਤਿੰਨ ਕਾਨੂੰਨ ਲਿਆਂਦੇ ਗਏ ਹਨ, ਉਹ ਉਕਤ ਭਾਵਨਾ ਦੇ ਬਿਲਕੁਲ ਉਲਟ ਹਨ। ਜਦ ਐਮ. ਐਸ. ਪੀ. 'ਤੇ ਖਰੀਦਣ ਵਾਲੀ ਸੰਸਥਾ ਦਿਵਾਲੀਆਪਨ ਦੇ ਨੇੜੇ ਹੈ ਤਾਂ ਅਨਾਜ ਕਾਰਪੋਰੇਟ ਹੀ ਖਰੀਦੇਗਾ। ਹੁਣ ਐਫ. ਸੀ. ਆਈ. ਕਰੀਬ ਪੰਦਰਾਂ ਫੀਸਦੀ ਅਨਾਜ ਖਰੀਦਦੀ ਹੈ ਤੇ ਦੂਜੀਆਂ ਸਟੇਟਾਂ ਨੂੰ ਵੇਚਦੀ ਹੈ। ਜਿਸ ਕੀਮਤ ਉਤੇ ਖਰੀਦਦੀ ਹੈ, ਉਸ ਤੋਂ ਕੁਝ ਘਾਟਾ/ਵਾਧਾ ਕਰਕੇ ਦੂਜੇ ਰਾਜਾਂ ਦੀਆਂ ਆਰਥਿਕ ਹਾਲਾਤ ਮੁਤਾਬਕ ਵੇਚਣਾ ਹੁੰਦਾ ਹੈ ਤੇ ਇਸ ਘਾਟੇ ਦੀ ਪੂਰਤੀ ਕੇਂਦਰ ਸਰਕਾਰ ਨੂੰ ਕਰਨੀ ਪੈਂਦੀ ਹੈ। ਹਰ ਸਾਲ ਇਹ ਬਜਟ ਬਣਾਇਆ ਜਾਂਦਾ ਹੈ। ਵੰਡ ਪ੍ਰਣਾਲੀ ਰਾਹੀਂ ਜੋ ਵੀ ਘਾਟਾ ਹੁੰਦਾ ਹੈ, ਫੂਡ ਦਾ ਜੋ ਸਬਸਿਡੀ ਬਜਟ ਹੁੰਦਾ ਹੈ, ਉਸੇ ਅਨੁਪਾਤ ਵਿਚ ਐਫ. ਸੀ. ਆਈ. ਨੂੰ ਪੈਸਾ ਮਿਲਦਾ ਹੈ। ਜਿਵੇਂ ਅਨਾਜ ਦੇ ਰੱਖ ਰਖਾਓ, ਪਰਕਿਊਰਮੈਂਟ, ਟਰਾਂਸਪੋਰਟ, ਸਪਲਾਈ ਆਦਿ ਦੇ ਖਰਚੇ।

ਜਿਵੇਂ ਨੈਸ਼ਨਲ ਫੂਡ ਸਿਕਿਉਰਿਟੀ ਐਕਟ ਤਹਿਤ ਸਰਕਾਰ ਨੇ 2018-19 ਦਾ ਕੁਲ ਸਬਸਿਡੀ ਬਜਟ ਇਕ ਲੱਖ 70 ਹਜ਼ਾਰ ਕਰੋੜ ਰੁਪਏ ਰੱਖਿਆ। ਉਸ ਵਿਚੋਂ ਇੱਕ ਲੱਖ 40 ਹਜ਼ਾਰ ਰੁਪਏ ਐਫ. ਸੀ. ਆਈ. ਨੂੰ ਦੇਣੇ ਸਨ, ਪਰ ਉਸ ਨੂੰ ਨਹੀਂ ਦਿੱਤੇ। ਫਿਰ ਐਫ. ਸੀ. ਆਈ. ਕਿਥੋਂ ਲੈ ਕੇ ਆਵੇ ਇਹ ਪੈਸਾ? ਇਹ ਸਥਿਤੀ ਵਿਗੜਦੀ ਗਈ। ਹਾਲਾਤ ਇਹ ਬਣ ਗਏ ਕਿ ਐਫ. ਸੀ. ਆਈ. ਆਪਣੇ ਗੋਦਾਮ ਵਿਚ ਅਨਾਜ ਸੰਭਾਲਣ ਤੋਂ ਵੀ ਅਸਮਰਥ ਹੋ ਗਈ। ਨਾਲ ਦੀ ਨਾਲ ਜਨਤਕ ਵੰਡ ਪ੍ਰਣਾਲੀ ਤੇ ਕੁਦਰਤੀ ਆਫਤਾਂ ਦਾ ਮੁਕਾਬਲਾ ਕਰਨ ਸਮੇਂ ਵਿਤਰਣ ਕਰਨ ਵਾਲੇ ਖਾਧ ਪਦਾਰਥਾਂ ਦੇ ਸਿਸਟਮ ਦਾ ਵੀ ਭੋਗ ਪੈ ਜਾਵੇਗਾ। ਇਥੋਂ ਹੀ ਪੈਦਾ ਹੁੰਦੇ ਹਨ ਕਾਨੂੰਨ ਲਿਆਉਣ ਤੋਂ ਪਹਿਲਾਂ ਲਾਗੂ ਕਰਨ ਦੇ ਹਾਲਾਤ।

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਵੇਲੇ ਐਫ. ਸੀ. ਆਈ. ਉਤੇ ਕਰਜ਼ਾ 91 ਹਜ਼ਾਰ 401 ਕਰੋੜ ਦਾ ਸੀ। ਇਹ ਕਰਜ਼ਾ ਉਸ ਤੋਂ ਵੀ 10 ਸਾਲ ਪਹਿਲਾਂ ਤੋਂ ਵੱਧਦਾ ਇਥੇ ਤਕ ਪਹੁੰਚਿਆ ਸੀ, ਪਰ ਜਦੋਂ ਮੋਦੀ ਸਰਕਾਰ ਆਈ ਤਾਂ ਇਸ ਨੇ ਐਫ. ਸੀ. ਆਈ. ਨੂੰ ਪੈਸਾ ਦੇਣਾ ਹੀ ਬੰਦ ਕਰ ਦਿੱਤਾ। ਕਰਜ਼ ਵਧਦਾ ਗਿਆ। ਪਹਿਲੇ ਹੀ ਸਾਲਾਂ 2014-15 ਵਿਚ ਲਗਭਗ 10 ਹਜ਼ਾਰ ਕਰੋੜ ਦਾ ਇਜ਼ਾਫਾ ਹੋ ਗਿਆ ਯਾਨਿ ਐਫ ਸੀ ਆਈ ਦਾ ਘਾਟਾ ਇੱਕ ਲੱਖ ਤੋਂ ਉਪਰ ਵਧ ਗਿਆ। 2016-17 ਵਿਚ ਇਹ ਇੱਕ ਲੱਖ 32 ਹਜ਼ਾਰ; 2017-18 ਵਿਚ ਇੱਕ ਲੱਖ 92 ਹਜ਼ਾਰ ਕਰੋੜ; 2018-19 ਵਿਚ 2 ਲੱਖ ਪੈਂਹਠ ਹਜਾਰ 732 ਕਰੋੜ ਅਤੇ ਮਾਰਚ 2020 ਤੱਕ ਇਹ 3 ਲੱਖ ਪੰਦਰਾਂ ਹਜ਼ਾਰ ਕਰੋੜ ਤਕ ਪਹੁੰਚ ਗਿਆ। ਇਨ੍ਹਾਂ ਅੰਕੜਿਆਂ ਮੁਤਾਬਕ ਐਫ. ਸੀ. ਆਈ. 3/4 ਲੱਖ ਕਰੋੜ ਦੇ ਘਾਟੇ ਵਿਚ ਚਲ ਰਹੀ ਹੈ। ਹੁਣ ਸਰਕਾਰ ਜਦੋਂ ਉਸ ਦੇ ਐਲੋਕੇਟ ਬਜਟ ਦਾ ਹੀ ਪੈਸਾ ਨਹੀਂ ਦੇ ਰਹੀ ਤਾਂ ਐਫ. ਸੀ. ਆਈ. ਕੀ ਕਰੇ?

ਕੇਂਦਰ ਸਰਕਾਰ ਲਾਰੇ ਲਾਉਂਦੀ ਰਹੀ ਕਿ ਆਰ. ਬੀ. ਆਈ. ਪੈਸਾ ਦੇਵੇਗੀ। ਐਫ. ਸੀ. ਆਈ. ਨੇ ਆਪਣੇ ਕੈਸ਼ ਕਰੈਡਿਟ ਲਿਮਟ, ਸਮਾਲ ਸੇਵਿੰਗ ਫੰਡ, ਬੈਂਕ ਦੇ ਐਨ. ਪੀ. ਏ. ਰਾਹੀਂ ਕਰਜ਼ ਲਿਆ। ਇਹ ਕੁਝ ਬਾਂਡਜ਼ ਹਨ, ਜੋ ਕੈਸ਼ ਕਰਾਏ ਜਾ ਸਕਦੇ ਸਨ। ਚੌਥਾ ਐਨ. ਐਸ. ਐਸ. ਐਫ. (ਨੈਸ਼ਨਲ ਸਮਾਲ ਸੇਵਿੰਗ ਫੰਡ) ਤੋਂ ਵੱਡਾ ਕਰਜ਼ ਲਿਆ। 2016-17 ਵਿਚ 66 ਹਜ਼ਾਰ ਕਰੋੜ, ਫਿਰ 90 ਹਜ਼ਾਰ ਕਰੋੜ ਕਰਜ਼ ਲਿਆ। ਉਸ 'ਤੇ ਵੀ ਅਨਾਜ ਦੀ ਸਾਂਭ-ਸੰਭਾਲ ਬਦਤਰ ਹੁੰਦੀ ਗਈ, ਖਰਚੇ ਪੂਰੇ ਕਰਨੇ ਮੁਸ਼ਕਿਲ ਹੁੰਦੇ ਗਏ। ਇਸ ਨੂੰ ਮਜਬੂਰਨ ਪ੍ਰਾਈਵੇਟ ਵੇਅਰ ਹਾਊਸ ਨਾਲ ਸਮਝੌਤਾ ਕਰਨਾ ਪਿਆ, ਜਿਸ ਵਿਚ ਸਭ ਤੋਂ ਵੱਡਾ ਵੇਅਰ ਹਾਊਸ ਗੌਤਮ ਅਡਾਨੀ ਦਾ ਹੈ। ਉਸ ਦੀ ਕੰਪਨੀ ਏ. ਏ. ਐਲ. ਐਲ. (ਅਡਾਨੀ ਐਗਰੋ ਲੌਜੈਸਟਿਕ ਲਿਮ:) ਨੇ 2015 ਤੋਂ ਬਾਅਦ ਤੇਜੀ ਨਾਲ ਗੋਦਾਮ ਬਣਾਉਣੇ ਸ਼ੁਰੂ ਕਰ ਦਿਤੇ। ਤੇ ਐਫ ਸੀ ਆਈ ਨਾਲ 7 ਸੌ ਕਰੋੜ ਦੀ ਡੀਲ ਹੋ ਗਈ। ਪਰ ਹੁਣ ਅਡਾਨੀ ਨੇ ਅਜਿਹੀ ਵਿਵਸਥਾ ਕੀਤੀ ਕਿ ਕਿਸਾਨ ਸਿੱਧੇ ਹੀ ਅਨਾਜ ਲੈ ਕੇ ਇਨ੍ਹਾਂ ਦੇ ਗੋਦਾਮਾਂ ਵਿਚ ਪਹੁੰਚਣ। ਐਫ ਸੀ ਆਈ ਵਿਚੋਂ ਹੀ ਨਿਕਲ ਜਾਵੇ। ਅਲੱਗ ਅਲੱਗ ਰਾਜਾਂ ਵਿਚ ਅਲੱਗ ਅਲੱਗ ਵਿਵਸਥਾ ਹੈ। ਐਫ ਸੀ ਆਈ ਸਿਰਫ ਐਮ. ਐਸ. ਪੀ. ਵਾਲੇ ਰਾਜਾਂ ਵਿਚ ਹੀ ਰਹਿ ਗਈ। ਉਸ ਦਾ ਸਿਰਫ ਇਕੋ ਕੰਮ ਹੈ ਕਿ ਉਹ ਮਾਲ ਇਕੱਠਾ ਕਰਕੇ ਅਡਾਨੀ ਦੇ ਗੋਦਾਮਾਂ ਤਕ ਪਹੁੰਚਾਵੇ। ਪੰਜ ਲੱਖ 72 ਹਜ਼ਾਰ ਮੀਟ੍ਰਿਕ ਟਨ ਦੇਸ਼ ਦੇ ਪੰਜ ਰਾਜਾਂ-ਪੰਜਾਬ, ਹਰਿਆਣਾ, ਤਾਮਿਲਨਾਡੂ, ਮਹਾਂਰਾਸ਼ਟਰ ਤੇ ਪੱਛਮੀ ਬੰਗਾਲ ਦਾ ਜੋ ਮਾਲ ਐਫ. ਸੀ. ਆਈ. ਦੇ ਗੋਦਾਮ ਵਿਚ ਰਹਿਣਾ ਚਾਹੀਦਾ ਸੀ, ਉਹ ਅਡਾਨੀ ਦੇ ਸਾਇਲੋ ਵਿਚ ਜਾ ਰਿਹਾ ਹੈ।

ਮੱਧ ਪ੍ਰਦੇਸ਼ ਸਰਕਾਰ ਨੇ ਸਿੱਧੇ ਹੀ ਅਡਾਨੀ ਨਾਲ ਸੌਦਾ ਕਰ ਲਿਆ ਹੈ ਕਿ ਐਫ. ਸੀ. ਆਈ. ਵਲੋਂ ਐਮ. ਐਸ. ਪੀ. 'ਤੇ ਖਰੀਦਿਆ 3 ਲੱਖ ਮੀਟ੍ਰਿਕ ਟਨ ਉਸ ਦੇ ਗੋਦਾਮ ਵਿਚ ਜਾਵੇਗਾ। ਹੁਣ ਇਹ ਗੋਦਾਮ ਬਿਹਾਰ, ਯੂ. ਪੀ., ਗੁਜਰਾਤ, ਪੰਜਾਬ ਤੇ ਹਰਿਆਣਾ ਵਿਚ ਵੀ ਬਣਨ ਜਾ ਰਹੇ




***ਐਫ. ਸੀ. ਆਈ. ਸਟਾਫ ਯੂਨੀਅਨ ਦੇ ਸੂਬਾ ਪ੍ਰਧਾਨ ਰਿਟਾਇਰਡ ਗੁਰਦੀਪ ਸਿੰਘ ਵਿਰਕ, ਜੋਗਾ ਸਿੰਘ ਤੇ ਸਾਥੀ ਦਿੱਲੀ ਕਿਸਾਨ ਮੋਰਚੇ ਲਈ ਰਵਾਨਾ ਹੋਣ ਤੋਂ ਪਹਿਲਾਂ ਐਫ. ਸੀ. ਆਈ. ਪਟਿਆਲਾ ਦੇ ਡਿੱਪੂ ਵਿਖੇ ਕਿਸਾਨੀ ਹੱਕ ਵਿਚ ਨਾਅਰੇਬਾਜ਼ੀ ਕਰਦੇ ਹੋਏ***

ਹਨ। ਜਦੋਂ ਐਫ. ਸੀ. ਆਈ. ਦਿਵਾਲੀਆ ਕਰਾਰ ਦੇ ਦਿੱਤੀ ਜਾਵੇਗੀ ਤਾਂ ਇਥੋਂ ਦੇ 22 ਹਜ਼ਾਰ ਮੁਲਾਜ਼ਮ ਕਿਥੇ ਜਾਣਗੇ? ਪੰਜ ਥਾਂਵਾਂ 'ਤੇ ਇਸ ਦੇ ਜੋਨਲ ਆਫਿਸ ਹਨ, 24 ਥਾਂਵਾਂ 'ਤੇ ਰਿਜ਼ਨਲ ਆਫਿਸ, ਦਿੱਲੀ ਵਿਚ ਹੈਡਕੁਆਰਟਰ ਹੈ ਅਤੇ ਹਰ ਜਿਲੇ ਵਿਚ ਡਿਪੂ ਹਨ। ਉਥੇ ਸਾਰਾ ਖਰੀਦ, ਸਿਵਿਲ, ਇੰਜੀਨੀਅਰਿੰਗ ਦਾ ਕੰਮ ਹੁੰਦਾ ਹੈ ਤੇ 60 ਲੱਖ ਦੇ ਕਰੀਬ ਠੇਕੇ ਉਤੇ ਮੁਲਾਜ਼ਮ ਕੰਮ ਕਰਦੇ ਹਨ। ਲੱਖਾਂ ਢੋਅ ਢੁਆਈ ਵਾਲੇ ਮਜ਼ਦੂਰ ਹਨ, ਇਹ ਸਾਰੇ ਤਾਂ ਭੁੱਖਮਰੀ ਦੇ ਕੰਢੇ ਪਹੁੰਚ ਜਾਣਗੇ। ਇਹ 'ਟਰਾਂਸਫਰ ਆਫ ਪਾਵਰ ਤੇ ਟਰਾਂਸਫਰ ਆਫ ਸਿਸਟਮ' ਵੀ ਹੈ, ਜੋ ਬੇਰੋਕ ਬੇਟੋਕ ਸ਼ਿਫਟ ਹੋ ਰਿਹਾ ਹੈ। ਸੋ ਕਾਨੂੰਨ ਤਾਂ ਲਾਗੂ ਕਰ ਦਿੱਤਾ ਗਿਆ ਹੈ। ਸਰਕਾਰ ਉਨਾ ਹੀ ਪੈਸਾ ਰਿਲੀਜ ਕਰ ਰਹੀ ਹੈ, ਜੋ ਪ੍ਰਾਈਵੇਟ ਹੱਥਾਂ ਵਿਚ ਜਾਵੇ ਤੇ ਉਨ੍ਹਾਂ ਦੇ ਗੋਦਾਮ ਸਥਾਪਤ ਹੋ ਸਕਣ। ਹੁਣ ਜਦੋਂ ਐਫ. ਸੀ. ਆਈ. ਕੁਲੈਪਸ ਕਰ ਗਈ ਤਾਂ ਐਮ. ਐਸ. ਪੀ. 'ਤੇ ਖਰੀਦੇਗਾ ਕੌਣ? ਐਫ. ਸੀ. ਆਈ. ਨੇ ਜੋ ਕਰਜ਼ਾ ਨੈਸ਼ਨਲ ਸਮਾਲ ਸੇਵਿੰਗ ਫੰਡ ਵਿਚੋਂ ਲਿਆ ਹੈ, ਉਹ ਇੱਕ ਲੱਖ 91 ਹਜ਼ਾਰ ਕਰੋੜ ਉਤਾਰਿਆ ਕਿਵੇਂ ਜਾਵੇਗਾ?

ਸੋ ਇਹ ਕਾਨੂੰਨ ਉਸ ਬਾਜ਼ਾਰ ਲਈ ਲਿਆਂਦਾ ਗਿਆ ਹੈ, ਜਿਸ ਨੇ ਇਹ ਸਭ ਚੀਜ਼ਾਂ ਤੈਅ ਕਰਨੀਆਂ ਹਨ। ਜਿਨ੍ਹਾਂ ਰਾਜਾਂ-ਮੱਧ ਪ੍ਰਦੇਸ਼, ਬਿਹਾਰ, ਯੂ. ਪੀ., ਆਂਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕ, ਛੱਤੀਸਗੜ, ਉਤਰਾਖੰਡ, ਝਾਰਖੰਡ ਆਦਿ ਵਿਚ ਐਮ. ਐਸ. ਪੀ. ਖਤਮ ਕਰਕੇ ਖੁੱਲ੍ਹੀ ਮੰਡੀ ਦੀ ਤਜਵੀਜ਼ ਹੈ, ਉਥੇ ਪ੍ਰਾਈਵੇਟ ਪੂੰਜੀਪਤੀ ਕਿਸਾਨਾਂ ਨੂੰ ਕਰੋੜਾਂ ਦਾ ਚੂਨਾ ਲਾ ਕੇ ਫਰਾਰ ਹੋ ਗਏ, ਸਰਕਾਰ ਕੁਝ ਨਹੀਂ ਕਰ ਸਕੀ। ਕਿਸਾਨਾਂ ਦੀਆਂ ਜਿਣਸਾਂ ਕੌਡੀਆਂ ਦੇ ਭਾਅ ਖਰੀਦੀਆਂ ਜਾ ਰਹੀਆ ਹਨ, ਜਿਸ ਨਾਲ ਉਨ੍ਹਾਂ ਦੇ ਖਰਚੇ ਵੀ ਨਹੀਂ ਨਿਕਲ ਰਹੇ। ਉਨ੍ਹਾਂ ਦੀਆਂ ਜ਼ਮੀਨਾਂ ਧੱਕੇ ਨਾਲ ਖਰੀਦੀਆਂ ਜਾ ਰਹੀਆਂ ਹਨ, ਮਨ ਮਰਜੀ ਦੇ ਭਾਅ। ਉਤੋਂ ਇਹ ਕਾਲੇ ਖੇਤੀ ਕਾਨੂੰਨਾਂ ਨੇ ਤਾਂ ਕਿਸਾਨ ਦੇ ਹੱਥ ਵਿਚ ਠੂਠਾ ਫੜਾ ਦੇਣਾ ਹੈ। ਇਹ ਕਾਲੇ ਕਾਨੂੰਨ ਸੰਘੀ ਢਾਂਚੇ ਦੀ ਵੀ ਸੰਘੀ ਨੱਪਣ ਵਾਲੇ ਹਨ, ਕਿਉਂਕਿ ਖੇਤੀਬਾੜੀ ਰਾਜਾਂ ਦਾ ਅਧਿਕਾਰ ਹੈ। ਉਸ ਦਾ ਵੀ ਰਾਜਸਵ ਖਤਮ ਹੋ ਜਾਵੇਗਾ। ਇਹ ਹੈ 'ਖੁੱਲ੍ਹੇ ਵਪਾਰ' ਦਾ ਚਿਹਰਾ ਮੋਹਰਾ ਤੇ ਉਸ ਵਿਚ ਲੁਕਿਆ ਕਾਰਪੋਰੇਟ ਪੱਖੀ ਏਜੰਡਾ।

ਐਮ. ਐਸ. ਪੀ. ਮਤਲਬ ਘੱਟੋ ਘੱਟ ਸਮਰਥਨ ਮੁੱਲ। ਗੱਲ ਕੀ, ਕਿਸਾਨ ਦੀ ਜਿਣਸ ਦਾ ਕੀਮਤ ਸੂਚਕ ਅੰਕ ਮੁਤਾਬਕ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨਾ ਤਾਂ ਜੋ ਇਸ ਕੀਮਤ ਦੀ ਹੱਦ ਨਾਲ ਉਹ ਖੇਤੀ ਕਰਦਾ ਰਹਿ ਸਕੇ। ਮੁਨਾਫਾ ਨਹੀਂ। ਸਵਾਮੀਨਾਥਨ ਕਮੀਸ਼ਨ ਮੁਤਾਬਕ ਉਸ ਦੀ ਜਿਣਸ ਦਾ ਘੱਟੋ ਘੱਟ ਸਮਰਥਨ ਮੁੱਲ ਖੇਤੀ ਲਾਗਤ ਤੇ ਵਧਦੀ ਮਹਿੰਗਾਈ ਨੂੰ ਧਿਆਨ ਵਿਚ ਰੱਖ ਕੇ ਡੇਢ ਗੁਣਾਂ ਤਕ ਮਿਥਿਆ ਗਿਆ ਹੈ; ਪਰ ਇਥੇ ਤਾਂ ਮਹਿੰਗਾਈ ਮੁਤਾਬਕ ਵੀ ਨਹੀਂ ਦਿੱਤਾ ਜਾ ਰਿਹਾ। ਬੀਜ, ਤੇਲ, ਖਾਦਾਂ, ਕੀੜੇਮਾਰ ਦਵਾਈਆਂ, ਮਸ਼ੀਨਰੀ ਦੇ ਕਈ ਕਈ ਗੁਣਾਂ ਭਾਅ ਵਧ ਗਏ ਹਨ, ਜਦੋਂ ਕਿ ਸਰਕਾਰ ਘੱਟੋ ਘਟ ਸਮਰਥਨ ਮੁੱਲ ਵੀ ਦੇਣ ਲਈ ਤਿਆਰ ਨਹੀਂ। ਜੇ ਉਹ ਇਹ ਮੁੱਲ ਦਿੰਦੀ ਹੈ ਤਾਂ ਉਸ ਨੂੰ 23 ਜਿਣਸਾਂ ਦੀ ਖਰੀਦ ਲਈ ਸਾਰਾ ਢਾਂਚਾ ਖਰੀਦ ਏਜੰਸੀਆਂ, ਮੰਡੀਆਂ ਆਦਿ ਜਿਉਂ ਦਾ ਤਿਉਂ ਰੱਖਣਾ ਪਵੇਗਾ, ਜਿਸ ਤੋਂ ਸਰਕਾਰ ਭੱਜਦੀ ਹੈ। ਫਿਰ ਕਾਰਪੋਰੇਟ ਘਰਾਣੇ ਸਰਕਾਰਾਂ ਬਣਾਉਣ ਢਾਹੁਣ ਦੀ ਸਮਰੱਥਾ ਰੱਖਣ, ਚੋਣਾਂ ਵਿਚ ਪੈਸਾ ਪਾਣੀ ਵਾਂਗ ਵਹਾਉਣ, ਵਿਰੋਧੀ ਚੁਣੇ ਹੋਏ ਨੁਮਾਇੰਦਿਆਂ ਦੀ ਖਰੀਦੋ-ਫਰੋਖਤ ਤੇ ਹੋਰ ਮਾੜੇ-ਚੰਗੇ ਫੈਸਲਿਆਂ ਸਮੇਂ ਸਰਕਾਰ ਦੇ ਹੱਕ ਵਿਰੋਧ ਵਿਚ ਮਾਹੌਲ ਬਣਾਉਣ ਆਦਿ ਕਾਰਜ ਕਰਦੇ ਹਨ। ਇਸ ਲਈ ਉਸ ਨੇ ਕਾਰਪੋਰੇਟ ਪੱਖੀ ਕਾਨੂੰਨ ਬਣਾਉਣ ਨੂੰ ਤਰਜੀਹ ਦਿੱਤੀ ਹੈ। ਸੋ ਇਕੱਲੀ ਐਮ. ਐਸ. ਪੀ. ਨਿਯਮਿਤ ਰੱਖਣ ਦੀ ਹੀ ਗੱਲ ਨਹੀਂ, ਇਸ ਦੇ ਲੱਗ ਲਪੇਟ ਵਿਚ ਹੋਰ ਵੀ ਬਹੁਤ ਕੁਝ ਰੱਖਣਾ ਪੈਣਾ ਹੈ, ਜਿਸ ਤੋਂ ਕੇਂਦਰ ਸਰਕਾਰ ਭੱਜ ਰਹੀ ਹੈ ਤੇ ਕਾਲੇ ਖੇਤੀ ਕਾਨੂੰਨ ਵਾਪਸ ਲੈਣ ਵਿਚ ਆਨਾਕਾਨੀ ਕਰ ਰਹੀ ਹੈ।

ਸਾਡਾ ਦੇਸ਼ ਖੇਤੀ ਪ੍ਰਧਾਨ ਹੋਣ ਕਾਰਨ ਸਾਡੇ ਪੁਰਖਿਆਂ ਮਹਾਤਮਾ ਗਾਂਧੀ, ਸਰ ਛੋਟੂ ਰਾਮ, ਚਾਚਾ ਅਜੀਤ ਸਿੰਘ 'ਪਗੜੀ ਸੰਭਾਲ ਜੱਟਾ', ਮਰਹੂਮ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਨੇ ਅੰਨਦਾਤੇ ਨੂੰ ਖੇਤੀ ਕਰਦੇ ਰਹਿਣ ਨੂੰ ਯਕੀਨੀ ਬਣਾਉਣ ਹਿਤ ਕਿਸਾਨ ਹਿਤੈਸ਼ੀ ਫੈਸਲੇ ਕੀਤੇ। ਉਹ ਖੇਤੀਬਾੜੀ ਨੂੰ ਦੇਸ਼ ਦੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਸਮਝਦੇ ਸਨ; ਪਰ ਅੱਜ ਸਾਰੇ ਸਮੀਕਰਨ ਬਦਲ ਚੁਕੇ ਹਨ। ਇਹ ਸਾਰੇ ਕੁਝ ਵਿਚੋਂ ਅਸੀਂ ਵੀ ਬਰੀ ਨਹੀਂ ਹੋ ਸਕਦੇ। ਪਤਾ ਸੀ ਕਿ ਐਫ. ਸੀ. ਆਈ. ਦੇ ਗੋਦਾਮ ਕਾਰਪੋਰਟ ਕੋਲ ਗਿਰਵੀ ਰੱਖੇ ਜਾ ਰਹੇ ਹਨ। ਵਡੇ ਵਡੇ ਸਾਇਲੋ ਦਾ ਨਿਰਮਾਣ ਹੋ ਰਿਹਾ ਹੈ। ਮੰਡੀਆਂ ਵਿਚ ਅਡਾਨੀ ਦੀ ਸਟੈਂਪ ਵਾਲਾ ਬਾਰਦਾਨਾ ਆਉਣ ਤਕ ਵੀ ਅਸੀਂ ਗੌਲਿਆ ਨਾ। ਸਾਨੂੰ ਕੀ? ਦੀ ਘੇਸਲਮਾਰੂ ਪ੍ਰਵਿਰਤੀ ਕਾਰਨ ਅਸੀਂ ਚੁਪ ਰਹੇ। ਜਦੋਂ ਐਨ ਸਿਰ 'ਤੇ ਆ ਪਈ ਤਾਂ ਅਸੀਂ ਜਾਗੇ, ਉਦੋਂ ਤਕ ਕਾਫੀ ਦੇਰ ਹੋ ਚੁਕੀ ਸੀ। ਪੰਜਾਹ ਤੋਂ ਉਪਰ ਕਿਸਾਨ ਇਸ ਸੰਘਰਸ਼ ਦੀ ਬਲੀ ਚੜ੍ਹ ਚੁਕੇ ਹਨ। ਪਹਿਲਾਂ ਹੀ ਤੰਗੀਆਂ ਤੁਰਸ਼ੀਆਂ ਕੱਟਦੇ ਪੰਜਾਹ ਘਰਾਂ ਦਾ ਅਰਥਚਾਰਾ ਹੋਰ ਡਗਮਗਾ ਗਿਆ।

ਅਸੰਵੇਦਨਸ਼ੀਲ ਸਰਕਾਰ ਇਸ ਤਰ੍ਹਾਂ ਦਿਖਾਵਾ ਕਰਦੀ ਹੈ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਕਿਸਾਨ ਵੀਰੋ ਹੁਣ ਸਾਨੂੰ ਹੋਰ ਤਕੜੇ ਹੋਣਾ ਪਊ। ਜਦੋਂ ਮੀਸਾ/ਟਾਡਾ ਜਿਹੇ ਲੋਕ ਮਾਰੂ ਕਾਨੂੰਨ ਨਹੀਂ ਰਹੇ ਤਾਂ ਇਹ ਕਾਲੇ ਖੇਤੀ ਕਾਨੂੰਨ ਤਾਂ ਕਿਵੇਂ ਟਿਕਣਗੇ! ਬਸ ਸਿਰੜ, ਸਿਦਕ ਤੇ ਸ਼ਾਂਤਮਈ ਘੋਲ ਕਰਦਿਆਂ ਜਬਰ ਦਾ ਜੁਆਬ ਸਬਰ ਨਾਲ ਦੇਣਾ ਪਵੇਗਾ।

## ਕਾਵਿ-ਕਿਆਰੀ

### ਸਦਕੇ ਜਾਵਾਂ

ਸਦਕੇ ਜਾਵਾਂ ਤੇਰੇ ਕਿਸਾਨਾ, ਤੂੰ ਅੱਗੇ ਲਾ ਲਿਆ ਲੋਟੂ ਲਾਣਾ
ਜਿਹੜੇ ਕਹਿੰਦੇ ਸੀ ਅਸੀਂ ਨਹੀਂ ਝੁਕਦੇ ਉਨ੍ਹਾਂ ਦੀ ਧੌਣ 'ਚ ਗੱਡ ਦਿੱਤਾ ਤੂੰ ਫਾਨਾ।

ਤੇਰੇ ਸਿਦਕ ਤੇ ਮਿਹਨਤਾਂ ਦੇ ਅੱਗੇ, ਮਿਜ਼ਾਜ ਭੈੜੇ ਮੌਸਮਾਂ ਨੇ ਬਦਲੇ
ਤੇਰੀ ਏਕਤਾ ਦੀ ਭਬਕ ਦਾ ਕਾਇਲ ਹੋ ਗਿਆ ਸਾਰਾ ਜ਼ਮਾਨਾ।

ਜਿਨ੍ਹਾਂ ਹੱਥਾਂ 'ਚੋਂ ਕਹੀ ਦਾਤੀ ਤੇ ਸੀ ਕਦੇ ਰੰਬੇ ਉਨ੍ਹਾਂ ਕੌਲੀ ਚੱਟ ਰੱਜ ਕੇ ਹੈ ਝੰਬੇ
ਹੁਣ ਔਖਾ ਹੋ ਕੇ ਹਾੜ੍ਹੇ ਕੱਢਦਾ ਏ, ਮੋਦੀਆਂ ਅੰਬਾਨੀਆਂ ਦਾ ਘਰਾਣਾ।

ਅੰਨਦਾਤਾ ਤੈਨੂੰ ਐਵੇਂ ਤਾਂ ਨਹੀ ਕਹਿੰਦੇ, ਲਾ ਦੇਵੇਂ ਲੰਗਰ ਜਿੱਥੇ ਪੈਰ ਤੇਰੇ ਪੈਂਦੇ
ਤੇਰੇ ਸਿਰ ਤੇ ਪਲਦਾ ਹੈ ਹਰ ਜੀਅ ਜੰਤ, ਐਪਰ ਤੂੰ ਮੰਨਦਾ ਹੈ ਮਾਲਕ ਦਾ ਭਾਣਾ।

ਤਵਾਰੀਖ ਵੀ ਹੈ ਭਰਦੀ ਸ਼ਾਹਦੀ ਤੇਰੀ, ਅਜ਼ਾਦੀ 'ਚੋਂ ਵੱਡੀ ਦੇਣ ਹੈ ਤੇਰੀ
ਰਾਹ ਬਦਲ ਲੈਂਦਾ ਰੋਹ ਅੱਗੇ ਤੇਰੇ ਵਿਗੜਿਆ ਸਿਆਸੀ ਤਾਣਾ ਬਾਣਾ।

***-ਸਰਬਜੀਤ ਸਿੰਘ ਜਿਉਣ ਵਾਲਾ***
***ਫੋਨ: 91-94644-12761***

### ਗਜ਼ਲ

ਹੋਣ ਨਾ ਦਿੰਦੇ ਜੁਦਾ ਐਸੇ ਵੀ ਹੁੰਦੇ ਫਾਸਲੇ।
ਉਮਰ ਭਰ ਨਾ ਸਾਥ ਛੱਡਣ ਇਸ ਤਰ੍ਹਾਂ ਦੇ ਹਾਦਸੇ।

ਵੇਖਦੇ ਹਾਂ ਅੰਬਰਾਂ ਵਿਚ ਉੱਡਦੇ ਕਿੰਨਾ ਕੁ ਚਿਰ,
ਪਰ ਉਧਾਰੇ ਲੈ ਗਏ, ਜੋ ਕੁਝ ਦਿਨਾਂ ਦੇ ਵਾਸਤੇ।

ਦਿਸ ਰਿਹਾ ਸੀ ਤੂੰ ਖੜ੍ਹਾ ਹਰ ਮੀਲ ਪੱਥਰ 'ਚ ਹੀ
ਖੂਬਸੂਰਤ ਬਣ ਗਏ ਸੀ ਮੰਜ਼ਿਲਾਂ ਦੇ ਰਾਸਤੇ।

ਮੈਂ ਸੁਆਰਥ ਵਾਸਤੇ ਚੱਪੂ ਕਦੇ ਬਣਿਆਂ ਨਹੀਂ
ਇਸ ਲਈ ਤਾਂ ਰਾਜ ਭਵਨਾਂ ਵਿਚ ਮਿਲੇ ਨਾ ਦਾਖਲੇ।

ਰਾਤ ਦਿਨ ਹੀ ਸੁਲਘਦੇ ਨੇ ਜੋ ਬਿਨਾ ਹੀ ਚਿਣਗ ਤੋਂ
ਦੱਸ ਕਿੱਦਾਂ ਲਾਟ ਬਣਦੇ ਭੀੜ ਦੇ ਉਹ ਕਾਫਲੇ।

ਕਿੰਜ ਬਿਜੜਾ ਘਰ ਬਣਾਵੇ ਵੇਖ ਕੇ ਕੁਝ ਸਿੱਖ ਤੂੰ
ਠੰਡ ਵਿਚ ਕਿੰਨਾ ਕੁ ਠਰਨਾ ਤੂੰ ਕਿਸੇ ਦੀ ਆਸ 'ਤੇ।

ਵੱਖ ਹੋ ਕੇ ਵੱਖ ਨਾ ਹੋਇਆ ਅਜੇ ਤਾਂ ਲੱਗ ਰਿਹਾ
ਦੂਰੀਆਂ ਦੇ ਵਿਚ ਹਾਲੇ ਸਿਸਕਦੇ ਹਨ ਰਾਬਤੇ।

***-ਅਜੈ ਤਨਵੀਰ***

## ਪੰਜਾਬੀ ਖੇਡ ਸਾਹਿਤ 24



ਪ੍ਰਿੰ. ਸਰਵਣ ਸਿੰਘ
ਫੋਨ: 647-785-1661

# ਪਰਮਵੀਰ ਬਾਠ ਦਾ ਖੇਡ ਤਬਸਰਾ

ਪਰਮਵੀਰ ਸਿੰਘ ਬਾਠ ਮੀਡੀਏ ਦੀ ਬੁਲੰਦ ਅਵਾਜ਼ ਹੈ। ਵੱਡੀ ਗਿਣਤੀ ਵਿਚ ਲੋਕ ਉਸ ਨੂੰ ਪੜ੍ਹਦੇ-ਸੁਣਦੇ ਹਨ। ਉਹਦੇ ਸ਼ਬਦ ਪ੍ਰਿੰਟ ਮੀਡੀਏ 'ਚ ਛਪਦੇ ਤੇ ਬੋਲ ਬਿਜਲਈ ਮੀਡੀਏ 'ਤੇ ਗੂੰਜਦੇ ਰਹਿੰਦੇ ਹਨ। ਉਹ ਰੇਡੀਓ/ਟੀ. ਵੀ. ਤੋਂ ਮਿਣਵੀਂ-ਤੋਲਵੀਂ ਸ਼ਬਦਾਵਲੀ 'ਚ ਤਬਸਰਾ ਕਰ ਰਿਹਾ ਹੁੰਦੈ। ਉਹਦੀ ਬੋਲ-ਬਾਣੀ ਵਗਦੀ 'ਵਾ ਵਾਂਗ ਤੇ ਵਹਿੰਦੇ ਵਹਿਣ ਵਾਂਗ ਰਵਾਂ ਹੈ। ਉਸ ਨੇ ਖੇਡ ਕਾਲਮ ਵੀ ਲਿਖੇ ਤੇ ਕਬੱਡੀ ਮੈਚਾਂ ਦੀ ਕੁਮੈਂਟਰੀ ਵੀ ਕੀਤੀ। 2005 ਵਿਚ ਉਸ ਨੇ 'ਗੱਲਾਂ ਖੇਡ ਮੈਦਾਨ ਦੀਆਂ' ਪੁਸਤਕ ਛਪਵਾ ਕੇ ਪੰਜਾਬੀ ਖੇਡ ਸਾਹਿਤ ਵਿਚ ਪਹਿਲੀ ਵੱਡੀ ਛਾਲ ਮਾਰੀ। ਉਹਦੀ ਖੇਡ ਲੇਖਣੀ ਦਾ ਮੁੱਖ ਉਦੇਸ਼ ਨੌਜੁਆਨਾਂ ਨੂੰ ਚੰਗੇਰੇ ਪਾਸੇ ਲਾਉਣਾ, ਖੇਡ ਖੇਤਰ ਵਿਚ ਸੁਧਾਰ ਲਿਆਉਣਾ ਅਤੇ ਖਿਡਾਰੀਆਂ ਨੂੰ ਚੈਂਪੀਅਨ ਬਣਨ ਦੇ ਰਾਹ ਪਾਉਣਾ ਹੈ। ਉਹ ਖੇਡਾਂ ਤੇ ਖਿਡਾਰੀਆਂ ਦਾ ਸ਼ੁਭਚਿੰਤਕ ਅਤੇ ਖੇਡ ਸਰਗਰਮੀਆਂ ਦਾ ਸੁਹਿਰਦ ਆਲੋਚਕ ਹੈ।

ਉਹਦਾ ਪਿੰਡ ਭੋਗਪੁਰ ਕੋਲ ਗੜੀ ਬਖਸ਼ਾ ਹੈ। ਡਾਕਘਰ ਪਚਰੰਗਾ, ਜਿਲਾ ਜਲੰਧਰ। ਪਿੰਡ ਦਾ ਜੰਮਪਲ ਹੋਣ ਕਰਕੇ ਕਿਸਾਨੀ ਬੋਲ-ਚਾਲ ਨਾਲ ਓਤ-ਪੋਤ ਹੈ। ਕੱਟੀਆਂ-ਵੱਛੀਆਂ, ਕੁੱਕੜ-ਕੁੱਕੜੀਆਂ, ਨੀਰੇ-ਪੱਠਿਆਂ, ਗੱਡੇ-ਗਡੀਰਿਆਂ, ਬਲਦਾਂ-ਬੋਤਿਆਂ, ਭੰਡਾਂ-ਮਰਾਸੀਆਂ, ਹਾਸੇ-ਮਖੌਲਾਂ ਤੇ ਟਰੈਕਟਰਾਂ-ਟਰਾਲੀਆਂ ਦੀਆਂ ਗੱਲਾਂ ਨਾਲ ਉਹ ਸਰੋਤਿਆਂ ਦਾ ਧਿਆਨ ਖਿੱਚੀ ਰੱਖਦਾ ਹੈ। ਉਹਦੀਆਂ ਗੱਲਾਂਬਾਤਾਂ ਦਿਲਚਸਪ ਲੱਗਦੀਆਂ ਹਨ। ਪਿੰਡ ਦੇ ਸਕੂਲ ਅਤੇ ਟਾਂਡਾ ਉੜਮੁੜ ਦੇ ਕਾਲਜ ਵਿਚ ਪੜ੍ਹਨ ਵੇਲੇ ਤੋਂ ਹੀ ਚੰਗੀ ਹੋਣਹਾਰੀ ਵਿਖਾ ਰਿਹੈ। ਅੱਠ ਸਾਲ ਉਹ ਪੰਜਾਬੀ ਸਾਹਿਤ ਸਭਾ, ਭੋਗਪੁਰ ਦਾ ਜਨਰਲ ਸਕੱਤਰ ਤੇ ਤਿੰਨ ਸਾਲ ਪ੍ਰਧਾਨ ਰਿਹਾ। ਤੇਰਾਂ ਸਾਲਾਂ ਤੋਂ ਯੂਥ ਵੈਲਫੇਅਰ ਅਤੇ ਰਿਸਰਚ ਸੁਸਾਇਟੀ ਦੇ ਕੋਆਰਡੀਨੇਟਰ ਵਜੋਂ ਨੌਜੁਆਨਾਂ 'ਚ ਜਾਗ੍ਰਿਤੀ ਲਿਆਉਣ ਦੀਆਂ ਸਰਗਰਮੀਆਂ ਵਿਚ ਲੱਗਾ ਹੋਇਐ। ਉਸ ਨੇ ਗਿਆਨੀ ਕਰਤਾਰ ਸਿੰਘ ਸਰਕਾਰੀ ਕਾਲਜ ਟਾਂਡਾ ਉੜਮੁੜ ਤੋਂ ਬੀ. ਏ. ਆਨਰਜ਼ ਨਾਲ ਹਿੰਦੀ ਦੀ ਐੱਮ. ਏ. ਕੀਤੀ। ਫਿਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੈਂਪਸ ਤੋਂ ਪੱਤਰਕਾਰੀ ਦਾ ਡਿਪਲੋਮਾ, ਬੀ. ਐੱਡ, ਐੱਮ. ਐੱਡ ਤੇ ਐੱਮ. ਫਿਲ ਵਰਗੀਆਂ ਕਈ ਡਿਗਰੀਆਂ ਹਾਸਲ ਕੀਤੀਆਂ। ਫਿਰ ਵੀ ਕੋਈ ਚੱਜ ਦੀ ਨੌਕਰੀ ਨਾ ਮਿਲੀ। ਤਬਸਰੇ ਤਾਂ ਫਿਰ ਕਰਨੇ ਹੀ ਸਨ!

ਕਾਲਜ ਵਿਚ ਪੜ੍ਹਦਿਆਂ ਉਹ ਕਾਵਿ ਉਚਾਰਨ, ਲੇਖ ਰਚਨਾ ਤੇ ਨਾਟਕਾਂ ਚੇਟਕਾਂ ਦੇ ਮੁਕਾਬਲਿਆਂ 'ਚ ਭਾਗ ਲੈਂਦਾ ਰਿਹਾ। ਇਨਾਮ ਜਿੱਤ ਕੇ ਆਪਣਾ ਤੇ ਕਾਲਜ ਦਾ ਨਾਂ ਚਮਕਾਉਂਦਾ ਰਿਹਾ। ਸਟੇਜੀ ਕਲਾਕਾਰ ਹੋਣ ਕਾਰਨ ਖੇਡ ਮੈਦਾਨਾਂ ਦੀਆਂ ਰਗੜਾਂ ਖਾਣੋਂ ਬਚਿਆ ਰਿਹਾ। ਫਿਰ ਤਿੰਨ ਕੁ ਸਾਲ ਟਾਂਡਾ ਕਾਲਜ ਵਿਚ ਠੇਕੇ ਦੀ ਛੇ ਮਹੀਨਿਆਂ ਵਾਲੀ ਟੁੱਟਵੀਂ ਨੌਕਰੀ 'ਤੇ ਪੜ੍ਹਾਉਣ ਪਿੱਛੋਂ ਆਖਰ ਮੀਡੀਆਕਾਰੀ ਦੇ ਰਾਹ ਪੈ ਗਿਆ। ਇਨ੍ਹੀਂ ਦਿਨੀਂ ਉਹ ਪ੍ਰਾਈਮ ਏਸ਼ੀਆ ਟੀ. ਵੀ. ਦੇ ਸੱਦੇ 'ਤੇ ਕੈਨੇਡਾ ਵਿਚ ਡਿਊਟੀ ਨਿਭਾ ਰਿਹੈ ਤੇ ਨਾਂ ਕਮਾ ਰਿਹੈ।

ਉਸ ਦੇ ਪੰਜਾਬੀ ਵਿਚ ਅੱਠ ਕੁ ਸੌ ਤੇ ਹਿੰਦੀ ਵਿਚ ਤਿੰਨ ਕੁ ਸੌ ਲੇਖ ਛਪ ਚੁਕੇ ਹਨ। ਉਹਦੀਆਂ ਕਿਤਾਬਾਂ ਦੇ ਨਾਂ ਹਨ: ਗੱਲਾਂ ਖੇਡ ਮੈਦਾਨ ਦੀਆਂ, ਵਰਤਮਾਨ 'ਚ ਨੌਜਵਾਨਾਂ ਨੂੰ ਦਰਪੇਸ਼ ਚੁਣੌਤੀਆਂ ਤੇ ਉਨ੍ਹਾਂ ਦੇ ਸਾਰਥਕ ਹੱਲ, ਪੰਜਾਬੀਆਂ ਦਾ ਗੈਰ ਕਾਨੂੰਨੀ ਪਰਵਾਸ ਤੇ ਤਪਦੀ ਮਿੱਟੀ ਪਿਆਸੇ ਲੋਕ। 2014 ਤੋਂ ਉਹ ਅਮਰੀਕਾ, ਕੈਨੇਡਾ, ਨਿਊਜ਼ੀਲੈਂਡ ਤੇ ਆਸਟ੍ਰੇਲੀਆ ਦੇ ਰੇਡੀਓਜ਼ ਤੋਂ ਪੰਜਾਬ ਅਤੇ ਦੇਸ਼-ਵਿਦੇਸ਼ ਦੇ ਮੁੱਦਿਆਂ ਉਤੇ ਰੋਜ਼ਾਨਾ ਲਾਈਵ ਚਰਚਾ ਤੇ ਤਬਸਰਾ ਕਰਦਾ ਆ ਰਿਹੈ। ਪ੍ਰਾਈਮ ਏਸ਼ੀਆ ਟੀ. ਵੀ. ਤੋਂ ਭਖਦੇ ਮੁੱਦਿਆਂ ਉਤੇ ਉਹ ਅੱਠ ਸੌ ਤੋਂ ਵੱਧ ਪ੍ਰੋਗਰਾਮ ਦੇ ਚੁਕੈ। ਉਹ ਮੀਡੀਆਕਾਰੀ ਤੇ ਸੈਰ ਸਪਾਟੇ ਕਰਦਿਆਂ ਰਾਜਸਥਾਨ, ਲੇਹ ਲੱਦਾਖ, ਮਹਾਰਾਸ਼ਟਰ ਦੇ ਸੋਕਾ-ਗ੍ਰਸਤ ਖੇਤਰ, ਮੁੰਬਈ, ਉੜੀਸਾ, ਉੱਤਰਾਖੰਡ ਦੇ ਪਹਾੜੀ ਇਲਾਕੇ, ਹਿਮਾਚਲ ਪ੍ਰਦੇਸ਼ ਦੇ ਸਰਹੱਦੀ ਇਲਾਕੇ, ਕੈਨੇਡਾ 'ਚ ਬ੍ਰਿਟਿਸ਼ ਕੋਲੰਬੀਆ, ਐਡਮੰਟਨ, ਕੈਲਗਰੀ, ਟੋਰਾਂਟੋ, ਵਿਨੀਪੈਗ, ਮੌਰੀਸ਼ੀਅਸ, ਦੁੱਬਈ, ਸਿੰਗਾਪੁਰ, ਮਲੇਸ਼ੀਆ, ਥਾਈਲੈਂਡ ਤੇ ਇੰਡੋਨੇਸ਼ੀਆ ਦੇ ਸ਼ਹਿਰ ਗਾਹੁੰਦਿਆਂ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੀਆਂ ਸਿੱਖ ਖੇਡਾਂ-2019 ਦੀ ਕਵਰੇਜ ਵੀ ਕਰ ਚੁਕੈ।

ਉਸ ਨੇ ਆਪਣੀ ਪਹਿਲੀ ਪੁਸਤਕ 'ਗੱਲਾਂ ਖੇਡ ਮੈਦਾਨ ਦੀਆਂ' ਹਿੰਦ-ਪਾਕਿ ਦੋਸਤੀ ਮੰਚ ਨੂੰ ਸਮਰਪਿਤ ਕੀਤੀ, ਜਿਸ ਨੇ ਦੋਹਾਂ ਦੇਸ਼ਾਂ ਵਿਚਕਾਰ ਅਮਨ ਬਹਾਲੀ ਲਈ ਲੋਕ ਲਹਿਰ ਪੈਦਾ ਕਰਨ ਦਾ ਬੀੜਾ ਉਠਾਇਆ ਹੋਇਐ। ਪੁਸਤਕ ਦੇ ਅਰੰਭ ਵਿਚ ਉਹ ਲਿਖਦੈ: ਜੀਵਨ ਦੇ ਟੇਢੇ-ਮੇਢੇ ਰਸਤੇ 'ਤੇ ਤੁਰਦਿਆਂ ਮਨੁੱਖ ਦਰੱਖਤ ਤੋਂ ਡਿੱਗੇ ਪੱਤੇ ਵਾਂਗ ਵਿਚਰਦਾ ਹੈ। ਕਦੇ ਕਿਸੇ ਦੇ ਪੈਰਾਂ ਹੇਠ ਆ ਕੇ ਦੱਬੇ ਜਾਣ ਦਾ ਦਰਦ ਵੀ ਉਸ ਨੂੰ ਸਹਿਣਾ ਪੈਂਦਾ ਹੈ ਤੇ ਕਦੇ ਉਸ ਉਪਰ ਪਈ ਤ੍ਰੇਲ ਦੀ ਬੂੰਦ 'ਤੇ ਪੈਂਦੀ ਸੂਰਜੀ ਲਿਸ਼ਕੋਰ ਨਵੀਆਂ ਉਮੀਦਾਂ ਤੇ ਤਰੰਗਾਂ ਵੀ ਜਗਾਉਂਦੀ ਹੈ। ਸੰਸਾਰਕ ਹਵਾ ਦੇ ਬੁੱਲਿਆਂ 'ਤੇ ਪੱਤੇ ਵਾਂਗ ਉਡਦਾ ਮਨੁੱਖ ਆਪਣੀ ਨਿਰਧਾਰਿਤ ਕੀਤੀ ਮੰਜ਼ਿਲ ਵੱਲ ਵਧਣ ਲਈ ਯਤਨਸ਼ੀਲ ਵੀ ਰਹਿੰਦਾ ਹੈ...।

ਪੰਜਾਬ ਵਿਚ ਕੁਝ ਗਿਣਤੀ ਦੇ ਵੱਡੇ ਵਿਸ਼ਵ ਕਬੱਡੀ ਕੱਪਾਂ ਵਰਗੇ ਖੇਡ ਮੇਲਿਆਂ ਲਈ ਧਨ ਤੇ ਸਾਧਨਾਂ ਦੀ ਕੋਈ ਘਾਟ ਨਹੀਂ, ਪਰ ਅਸਲੀ ਸੰਘਰਸ਼ ਤਾਂ ਉਨ੍ਹਾਂ ਹਜ਼ਾਰਾਂ ਖੇਡ ਮੇਲਿਆਂ ਦੇ ਪ੍ਰਬੰਧਕਾਂ ਨੂੰ ਕਰਨਾ ਪੈ ਰਿਹਾ ਹੈ, ਜੋ ਪਿੰਡਾਂ ਦੇ ਛੋਟੇ-ਵੱਡੇ ਖੇਡ ਮੇਲਿਆਂ ਦਾ ਪ੍ਰਬੰਧ ਕਰ ਕੇ ਪੰਜਾਬ ਦੇ ਖੇਡ ਵਿਰਸੇ ਨੂੰ ਸਹੀ ਅਰਥਾਂ ਵਿਚ ਜਿਉਂਦਾ ਰੱਖ ਰਹੇ ਹਨ। ਮੈਂ ਅਜਿਹੇ ਖੇਡ ਮੇਲਿਆਂ ਦਾ ਆਯੋਜਨ ਕਰਦੇ ਪ੍ਰਬੰਧਕ ਜਨਤਾ ਦੇ ਹਾਸੇ-ਠੱਠੇ ਦਾ ਸ਼ਿਕਾਰ ਹੁੰਦੇ ਤੱਕੇ ਵੀ ਤੇ ਇਨ੍ਹਾਂ ਹਾਸੇ ਠੱਠਿਆਂ ਦਾ ਖੁਦ ਵੀ ਸ਼ਿਕਾਰ ਹੋਇਆ ਹਾਂ। ਪੈਸੇ ਦੇਣ ਦਾ ਵਾਇਦਾ ਕਰ ਕੇ ਮੁੱਕਰਦੇ ਲੋਕਾਂ ਨਾਲ ਵੀ ਵਾਹ ਪਿਆ ਤੇ ਪਿੰਡਾਂ ਦੇ ਘੜੰਮ ਚੌਧਰੀਆਂ ਵੱਲੋਂ ਡਾਹੇ ਜਾਂਦੇ ਅੜਿੱਕਿਆਂ ਨੂੰ ਵੀ ਨੇੜਿਓਂ ਤੱਕਿਆ। ਇਸੇ ਕਰਕੇ ਮੈਂ ਵੱਡੇ ਕਬੱਡੀ ਕੱਪਾਂ ਨੂੰ ਕਵਰ ਕਰਨ ਦੀ ਥਾਂ ਆਪਣੀ ਕਲਮ ਦਾ ਫੋਕਸ ਛੋਟੇ ਪੇਂਡੂ ਖੇਡ ਮੇਲਿਆਂ 'ਤੇ ਹੀ ਰੱਖਿਆ ਹੈ।

'ਗੱਲਾਂ ਖੇਡ ਮੈਦਾਨ ਦੀਆਂ' ਪੁਸਤਕ ਵਿਚ ਛਪੇ ਲੇਖਾਂ ਦੇ ਕੁਝ ਸਿਰਲੇਖ ਹਨ: ਪੇਂਡੂ ਰਹਿਤਲ ਅਤੇ ਖੇਡ ਮੇਲੇ, ਦੋਸਤੀ ਦੇ ਅਹਿਮ ਸਫਰ ਦਾ ਦੂਜਾ ਪੜਾਅ, ਮਜ਼ਬੂਤ ਆਰਥਕਤਾ ਦੇ ਬਾਵਜੂਦ ਖੜੋਤ ਵਿਚ ਹੈ ਕਬੱਡੀ, ਖੇਡਾਂ ਦੇ ਸੰਦਰਭ ਵਿਚ ਸੌੜੀ ਸਿਆਸਤ ਦਾ ਤਿਆਗ ਕੀਤਾ ਜਾਵੇ, ਭਾਰਤ ਜਿਥੇ ਖਿਡਾਰੀਆਂ ਨਾਲ ਕੈਦੀਆਂ ਤੋਂ ਵੀ ਘਟੀਆ ਸਲੂਕ ਹੁੰਦਾ ਹੈ, ਖੇਡ-ਖੇਡ ਵਿਚ ਬਦਲੇਗੀ ਦੋਵਾਂ ਦੇਸ਼ਾਂ ਦੀ ਨੁਹਾਰ, ਹੇਠਲੀ ਪੱਧਰ 'ਤੇ ਖਿਡਾਰੀਆਂ ਨੂੰ ਉਤਸ਼ਾਹ ਦੇਣ ਦੀ ਜ਼ਰੂਰਤ, ਸਿਆਸਤ ਤੋਂ ਮੁਕਤੀ ਮੰਗਦੀਆਂ ਖੇਡਾਂ, ਖਜੂਰ 'ਤੇ ਲਟਕਦੀ ਹਾਕੀ, ਬਿਖੜੇ ਪੈਂਡੇ ਤੈਅ ਕਰਨ ਜਾ ਰਹੀ ਹੈ ਭਾਰਤੀ ਹਾਕੀ, ਭਾਰਤੀ ਖੇਡ ਨੀਤੀ ਦੀ ਖਿੱਦੋ 'ਚੋਂ ਲੀਰਾਂ ਬਾਹਰ ਆਈਆਂ ਅਤੇ ਕਿਹੋ ਜਿਹਾ ਹੈ ਭਾਰਤ ਵਿਚ ਰਗਬੀ ਫੁੱਟਬਾਲ ਦਾ ਭਵਿੱਖ? ਪੇਸ਼ ਹਨ ਉਹਦੇ ਦੋ ਖੇਡ ਤਬਸਰੇ:

### ਹੁਕਮਰਾਨ ਸਾਰੀਆਂ ਖੇਡਾਂ ਨੂੰ ਇੱਕ ਅੱਖ ਨਾਲ ਵੇਖਣ

ਵੈਸੇ ਤਾਂ ਇਸ ਪਦਾਰਥਵਾਦੀ ਯੁੱਗ ਵਿਚ ਬਹੁਗਿਣਤੀ ਲੋਕਾਂ ਅੰਦਰ ਖ਼ੁਦਗਰਜ਼ੀ ਦਾ ਤੱਤ ਭਾਰੂ ਹੁੰਦਾ ਜਾ ਰਿਹਾ ਹੈ। ਆਪਣੇ ਆਪ ਨੂੰ ਅਗਾਂਹ ਲੈ ਜਾਣ ਲਈ ਦੂਸਰੇ ਦਾ ਸ਼ੋਸ਼ਣ ਜਾਂ ਵਿਨਾਸ਼ ਕਰਨ ਤੱਕ ਦੀ ਸੋਚ ਨੂੰ ਜਾਇਜ਼ ਮੰਨਣਾ ਸਾਧਾਰਨ ਗੱਲ ਹੋ ਗਈ ਹੈ, ਪਰ ਜੇ ਇਹ ਸਭ ਗੱਲਾਂ ਉਸ ਵਿਅਕਤੀ ਨਾਲ ਸਬੰਧਤ ਹੋਣ ਜੋ ਘਰ ਤੋਂ ਕੰਮ ਤੇ ਕੰਮ ਤੋਂ ਘਰ ਤੱਕ ਸੀਮਤ ਹੈ ਤਾਂ ਬਹੁਤੀ ਚਿੰਤਾ ਕਰਨ ਦੀ ਲੋੜ ਨਹੀਂ ਹੁੰਦੀ। ਜਦੋਂ ਕਰੋੜਾਂ ਲੋਕਾਂ ਲਈ ਨੀਤੀਆਂ ਨਿਰਧਾਰਤ ਕਰਨ ਵਾਲੇ, ਫੈਸਲੇ ਲੈਣ ਵਾਲੇ ਹਾਕਮ ਵੀ ਨਿੱਜਵਾਦ ਵਿਚ ਬੁਰੀ ਤਰ੍ਹਾਂ ਗ੍ਰਸਤ ਹੋ ਜਾਣ ਤਾਂ ਮੱਥੇ ਉੱਪਰ ਚਿੰਤਾ ਦੀਆਂ ਲਕੀਰਾਂ ਗਹਿਰੀਆਂ ਹੋ ਹੀ ਜਾਂਦੀਆਂ ਹਨ।

ਸਾਡੇ ਸੱਤਾਧਾਰੀ ਨੇਤਾਵਾਂ ਨੇ, ਹਰ ਖੇਤਰ ਨੂੰ ਚਾਹੇ ਉਹ ਧਰਮ ਹੋਵੇ, ਖੇਡਾਂ ਹੋਣ, ਸੱਭਿਆਚਾਰ ਹੋਵੇ-ਸਭ ਨੂੰ ਆਪਣੀ ਘਟੀਆ ਰਾਜਨੀਤੀ ਦਾ ਅਖਾੜਾ ਬਣਾ ਲਿਆ ਹੈ, ਜਿਸ ਦਾ ਬਹੁਤ ਵੱਡਾ ਨੁਕਸਾਨ ਇਨ੍ਹਾਂ ਖੇਤਰਾਂ ਨੂੰ ਹੋਇਆ ਹੈ। ਲੋੜ ਤਾਂ ਇਹ ਸੀ ਕਿ ਰਾਜਨੀਤੀ ਕੇਵਲ ਰਾਜਨੀਤੀ ਤੱਕ ਸੀਮਤ ਰਹਿੰਦੀ, ਪਰ ਸਾਡੇ ਦੇਸ਼ ਵਿਚ ਗੰਧਲੀ ਰਾਜਨੀਤੀ ਨੇ ਉਪਰੋਕਤ ਦਰਸਾਏ ਸਿਹਤਮੰਦ ਤੇ ਉਸਾਰੂ ਖੇਤਰਾਂ ਨੂੰ ਵੀ ਜ਼ਬਰਦਸਤੀ ਆਪਣੀ ਜੰਗ ਦਾ ਖੇਤਰ ਬਣਾ ਲਿਆ ਹੈ। ਖੇਡ ਖੇਤਰ ਦਾ ਤਾਂ ਨੇਤਾਵਾਂ ਦੀ ਸੰਕਰੀਨ ਸੋਚ ਕਰਕੇ ਸਭ ਤੋਂ ਵਧੇਰੇ ਤੇ ਤੇਜ਼ੀ ਨਾਲ ਨੁਕਸਾਨ ਹੋਇਆ ਹੈ। ਆਪਣੇ ਸੀਮਤ ਗਿਆਨ ਨੇ ਕੇਵਲ ਸੱਤਾ ਪ੍ਰਾਪਤੀ ਵਰਗੇ ਉਦੇਸ਼ਾਂ ਨਾਲ ਪੂਰੀ ਤਰ੍ਹਾਂ ਲੈਸ ਹੋ ਕੇ ਸਾਡੇ ਰਾਜਨੇਤਾਵਾਂ ਨੇ ਸੱਤਾ ਹਥਿਆਈ ਰੱਖਣ ਲਈ ਖੇਡ ਖੇਤਰ ਨੂੰ ਪੂਰੀ ਸ਼ਿੱਦਤ ਤੇ ਬੇਦਰਦੀ ਨਾਲ ਵਰਤਿਆ ਹੈ। ਇਹੀ ਕਾਰਨ ਹੈ ਕਿ ਅੱਜ ਭਾਰਤੀ ਖੇਡ ਖੇਤਰ ਨਾਲ ਸਬੰਧਤ 5 ਫੀਸਦੀ ਲੋਕ ਤਾਂ ਮਾਲਾਮਾਲ ਹਨ ਤੇ ਬਾਕੀ 95 ਫੀਸਦੀ ਲੋਕ ਕੱਖੋਂ ਹੌਲੇ ਕਰਨ ਦੇ ਇੱਕੋ-ਇੱਕ ਉਦੇਸ਼ ਨੇ ਖੇਡ ਖੇਤਰ ਉੱਤੇ ਖਰਚੇ ਜਾਂਦੇ ਧਨ ਨੂੰ ਪੱਖਪਾਤ ਦੀ ਗਹਿਰੀ ਦਲਦਲ ਵਿਚ ਧੱਕ ਛੱਡਿਆ ਹੈ।

ਖੇਡ ਐਸੋਸੀਏਸ਼ਨਾਂ ਤੇ ਫੈਡਰੇਸ਼ਨਾਂ 'ਤੇ ਕਬਜ਼ੇ ਕਰਨ ਲਈ ਰਾਜਨੀਤਕ ਪਾਰਟੀਆਂ ਦੇ ਆਧਾਰ 'ਤੇ ਧੜੇ ਕਾਇਮ ਹਨ, ਜਿਨ੍ਹਾਂ ਨੇ ਖਿਡਾਰੀਆਂ ਦੀ ਚੋਣ ਸਮੇਂ ਸਿਆਸੀ ਦਖਲ ਅੰਦਾਜ਼ੀ ਕਾਰਨ ਸਾਧਾਰਨ ਘਰਾਂ ਦੇ ਹੋਣਹਾਰ ਖਿਡਾਰੀਆਂ ਨੂੰ ਉਤਸ਼ਾਹ ਨਾ ਦੇ ਕੇ ਖੇਡ ਖੇਤਰ ਦੇ ਜੜ੍ਹੀਂ ਤੇਲ ਦੇਣ ਦਾ ਕੰਮ ਕੀਤਾ ਹੈ। ਇਨ੍ਹਾਂ ਘਾਤਕ ਤੇ ਮਾਰੂ ਕਾਰਜਾਂ ਤੋਂ ਇਲਾਵਾ ਕ੍ਰਿਕਟ ਦੀ ਖੇਡ ਨੂੰ ਸਿਰ 'ਤੇ ਬਿਠਾ ਰੱਖਣ ਤੇ ਬਾਕੀ ਖੇਡਾਂ ਨੂੰ ਜੁੱਤੀ ਦੀ ਨੋਕ 'ਤੇ ਰੱਖਣ ਦੀ ਪ੍ਰਥਾ ਨੇ ਰਹਿੰਦੀ-ਖੂੰਹਦੀ ਕਸਰ ਵੀ ਪੂਰੀ ਕਰ ਦਿੱਤੀ ਹੈ। ਇਸ ਦਾ ਅਰਥ ਇਹ ਨਹੀਂ ਕਿ ਸਾਡੇ ਹੁਕਮਰਾਨਾਂ ਨੂੰ ਕ੍ਰਿਕਟ ਦੀ ਖੇਡ ਨਾਲ ਪਿਆਰ ਜਾਂ ਲਗਾਓ ਹੈ, ਬਲਕਿ ਇਹ ਕੇਵਲ ਵੋਟ ਬੈਂਕ ਵਿਚ ਵਾਧਾ ਕਰਨ ਦਾ ਢੰਗ ਹੈ। ਜਨਤਾ ਦਾ ਧਿਆਨ ਆਪਣੇ ਵੱਲ ਖਿੱਚਣ ਦਾ ਤਰੀਕਾ ਹੈ। ਅੱਜ ਮੀਡੀਆ ਦੀ ਓਵਰ ਕਵਰੇਜ ਕਰਕੇ ਬਹੁਗਿਣਤੀ ਲੋਕ ਕ੍ਰਿਕਟ ਵੱਲ ਉਲਾਰ ਹੋਏ ਬੈਠੇ ਹਨ। ਕ੍ਰਿਕਟ ਦੇ ਸ਼ੌਕੀਨਾਂ ਦੀ ਨਜ਼ਰ ਵਿਚ ਆਉਣ ਲਈ ਹੁਕਮਰਾਨ ਕ੍ਰਿਕਟ ਦੇ ਇਕ-ਇਕ ਛੱਕੇ 'ਤੇ ਵੀਹ-ਵੀਹ ਲੱਖ ਰੁਪਏ ਦੇ ਰਹੇ ਹਨ ਤੇ ਦੂਸਰੇ ਪਾਸੇ ਬਾਕੀ ਖੇਡਾਂ ਲਈ ਹੱਥ ਅਸਲੋਂ ਖਾਲੀ ਹੈ। ਫਿਰ ਜਦੋਂ ਏਸ਼ੀਆ ਜੇਤੂ ਹਾਕੀ ਟੀਮ ਦੇ ਖਿਡਾਰੀਆਂ ਨੂੰ ਆਪਣਾ ਬਣਦਾ ਹੱਕ ਲੈਣ ਲਈ ਧਰਨੇ ਦੇਣ ਦੀ ਧਮਕੀ ਦੇਣੀ ਪੈਂਦੀ ਹੈ ਤੇ ਉਸ ਤੋਂ ਬਾਅਦ ਸਰਕਾਰਾਂ ਕੁਝ ਕੁ ਲੱਖ ਦੇ ਇਨਾਮਾਂ ਦੀ ਘੋਸ਼ਣਾ ਕਰਦੀਆਂ ਹਨ ਤਾਂ ਇਨ੍ਹਾਂ ਸਰਕਾਰਾਂ ਨੂੰ ਚਲਾਉਣ ਵਾਲਿਆਂ ਦੀ ਸੋਚ ਦੀ ਅਸਲੀਅਤ ਆਪੇ ਸਾਹਮਣੇ ਆ ਜਾਂਦੀ ਹੈ।


ਕ੍ਰਿਕਟ ਤੋਂ ਬਿਨਾ ਬਾਕੀ ਮਾਣ-ਮੱਤੀਆਂ ਖੇਡਾਂ ਨਾਲ ਸਬੰਧਤ ਖਿਡਾਰੀ ਇਨ੍ਹਾਂ ਤੰਗਦਿਲ ਤੇ ਸੰਕੀਰਨ ਸੋਚ ਵਾਲੇ ਨੇਤਾਵਾਂ ਕਰਕੇ ਜ਼ਲਾਲਤ ਭਰੇ ਦੌਰ ਵਿਚੋਂ ਗੁਜ਼ਰ ਰਹੇ ਹਨ। ਭਾਰਤੀ ਖੇਡ ਖੇਤਰ ਦੇ ਵਰਤਮਾਨ ਹਾਲਾਤ ਤੋਂ ਇਹ ਸਾਫ ਹੈ ਕਿ ਕ੍ਰਿਕਟ ਤੋਂ ਇਲਾਵਾ ਹੋਰਨਾਂ ਖੇਡਾਂ ਵਿਚੋਂ ਜੇਕਰ ਕੋਈ ਟਰਾਫੀ ਜਾਂ ਤਮਗਾ ਹਾਸਲ ਹੁੰਦਾ ਹੈ ਤਾਂ ਉਥੇ ਖਿਡਾਰੀਆਂ ਅਤੇ ਕੋਚਾਂ ਦੀ ਆਪਣੀ ਨਿੱਜੀ ਮਿਹਨਤ ਹੀ ਕੰਮ ਕਰਦੀ ਹੈ। ਰਾਜਨੇਤਾਵਾਂ ਦਾ ਉਸ ਪਿੱਛੇ ਕੋਈ ਰੋਲ ਨਹੀਂ ਹੁੰਦਾ। ਜੇ ਅਥਲੈਟਿਕਸ, ਫੁੱਟਬਾਲ, ਵਾਲੀਬਾਲ, ਬੈਡਮਿੰਟਨ ਵਰਗੀਆਂ ਖੇਡਾਂ ਕੇਵਲ ਸ਼ੌਕ ਤੱਕ ਸੀਮਤ ਹੋ ਕੇ ਖਤਮ ਹੋ ਰਹੀਆਂ ਹਨ ਤਾਂ ਇਸ ਦੇ ਪਿੱਛੇ ਇਨ੍ਹਾਂ ਨੇਤਾਵਾਂ ਦੀ ਕੁਰਸੀ ਦਾ ਹੱਥ ਹੈ। ਆਪਣੀ ਸੱਤਾ ਦਾ ਚੁੱਲ੍ਹਾ ਬਾਲਣ ਲਈ ਖੇਡ ਖੇਤਰ ਨੂੰ ਲੱਕੜੀ ਵਾਂਗ ਵਰਤ ਰਹੇ ਇਨ੍ਹਾਂ ਰਾਜਨੀਤਕ ਲੋਕਾਂ ਦਾ ਖੇਡ ਪ੍ਰੇਮੀਆਂ ਨੂੰ ਵਿਰੋਧ ਕਰਨਾ ਚਾਹੀਦਾ ਹੈ। ਸਾਡੇ ਤੁਹਾਡੇ ਦੁਆਰਾ ਟੈਕਸਾਂ ਰਾਹੀਂ 'ਕੱਠਾ ਕੀਤਾ ਧਨ ਇਨ੍ਹਾਂ ਨੂੰ ਕੇਵਲ ਕ੍ਰਿਕਟ ਲਈ ਵਰਤਣ ਦਾ ਕੋਈ ਹੱਕ ਨਹੀਂ।

ਸਾਡੀ ਮਾਂ-ਖੇਡ ਕਬੱਡੀ, ਰਾਸ਼ਟਰੀ ਖੇਡ ਹਾਕੀ ਤੇ ਬਾਕੀ ਸਭ ਖੇਡਾਂ ਨੂੰ ਵੀ ਬਣਦਾ ਹੱਕ ਮਿਲਣਾ ਚਾਹੀਦਾ ਹੈ। ਆਓ, ਰਲ-ਮਿਲ ਕੇ ਆਪੋ-ਆਪਣੇ ਵਸੀਲਿਆਂ ਅਨੁਸਾਰ ਕੋਸ਼ਿਸ਼ਾਂ ਕਰੀਏ ਤਾਂ ਜੋ ਇਨ੍ਹਾਂ ਛੋਟੀ ਸੋਚ ਦੇ ਮਾਲਕ ਲੋਕਾਂ ਹੱਥੋਂ ਖੇਡ-ਖੇਤਰ ਨੂੰ ਮਰਨ ਤੋਂ ਬਚਾਇਆ ਜਾ ਸਕੇ। ਜੋ ਹੁਕਮਰਾਨ ਵੀਹਾਂ-ਪੱਚੀਆਂ ਖੇਡਾਂ ਨੂੰ ਬਰਾਬਰ ਹੱਕ ਨਹੀਂ ਦੇ ਸਕਦੇ, ਉਹ ਸਾਡੇ ਦੇਸ਼ ਦੇ ਕਰੋੜਾਂ ਲੋਕਾਂ ਨੂੰ ਕਿੰਨੇ ਕੁ ਬਰਾਬਰ ਦੇ ਹੱਕ ਦੇਣਗੇ? ਇਹ ਸੋਚਣ ਵਾਲੀ ਗੱਲ ਹੈ। ਜਨਤਕ ਦਬਾਉ ਬਣਾ ਕੇ ਸਿਆਸੀ ਲੋਕਾਂ ਨੂੰ ਇਸ ਗੱਲ ਲਈ ਮਜਬੂਰ ਕਰਨਾ ਹੀ ਪਵੇਗਾ ਕਿ ਉਹ ਖੇਡ ਖੇਤਰ ਨੂੰ ਆਪਣੀ ਸੱਤਾ ਦੇ ਘੋਲ ਦਾ ਅਖਾੜਾ ਬਣਾਉਣ ਤੋਂ ਗੁਰੇਜ਼ ਕਰਨ। ਸਾਰੀਆਂ ਖੇਡਾਂ ਨੂੰ ਪੂਰੀ ਤਰ੍ਹਾਂ ਬਰਾਬਰੀ ਤੇ ਬਿਨਾ ਕਿਸੇ ਭੇਦ-ਭਾਵ ਦੇ ਸਰਕਾਰੀ ਸਹਾਇਤਾ ਦਿੱਤੀ ਜਾਵੇ। ਖੇਡ ਐਸੋਸੀਏਸ਼ਨਾਂ ਵਿਚ ਬੇਲੋੜਾ ਸਿਆਸੀ ਦਖਲ ਬੰਦ ਹੋਵੇ, ਖਿਡਾਰੀਆਂ ਦੀ ਚੋਣ ਸਮੇਂ ਹੁੰਦੀ ਸਿਫਾਰਸ਼ਬਾਜ਼ੀ ਤੇ ਕੋਚਾਂ ਨਾਲ ਹੁੰਦੀ ਧੱਕੇਸ਼ਾਹੀ ਵੀ ਬੰਦ ਹੋਵੇ, ਇਹ ਸਮੇਂ ਦੀ ਫੌਰੀ ਲੋੜ ਹੈ। ਤਦ ਹੀ ਸਾਡੇ ਖਿਡਾਰੀ ਹੜਤਾਲਾਂ ਧਰਨਿਆਂ ਵੱਲੋਂ ਧਿਆਨ ਹਟਾ ਕੇ, ਜ਼ਲਾਲਤ ਭਰੀ ਸਥਿਤੀ 'ਚੋਂ ਬਾਹਰ ਨਿਕਲ ਕੇ ਸੰਸਾਰ ਪੱਧਰ ਦੇ ਮੁਕਾਬਲਿਆਂ ਵਿਚ ਜਿੱਤਾਂ ਪ੍ਰਾਪਤ ਕਰਨ ਵੱਲ ਵੱਧ ਸਕਣਗੇ।





ਪਰਮਵੀਰ ਸਿੰਘ ਬਾਠ ਦੇ ਦੋ ਵੱਖ ਵੱਖ ਅੰਦਾਜ਼ ਅਤੇ (ਹੇਠਾਂ) ਉਸ ਦੀ ਕਿਤਾਬ ਦਾ ਮੁਖੜਾ





### ਹੇਠਲੀ ਪੱਧਰ ਤੇ ਖਿਡਾਰੀਆਂ ਨੂੰ ਉਤਸ਼ਾਹ ਦੇਣ ਦੀ ਲੋੜ

ਸਾਡੇ ਦੇਸ਼ ਦੀ ਤ੍ਰਾਸਦੀ ਰਹੀ ਹੈ ਕਿ ਅਸੀਂ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ ਵੀ ਖੇਡਾਂ ਦੇ ਖੇਤਰ ਵਿਚ ਕੋਈ ਅਜਿਹੀ ਮੱਲ ਨਹੀਂ ਮਾਰ ਸਕੇ, ਜਿਸ ਨੂੰ ਖੇਡ ਇਤਿਹਾਸ ਵਿਚ ਯਾਦ ਰੱਖਿਆ ਜਾ ਸਕੇ। ਬੇਸ਼ਕ ਹਾਕੀ ਦੀ ਖੇਡ ਵਿਚ ਕਿਸੇ ਵੇਲੇ ਅਸੀਂ ਸਿਰਮੌਰ ਰਹੇ ਹਾਂ, ਪਰ ਕੁੱਲ ਮਿਲਾ ਕੇ ਵੇਖਿਆ ਜਾਵੇ ਤਾਂ ਅਸੀਂ ਪਛੜੇ ਤੋਂ ਵੀ ਫਾਡੀ ਹਾਂ। ਸਾਡੇ ਖਿਡਾਰੀਆਂ ਵਿਚੋਂ ਲੋੜੀਂਦਾ ਉਤਸ਼ਾਹ ਤੇ ਜਜ਼ਬਾ ਗਾਇਬ ਕਰ ਦਿੱਤਾ ਗਿਐ ਅਤੇ ਸਰਕਾਰੀ ਦਾਅਵਿਆਂ ਦੇ ਬਾਵਜੂਦ ਅਸੀਂ ਲਗਾਤਾਰ ਪੱਛੜਦੇ ਜਾ ਰਹੇ ਹਾਂ। ਅਜਿਹੀ ਸਥਿਤੀ ਵਿਚ ਸੋਚਣਾ ਵਿਚਾਰਨਾ ਜ਼ਰੂਰੀ ਹੋ ਜਾਂਦਾ ਹੈ ਕਿ ਕਮੀ ਕਿੱਥੇ ਰਹਿ ਰਹੀ ਹੈ? ਕਿਸ ਧਿਰ ਵੱਲੋਂ ਵਾਅਦਾ ਖਿਲਾਫੀ ਕੀਤੀ ਜਾ ਰਹੀ ਹੈ? ਇਹ ਵੀ ਇੱਕ ਸੱਚਾਈ ਹੈ ਕਿ ਖੇਡਾਂ 'ਚ ਅਤਿ-ਪੱਛੜੇ ਹੋਣ ਦੇ ਬਾਵਜੂਦ ਸਾਡੇ ਮੀਡੀਆ 'ਚ ਖੇਡ ਵਿਵਾਦ ਸਭ ਤੋਂ ਵਧੇਰੇ ਉੱਠਦੇ ਹਨ। ਕਦੇ ਵਿਦੇਸ਼ੀ ਕੋਚਾਂ ਨੂੰ ਲੈ ਕੇ, ਕਦੇ ਖਿਡਾਰੀਆਂ ਦੀ ਗਲਤ ਚੋਣ ਸਬੰਧੀ, ਕਦੇ ਜੇਤੂ ਹਾਕੀ ਖਿਡਾਰੀਆਂ ਨੂੰ ਟੀਮ 'ਚੋਂ ਬਾਹਰ ਕਰਨ ਕਰਕੇ ਤੇ ਕਦੇ ਖੇਡ ਫੰਡਾਂ ਦੀ ਦੁਰਵਰਤੋਂ ਕਰਕੇ ਸਾਡੇ ਦੇਸ਼ ਵਿਚ ਖੇਡ ਵਿਵਾਦ ਗਰਮਾਉਂਦੇ ਹੀ ਰਹਿੰਦੇ ਹਨ।

ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਸਥਿਤੀ ਪਹਿਲਾਂ ਤੋਂ ਸੁਧਰ ਚੁਕੀ ਹੈ, ਕਿਉਂਕਿ ਹੁਣ ਸਾਡੀਆਂ ਸਰਕਾਰਾਂ ਜੇਤੂ ਖਿਡਾਰੀਆਂ ਨੂੰ ਲੱਖਾਂ ਰੁਪਏ ਦੇ ਇਨਾਮ ਦੇ ਕੇ ਨਿਵਾਜ ਰਹੀਆਂ ਹਨ। ਕੌਮਾਂਤਰੀ ਪੱਧਰ 'ਤੇ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਨੂੰ ਤਾਂ ਕੇਂਦਰ ਤੇ ਰਾਜ ਸਰਕਾਰਾਂ ਆਪੋ ਆਪਣੇ ਤੌਰ 'ਤੇ ਲੱਖਾਂ ਰੁਪਏ ਦੇ ਇਨਾਮਾਂ ਨਾਲ ਕਈ ਹੋਰ ਸਹੂਲਤਾਂ ਵੀ ਉਪਲਬਧ ਕਰਵਾਉਂਦੀਆਂ ਹਨ। ਅਸੀਂ ਇਸ ਦਾ ਸਵਾਗਤ ਕਰਦੇ ਹਾਂ; ਪਰ ਪੌੜੀ ਦੇ ਉਪਰਲੇ ਡੰਡੇ ਮਜ਼ਬੂਤ ਕਰਦਿਆਂ ਹੇਠਲੇ ਡੰਡਿਆਂ ਵੱਲ ਵੀ ਧਿਆਨ ਦੇਣਾ ਬਣਦਾ ਹੈ। ਇਹ ਨਾ ਹੋਵੇ ਕਿ ਅਸੀਂ ਛੱਤ ਨੂੰ ਲਾਈ ਪੌੜੀ ਦੇ ਸਭ ਤੋਂ ਉਪਰਲੇ ਡੰਡੇ ਨੂੰ ਤਾਂ ਕਿੱਲਾਂ ਲਾ ਕੇ ਮਜ਼ਬੂਤ ਕਰਦੇ ਰਹੀਏ, ਪਰ ਉਸ ਤੋਂ ਹੇਠਲੇ ਡੰਡਿਆਂ ਨੂੰ ਰੱਖ ਰਖਾਅ ਦੀ ਘਾਟ ਕਾਰਨ ਟੁੱਟਦੇ ਰਹਿਣ ਦੇਈਏ।

ਜਦੋਂ ਤੱਕ ਸਰਕਾਰਾਂ ਹੇਠਲੀ ਪੱਧਰ ਉਤੇ ਖਿਡਾਰੀਆਂ ਨੂੰ ਉਤਸ਼ਾਹ ਨਹੀਂ ਦੇਣਗੀਆਂ, ਉਦੋਂ ਤੱਕ ਉਪਰਲੇ ਡੰਡੇ ਭਾਵ ਜੇਤੂ ਖਿਡਾਰੀਆਂ 'ਤੇ ਲਾਇਆ ਗਿਆ ਚੋਖਾ ਧਨ ਵੀ ਸਾਰਥਕ ਸਿੱਟੇ ਨਹੀਂ ਕੱਢੇਗਾ; ਕਿਉਂਕਿ ਛੱਤ ਉਤੇ ਚੜ੍ਹਨ ਲਈ ਪੌੜੀ ਦੇ ਉਪਰਲੇ ਡੰਡੇ ਤੋਂ ਵਧੇਰੇ ਮਹੱਤਵਪੂਰਨ ਭੂਮਿਕਾ ਹੇਠਲੇ ਡੰਡੇ ਨਿਭਾਉਂਦੇ ਹਨ। ਖੇਡ ਖੇਤਰ ਦੀਆਂ ਮੂਹਰਲੀਆਂ ਸਫਾਂ 'ਚ ਵਿਚਰ ਰਹੇ ਦੇਸ਼ਾਂ ਦੀ ਸਫਲਤਾ ਦਾ ਸੂਤਰ ਇਹੀ ਹੈ ਕਿ ਉਹ ਛੋਟੀ ਉਮਰ ਵਿਚ ਹੀ ਬੱਚਿਆਂ ਨੂੰ ਖੇਡ ਸਿਖਲਾਈ ਦੇਣੀ ਅਰੰਭ ਕਰ ਦਿੰਦੇ ਹਨ। ਇਸੇ ਕਰਕੇ ਉਹ ਸਤਾਰਾਂ-ਅਠਾਰਾਂ ਸਾਲ ਦੀ ਉਮਰ ਤੱਕ ਵਿਸ਼ਵ ਪੱਧਰ ਦੇ ਖਿਡਾਰੀ ਬਣ ਜਾਂਦੇ ਹਨ, ਪਰ ਸਾਡੇ ਭਾਰਤ ਮਹਾਨ ਵਿਚ ਚੋਟੀ ਦਾ ਖਿਡਾਰੀ ਬਣਨ ਲਈ ਜੋ ਕੁਝ ਕਰਨਾ ਹੁੰਦਾ ਹੈ, ਉਹ ਖਿਡਾਰੀ ਵੱਲੋਂ ਆਪਣੇ ਤੌਰ 'ਤੇ ਹੀ ਕਰਨਾ ਪੈਂਦਾ ਹੈ।

ਵਿਦਿਆਰਥੀ ਜੀਵਨ 'ਚ ਖੇਡ ਸਿਖਲਾਈ ਮਿਲਣੀ ਅਤਿ-ਜ਼ਰੂਰੀ ਹੈ, ਪਰ ਸਾਡੇ ਪਬਲਿਕ ਸਕੂਲਾਂ 'ਚ ਕਿਤਾਬਾਂ ਦੇ ਢੇਰ 'ਚ ਬੱਚਿਆਂ ਨੂੰ ਖਿਡਾਉਣ ਵਾਲਾ ਕੋਈ ਨਹੀਂ ਹੁੰਦਾ। ਇਨ੍ਹਾਂ ਮੁਢਲੇ

(ਬਾਕੀ ਅਗਲੇ ਸਫੇ 'ਤੇ)

# ਸਵਾਮੀ ਵਿਵੇਕਾਨੰਦ ਦੀ ਵਿਚਾਰਧਾਰਾ ਮਾਨਵਤਾ ਲਈ ਰਾਹ ਦਸੇਰਾ

**ਰਾਸ਼ਟਰੀ ਯੁਵਕ ਦਿਵਸ 'ਤੇ ਵਿਸ਼ੇਸ਼**

ਵਿਸ਼ਵ ਪ੍ਰਸਿੱਧ ਸ਼ਖਸੀਅਤ ਸਵਾਮੀ ਵਿਵੇਕਾਨੰਦ ਦੀ ਵਿਚਾਰਧਾਰਾ ਸਮੁੱਚੀ ਮਾਨਵਤਾ ਲਈ ਰਾਹ ਦਸੇਰੇ ਦਾ ਕੰਮ ਕਰਦੀ ਹੈ। ਉਨ੍ਹਾਂ ਨੇ ਕੇਵਲ ਉਨਤਾਲੀ ਸਾਲਾਂ ਦੀ ਛੋਟੀ ਉਮਰ ਵਿਚ ਹੀ ਕਈ ਪ੍ਰਕਾਰ ਦੀਆਂ ਸਰੀਰਕ, ਸਮਾਜਕ ਤੇ ਆਰਥਕ ਸਮੱਸਿਆਵਾਂ ਦੇ ਬਾਵਜੂਦ ਉੱਚ ਵਿੱਦਿਆ ਪ੍ਰਾਪਤ ਕੀਤੀ ਅਤੇ ਵਿਸ਼ਵ ਨੂੰ ਭਾਰਤੀ ਧਰਮ, ਦਰਸ਼ਨ ਅਤੇ ਸੱਭਿਆਚਾਰ ਦੀ ਮਹਾਨਤਾ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਮਨੁੱਖਤਾ ਨੂੰ ਆਪਣੇ ਅੰਦਰ ਸਵੈ ਵਿਸ਼ਵਾਸ ਜਗਾਉਣ, ਉੱਚ ਆਚਰਣ ਦੇ ਧਾਰਨੀ ਬਣਨ ਅਤੇ ਲੋਕ ਸੇਵਾ



ਹਰਗੁਣਪ੍ਰੀਤ ਸਿੰਘ ਪਟਿਆਲਾ
ਫੋਨ: +91-94636-19353

ਦੀ ਭਾਵਨਾ ਪੈਦਾ ਕਰਨ ਲਈ ਪ੍ਰੇਰਿਆ। ਉਨ੍ਹਾਂ ਦਾ ਕਹਿਣਾ ਸੀ ਕਿ ਭਾਰਤ ਦਾ ਮੁੱਖ ਆਦਰਸ਼ ਧਰਮ ਹੈ, ਜੋ ਇਸ ਦੀ ਜ਼ਿੰਦਗੀ ਦਾ ਸੰਗੀਤ ਹੈ। ਆਪਣੇ ਅਧਿਆਤਮਕ ਜੀਵਨ ਨੂੰ ਉੱਚਾ ਚੁੱਕ ਕੇ ਹੀ ਸਮਾਜਕ ਅਤੇ ਰਾਜਨੀਤਕ ਸੁਧਾਰ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਆਪਣੇ ਪੁਰਾਣਾਂ ਅਤੇ ਉਪਨਿਸ਼ਦਾਂ ਦੇ ਸੰਦੇਸ਼ ਨੂੰ ਮੱਠਾਂ ਵਿਚੋਂ ਬਾਹਰ ਕੱਢ ਕੇ ਹਰ ਘਰ, ਖੇਤਰ, ਉੱਤਰ ਤੋਂ ਦੱਖਣ ਅਤੇ ਪੂਰਬ ਤੋਂ ਪੱਛਮ ਤੱਕ ਹਰ ਦਿਸ਼ਾ ਵੱਲ ਫੈਲਾਉਣਾ ਬਹੁਤ ਜ਼ਰੂਰੀ ਹੈ।

ਸਵਾਮੀ ਜੀ ਦਾ ਇਹ ਵੀ ਮੰਨਣਾ ਸੀ ਕਿ ਪਹਿਲਾਂ ਆਪਣੇ ਆਪ ਉੱਤੇ ਵਿਸ਼ਵਾਸ ਅਤੇ ਫਿਰ ਪਰਮਾਤਮਾ ਉੱਤੇ ਵਿਸ਼ਵਾਸ ਰੱਖਣ ਨਾਲ ਹੀ ਅਸਲ ਵਿਕਾਸ ਸੰਭਵ ਹੈ। ਪੁਰਾਣੇ ਧਰਮ ਮੁਤਾਬਿਕ ਉਹ ਵਿਅਕਤੀ ਨਾਸਤਿਕ ਮੰਨਿਆ ਜਾਂਦਾ ਸੀ, ਜੋ ਰੱਬ ਵਿਚ ਵਿਸ਼ਵਾਸ ਨਹੀਂ ਸੀ ਰੱਖਦਾ, ਪਰ ਆਧੁਨਿਕ ਧਰਮ ਅਨੁਸਾਰ ਉਹ ਵਿਅਕਤੀ ਪੱਕਾ ਨਾਸਤਿਕ ਹੈ, ਜੋ ਆਪਣੇ ਆਪ ਵਿਚ ਵਿਸ਼ਵਾਸ ਨਹੀਂ ਰੱਖਦਾ। ਤੇਤੀ ਕਰੋੜ ਦੇਵੀ ਦੇਵਤਿਆਂ ਉੱਪਰ ਭਰੋਸਾ ਰੱਖ ਕੇ ਵੀ ਜੇ ਆਪਣੇ ਆਪ ਉੱਪਰ ਭਰੋਸਾ ਨਹੀਂ ਰੱਖਣਾ ਤਾਂ ਮੁਕਤੀ ਦੀ ਪ੍ਰਾਪਤੀ ਕਦੇ ਸੰਭਵ ਨਹੀਂ ਹੋ ਸਕਦੀ। ਆਪਣਾ ਆਤਮ ਵਿਸ਼ਵਾਸ ਗੁਆਉਣ ਦਾ ਅਰਥ ਹੀ ਪਰਮਾਤਮਾ ਵਿਚ ਵਿਸ਼ਵਾਸ ਗੁਆਉਣ ਸਮਾਨ ਹੁੰਦਾ ਹੈ।

ਪਰਮਾਤਮਾ ਉਸ ਵਿਅਕਤੀ ਨੂੰ ਤਾਂ ਮੁਆਫ ਕਰ ਦੇਵੇਗਾ, ਜੋ ਆਪਣੀ ਤਰਕ ਸ਼ਕਤੀ ਕਰਕੇ ਨਾਸਤਿਕ ਬਣਿਆ ਹੈ, ਪਰ ਉਸ ਨੂੰ ਕਦੇ ਮੁਆਫ ਨਹੀਂ ਕਰੇਗਾ, ਜੋ ਅੰਧਵਿਸ਼ਵਾਸ ਪਾਲ ਕੇ ਰੱਖਦਾ ਹੈ। ਉਹ ਅਕਸਰ ਕਿਹਾ ਕਰਦੇ ਸਨ ਕਿ ਭਾਰਤ ਵਾਸੀਆਂ ਨੂੰ ਸਭ ਦੇਵੀ-ਦੇਵਤਿਆਂ ਨੂੰ ਆਪਣੇ ਮਨਾਂ ਵਿਚੋਂ ਕੱਢ ਦੇਣਾ ਚਾਹੀਦਾ ਹੈ ਅਤੇ ਆਪਣੀ ਜਨਮ ਭੂਮੀ ਨੂੰ ਹੀ ਪਰਮਾਤਮਾ ਸਮਾਨ ਸਮਝ ਕੇ ਸਭ ਤੋਂ ਪਹਿਲਾਂ ਆਪਣੇ ਦੇਵਤਾ ਸਰੂਪ ਦੇਸ਼ ਵਾਸੀਆਂ ਦੀ ਨਿਸ਼ਕਾਮ ਸੇਵਾ ਕਰਨੀ ਚਾਹੀਦੀ ਹੈ। ਸਾਡੇ ਵਿਕਾਸ ਲਈ ਸਭ ਤੋਂ ਪਹਿਲਾਂ ਸਾਡਾ ਸਰੀਰਕ ਤੌਰ ਉਤੇ ਤਾਕਤਵਰ ਹੋਣਾ ਜ਼ਰੂਰੀ ਹੈ। 'ਗੀਤਾ' ਦਾ ਪਾਠ ਕਰਨ ਦੀ ਥਾਂ ਫੁੱਟਬਾਲ ਦੀ ਖੇਡ ਖੇਡਣ ਨਾਲ ਸਵਰਗ ਦੇ ਹੋਰ ਨੇੜੇ ਪਹੁੰਚਿਆ ਜਾ ਸਕਦਾ ਹੈ। ਆਪਣੇ ਪੱਠਿਆਂ ਅਤੇ ਡੌਲਿਆਂ ਨੂੰ ਥੋੜ੍ਹਾ ਹੋਰ ਮਜ਼ਬੂਤ ਬਣਾ ਕੇ ਹੀ ਗੀਤਾ ਨੂੰ ਬਿਹਤਰ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। ਸੰਸਾਰ ਵਿਚ ਕਮਜ਼ੋਰੀ ਹੀ ਸਭ ਤੋਂ ਵੱਡਾ ਪਾਪ ਹੈ ਅਤੇ ਜਿਹੜਾ ਕੰਮ ਸਾਨੂੰ ਸਰੀਰਕ ਤੇ ਮਾਨਸਿਕ ਤੌਰ ਉੱਤੇ ਕਮਜ਼ੋਰ ਕਰੇ, ਉਹ ਹੀ ਸਭ ਤੋਂ ਵੱਡਾ ਪਾਪ ਹੈ।

ਸਵਾਮੀ ਜੀ ਦੇ ਵਿਚਾਰ ਸਨ ਕਿ ਸਾਨੂੰ ਉੱਠੋ-ਜਾਗ ਕੇ ਆਪਣੀ ਮੰਜ਼ਿਲ ਤੱਕ ਨਾ ਪਹੁੰਚ ਜਾਣ ਤੱਕ ਨਿਰੰਤਰ ਬਿਨਾ ਰੁਕੇ ਚੱਲਦੇ ਰਹਿਣਾ ਚਾਹੀਦਾ ਹੈ। ਸਾਡੇ ਵਿਚੋਂ ਕੋਈ ਵੀ ਕਮਜ਼ੋਰ ਨਹੀਂ



ਹੈ, ਕਿਉਂਕਿ ਸਾਡੀ ਆਤਮਾ ਅਸੀਮ, ਸਰਬ ਸ਼ਕਤੀਮਾਨ ਅਤੇ ਸਰਬ ਕਲਾ ਸਮਰੱਥ ਹੈ। ਇਸ ਲਈ ਆਪਣੇ ਅੰਦਰਲੇ ਪਰਮਾਤਮਾ ਨੂੰ ਵੇਖਣ ਦੀ ਜ਼ਰੂਰਤ ਹੈ। ਸਾਨੂੰ ਇਨਸਾਨ ਬਣਾਉਣ ਵਾਲੇ ਰੱਬ ਦੀ ਜ਼ਰੂਰਤ ਹੈ, ਇਨਸਾਨ ਬਣਾਉਣ ਵਾਲੀ ਭਾਸ਼ਾ ਦੀ ਜ਼ਰੂਰਤ ਹੈ ਅਤੇ ਇਨਸਾਨ ਬਣਾਉਣ ਵਾਲੇ ਉਦੇਸ਼ਾਂ ਦੀ ਜ਼ਰੂਰਤ ਹੈ। ਸਾਨੂੰ ਸਿਰਫ ਲੋੜ ਹੈ ਜੋਸ਼ੀਲੇ ਅਤੇ ਆਤਮ ਵਿਸ਼ਵਾਸੀ ਜਵਾਨਾਂ ਦੀ, ਬਾਕੀ ਸਭ ਆਪਣੇ ਆਪ ਸੰਭਵ ਹੋ ਜਾਵੇਗਾ। ਜੇ ਅਜਿਹੇ ਸੌ ਅਣਖੀਲੇ ਨੌਜਵਾਨ ਮਿਲ ਜਾਣ ਤਾਂ ਦੁਨੀਆ ਵਿਚ ਕ੍ਰਾਂਤੀ ਆ ਜਾਵੇਗੀ।

ਉਨ੍ਹਾਂ ਅਨੁਸਾਰ ਜੇ ਸਾਡਾ ਵਰਤਮਾਨ ਸਾਡੇ ਅਤੀਤ ਦੇ ਕਰਮਾਂ ਦਾ ਫਲ ਹੈ ਤਾਂ ਇਸ ਦਾ ਮਤਲਬ ਇਹ ਹੋਇਆ ਕਿ ਸਾਡੇ ਅੱਜ ਦੇ ਕਰਮ ਹੀ ਸਾਡੇ ਭਵਿੱਖ ਦੇ ਨਿਰਮਾਤਾ ਹਨ। ਇਸ ਲਈ ਕਰਮ ਕਰਨ ਦੀ ਸਹੀ ਜਾਚ ਹੀ ਉੱਤਮ ਫਲ ਪ੍ਰਦਾਨ ਕਰਦੀ ਹੈ। ਭਾਵੇਂ ਤਾਰੇ ਆਕਾਸ਼ ਵਿਚੋਂ ਅਸਤ ਹੋ ਜਾਣ ਅਤੇ ਭਾਵੇਂ ਸਾਰਾ ਵਿਸ਼ਵ ਸਾਡੇ ਵਿਰੋਧ ਵਿਚ ਖੜ੍ਹਾ ਹੋ ਜਾਵੇ, ਪਰ ਹਮੇਸ਼ਾ ਡਟੇ ਰਹੋ ਅਤੇ ਸੰਘਰਸ਼ ਜਾਰੀ ਰੱਖੋ।

'ਸੰਘਰਸ਼' ਇਕ ਮਹਾਨ ਸ਼ਬਦ ਹੈ, ਜੋ ਸਾਡੇ ਜੀਵਨ ਦਾ ਮੂਲ ਤੱਤ ਹੈ। ਸਾਨੂੰ ਸਾਰਿਆਂ ਨੂੰ ਹੀ ਸੰਘਰਸ਼ ਵਿਚੋਂ ਲੰਘਣਾ ਪੈਂਦਾ ਹੈ। ਜੇ ਸਵਰਗ ਨੂੰ ਕੋਈ ਰਾਹ ਜਾਂਦਾ ਹੈ ਤਾਂ ਨਰਕ ਵਿਚੋਂ ਦੀ ਹੋ ਕੇ ਹੀ ਜਾਂਦਾ ਹੈ। ਸੱਚਾਈ, ਪਵਿੱਤਰਤਾ ਅਤੇ ਨਿਰਸੁਆਰਥਤਾ ਜਿਸ ਇਨਸਾਨ ਅੰਦਰ ਮੌਜੂਦ ਹੈ, ਬ੍ਰਹਿਮੰਡ ਦੀ ਕੋਈ ਸ਼ਕਤੀ ਉਸ ਨੂੰ ਰੋਕ ਨਹੀਂ ਸਕਦੀ। ਜੇ ਸਾਡੇ ਕਰਮ ਚੰਗੇ ਅਤੇ ਉੱਤਮ ਹਨ ਤਾਂ ਸਮਾਜ ਨੂੰ ਸਾਡਾ ਲੋਹਾ ਮੰਨਣਾ ਹੀ ਪਵੇਗਾ, ਭਾਵੇਂ ਸਦੀਆਂ ਬਾਅਦ ਹੀ ਮੰਨੇ। ਇਸ ਲਈ ਹਮੇਸ਼ਾ ਦ੍ਰਿੜਤਾ ਨਾਲ ਡਟੇ ਰਹੋ ਅਤੇ ਈਰਖਾ ਤੇ ਨਿਜੀ ਸੁਆਰਥ ਤੋਂ ਬਚ ਕੇ ਰਹੋ।

ਸਵਾਮੀ ਜੀ ਅਕਸਰ ਕਹਿੰਦੇ ਹੁੰਦੇ ਸਨ ਕਿ ਮਨੁੱਖਤਾ ਦੇ ਵਿਕਾਸ ਲਈ ਫਿਰਕਾਪ੍ਰਸਤੀ ਬਹੁਤ ਖਤਰਨਾਕ ਹੈ। ਉਹ ਆਪਣੇ ਭਾਸ਼ਣਾਂ ਵਿਚ ਨਾ ਸਿਰਫ ਹਿੰਦੂ ਧਰਮ ਸਗੋਂ ਹੋਰਨਾਂ ਧਰਮਾਂ ਦੇ ਪੈਗੰਬਰਾਂ ਅਤੇ ਉਨ੍ਹਾਂ ਦੀ ਵਿਚਾਰਧਾਰਾ ਦੀ ਵੀ ਪ੍ਰਸ਼ੰਸਾ ਕਰਦੇ ਸਨ। ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਆਧੁਨਿਕ ਭਾਰਤ ਦੇ ਨਿਰਮਾਤਾ' ਅਤੇ 'ਮਹਾਨ ਹੀਰੋ' ਦਾ ਦਰਜਾ ਦਿੱਤਾ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਨਮਸਕਾਰ ਕਰਦਿਆਂ ਅਤੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਕਰਦਿਆਂ ਕਿਹਾ ਸੀ ਕਿ ਪੰਜਾਬ ਸੂਰਬੀਰਾਂ ਦੀ ਉਹ ਧਰਤੀ ਹੈ, ਜਿਸ ਨੂੰ ਸਭ ਤੋਂ ਪਹਿਲਾਂ ਆਪਣੀ ਹਿੱਕ 'ਤੇ ਜ਼ਾਲਮਾਨਾ ਹਮਲਿਆਂ ਖਿਲਾਫ ਲੜਨਾ ਤੇ ਅੜਨਾ ਪਿਆ। ਇਹ ਉਹ ਧਰਤੀ ਹੈ, ਜਿਸ ਨੇ ਇੰਨੇ ਦੁੱਖ ਝੱਲਣ ਦੇ ਬਾਵਜੂਦ ਆਪਣੀ ਆਨ, ਬਾਨ ਤੇ ਸ਼ਾਨ ਨੂੰ ਗਵਾਇਆ ਨਹੀਂ। ਇੱਥੇ ਹੀ ਰਹਿਮ ਦਿਲ ਗੁਰੂ ਨਾਨਕ ਨੇ ਸਾਰੇ ਸੰਸਾਰ ਨੂੰ ਅਦਭੁੱਤ ਪਿਆਰ ਦਾ ਸੁਨੇਹਾ ਦਿੱਤਾ ਅਤੇ ਆਪਣੇ ਵਿਸ਼ਾਲ ਹਿਰਦੇ ਨਾਲ ਸਾਰੇ ਜਗਤ ਨੂੰ ਗਲੇ ਨਾਲ ਲਾਇਆ; ਸਿਰਫ ਹਿੰਦੂਆਂ ਨੂੰ ਹੀ ਨਹੀਂ, ਮੁਸਲਮਾਨਾਂ ਨੂੰ ਵੀ।

ਇਸੇ ਧਰਤੀ ਉੱਤੇ ਗੁਰੂ ਗੋਬਿੰਦ ਸਿੰਘ ਨੇ ਆਪਣਾ, ਆਪਣੇ ਸਭ ਤੋਂ ਪਿਆਰਿਆਂ ਅਤੇ ਨੇੜਲਿਆਂ ਦਾ ਖੂਨ ਵਹਾਏ ਜਾਣ ਮਗਰੋਂ ਤੇ ਜਿਨ੍ਹਾਂ ਲਈ ਖੂਨ ਵਹਾਇਆ ਸੀ, ਜਦੋਂ ਉਹ ਵੀ ਸਾਥ ਛੱਡ ਗਏ ਤਾਂ ਉਹ ਬਿਨਾ ਕਿਸੇ ਗਿਲੇ ਸ਼ਿਕਵੇ ਦੇ, ਬਿਨਾ ਕਿਸੇ ਖਿਲਾਫ ਇਕ ਵੀ ਸ਼ਬਦ ਉਚਾਰੇ, ਦੱਖਣ ਵੱਲ ਨੂੰ ਚਲੇ ਗਏ। ਗੁਰੂ ਜੀ ਨੇ ਹਾਰੀ ਅਤੇ ਦੁਰਕਾਰੀ ਹੋਈ ਭਾਰਤੀ ਲੋਕਾਈ ਵਿਚ ਅਣਖ ਤੇ ਸਵੈਮਾਣ ਨਾਲ ਜਿਊਣ ਦੀ ਨਵੀਂ ਰੂਹ ਫੂਕੀ। ਇਸ ਲਈ ਭਾਰਤ ਦੇ ਗੌਰਵ ਅਤੇ ਮਹਿਮਾ ਨੂੰ ਮੁੜ ਸੁਰਜੀਤ ਕਰਨ ਲਈ ਹਰੇਕ ਇਨਸਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਸੱਚਾ ਸ਼ਰਧਾਲੂ ਬਣਨਾ ਚਾਹੀਦਾ ਹੈ।

# ਅਨੋਖੀ ਸਾਂਝ-ਭਿਆਲੀ

ਅਕਸਰ ਕੁਦਰਤ ਦੇ ਰਹੱਸਮਈ ਅਤੇ ਅਨੋਖੇ ਵਰਤਾਰਿਆਂ ਦਾ ਜ਼ਿਕਰ ਸੰਕੇਤਕ ਰੂਪ ਵਿਚ ਧਰਮ ਗ੍ਰੰਥਾਂ ਵਿਚ ਵੀ ਮਿਲਦਾ ਹੈ, ਜਿਸ ਨੂੰ ਸਮਝਣ ਲਈ ਮਨੁੱਖ ਹਮੇਸ਼ਾ ਹੀ ਤਤਪਰ ਰਿਹਾ ਹੈ। ਤੇਜੀ ਨਾਲ ਹੋਏ ਵਿਗਿਆਨਕ ਵਿਕਾਸ ਸਦਕਾ ਅਸੀਂ ਕੁਦਰਤ ਦੇ ਇਸ ਰਹੱਸ ਲਈ ਸੰਸਾਰ ਅੰਦਰ ਝਾਤੀ ਮਾਰ ਬਹੁਤ ਕੁਝ ਸਮਝਣ ਵਿਚ ਸਫਲ ਹੋਏ ਹਾਂ। ਧਰਤੀ ਉਪਰ



ਹਰਜੀਤ ਦਿਓਲ, ਬਰੈਂਪਟਨ
ਫੋਨ: 905-676-9242

ਪਲਰਿਆ ਜੀਵਨ ਇੱਕ ਐਸੇ ਈਕੋ ਸਿਸਟਮ ਵਿਚ ਬੱਝਾ ਹੈ, ਜਿਸ ਦਾ ਅਧਿਐਨ ਕਰ ਵਿਗਿਆਨੀ ਲਗਾਤਾਰ ਗਿਆਨ ਦੀ ਦੁਨੀਆਂ 'ਚ ਨਵੇਂ ਤੋਂ ਨਵੇਂ ਕੀਰਤੀਮਾਨ ਸਥਾਪਤ ਕਰ ਰਹੇ ਹਨ। ਸਾਡੇ ਆਲੇ-ਦੁਆਲੇ ਅਤੀ ਸੂਖਮ ਜੀਵਾਂ ਦਾ ਬੜਾ ਅਨੋਖਾ ਅਤੇ ਦਿਲਚਸਪ ਵਪਾਰ ਚਲਦਾ



ਰਹਿੰਦਾ ਹੈ, ਇਹ ਸਭ ਅਣਗੌਲਿਆ ਹੀ ਰਹਿ ਜਾਂਦਾ ਹੈ, ਜਦ ਤੱਕ ਸਿਰੜੀ ਵਿਗਿਆਨੀ ਆਪਣੀ ਡੂੰਘੀ ਘੋਖ ਪੜਤਾਲ ਨਾਲ ਇਸ ਦਾ ਖੁਲਾਸਾ ਸਾਡੇ ਸਾਹਮਣੇ ਨਹੀਂ ਕਰਦੇ।

ਇਨ੍ਹਾਂ ਅਣਗਿਣਤ ਵਰਤਾਰਿਆਂ ਵਿਚੋਂ ਇੱਕ ਹੈ ਕੀੜੀਆਂ ਅਤੇ ਬਿਰਛ ਬੂਟਿਆਂ ਦੀ ਅਨੋਖੀ ਸਾਂਝ-ਭਿਆਲੀ। ਸ਼ਾਇਦ ਹੀ ਅਸੀਂ ਕਦੇ ਨੀਝ ਲਾ ਕੇ ਕੀੜੀਆਂ ਦੀ ਅਸਚਰਜਨਕ ਜੀਵਨ ਪ੍ਰਣਾਲੀ ਵੱਲ ਦੇਖਿਆ ਹੋਵੇ, ਪਰ ਇਨ੍ਹਾਂ ਦਾ ਕਾਰ-ਵਿਹਾਰ ਮਨੁੱਖਾਂ ਨਾਲੋਂ ਘੱਟ ਸਮਾਜਕ ਨਹੀਂ। ਧਰਤੀ ਉਪਰ ਕਰੀਬ 12,000 ਪ੍ਰਜਾਤੀ ਦੀਆਂ ਕੀੜੀਆਂ ਪਾਈਆਂ ਗਈਆਂ ਹਨ। ਇੱਕ ਕੀੜੀ ਆਪਣੇ ਵਜਨ ਨਾਲੋਂ 20 ਗੁਣਾ ਵਜਨ ਚੁੱਕ ਸਕਦੀ ਹੈ, ਜਿਵੇਂ ਕਿ ਇੱਕ 200 ਪੌਂਡ ਵਜਨ ਵਾਲਾ ਮਨੁੱਖ ਇੱਕ ਛੋਟੀ ਕਾਰ ਸਿਰ ਉਪਰ ਚੁੱਕ ਲਵੇ। ਕੀੜੀਆਂ ਦਾ ਸਮਾਜ ਸਖਤ ਅਨੁਸ਼ਾਸਨ ਅਤੇ ਵਿਵਸਥਾ ਅਧੀਨ ਕੰਮ ਕਰਦਾ ਹੈ। ਸ਼ਕਤੀਸ਼ਾਲੀ ਕੈਮਰਿਆਂ ਰਾਹੀਂ ਕੀਤੀਆਂ ਖੋਜਾਂ ਦੱਸਦੀਆਂ ਹਨ ਕਿ ਬਿਰਛ ਬੂਟਿਆਂ 'ਤੇ ਬਸੇਰਾ ਕਰਨ ਵਾਲੀਆਂ ਕੀੜੀਆਂ ਦਾ ਆਪਣੇ ਸ਼ਰਣਦਾਤਾ ਬਿਰਖਾਂ ਨਾਲ ਬੜਾ ਅਦਭੁਤ ਨਾਤਾ ਹੁੰਦਾ ਹੈ।

ਕੋਸਟਾ ਰੀਕਾ ਵਿਖੇ ਇੱਕ ਤਰ੍ਹਾਂ ਦੀਆਂ ਕੀੜੀਆਂ ਆਪਣੀ ਰਿਹਾਇਸ਼ ਬਣੇ ਬਿਰਖ 'ਤੇ ਚੜ੍ਹਦੀ ਕਿਸੇ ਵੀ ਤਰ੍ਹਾਂ ਦੀ ਵੇਲ ਨੂੰ ਕੁਤਰ ਦਿੰਦੀਆਂ ਹਨ ਤਾਂ ਜੋ ਇਹ ਵੇਲ ਉਸ ਨੂੰ ਢਕ ਉਸ ਨੂੰ ਨੁਕਸਾਨ ਨਾ ਪਹੁੰਚਾ ਸਕੇ। ਅਫਰੀਕਾ 'ਚ ਇੱਕ ਪ੍ਰਜਾਤੀ ਦੀਆਂ ਕੀੜੀਆਂ ਆਪਣੇ ਰਿਹਾਇਸ਼ੀ ਦਰੱਖਤ ਦੇ ਪੱਤਿਆਂ ਉੱਤੇ ਦਿੱਤੇ ਤਿਤਲੀ ਦੇ ਆਂਡਿਆਂ ਨੂੰ ਖਤਮ ਕਰ ਦਿੰਦੀਆਂ ਹਨ, ਕਿਉਂਕਿ ਇਨ੍ਹਾਂ ਆਂਡਿਆਂ ਵਿਚੋਂ ਨਿਕਲੇ ਲਾਰਵਾ ਪੱਤਿਆਂ ਨੂੰ ਚਟਮ ਕਰ ਜਾਂਦੇ ਹਨ। ਇਸੇ ਤਰਜ਼ 'ਤੇ ਇਹ ਹਰ ਪੱਤੇ ਖਾਣ ਵਾਲੇ ਕੀਟਾਂ ਦਾ ਵੀ ਸਫਾਇਆ ਕਰਦੀਆਂ ਰਹਿੰਦੀਆਂ ਹਨ।

ਹੋਰ ਤਾਂ ਹੋਰ ਕੁਝ ਪ੍ਰਜਾਤੀਆਂ ਆਪਣੇ ਆਸ਼ਿਆਨੇ ਦੇ ਕੱਦ ਕਾਠ ਦੀ ਸਲਾਮਤੀ ਲਈ ਉਸ ਦੇ ਫੁੱਲਾਂ ਨੂੰ ਨਾਕਾਰਾ ਕਰ ਦਿੰਦੀਆਂ ਹਨ ਤਾਂ ਜੋ ਉਨ੍ਹਾਂ ਦੀ ਪ੍ਰਜਨਨ ਸ਼ਕਤੀ ਦਾ ਇਸਤੇਮਾਲ ਬਿਰਛ ਦੇ ਆਕਾਰ ਨੂੰ ਵਧਾਉਣ ਲਈ ਹੋ ਸਕੇ, ਪਰ ਦੂਜੀ ਪ੍ਰਜਾਤੀ ਦੀਆਂ ਕੀੜੀਆਂ ਆਪਣੇ ਭਾਈਵਾਲ ਪੇੜ ਦੇ ਫੁੱਲਾਂ ਦੀ ਰਾਖੀ ਕਰ ਉਸ ਦੀ ਵੰਸ਼ ਵੇਲ ਵਧਾਉਣ 'ਚ ਸਹਾਈ ਹੁੰਦੀਆਂ ਹਨ।

ਦਰਖਤ ਵੀ ਕੀੜੀਆਂ ਦੀ ਇਹ ਸੇਵਾ ਮੁਫਤ ਨਹੀਂ ਲੈਂਦੇ, ਸਗੋਂ ਬਦਲੇ ਵਿਚ ਉਨ੍ਹਾਂ ਨੂੰ ਸੁਆਦਿਸ਼ਟ ਭੋਜਨ ਉਪਲਬਧ ਕਰਾਉਂਦੇ ਹਨ। ਕੁਝ ਬਿਰਛਾਂ ਦੀਆਂ ਟਹਿਣੀਆਂ 'ਤੇ ਗਾਜਰ ਵਰਗੇ ਛੋਟੇ ਛੋਟੇ ਮੁੰਗਰੇ ਜਿਹੇ ਲੱਗਦੇ ਹਨ, ਜੋ ਕੀੜੀਆਂ ਸ਼ੌਕ ਨਾਲ ਖਾਂਦੀਆਂ ਹਨ। ਕੁਝ ਦਰੱਖਤ ਗਾੜ੍ਹੇ ਤਰਲ ਪਦਾਰਥ ਦੀਆਂ ਬੂੰਦਾਂ ਛੱਡਦੇ ਹਨ, ਜੋ ਇਨ੍ਹਾਂ ਜੀਵਾਂ ਦਾ ਭੋਜਨ ਬਣਦਾ ਹੈ। ਇਹ ਹੈ ਇੱਕ ਛੋਟਾ ਜਿਹਾ ਵੇਰਵਾ, ਜੋ ਸਾਨੂੰ ਕੁਦਰਤੀ ਜੀਵਾਂ ਦੀ ਸਾਂਝ-ਭਿਆਲੀ ਦਾ ਅਦਭੁਤ ਨਜ਼ਾਰਾ ਪੇਸ਼ ਕਰ ਇਸ ਦੀ ਵਿਸ਼ਾਲਤਾ ਦੇ ਦਰਸ਼ਨ ਕਰਾਉਂਦਾ ਹੈ।

# ਪਰਮਵੀਰ ਬਾਠ ਦਾ ਖੇਡ ਤਬਸਰਾ

(ਪਿਛਲੇ ਸਫੇ ਦੀ ਬਾਕੀ)

ਸਾਲਾਂ 'ਚ ਕਿਸੇ ਵੱਲੋਂ ਵੀ ਬਾਂਹ ਨਾ ਫੜੇ ਜਾਣ ਕਾਰਨ ਫੁੱਟ ਰਹੇ ਪੁੰਗਾਰਿਆਂ ਨੂੰ ਮਧੋਲ ਦਿੱਤਾ ਜਾਂਦਾ ਹੈ। ਖੇਡ ਖੇਤਰ ਵਿਚ ਸਿਖਲਾਈ ਤੇ ਜੋਰ ਅਜ਼ਮਾਈ ਕਰਨ ਦੀ ਇਕ ਵਿਸ਼ੇਸ਼ ਉਮਰ ਹੁੰਦੀ ਹੈ, ਪਰ ਭਾਰਤੀ ਖਿਡਾਰੀਆਂ ਨੂੰ ਉਸ ਉਮਰ ਤੋਂ ਅਗਾਂਹ ਜਾ ਕੇ ਹੀ ਖੇਡ ਦੀਆਂ ਬਾਰੀਕੀਆਂ ਦਾ ਗਿਆਨ ਹੁੰਦਾ ਹੈ। ਫਿਰ ਉਹ ਦੋ-ਚਾਰ ਸਾਲਾਂ 'ਚ ਵਿਤੋਂ ਬਾਹਲਾ ਜੋਰ ਲਾ ਕੇ ਹੰਭ ਹਾਰ ਕੇ ਬੈਠ ਜਾਂਦੇ ਹਨ। ਮਿਲਖਾ ਸਿੰਘ ਵਰਗਿਆਂ ਨੇ ਦੌੜ ਦੀ ਸਿਖਲਾਈ ਉਦੋਂ ਸ਼ੁਰੂ ਕੀਤੀ ਸੀ, ਜਦੋਂ ਉਨ੍ਹਾਂ ਦੇ ਹਮਉਮਰ ਵਿਦੇਸ਼ੀ ਖਿਡਾਰੀ ਓਲੰਪਿਕ ਮੈਡਲ ਜਿੱਤਣ ਲੱਗ ਪਏ ਸਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਅੱਜ ਇਨ੍ਹਾਂ ਕਾਰਨਾਂ ਦਾ ਪਤਾ ਹੋਣ ਦੇ ਬਾਵਜੂਦ ਅਸੀਂ ਕਿਸੇ ਠੋਸ ਨੀਤੀ ਦਾ ਨਿਰਮਾਣ ਨਹੀਂ ਕਰ ਸਕੇ, ਜਿਸ ਤਹਿਤ ਖਿਡਾਰੀਆਂ ਨੂੰ ਛੋਟੀ ਉਮਰ ਤੋਂ ਹੀ ਸੰਭਾਲ ਕੇ ਤਰਾਸ਼ਿਆ ਜਾ ਸਕੇ। ਖੇਡਾਂ ਅਤੇ ਵਿੱਦਿਆ ਭਾਰਤ ਵਿਚ ਦੋ ਅਜਿਹੇ ਖੇਤਰ ਹਨ, ਜਿਨ੍ਹਾਂ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ। ਬਿਨਾ ਅਧਿਐਨ ਕੀਤੇ ਆਧਾਰਹੀਣ ਯੋਜਨਾਵਾਂ ਇਨ੍ਹਾਂ ਦੋਹਾਂ ਖੇਤਰਾਂ 'ਤੇ ਲਾਗੂ ਕੀਤੇ ਜਾਣ ਕਰਕੇ ਦੋਹਾਂ ਖੇਤਰਾਂ ਦਾ ਭੱਠਾ ਬੈਠ ਗਿਆ।

ਸਰਕਾਰਾਂ ਬਦਲਣ ਸਮੇਂ ਕਿਸੇ ਨਵੀਂ ਖੇਡ ਨੀਤੀ ਦਾ ਐਲਾਨ ਢੋਲ ਢਮੱਕਿਆਂ ਨਾਲ ਕੀਤਾ ਜਾਂਦਾ ਹੈ, ਪਰ ਪੁਰਾਣੇ ਪ੍ਰਚਾਰ ਬੋਰਡ ਬਦਲਣ ਤੋਂ ਬਿਨਾ 'ਜੈਸੇ ਥੇ' ਵਾਲੀ ਸਥਿਤੀ ਬਰਕਰਾਰ ਰਹਿੰਦੀ ਹੈ। ਖੇਡ ਮੈਦਾਨਾਂ ਵਿਚ ਲੱਕ-ਲੱਕ ਉਗਿਆ ਘਾਹ ਭਾਰਤੀ ਖੇਡ ਪ੍ਰਤਿਭਾ ਨੂੰ ਡੀਕ ਲਾ ਕੇ ਪੀਂਦਾ ਰਹਿੰਦਾ ਹੈ। ਅਜੇ ਵੀ ਜੇ ਸਾਡੀਆਂ ਸਰਕਾਰਾਂ ਇਸ ਪਾਸੇ ਕੁਝ ਕਰਨ ਲਈ ਸੁਹਿਰਦ ਹਨ ਤਾਂ ਸਕੂਲ ਪੱਧਰ ਤੋਂ ਖਿਡਾਰੀਆਂ ਨੂੰ ਉਤਸ਼ਾਹ ਦੇਣ ਦੀ ਪ੍ਰਕ੍ਰਿਆ ਅਰੰਭ ਕਰਨੀ ਚਾਹੀਦੀ ਹੈ। ਇਕ ਚੰਗਾ ਕੋਚ ਸਕੂਲ ਵਿਚ ਉਪਲੱਬਧ ਹੋਵੇ ਤੇ ਕੋਚ ਦੀ ਤਰੱਕੀ, ਉਹਦੇ ਅਧੀਨ ਖਿਡਾਰੀਆਂ ਦੇ ਪ੍ਰਦਰਸ਼ਨ ਨੂੰ ਮੁੱਖ ਰੱਖ ਕੇ ਕੀਤੀ ਜਾਵੇ। ਵਧੀਆ ਨਤੀਜੇ ਦੇਣ ਵਾਲੇ ਕੋਚਾਂ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਵੇ। ਸਭ ਤੋਂ ਜ਼ਰੂਰੀ ਹੈ ਕਿ ਖੁਰਾਕ ਦੀ ਘਾਟ ਦੂਰ ਕਰਨ ਲਈ ਖਿਡਾਰੀਆਂ ਦੇ ਵਜ਼ੀਫਿਆਂ 'ਚ ਵਾਧਾ ਕੀਤਾ ਜਾਵੇ ਅਤੇ ਸਪੋਰਟਸ ਸਕੂਲਾਂ ਦੀ ਦਾਖਲਾ ਪ੍ਰਕ੍ਰਿਆ 'ਚ ਸਰਲੀਕਰਣ ਲਿਆਂਦਾ ਜਾਵੇ। ਜਦੋਂ ਖਿਡਾਰੀਆਂ ਦੀ ਆਪਣੇ ਕੋਚ ਤੇ ਖੁਰਾਕ ਸਬੰਧੀ ਚਿੰਤਾ ਖਤਮ ਹੋਵੇਗੀ ਤਾਂ ਉਨ੍ਹਾਂ ਦੇ ਦਿਮਾਗ 'ਚ ਆਪਣਾ ਖੇਡ ਪ੍ਰਦਰਸ਼ਨ ਸੁਧਾਰਨ ਦਾ ਨਿਸ਼ਾਨਾ ਹੀ ਬਾਕੀ ਰਹਿ ਜਾਵੇਗਾ। ਐਸੀ ਸਥਿਤੀ ਵਿਚ ਉਨ੍ਹਾਂ ਦਾ ਤਰੱਕੀ ਕਰਨਾ ਸ਼ਰਤੀਆ ਹੈ। ਖੇਡ ਮੈਦਾਨਾਂ ਦੀ ਉਚਿਤ ਸਾਂਭ-ਸੰਭਾਲ ਤੇ ਖੇਡ ਸਮਾਨ ਦੀ ਉਪਲਬਧੀ ਵੀ ਸਰਕਾਰਾਂ ਨੂੰ ਆਪਣੇ ਮੁਢਲੇ ਫਰਜ਼ਾਂ 'ਚ ਸ਼ਾਮਿਲ ਕਰਨੀ ਚਾਹੀਦੀ ਹੈ।

ਸਕੂਲ ਪੱਧਰ ਤੋਂ ਅਗਾਂਹ ਖਿਡਾਰੀਆਂ ਦੀ ਬਾਂਹ ਫੜਨੀ ਵੀ ਸਰਕਾਰਾਂ ਦਾ ਜ਼ਿੰਮਾ ਹੈ। ਅਕਸਰ ਵੇਖਣ 'ਚ ਆਉਂਦਾ ਹੈ ਕਿ ਸਕੂਲੀ ਪੱਧਰ 'ਤੇ ਵੱਡੀਆਂ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਅੱਗੇ ਕੋਈ ਰਾਹਦਸੇਰਾ ਨਾ ਮਿਲਣ ਕਰਕੇ ਦਿਸ਼ਾਹੀਣ ਹੋ ਖੇਡਾਂ ਵੱਲੋਂ ਮੂੰਹ ਮੋੜਨਾ ਪੈਂਦਾ ਹੈ। ਸਕੂਲ ਪੱਧਰ ਤੋਂ ਅੱਗੇ ਇਹ ਨਿਸ਼ਚਿਤ ਬਣਾਇਆ ਜਾਵੇ ਕਿ ਕਿਸੇ ਤਰ੍ਹਾਂ ਦਾ ਆਰਥਕ ਭਾਰ ਖਿਡਾਰੀਆਂ ਦੇ ਮੋਢਿਆਂ 'ਤੇ ਨਹੀਂ ਪਵੇਗਾ। ਨੌਕਰੀ ਦੀ ਚਿੰਤਾ ਖਿਡਾਰੀਆਂ ਦੀ ਥਾਂ ਸਰਕਾਰ ਕਰੇਗੀ। ਖਿਡਾਰੀ ਦੂਰ-ਦਰਾਜ ਦੇ ਖੇਡ ਮੁਕਾਬਲਿਆਂ 'ਚ ਕਿਰਾਏ ਦੇ ਦੁੱਖੋਂ ਖੇਡਣ ਜਾਣ ਤੋਂ ਰਹਿ ਨਾ ਜਾਵੇ, ਸੱਟ-ਫੇਟ ਦੀ ਹਾਲਤ ਵਿਚ ਅਪਾਹਜ ਨਾ ਹੋ ਜਾਵੇ, ਅਜਿਹੀਆਂ ਚਿੰਤਾਵਾਂ ਤੋਂ ਮੁਕਤ ਕਰ ਕੇ ਹੀ ਅਸੀਂ ਆਪਣੇ ਖਿਡਾਰੀਆਂ ਨੂੰ ਵਿਸ਼ਵ ਪੱਧਰ ਉਤੇ ਵਧੀਆ ਨਤੀਜੇ ਲਿਆਉਂਦੇ ਵੇਖ ਸਕਦੇ ਹਾਂ। ਅਵਾਮ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਖੇਡ ਖੇਤਰ ਦੀ ਅਣਦੇਖੀ ਕਰ ਰਹੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਦਾ ਅਹਿਸਾਸ ਕਰਵਾਈਏ। ਸਰਕਾਰਾਂ ਵੱਲੋਂ ਖੇਡਾਂ ਵਾਸਤੇ ਵਿਸ਼ਵ ਸੰਗਠਨਾਂ ਤੋਂ ਲਏ ਜਾਂਦੇ ਕਰਜ਼ੇ ਦਾ ਭਾਰ ਅੰਤ ਲੋਕਾਂ ਉੱਤੇ ਹੀ ਪੈਂਦਾ ਹੈ। ਇਨ੍ਹਾਂ ਕਰਜ਼ਿਆਂ ਦੀ ਵਾਪਸੀ ਸਾਡੀਆਂ ਜੇਬਾਂ ਵਿਚੋਂ ਹੀ ਹੁੰਦੀ ਹੈ। ਫਿਰ ਕਿਉਂ ਨਾ ਅਸੀਂ ਖੇਡ ਖੇਤਰ ਲਈ ਰਾਖਵੇਂ ਰੱਖੇ ਧਨ ਦਾ ਪੂਰਾ-ਪੂਰਾ ਹਿਸਾਬ ਲਈਏ? ਓਪੋ-ਆਪਣੇ ਹਲਕੇ ਤੋਂ ਨੇਤਾਵਾਂ ਨੂੰ ਇਸ ਗੱਲ ਲਈ ਮਜਬੂਰ ਕਰੀਏ ਕਿ ਉਹ ਖਿਡਾਰੀਆਂ ਨੂੰ ਹੇਠਲੀ ਪੱਧਰ 'ਤੇ ਉਤਸ਼ਾਹ ਦੇਣ ਦੇ ਉਪਰਾਲੇ ਕਰਨ ਬਿਨਾ ਵੋਟਾਂ ਮੰਗਣ ਨਾ ਆਉਣ।

ਜੇ ਭਾਰਤ ਦੇ ਲੋਕ ਹੇਠਲੀ ਪੱਧਰ 'ਤੇ ਖਿਡਾਰੀਆਂ ਨੂੰ ਉਤਸ਼ਾਹ ਦਿਵਾਉਣ 'ਚ ਕਾਮਯਾਬ ਹੋ ਜਾਂਦੇ ਹਨ ਤਾਂ ਇਸ ਦਾ ਸਿੱਧਾ ਅਰਥ ਇਹ ਹੋਵੇਗਾ ਕਿ ਉਹ ਇਕ ਮਜ਼ਬੂਤ ਦੇਸ਼, ਮਜ਼ਬੂਤ ਸਮਾਜਕ ਤਾਣੇ-ਬਾਣੇ ਦਾ ਨਿਰਮਾਣ ਕਰ ਰਹੇ ਹੋਣਗੇ। ਖਿਡਾਰੀਆਂ ਦੀ ਪਨੀਰੀ ਪੱਧਰ 'ਤੇ ਇਕ ਤਕੜੀ ਫੌਜ ਤਿਆਰ ਹੋਣ ਨਾਲ ਅਜਿਹਾ ਮਾਹੌਲ ਉਸਰੇਗਾ, ਜਿਸ ਵਿਚ ਸਰੀਰਕ ਫਿਟਨੈਸ ਨੂੰ ਮੁੱਖ ਰੱਖ ਕੇ ਆਮ ਜਨਤਾ ਵੀ ਇਸ ਪੱਖ ਵੱਲ ਗੰਭੀਰਤਾ ਨਾਲ ਰੁਚਿਤ ਹੋਵੇਗੀ। ਫਿਰ ਸਰੀਰਕ ਤੌਰ 'ਤੇ ਤਾਕਤਵਰ ਲੋਕਾਂ ਦਾ ਦੇਸ਼ ਹਰ ਖੇਤਰ 'ਚ ਬੁਲੰਦੀਆਂ ਹਾਸਲ ਕਰਨ ਵੱਲ ਵਧਣਾ ਅਰੰਭ ਕਰ ਦੇਵੇਗਾ। ਸਿਆਣੇ ਸੱਚ ਕਹਿੰਦੇ ਹਨ ਕਿ ਖੇਡਾਂ ਵਿਚ ਫਿੱਟ ਲੋਕ ਸਭਨਾਂ ਕੰਮਾਂ ਲਈ ਫਿੱਟ ਹੁੰਦੇ ਹਨ। ਜਿਹੜਾ ਦੇਸ਼ ਖੇਡਾਂ ਵਿਚ ਜਿੱਤਦਾ ਹੈ, ਉਹ ਫਿਰ ਕਿਸੇ ਵੀ ਖੇਤਰ ਵਿਚ ਨਹੀਂ ਹਾਰਦਾ।

# ਪੰਜਵੇਂ ਪੜਾਅ ਦੇ ਨਕਸ਼ਾਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਦੀ ਪੰਜਾਬੀ ਕਹਾਣੀ

ਸਾਲ 2020 ਦੀ ਪੰਜਾਬੀ ਕਹਾਣੀ ਬਾਰੇ ਸੋਚਦਿਆਂ ਜਿਹੜਾ ਨੁਕਤਾ ਸਭ ਤੋਂ ਵੱਧ ਧਿਆਨ ਖਿਚਦਾ ਹੈ, ਉਸ ਦਾ ਸਬੰਧ ਪੰਜਾਬੀ ਕਹਾਣੀ ਵਿਚ ਵਾਪਰੇ ਅਜਿਹੇ ਗੁਣਾਂਤਮਕ ਰੂਪਾਂਤਰਨ ਨਾਲ ਹੈ, ਜੋ ਪੰਜਵੇਂ ਪੜਾਅ ਦੀ ਸਪੱਸ਼ਟ ਨਿਸ਼ਾਨਦੇਹੀ ਕਰਨ ਵਾਲਾ ਹੈ। ਉਸ ਨੁਕਤੇ ਬਾਰੇ ਹੋਰ ਚਰਚਾ ਕਰਨ ਤੋਂ ਪਹਿਲਾਂ ਦੋ ਅਹਿਮ ਗੱਲਾਂ ਸਪੱਸ਼ਟ ਕਰ ਦੇਣੀਆਂ ਲਾਜ਼ਮੀ ਹਨ। ਪਹਿਲੀ ਤਾਂ ਇਹ ਕਿ ਨਵੇਂ ਪੜਾਅ ਦਾ ਇਹ ਅਰਥ ਹਰਗਿਜ਼ ਨਹੀਂ ਹੁੰਦਾ ਕਿ ਇਸ ਦੀ ਪ੍ਰਤੀਨਿਧਤਾ ਕਰਨ ਵਾਲੀ ਨਵੀਂ ਪੰਜਾਬੀ ਕਹਾਣੀ ਪਹਿਲੇ ਪੜਾਵਾਂ ਦੀ ਕਹਾਣੀ ਨਾਲੋਂ ਕਲਾਤਮਕ ਤੌਰ 'ਤੇ ਲਾਜ਼ਮੀ ਹੀ ਬਿਹਤਰ ਹੋਵੇਗੀ, ਹਾਂ ਵੱਖਰੀ ਜਾਂ ਵਿਲੱਖਣ ਸੁਭਾਅ ਵਾਲੀ ਜ਼ਰੂਰ ਹੋਵੇਗੀ। ਦੂਜੇ ਸ਼ਬਦਾਂ ਵਿਚ ਇਹ ਨਵੀਂ ਕਹਾਣੀ ਆਪਣੇ ਸਮਕਾਲੀ ਵਸਤੂ-ਯਥਾਰਥ ਦੀ ਪਛਾਣ ਕਰ ਸਕਣ ਅਤੇ ਉਸ ਦੀ ਪੇਸ਼ਕਾਰੀ ਕਰਨ ਵਿਚ ਵਧੇਰੇ



**ਡਾ. ਬਲਦੇਵ ਸਿੰਘ ਧਾਲੀਵਾਲ**

ਸਮਰੱਥਾਵਾਨ ਹੋਵੇਗੀ। ਦੂਜੀ ਗੱਲ ਇਹ ਕਿ ਸਿਰਫ ਇੱਕ ਸਾਲ ਦੀ ਕਹਾਣੀ-ਸਮੱਗਰੀ ਨਾਲ ਪੰਜਵੇਂ ਪੜਾਅ ਦੇ ਸਾਰੇ ਨਕਸ਼ੋ-ਨਿਗਾਰ ਸਮੱਗਰਤਾ ਵਿਚ ਉਜਾਗਰ ਕਰ ਸਕਣੇ ਸੰਭਵ ਨਹੀਂ, ਇਸ ਲਈ ਇਸ਼ਾਰੇ-ਮਾਤਰ ਗੱਲ ਹੀ ਸੰਭਵ ਹੋ ਸਕੇਗੀ।

ਨਵੇਂ ਨੇ ਹਮੇਸ਼ਾ ਪੁਰਾਣੇ ਦੀ ਕੁੱਖ ਵਿਚੋਂ ਹੀ ਪੈਦਾ ਹੋਣਾ ਹੁੰਦਾ ਹੈ, ਇਸ ਲਈ ਪੰਜ-ਛੇ ਸਾਲ ਪਹਿਲਾਂ ਚੌਥੇ ਪੜਾਅ ਦੀ ਕਹਾਣੀ ਵਿਚੋਂ ਹੀ ਅਜਿਹੇ ਗੁਣਾਂ-ਲੱਛਣਾਂ ਦੀ ਆਹਟ ਸੁਣਾਈ ਦੇਣ ਲੱਗ ਪਈ ਸੀ। ਇਸੇ ਕਰਕੇ ਅਜਿਹੀਆਂ ਕੁਝ




ਕਹਾਣੀਆਂ ਦੇ ਸੰਗ੍ਰਹਿ ਦਾ ਨਾਂ ਵੀ ਮੈਂ ਸੋਚ-ਸਮਝ ਕੇ 'ਆਹਟ' ਹੀ ਰੱਖਿਆ ਸੀ। ਚੌਥੇ ਪੜਾਅ ਦੇ ਕੁਝ ਵਧੇਰੇ ਸੁਜੱਗ ਕਹਾਣੀਕਾਰ ਵਸਤੂ-ਚੋਣ ਵਜੋਂ ਉਸ 'ਨਿਊ ਨਾਰਮਲ' ਦੀ ਪਛਾਣ ਕਰਨ ਲੱਗ ਪਏ ਸਨ, ਜਿਸ ਨੇ ਪੰਜਵੇਂ ਪੜਾਅ ਦੀ ਬੁਨਿਆਦ ਬਣਨਾ ਸੀ। ਮਿਸਾਲ ਵਜੋਂ ਨਵ-ਨਾਰੀਵਾਦ ਦੇ ਪ੍ਰਸੰਗ ਵਿਚ ਵੇਖਣਾ ਹੋਵੇ ਤਾਂ 2017 ਵਿਚ ਛਪੀ ਹਰਪ੍ਰੀਤ ਸੇਖਾ ਦੀ ਕਹਾਣੀ 'ਹਾਊਸ ਵਾਈਫ' ਨੂੰ ਪੜ੍ਹਿਆ, ਵਾਚਿਆ ਜਾ ਸਕਦਾ ਹੈ, ਜਿਸ ਵਿਚ ਪਰਵਾਸ ਦੀਆਂ ਪ੍ਰਸਥਿਤੀਆਂ ਦੇ ਦਬਾਅ ਅਧੀਨ ਮਰਦ ਆਪਣੀ ਨਵੀਂ ਨਾਰੀਮੁਖੀ ਭੂਮਿਕਾ ਨਾਲ ਇਕਸੁਰ ਹੋਣ ਦੀ ਜੱਦੋ-ਜਹਿਦ ਕਰ ਰਿਹਾ ਨਜ਼ਰ ਆਉਂਦਾ ਹੈ। ਇਸੇ ਤਰ੍ਹਾਂ ਕਿਸਾਨੀ ਦੇ ਹਵਾਲੇ ਨਾਲ ਗੱਲ ਸਮਝਣੀ ਹੋਵੇ ਤਾਂ ਬਲਵਿੰਦਰ ਸਿੰਘ ਗਰੇਵਾਲ ਦੀ ਕਹਾਣੀ 'ਡਬੋਲੀਆ' ਦਾ ਕਿਸਾਨੀ-ਅਵਚੇਤਨ ਵਾਲਾ ਨੌਜਵਾਨ ਪਾਤਰ ਨਹਿਰ 'ਚੋਂ ਲਾਸ਼ਾਂ ਲੱਭਣ ਵਾਲਾ ਗੋਤਾਖੋਰ ਬਣ ਕੇ ਨਵੀਂ ਜੀਵਨ-ਜਾਚ ਦਾ ਹੱਥ ਫੜੀ ਰੱਖਣ ਲਈ ਹੰਭਲੇ ਮਾਰ ਰਿਹਾ ਦਿਸਦਾ ਹੈ।

ਵਿਸ਼ਵੀਕਰਨ ਦੇ ਮੂੰਹ-ਜ਼ੋਰ ਵਰਤਾਰੇ ਸਾਹਵੇਂ ਚੌਥੇ ਪੜਾਅ ਦੇ ਅਜਿਹੇ ਸੁਜੱਗ ਕਹਾਣੀਕਾਰ ਇਹ ਸੁਨੇਹਾ ਦਿੰਦੇ ਜਾਪਦੇ ਸਨ ਕਿ ਪੰਜਾਬੀਓ ਜੇ ਨਵ-ਬਸਤੀਵਾਦ ਜਾਂ ਵਿਸ਼ਵੀਕਰਨ ਦਾ ਪ੍ਰਤੀਉੱਤਰ ਪੈਦਾ ਕਰਨ ਦੀ ਥਾਂ ਉਸ ਦੇ 'ਰਉਂ-ਰੁਖ' ਹੀ ਚੱਲਣਾ ਹੈ ਤਾਂ ਇਸ 'ਨਿਊ ਨਾਰਮਲ' ਨੂੰ ਵੀ ਝੇਲਣਾ ਪਵੇਗਾ। ਜੇ ਇਹ ਨਹੀਂ ਝੇਲਣਾ ਤਾਂ ਇਸ 'ਨਿਊ ਨਾਰਮਲ' ਨੂੰ ਪਛਾਣ ਕੇ ਕਿਸੇ ਚੰਗੇ ਬਦਲ ਦੀ ਤਲਾਸ਼ ਕਰਨੀ ਪਵੇਗੀ, ਤਾਂ ਹੀ ਜ਼ਿੰਦਗੀ ਗੌਰਵਮਈ ਬਣ ਸਕੇਗੀ।

ਪਰਿਵਰਤਨ ਦਾ ਇਹ ਜਾਣਿਆ-ਪਛਾਣਿਆ ਸਿਧਾਂਤ ਹੈ ਕਿ ਜਦੋਂ ਪ੍ਰਸਥਿਤੀਆਂ ਬਦਲਣ ਲਗਦੀਆਂ ਹਨ ਤਾਂ ਗਿਣਾਂਤਮਕ (ਕੁਆਂਟੀਟੇਟਿਵ) ਵਖਰੇਵੇਂ ਨਜ਼ਰ ਆਉਣ ਲੱਗ ਜਾਂਦੇ ਹਨ। ਫਿਰ ਇਕ ਸਿਖਰ 'ਤੇ ਪਹੁੰਚ ਕੇ ਉਹ ਵਖਰੇਵੇਂ, ਪਾਣੀ ਦੇ ਭਾਫ ਬਣਨ ਵਾਂਗ, ਗੁਣਾਂਤਮਕ (ਕੁਆਲੀਟੇਟਿਵ) ਤਬਦੀਲੀ ਦੇ ਵਾਹਕ ਬਣ ਜਾਂਦੇ ਹਨ ਤਾਂ ਯੁਗ-ਪਰਿਵਰਤਨ ਦੀ ਬੁਨਿਆਦ ਬਣ ਜਾਂਦੇ ਹਨ। ਯੁਗ-ਪਰਿਵਰਤਨ ਨਾਲ ਨਵਾਂ ਯੁਗ-ਚਿੰਤਨ ਉਭਰਦਾ ਹੈ, ਜਿਸ ਨਾਲ ਮਨੁੱਖ ਅਤੇ ਸਮਾਜ ਦੀ ਵਿਸ਼ਵ-ਦ੍ਰਿਸ਼ਟੀ ਬਦਲ ਜਾਂਦੀ ਹੈ। ਮਿਸਾਲ ਵਜੋਂ ਪਿਛਲੇ ਕੁਝ ਸਾਲਾਂ ਤੋਂ ਵਿਸ਼ਵੀਕਰਨ ਦੇ ਅੰਤ ਦੀ ਚਰਚਾ ਹੋਣ ਲੱਗੀ ਹੈ। ਪ੍ਰਸਿੱਧ ਚਿੰਤਕ ਡਾ. ਭੁਪਿੰਦਰ ਬਰਾੜ ਦਾ ਆਪਣੇ ਲੇਖ 'ਵਰਤਮਾਨ ਸਮਾਂ ਅਤੇ ਬੁੱਧੀਜੀਵੀ ਦੀ ਭੂਮਿਕਾ' (ਹੁਣ, ਜਨਵਰੀ-ਅਪਰੈਲ 2020) ਵਿਚ ਇਹ ਕਹਿਣਾ ਹੈ ਕਿ ਇਹ ਦੌਰ ਗਲੋਬਲਾਈਜੇਸ਼ਨ ਦਾ ਨਹੀਂ। ਇਹਨੂੰ ਕਿਹਾ ਜਾਂਦੈ ਡੀ-ਗਲੋਬਲਾਈਜੇਸ਼ਨ। ਅਮਰੀਕਾ ਅਤੇ ਹੋਰ ਕਈ ਮੁਲਕਾਂ ਵਿਚ ਹੁਣ ਅਤਿ ਉਤਸ਼ਾਹੀ ਆਰਥਕ ਰਾਸ਼ਟਰਵਾਦ ਫੇਰ ਤੋਂ ਹੰਭਲੇ ਮਾਰ ਰਿਹੈ।...ਇਹ ਵੀ ਵਿਸ਼ਵਵਿਆਪੀ ਸੋਚ ਬਣ ਗਈ ਐ, ਰਾਸ਼ਟਰ ਦੀ ਰਾਖੀ ਦੇ ਨਾਂ ਤੇ ਹਰ ਚੀਜ਼ ਨੂੰ ਸੁਰੱਖਿਆ ਦੇ ਨਜ਼ਰੀਏ ਤੋਂ ਵੇਖਣਾ।...ਹਰ ਚੀਜ ਦਾ 'ਸੁਰੱਖਿਆਤਮੀਕਰਨ' ਇਸ ਸਮੇਂ ਦੀ ਇਹ ਸੋਚ, (ਸੱਤਾ ਦੀ) ਸੋਚ ਦਾ ਹਿੱਸਾ ਬਣਦੀ ਜਾ ਰਹੀ ਐ।

ਵਿਸ਼ਵੀਕਰਨ ਦਾ ਮਾਨਵੀ ਰੂਪ ਵਾਲਾ ਚਿਹਰਾ ਕਿ ਇਸ ਨਾਲ ਸੰਸਾਰ ਵਿਚ ਸਹਿਭਾਵੀ ਆਦਾਨ-ਪ੍ਰਦਾਨ ਵਧੇਗਾ, ਨੰਗਾ ਹੋ ਚੁਕਾ ਹੈ। ਅਸਲ ਰੂਪ ਵਿਚ ਵਿਸ਼ਵੀਕਰਨ ਸਰਮਾਏਦਾਰ ਪੱਛਮੀ ਮੁਲਕਾਂ ਲਈ ਇਕਪਾਸੜ ਵਿਕਾਸ ਦਾ ਧਾਰਨੀ, ਨਵ-ਬਸਤੀਵਾਦ ਹੀ ਸੀ, ਜਿਸ ਨੇ ਅੰਤ ਨੂੰ ਕੇਂਦਰ-ਮੁੱਖ ਨਵ-ਰਾਸ਼ਟਰਵਾਦ ਦੀ ਵਿਸ਼ਵ-ਦ੍ਰਿਸ਼ਟੀ ਨੂੰ ਹੀ ਉਭਾਰਨਾ ਸੀ। ਉਹੀ ਵਾਪਰਿਆ ਜਿਸ ਦਾ ਡਰ ਸੀ, ਪਰ ਹੁਣ ਇਸ ਸੱਜੇ-ਪੱਖੀ ਵਿੰਗ ਦੇ ਪਾਪੂਲਿਸਟ ਅਤੇ ਉਤਸ਼ਾਹੀ ਆਰਥਕ ਰਾਸ਼ਟਰਵਾਦ ਦੇ ਵਿਰੁੱਧ ਉਤਰ-ਬਸਤੀਵਾਦੀ ਜਾਂ ਧਰਤ-ਮੁੱਖ ਤੇ ਬਹੁਵੰਨੇ ਸਭਿਆਚਾਰਕ ਵਿਕਾਸ ਦਾ ਲੋਕ-ਪੱਖੀ ਮਾਡਲ ਵੀ ਤੇਜੀ ਨਾਲ ਉਭਰ ਰਿਹਾ ਪ੍ਰਤੱਖ ਨਜ਼ਰ ਆਉਂਦਾ ਹੈ। ਇਨਾਂ ਦੋਹਾਂ ਵਿਸ਼ਵ-ਦ੍ਰਿਸ਼ਟੀਆਂ ਦੀ ਤਿੱਖੀ ਕਸ਼ਮਕਸ਼ ਵਿਚੋਂ ਹੀ ਅਜੋਕਾ ਸਾਹਿਤਕ ਪ੍ਰਵਚਨ, ਜਿਸ ਵਿਚ ਪੰਜਵੇਂ ਪੜਾਅ ਦੀ ਪੰਜਾਬੀ ਕਹਾਣੀ ਵੀ ਇਕ ਅਹਿਮ ਵੰਨਗੀ ਵਜੋਂ ਸ਼ਾਮਿਲ ਹੈ, ਪੈਦਾ ਹੋ ਰਿਹਾ ਹੈ।

ਅਜੋਕੀ ਪੰਜਾਬੀ ਕਹਾਣੀ ਪ੍ਰਮੁੱਖ ਤੌਰ 'ਤੇ ਉਦਾਰੀਕਰਨ ਦੇ ਦੌਰ ਦੀ ਉਪਜ, ਮੱਧਵਰਗੀ ਵਿਸ਼ਵ-ਦ੍ਰਿਸ਼ਟੀ ਰਾਹੀਂ ਲਿਖੀ ਜਾ ਰਹੀ ਹੈ। ਇਹ ਨਵਾਂ ਮੱਧਵਰਗ ਨਿਰੋਲ ਉਪਭੋਗੀ ਜਾਂ ਪਰਜੀਵੀ ਨਹੀਂ, ਜਿਵੇਂ ਕਿ ਕੱਟੜ ਮਾਰਕਸੀ ਨਜ਼ਰੀਏ ਤੋਂ ਇਸ ਨੂੰ ਪਰਿਭਾਸ਼ਤ ਕੀਤਾ ਜਾਂਦਾ ਰਿਹਾ ਹੈ, ਸਗੋਂ ਇਸ ਦੇ ਉਲਟ ਭਰੀ-ਪੂਰੀ ਜ਼ਿੰਦਗੀ ਨੂੰ ਜਿਓਣ ਦੀ ਲੋਚਾ ਰੱਖਣ ਵਾਲਾ ਉੱਦਮੀ, ਭਵਿੱਖਮੁਖੀ ਅਤੇ ਉਦਾਰਵਾਦੀ ਮਾਨਵਵਾਦ ਦਾ ਧਾਰਨੀ ਵਰਗ ਹੈ। ਆਪਣੀ ਅਜਿਹੀ ਹਾਂ-ਪੱਖੀ ਪਰਿਭਾਸ਼ਾ ਇਹ ਵਰਗ ਮਹਿਜ਼ ਸਵੈ-ਕਥਨੀ ਬਿਰਤਾਂਤ ਦੁਆਰਾ ਨਹੀਂ, ਸਗੋਂ ਆਪਣੇ ਵਿਹਾਰਕ ਕਾਰਜਾਂ ਰਾਹੀਂ ਉਭਾਰ ਰਿਹਾ ਹੈ। ਨਵ-ਨਾਰੀਵਾਦ, ਨਵ-ਦਲਿਤਵਾਦ, ਪਾਰ-ਰਾਸ਼ਟਰਵਾਦ ਤਾਂ ਪਹਿਲਾਂ ਹੀ ਇਸ ਨਵੇਂ ਮੱਧਵਰਗ ਦੀ ਬਿਰਤਾਂਤ-ਚੇਤਨਾ ਦਾ ਭਰਵਾਂ ਅੰਗ ਬਣੇ ਹੋਏ ਹਨ, ਹੁਣ ਕਿਸਾਨੀ ਸੰਘਰਸ਼ ਨੇ ਮਜ਼ਦੂਰ-ਕਿਸਾਨ ਦੇ ਨਵੇਂ ਰਾਜਸੀ ਅਵਚੇਤਨ ਅਤੇ ਮਾਨਵੀ ਸਰੋਕਾਰਾਂ ਨੂੰ ਵੀ ਨਵੇਂ ਸਿਰਿਉਂ ਪਰਿਭਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਕਰੋਨਾ-ਕਾਲ ਦੇ ਸੰਕਟ ਨੇ ਨਵੇਂ ਮੱਧਵਰਗ ਨੂੰ ਧਰਤ-ਮੁੱਖ ਜਾਂ ਕੁਦਰਤ-ਮੁੱਖ ਹੋਣ ਲਈ ਨਵੇਂ ਪ੍ਰੇਰਕ ਦਿੱਤੇ ਹਨ ਅਤੇ ਹੁਣ ਰਾਜਸੀ ਚੇਤਨਾ ਵਾਲੇ ਕਿਸਾਨ ਸੰਘਰਸ਼ ਨੇ ਇਸ ਨੂੰ ਬਹੁ-ਪਰਿਪੇਖੀ (ਮਲਟੀ ਪਰਸਪੈਕਟਿਵਨੈੱਸ) ਜੀਵਨ-ਜਾਚ ਦਾ ਮਾਡਲ ਦੇ ਦਿੱਤਾ ਹੈ। ਇਸ ਨਾਲ ਕਿਸੇ ਵੀ ਤਰ੍ਹਾਂ ਦੇ ਇਕ ਪਰਿਪੇਖੀ ਕੇਂਦਰਵਾਦ, ਭਾਵੇਂ ਉਹ ਰਾਜਸੀ, ਸਮਾਜਿਕ, ਧਾਰਮਿਕ, ਸਭਿਆਚਾਰਕ ਆਦਿ ਕਿਸੇ ਵੀ ਪ੍ਰਕਾਰ ਦਾ ਹੋਵੇ, ਵਿਰੁੱਧ ਨਾਬਰ ਹੋ ਕੇ ਸੋਚਣ ਅਤੇ ਸੰਘਰਸ਼ਸ਼ੀਲ ਹੋਣ ਨੂੰ ਬਲ ਮਿਲਿਆ ਹੈ।

ਇਸ ਪ੍ਰਕਾਰ ਦੀ ਪ੍ਰਗਤੀਸ਼ੀਲ ਮੱਧਵਰਗੀ ਰਚਨਾ-ਦ੍ਰਿਸ਼ਟੀ ਵਾਲੇ ਸਮਰੱਥ ਨਵੇਂ ਪੰਜਾਬੀ ਕਹਾਣੀਕਾਰਾਂ, ਜਿਨ੍ਹਾਂ ਨਾਲ ਪੰਜਵੇਂ ਪੜਾਅ ਦੀ ਪੰਜਾਬੀ ਕਹਾਣੀ ਨੂੰ ਹੁਲਾਰਾ ਮਿਲਿਆ ਹੈ, ਵਿਚ ਪ੍ਰਮੁੱਖ ਨਾਂ ਹਨ: ਸਾਂਵਲ ਧਾਮੀ, ਤ੍ਰਿਪਤਾ ਕੇ ਸਿੰਘ, ਦੀਪਤੀ ਬਬੂਟਾ, ਸਰਘੀ, ਅਰਵਿੰਦਰ ਕੌਰ ਧਾਲੀਵਾਲ, ਪਵਿੱਤਰ ਕੌਰ ਮਾਟੀ, ਸੁਖਪਾਲ ਸਿੰਘ ਥਿੰਦ, ਗੁਰਮੀਤ ਪਨਾਗ, ਸੰਦੀਪ ਸਮਰਾਲਾ, ਸੁਰਿੰਦਰ ਸੋਹਲ, ਖਾਲਿਦ ਫਰਹਾਦ ਧਾਰੀਵਾਲ, ਸਾਬਿਰ ਅਲੀ ਸਾਬਿਰ, ਗੁਰਮੀਤ ਆਰਿਫ, ਦੀਪ ਦੇਵਿੰਦਰ ਆਦਿ।

ਉਪਰੋਕਤ ਸਮੁੱਚੇ ਸੰਦਰਭ ਨੂੰ ਧਿਆਨ ਵਿਚ ਰਖਦਿਆਂ ਮੈਂ ਇਸ ਸਾਲ ਪ੍ਰਕਾਸ਼ਿਤ ਹੋਏ ਕੁਝ ਇਕ ਕਹਾਣੀ-ਸੰਗ੍ਰਹਿਆਂ ਦਾ ਰਤਾ ਉਚੇਚ ਨਾਲ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ। 'ਆਪਣੇ ਆਪਣੇ ਮਰਸੀਏ' (ਸਰਘੀ) ਸੰਗ੍ਰਹਿ ਦੀਆਂ ਕਹਾਣੀਆਂ ਨਾਰੀ ਦੇ ਪ੍ਰਸੰਗ ਵਿਚ 'ਨਿਊ ਨਾਰਮਲ' ਨੂੰ ਚੁਣੌਤੀਪੂਰਨ ਢੰਗ ਨਾਲ ਨਿਹਾਰਨ ਵਾਲੀਆਂ ਹਨ। ਇਨ੍ਹਾਂ ਨਾਲ ਪੰਜਾਬੀ ਨਾਰੀਵਾਦ ਦਾ ਨਵਾਂ ਮੁਹਾਂਦਰਾ ਉਜਾਗਰ ਹੁੰਦਾ ਹੈ। ਮਰਦ-ਵਿਰੋਧ ਦੀ ਥਾਂ ਉਹ ਔਰਤ-ਮਰਦ ਦੋਹਾਂ ਨੂੰ ਹੀ ਪਿਤਰਕੀ ਕੇਂਦਰਵਾਦ ਦਾ ਮੱਕੜਜਾਲ ਤੋੜਨ ਲਈ ਵੰਗਾਰਦੀ ਹੈ ਅਤੇ ਗੌਰਵਮਈ ਸਵੈ-ਪਛਾਣ ਦਾ ਵਿਹਾਰਕ ਮਾਡਲ ਸੁਝਾਉਂਦੀ ਹੈ।

'ਫੁੱਲਾਂ ਦੀ ਫਸਲ' (ਸੁਖਪਾਲ ਸਿੰਘ ਥਿੰਦ) ਨਵੇਂ ਮੱਧਵਰਗੀ ਪੰਜਾਬੀ ਬੰਦੇ ਦੀ ਮਾਨਵਮੁਖੀ ਭਾਂਤ ਦੇ ਨਵੇਂ ਪਰਿਵਰਤਨ ਲਈ ਛਟਪਟਾਹਟ ਦਾ



*ਸੁਖਪਾਲ ਸਿੰਘ ਥਿੰਦ*

ਬਿਰਤਾਂਤ ਸਿਰਜਣ ਵਾਲੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਅਜੋਕੀਆਂ ਰਾਜਸੀ ਪਾਰਟੀਆਂ ਦੀ ਨਵ-ਪੂੰਜੀਵਾਦੀ ਤਰਜ਼ ਦੀ ਮੌਕਾਪ੍ਰਸਤੀ ਵਾਲੀ ਰਾਜਸੀ ਘੜਮੱਸ ਵਿਚ ਕਿਸੇ ਨਵੇਂ ਬਦਲ ਦੀ ਚਾਹਤ ਨਾਲ ਲਬਰੇਜ਼ ਉਸ ਦੇ ਪਾਤਰ ਇਕ ਪਾਸੇ ਸਵੈ-ਨਿਰੀਖਣ ਦੀ ਕੁਠਾਲੀ 'ਚ ਤਪ ਤਪ ਨਿਖਰਦੇ ਹਨ ਅਤੇ ਦੂਜੇ ਪਾਸੇ ਨਵੇਂ ਜਿਉਣ-ਜੋਗ ਰਾਹਾਂ ਦੀ ਖੋਜ ਵਿਚ ਨਿਰੰਤਰ ਭਟਕਦੇ ਹੋਏ ਉੱਦਮ ਦਾ ਪੱਲਾ ਵੀ ਫੜੀ ਰਖਦੇ ਹਨ।

'ਉਰਫ ਰੋਸ਼ੀ ਜੱਲਾਦ' (ਜਸਵੀਰ ਸਿੰਘ ਰਾਣਾ) ਦੀਆਂ ਕਹਾਣੀਆਂ 'ਦਮਿਤ ਚੇਤਨਾ' ਦੇ ਪ੍ਰਤੀਨਿਧ ਹਾਸ਼ੀਆਗਤ ਪਾਤਰ੍ਹਾਂ ਦੀ ਸਥਾਪਤੀ ਵਿਰੁੱਧ ਘਿਰਣਾ ਅਤੇ ਘੁਟਨ ਨੂੰ ਇਸ ਤਰ੍ਹਾਂ ਪੇਸ਼ ਕਰਦੀਆਂ ਹਨ ਕਿ ਪਾਠਕ ਨੂੰ 'ਨਿਊ ਨਾਰਮਲ'



*ਜਸਵੀਰ ਸਿੰਘ ਰਾਣਾ*

ਦੌਰਾਨ ਕੁਝ ਵੀ ਜਿਓਣ-ਜੋਗ ਨਜ਼ਰ ਆਉਣੋਂ ਹਟ ਜਾਂਦਾ ਹੈ। ਵਿਵਸਥਾ ਦਾ 'ਜੱਲਾਦਪੁਣਾ' ਨਿਮਨ ਵਰਗਾਂ ਦੇ ਪੈਰਾਂ ਹੇਠੋਂ ਆਖਰੀ ਫੱਟਾ ਖਿੱਚ ਰਿਹਾ ਨਜ਼ਰ ਆਉਂਦਾ ਹੈ। ਮੋੜਵੇਂ ਰੂਪ ਵਿਚ ਪਾਠਕ ਅੰਦਰ ਇਸ ਸਭ ਕੁਝ ਨੂੰ ਬਦਲਨ ਦੀ ਜੁਸਤਜੂ ਹੋਣ ਲਗਦੀ ਹੈ।

'ਹਾਰੀਂ ਨਾ ਬਚਨਿਆਂ' (ਗੁਰਮੀਤ ਕੜਿਆਲਵੀ) ਰਾਹੀਂ ਕਹਾਣੀਕਾਰ ਪੰਜਾਬ ਦੇ ਪੇਂਡੂ ਦਲਿਤ ਅਤੇ ਨਿਮਨ ਕਿਸਾਨੀ ਵਰਗਾਂ ਦੇ ਤਣਾਅ ਅਤੇ ਅਕ੍ਰੋਸ਼ ਨੂੰ ਗਾਲ੍ਹ ਜਿਹੀ ਗਲਪੀ ਸ਼ੈਲੀ ਰਾਹੀਂ ਪੇਸ਼ ਕਰਕੇ, ਬੇਸ਼ਰਮੀ ਦੀ ਹੱਦ ਤੱਕ ਢੀਠ ਅਤੇ



*ਗੁਰਮੀਤ ਕੜਿਆਲਵੀ*




ਮੱਕਾਰ ਹੋ ਚੁੱਕੀ ਸ਼ਾਸ਼ਕ-ਸ਼੍ਰੇਣੀ ਨੂੰ ਝੰਜੋੜਨ ਦਾ ਯਤਨ ਕਰਦਾ ਹੈ।


'ਸਿਆਸਤ ਖੇਡ, ਸਿਆਸਤ' (ਜਿੰਦਰ) ਦੀਆਂ ਕਹਾਣੀਆਂ 'ਨਿਊ ਨਾਰਮਲ' ਦੀ ਚਾਦਰ ਨਾਲ ਇਕੋ ਸਮੇਂ ਪੈਰ ਅਤੇ ਸਿਰ ਢਕ ਸਕਣ ਦੀ ਵਿਅਰਥ ਕੋਸ਼ਿਸ਼ ਕਰ ਰਹੇ ਮੱਧਵਰਗੀ ਪਾਤਰ੍ਹਾਂ ਦੀ ਤਰਲੋਮੱਛੀ ਮਾਨਸਿਕਤਾ ਦਾ ਬਿਰਤਾਂਤ ਸਿਰਜਦੀਆਂ ਹਨ।

'ਮਿਲ ਗਿਆ ਨੈਕਲਸ' (ਕੁਲਜੀਤ ਮਾਨ) ਦੀਆਂ ਕਹਾਣੀਆਂ ਪਰਵਾਸੀ ਸੰਵੇਦਨਾ ਦੇ ਪ੍ਰਸੰਗ ਵਿਚ ਬਹੁਪੱਖੀ ਪਛਾਣਾਂ ਨਾਲ ਦੋ-ਚਾਰ ਹੁੰਦਿਆਂ ਆਪਣੇ ਜੀਵਨ ਦੇ ਕੇਂਦਰੀ ਫੋਕਸ ਤੋਂ ਖਿੜਕ ਰਹੇ ਬੰਦੇ ਦੀ ਹੋਂਦ ਅਤੇ ਹੋਣੀ ਦੇ ਮਸਲਿਆਂ ਨੂੰ ਉਜਾਗਰ ਕਰਦੀਆਂ ਹਨ।

ਸਮੁੱਚੇ ਤੌਰ 'ਤੇ ਇਨਾਂ ਸੰਗ੍ਰਹਿਆਂ ਵਿਚਲੀਆਂ ਕਹਾਣੀਆਂ ਕਿਸੇ ਇਕ ਜਾਂ ਦੂਜੇ ਪੱਖੋਂ ਪੰਜਾਬੀ ਸਮਾਜ ਦੇ 'ਨਿਊ ਨਾਰਮਲ' ਜਾਂ ਨਵੀਆਂ ਬੇਤਰਤੀਬ ਪ੍ਰਸਥਿਤੀਆਂ ਦੇ ਪ੍ਰਸੰਗ ਵਿਚ



*ਕੁਲਜੀਤ ਮਾਨ*




ਗੌਰਵਮਈ ਮਨੁੱਖੀ ਪਛਾਣ ਨਾਲ ਜਿਉਂ ਸਕਣ ਲਈ ਦਿਨੋਂ-ਦਿਨ ਘਟ ਰਹੀ ਸਪੇਸ ਨੂੰ ਵੱਖ ਵੱਖ ਕੋਣਾਂ ਤੋਂ ਖੜ੍ਹ ਕੇ ਨਿਹਾਰਦੀਆਂ ਹਨ। ਘਰ ਤੋਂ ਲੈ ਕੇ ਵਿਸ਼ਵ ਤੱਕ ਹਰੇਕ ਪੱਧਰ ਉੱਤੇ ਕੇਂਦਰਵਾਦੀ ਸੱਤਾ 'ਨਿਊ ਨਾਰਮਲ' ਨੂੰ ਕੁਦਰਤੀ ਬਣਾ ਕੇ ਆਪਣਾ ਰਾਜਸੀ ਪ੍ਰਵਚਨ ਉਸਾਰਦੀ ਹੈ, ਪਰ ਪੰਜਵੇਂ ਪੜਾਅ ਦੀ ਕਥਾ-ਦ੍ਰਿਸ਼ਟੀ ਉਸ ਬਦਲਾਵ ਨੂੰ ਸਿਆਸੀ ਅਤੇ ਵਿਚਾਰਧਾਰਕ ਸਿੱਧ ਕਰਦਿਆਂ ਡੀਕੋਡ ਕਰਨ ਦਾ ਯਤਨ ਵੀ ਕਰਦੀ ਹੈ ਅਤੇ ਵਿਰੋਧ 'ਚ ਨਾਬਰੀ ਦਾ ਪ੍ਰਵਚਨ ਵੀ ਸਿਰਜਦੀ ਹੈ।

ਇਨ੍ਹਾਂ ਤੋਂ ਇਲਾਵਾ ਜਿਹੜੇ ਕੁਝ ਹੋਰ ਉਲੇਖਯੋਗ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ, ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: ਮੈਂ ਗੌਤਮ ਨਹੀਂ ਹਾਂ (ਬਲਵੀਰ ਕੌਰ ਰੀਹਲ), ਰੰਗ ਮਜੀਠੀ (ਰਾਕੇਸ਼ ਰਮਨ), ਇਸ਼ਕ ਮਲੰਗੀ (ਖਾਲਿਦ ਹੁਸੈਨ), ਸਿਲਸਿਲੇ (ਕਿਰਪਾਲ ਕਜ਼ਾਕ), ਹੋਣੀਆਂ ਅਣਹੋਣੀਆਂ (ਸਰਵਣ ਮਿਨਹਾਸ), ਬੰਦਾ ਸਮੁੰਦਰ ਨਹੀਂ ਹੁੰਦਾ (ਜੋਗੇ ਭੰਗਲ), ਤੇਰਾਂ ਚਿਰਾਗ (ਬਲਜੀਤ ਸਿੰਘ ਢਿੱਲੋਂ), ਦਿਸ਼ਾ ਬਦਲਦੀ ਹਵਾ, ਖੁਰਦੀਆਂ ਪੈੜਾਂ (ਹਰਭਜਨ ਸਿੰਘ ਖੇਮਕਰਨੀ), ਪੂਰਨ ਅਪੂਰਨ (ਕੁਲਦੀਪ ਸਿੰਘ ਬੇਦੀ), ਛਿਕਲੀ (ਰਾਜਵਿੰਦਰ ਸਿੰਘ ਰਾਜਾ), ਨਾਈਨ ਵੰਨ ਵੰਨ (ਸੁਰਿੰਦਰ ਕੌਰ ਬਿੰਨਰ), ਮੁੱਠੀ 'ਚੋਂ ਕਿਰਦੀ ਰੇਤ (ਮਨਮੋਹਨ ਸਿੰਘ ਬਾਸਰਕੇ), ਸੱਜਰੇ ਸੂਰਜ ਦੀ ਲਾਲੀ (ਯਸ਼ਪਾਲ ਗੁਲਾਟੀ), ਬੇਬੇ ਤੂੰ ਭੁਲਦੀ ਨੀ (ਕਮਲਜੀਤ ਸਿੰਘ ਬਨਵੈਤ), ਅੰਧੇ ਕਾ ਨਾਉ ਪਾਰਖੂ (ਹਮਦਰਦਵੀਰ ਨੌਸ਼ਹਿਰਵੀ), ਘੋੜਾ ਡਾਕਟਰ (ਅਵਤਾਰ ਐੱਸ. ਸੰਘਾ), ਇਕ ਟੱਕ ਹੋਰ (ਸੁਰਿੰਦਰ ਸਿੰਘ ਰਾਏ), ਬੋਸਕੀ ਦਾ ਪਜਾਮਾ (ਕਰਮ ਸਿੰਘ ਮਾਨ), ਹਨੇਰੇ ਵਿਚਲਾ ਚਾਨਣ (ਗਗਨਦੀਪ ਸ਼ਰਮਾ), ਸੁਫਨੇ ਦੇ ਕੈਦੀ (ਅਲੀ ਅਨਵਰ ਅਹਿਮਦ), ਜੋਗੀ ਸੱਪ ਤਰ੍ਹਾਂਹ (ਨੈਨ ਸੁਖ), ਖਰਾ ਸੱਚ (ਮਲਿਕ ਸ਼ਾਹ ਸਵਾਰ ਨਾਸਿਰ), ਉਡੀਕ (ਡਾ. ਐਮ. ਅਬਰਾਰ), ਭੁੱਖ (ਸਾਬਿਰ ਅਲੀ ਸਾਬਿਰ) ਆਦਿ।

ਇਸ ਸਾਲ ਜਿਨ੍ਹਾਂ ਕੁਝ ਕਹਾਣੀਆਂ ਨੇ ਆਪਣੇ ਨਿਵੇਕਲੇ ਗਲਪੀ ਹੁਨਰ ਕਰਕੇ ਮੇਰਾ ਉਚੇਚਾ ਧਿਆਨ ਖਿਚਿਆ, ਉਨ੍ਹਾਂ ਦਾ ਜ਼ਿਕਰ ਕੁਝ ਵਿਸਥਾਰ ਨਾਲ ਕਰਦੇ ਹਾਂ:

ਹਰਪ੍ਰੀਤ ਸਿੰਘ ਚਨੂੰ ਦੀ ਕਹਾਣੀ 'ਸੱਥਰ' (ਸਿਰਜਣਾ, ਅਪਰੈਲ-ਜੂਨ) ਅੰਨਯਪੁਰਖੀ ਬਿਰਤਾਂਤਕਾਰ ਰਾਹੀਂ ਪੰਜਾਬ ਦੇ 'ਨਿਊ ਨਾਰਮਲ' ਦਾ ਬਿਰਤਾਂਤ ਬੜੇ ਵਿਸ਼ਾਲ ਕੈਨਵਸ ਰਾਹੀਂ ਸਿਰਜਦੀ ਹੈ। ਕਹਾਣੀ ਲੰਬੜਦਾਰ ਅਮਰ ਸਿੰਘ ਦੇ ਖਾਨਦਾਨ ਅਤੇ ਕਿਲਾ-ਨੁਮਾ ਹਵੇਲੀ ਦੇ ਪੋਟਾ ਪੋਟਾ ਕਰਕੇ ਖਤਮ ਹੋ ਜਾਣ ਦੀ ਹਿਰਦੇਵੇਧਕ ਵਾਰਤਾ ਹੈ। ਇਸ ਪਤਨ ਦੇ ਵੰਨ-ਸੁਵੰਨੇ ਕਾਰਨਾਂ ਦਾ ਬਿਆਨ ਕਰਨ ਵਾਲੇ ਅਨੇਕਾਂ ਉਪ-ਕਥਾਨਕ ਹਨ, ਪਰ ਸਭ ਤੋਂ ਬੁਨਿਆਦੀ ਵਜ੍ਹਾ ਹੈ ਕਿ ਅਰਧ-ਜਗੀਰੂ ਸੋਚ ਵਾਲੀ ਪੰਜਾਬੀ ਜੀਵਨ-ਜਾਚ ਨੇ ਨਵ-ਪੂੰਜੀਵਾਦੀ ਵਿਵਸਥਾ ਦੀਆਂ ਫੇਟਾਂ ਅੱਗੇ ਠਹਿਰ ਨਹੀਂ ਸੀ ਸਕਣਾ। ਸੋ ਕਹਾਣੀ ਦੇ ਵੇਰਵਿਆਂ ਅਨੁਸਾਰ ਪੰਜਾਬ ਦਾ ਓਨਾ ਕੁ ਹਿੱਸਾ ਜਾਂ ਜੀਵਨ ਹੀ ਬਚਦਾ ਹੈ, ਜਿੰਨਾ ਕੁ ਸਮੇਂ ਨਾਲ ਬਦਲ ਕੇ ਨਵੀਂ ਜੀਵਨ-ਜਾਚ ਅਪਨਾਉਣ ਵਿਚ ਸਫਲ ਹੋ ਜਾਂਦਾ ਹੈ। 'ਸੱਥਰ' ਦਾ ਮੈਟਾਫਰ ਜਿਵੇਂ ਬਿਰਤਾਂਤਕਾਰ ਨੇ ਸਮੁੱਚੀ ਕਹਾਣੀ ਵਿਚ ਫੈਲਾਇਆ ਹੈ, ਉਹ ਉਸ ਦੀ ਬਿਰਤਾਂਤਕਾਰੀ ਦਾ ਸਿਖਰੀ ਹਾਸਿਲ ਹੈ। ਫਰੀਦ ਬਾਣੀ ਦੀ ਤਰਜ਼ ਉੱਤੇ ਤੁਸੀਂ ਇਸ ਕਹਾਣੀ ਵਿਚ ਮਹਿਸੂਸ ਕਰਦੇ ਹੋ ਕਿ ਕਾਲ ਕਿਵੇਂ ਸਭ ਪ੍ਰਾਣਵੰਤਾਂ ਨੂੰ ਮੌਤ ਵਿਚ ਬਦਲਦਾ ਤੁਰਿਆ ਜਾਂਦਾ ਹੈ। ਵੇਰਵੇ (ਡਿਟੇਲ) ਕਿਵੇਂ ਕਹਾਣੀ ਬੁਣਤਰ ਦੀ ਜਾਨ ਜਾਂ ਆਤਮਾ ਬਣਦੇ ਹਨ, ਇਹ ਪ੍ਰਯੋਗ ਇਸ ਕਹਾਣੀ ਦੀ ਬਿਰਤਾਂਤਕਾਰੀ ਦਾ ਹੁਨਰੀ ਜਲਵਾ ਹੈ।

ਹਰਪ੍ਰੀਤ ਸੇਖਾ ਦੀ ਕਹਾਣੀ 'ਉਹ ਰਾਤ' (ਪ੍ਰਵਚਨ, ਜਨਵਰੀ-ਮਾਰਚ) ਉਤਮ-ਪੁਰਖੀ ਨਾਰੀ-ਰੂਪ ਬਿਰਤਾਂਤਕਾਰ ਰਾਹੀਂ ਪੰਜਾਬ ਦੇ ਵਿਦਿਆਰਥੀ-ਪਰਵਾਸ ਨਾਲ ਜੁੜੇ ਇਕ ਅਹਿਮ ਮੁੱਦੇ ਦਾ ਬਿਰਤਾਂਤ ਸਿਰਜਦੀ ਹੈ। ਇਹ ਮੁੱਦਾ ਜੋਬਨ-ਰੁੱਤ ਦੇ ਭਾਵੁਕ ਵਿਗੋਚਿਆਂ ਦਾ ਹੈ। ਪੰਜਾਬ/ਭਾਰਤ ਦੀ ਰਾਜਸੀ ਵਿਵਸਥਾ ਦੁਆਰਾ ਮੂਲੋਂ ਅਣਗੌਲੇ ਕੀਤੇ ਗਏ ਵਿਦਿਆਰਥੀ-ਰੁਜ਼ਗਾਰ ਦੇ ਮਸਲੇ ਕਾਰਨ ਮੱਧਵਰਗੀ ਨੌਜਵਾਨ ਪੀੜ੍ਹੀ ਆਪਣੇ ਨਿੱਜੀ ਯਤਨਾਂ ਨਾਲ ਚੰਗੀ ਰੋਟੀ ਦਾ ਆਹਰ ਤਾਂ ਕਿਵੇਂ ਨਾ ਕਿਵੇਂ ਕਰ ਲੈਂਦੀ ਹੈ, ਪਰ ਇਸ ਦੀ ਕੀਮਤ ਵਜੋਂ ਉਸ ਨੂੰ ਆਪਣੇ ਅਤੀ ਕਰੀਬੀ ਰਿਸ਼ਤਿਆਂ ਦੀ ਬਲੀ ਵੀ ਦੇਣੀ ਪੈਂਦੀ ਹੈ। ਇਸ

*(ਬਾਕੀ ਅਗਲੇ ਸਫੇ 'ਤੇ)*

# ਪੰਜਵੇਂ ਪੜਾਅ ਦੇ ਨਕਸ਼ਾਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਦੀ ਪੰਜਾਬੀ ਕਹਾਣੀ

(ਪਿਛਲੇ ਸਫੇ ਦੀ ਬਾਕੀ)

ਕਹਾਣੀ ਦੀ ਖੂਬੀ ਇਹ ਬਣਦੀ ਹੈ ਕਿ ਪਰਵਾਸੀ ਮੁਟਿਆਰ ਪਾਤਰ ਦੇ ਅਵਚੇਤਨੀ ਸੰਸਾਰ ਵਿਚ ਰਿਝਦੇ-ਤੜਪਦੇ ਵਲਵਲਿਆਂ ਅਤੇ ਡਰਾਂ,



ਹਰਪ੍ਰੀਤ ਸੇਖਾ

ਵਿਗੋਚਿਆਂ ਨੂੰ ਬਹੁਤ ਹੀ ਮਨੋਵਿਗਿਆਨਕ ਛੋਹਾਂ ਵਾਲੀ ਗਲਪੀ-ਭਾਸ਼ਾ ਰਾਹੀਂ ਪ੍ਰਗਟਾਇਆ ਗਿਆ ਹੈ।

ਜਤਿੰਦਰ ਹਾਂਸ ਦੀ ਕਹਾਣੀ 'ਗੰਦਲਾਂ' (ਸਿਰਜਣਾ, ਅਕਤੂਬਰ-ਦਸੰਬਰ) ਵਿਚ ਉਤਮਪੁਰਖੀ ਧੀ-ਰੂਪੀ ਬਿਰਤਾਂਤਕਾਰ ਰਾਹੀਂ ਉਸ ਦੇ 'ਡੈਡੀ' ਦੀ ਅਧਖੜ ਉਮਰੇ ਵਿਖਾਈ ਦੋਹਰੀ ਪਿਆਰ-ਚਾਹਤ ਨਾਲ ਤਿੜਕੇ ਪਰਿਵਾਰਕ ਰਿਸ਼ਤਿਆਂ ਦਾ ਦੁਖਾਂਤ ਪੇਸ਼ ਕੀਤਾ ਗਿਆ ਹੈ। ਕਹਾਣੀ ਦੀ ਬਿਰਤਾਂਤਕਾਰੀ ਦਾ ਸਭ ਤੋਂ ਉਘੜਵਾਂ ਲੱਛਣ ਪਾਤਰਾਂ ਦੇ ਵਿਹਾਰ ਨੂੰ ਉਨ੍ਹਾਂ ਦੀਆਂ



ਜਤਿੰਦਰ ਹਾਂਸ

ਮਨੋਗੁੰਝਲਾਂ ਦੇ ਪ੍ਰਸੰਗ ਵਿਚ ਚਿਤਰਨਾ ਹੈ। ਬਿਆਨ ਦੀ ਨਾਟਕੀਅਤਾ ਵੀ ਕਹਾਣੀ ਨੂੰ ਦਿਲਕਸ਼ ਬਣਾਉਂਦੀ ਹੈ।

ਬਲਬੀਰ ਪਰਵਾਨਾ ਦੀ ਕਹਾਣੀ 'ਕਤਰਾ ਕਤਰਾ ਮੌਤ' (ਰਾਗ, ਜਨਵਰੀ-ਅਪਰੈਲ) ਉਤਮ-ਪੁਰਖੀ ਪੱਤਰਕਾਰ-ਰੂਪੀ ਬਿਰਤਾਂਤਕਾਰ ਰਾਹੀਂ ਉਸ ਦੇ ਸਹਿਕਰਮੀ, ਆਮ ਵਰਕਰ ਗੁਰਦੀਸ਼ ਦੀ ਘੁਟਨ ਭਰੀ ਪਰਿਵਾਰਕ ਜ਼ਿੰਦਗੀ ਅਤੇ ਅੰਤ ਗੁਰਦੀਸ਼ ਦੀ ਮੌਤ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਸ ਦੀ ਬਿਰਤਾਂਤਕਾਰੀ ਦਾ ਸੁਹਜ ਪ੍ਰਸਥਿਤੀਆਂ ਦੇ ਢੁਕਵੇਂ ਪ੍ਰਸੰਗ ਵਿਚ ਕੀਤੀ ਗੁਰਦੀਸ਼ ਦੀ ਚਰਿਤਰ-ਉਸਾਰੀ ਵਿਚੋਂ ਝਲਕਦਾ ਹੈ।

ਸਰਘੀ ਦੀ ਕਹਾਣੀ 'ਰਬਾਬ' (ਰਾਗ, ਮਈ-ਦਸੰਬਰ) ਉਤਮਪੁਰਖੀ, ਨਾਨਕ ਦੇ ਸੱਚੇ ਨਾਮ-ਲੇਵਾ ਅਤੇ ਮਰਦਾਨੇ ਦੀ ਬਰਾਦਰੀ ਨਾਲ ਸਬੰਧਿਤ ਪੜ੍ਹੇ-ਲਿਖੇ ਜ਼ਹੀਨ ਵਿਅਕਤਿਤਵ ਵਾਲੇ ਨੌਜਵਾਨ, ਬਿਰਤਾਂਤਕਾਰ ਰਾਹੀਂ ਅਕਾਦਮਿਕ ਅਦਾਰਿਆਂ ਵਿਚਲੇ ਭ੍ਰਿਸ਼ਟ ਮਾਹੌਲ ਦਾ ਬਿਰਤਾਂਤ ਸਿਰਜਦੀ ਹੈ। ਨਿਸਚੇ ਹੀ ਅਜਿਹੇ ਮਾਹੌਲ ਵਿਚ ਨੌਜਵਾਨ ਨੂੰ ਬੇਆਬਰੂ ਹੋ ਕੇ ਜਿਉਣਾ ਪੈਂਦਾ ਹੈ। ਵਿਅੰਗ-ਕਥਨੀ ਭਾਵੇਂ ਕਿਤੇ ਕਿਤੇ ਬਿਰਤਾਂਤ ਦੇ ਦਾਰਸ਼ਨਿਕ ਅਤੇ ਰਮਜ਼ੀ ਸੁਭਾਅ ਨੂੰ ਠੇਸ ਪਹੁੰਚਾਉਣ ਵਾਲੀ ਹੈ, ਪਰ ਕਹਾਣੀ ਵਿਚ ਨਾਨਕ-ਮਰਦਾਨੇ ਦੇ ਜੀਵਨ-ਫਲਸਫੇ ਨੂੰ ਉਜਾਗਰ ਕਰਨ ਵਾਲੇ ਲੋਕ-ਬਿਰਤਾਂਤ ਦੀ ਸਬ-ਟੈਕਸਟ (ਅੰਤਰ-ਪਾਠਮੂਲਕਤਾ) ਵਜੋਂ ਵਰਤੋਂ ਦਾ ਸਫਲਤਾ ਨਾਲ ਕੀਤਾ ਗਿਆ ਪ੍ਰਯੋਗ ਕਹਾਣੀ ਦੀ ਸ਼ਕਤੀ ਬਣਦਾ ਹੈ।

ਗੁਰਮੀਤ ਕੜਿਆਲਵੀ ਦੀ ਕਹਾਣੀ 'ਦਰੋਣਾਚਾਰੀਆ' (ਸਿਰਜਣਾ, ਜੂਨ-ਮਾਰਚ) ਉਤਮ-ਪੁਰਖੀ, ਅਧਿਆਪਕ-ਰੂਪ ਪਾਤਰ ਰਾਹੀਂ ਪੰਜਾਬ ਦੇ ਅਕਾਦਮਿਕ ਅਦਾਰਿਆਂ ਵਿਚ ਫੈਲੇ ਜਾਤ-ਪਾਤੀ ਮਾਨਸਿਕਤਾ ਦੇ ਕੋਹੜ ਦਾ ਬਿਰਤਾਂਤ ਪੇਸ਼ ਕਰਦੀ ਹੈ। ਆਪਣੀ ਕਥਿਤ ਜੱਟਵਾਦੀ ਸੋਚ ਅਤੇ ਵਿਹਾਰ ਰਾਹੀਂ ਇੱਕ ਕੰਮਚੋਰ ਅਧਿਆਪਕ ਕੁਲਵੰਤ ਸਿੰਘ ਸਾਰੇ ਸਕੂਲ ਦਾ ਮਾਹੌਲ ਖਰਾਬ ਕਰਨ ਦਾ ਯਤਨ ਕਰਦਾ ਹੈ। ਪਰ ਵਿਅੰਗ ਦੀ ਗੱਲ ਇਹ ਹੈ ਕਿ ਪੰਦਰਾਂ ਅਗਸਤ ਨੂੰ ਦਲਿਤ ਭਾਈਚਾਰੇ ਦੇ ਇਕ ਕੁਸ਼ਲ ਅਤੇ ਮਿਹਨਤੀ ਅਧਿਆਪਕ ਦੀ ਥਾਂ ਸਰਕਾਰੀ ਸਨਮਾਨ ਕੁਲਵੰਤ ਸਿੰਘ ਨੂੰ ਮਿਲਦਾ ਹੈ। ਵਿਅੰਗ-ਕਥਨੀ ਅਤੇ ਅਤਿਕਥਨੀ ਦੇ ਅੰਸ਼ਾਂ ਵਾਲੀ ਪਾਤਰ-ਉਸਾਰੀ ਭਾਵੇਂ ਬਿਰਤਾਂਤ ਨੂੰ ਕੁਝ ਉੱਚੀ ਸੁਰ ਵਾਲਾ ਬਣਾਉਂਦੀ ਹੈ, ਪਰ ਦਲਿਤ-ਦਮਨ ਦੇ ਭਖਦੇ ਮੁੱਦੇ ਨੂੰ ਲੋੜੀਂਦੇ ਇਤਿਹਾਸਕ-ਮਿਥਿਹਾਸਕ ਗਲਪੀ ਵੇਰਵਿਆਂ ਨਾਲ ਉਭਾਰਨ ਦੀ ਜੁਗਤ ਕਹਾਣੀ ਦੀ ਸ਼ਕਤੀ ਬਣਦੀ ਹੈ।

ਗੁਰਮੀਤ ਪਨਾਗ ਦੀ ਕਹਾਣੀ 'ਆਹੌਤ ਰੂਥ' (ਰਾਗ, ਮਈ-ਦਸੰਬਰ) ਉਤਮ-ਪੁਰਖੀ, ਕੈਨੇਡਾ ਵਾਸੀ ਪੰਜਾਬੀ ਔਰਤ, ਬਿਰਤਾਂਤਕਾਰ ਰਾਹੀਂ ਇੱਕ 'ਫਕੀਰ ਰੂਹ' ਵਾਲੀ ਬਜੁਰਗ ਰੂਥ ਦਾ ਬਿਰਤਾਂਤ ਪੇਸ਼ ਕਰਦੀ ਹੈ। ਜਰਮਨ ਨਾਜੀਵਾਦ ਦੇ ਨਸਲੀ ਪ੍ਰਕੋਪ ਦਾ ਸ਼ਿਕਾਰ ਹੋਈ ਯਹੂਦੀ ਰੂਥ ਭਾਵੇਂ ਜਲਾਵਤਨੀ ਦੌਰਾਨ ਆਪਣਾ ਬਹੁਤ ਕੁਝ ਗੁਆ ਚੁਕੀ ਹੈ, ਪਰ ਸੰਕਟ ਸਮੇਂ ਵੀ ਭਰਾਤਰੀਭਾਵ ਵਾਲੀ ਮਾਨਵਵਾਦੀ ਸੋਚ ਨੂੰ ਉਸ ਨੇ ਬਚਾ ਰੱਖਿਆ ਹੈ ਅਤੇ ਇਸ ਸੋਚ ਰਾਹੀਂ ਹੀ ਉਹ ਵਿਸ਼ਵ ਵਿਚੋਂ ਨਸਲੀ-ਭੇਦਭਾਵ ਮਿਟਾਉਣ ਨੂੰ ਆਪਣਾ ਜੀਵਨ-ਉਦੇਸ਼ ਬਣਾ ਲੈਂਦੀ ਹੈ। ਕਹਾਣੀ ਦੀ ਸ਼ਕਤੀ ਜਿੱਥੇ ਇਕ ਪਾਸੇ ਪਾਰ-ਰਾਸ਼ਟਰੀ ਮਾਨਵੀ ਸਰੋਕਾਰਾਂ ਨੂੰ ਉਭਾਰਨ ਵਿਚ ਹੈ, ਉਥੇ ਦੂਜੇ ਪਾਸੇ ਰੂਥ ਜਿਹੀ ਜਟਿਲ ਪਾਤਰ ਦੀ ਬਹੁ-ਪਰਤੀ ਚਰਿਤਰ-ਉਸਾਰੀ ਕਰਕੇ ਵੀ ਹੈ।

ਹਰਜੀਤ ਅਟਵਾਲ ਦੀ ਕਹਾਣੀ 'ਵਰੇ ਗੰਢ' (ਪ੍ਰਵਚਨ, ਜਨਵਰੀ-ਮਾਰਚ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਇੰਗਲੈਂਡ ਵਸਦੇ ਇੱਕ ਪਰਵਾਸੀ ਬਜੁਰਗ ਜੋੜੇ ਦੇ ਅੰਤਲੇ ਕਸ਼ਟਮਈ ਪੜਾਅ ਦਾ ਬਿਰਤਾਂਤ ਪੇਸ਼ ਕਰਦੀ ਹੈ। ਪਦਾਰਥਮੁਖੀ ਸੋਚ ਵਾਲੇ ਨੂੰਹ-ਪੁੱਤ ਨੂੰ ਮਾਪਿਆਂ ਦੀ ਸਾਂਭ-ਸੰਭਾਲ ਨਾਲੋਂ ਵੱਧ ਫਿਕਰ ਜੱਦੀ ਘਰ ਨੂੰ ਆਪਣੇ ਨਾਂ ਕਰਵਾ ਲੈਣ ਦਾ ਹੈ, ਪਰ ਬਜੁਰਗ ਪੂਰੇ ਦ੍ਰਿੜ ਇਰਾਦੇ ਨਾਲ ਉਨ੍ਹਾਂ ਦੀ ਸਵਾਰਥੀ ਚਾਲ ਨੂੰ ਫੇਲ੍ਹ ਕਰਦਿਆਂ 'ਘਰ' ਨੂੰ ਆਪਣਾ ਬੁਢਾਪਾ ਸੁਖਾਲਾ ਕਰਨ ਲਈ ਵਰਤਣ (ਹੈਲਥ ਕੇਅਰ ਵਾਲਿਆਂ ਨੂੰ ਦੇਣ) ਦਾ ਫੈਸਲਾ ਕਰਦਾ ਹੈ। ਕਹਾਣੀ ਦੀ ਸ਼ਕਤੀ ਇੱਕ ਪਾਸੇ ਬਜੁਰਗਾਂ ਦੇ ਨਵੇਂ ਨਜ਼ਰੀਏ ਰਾਹੀਂ ਵਸਤੂ-ਯਥਾਰਥ ਨੂੰ ਨਿਹਾਰਨ ਵਿਚ ਹੈ ਤਾਂ ਦੂਜੇ ਪਾਸੇ ਪਰਵਾਸੀ ਜੀਵਨ ਨਾਲ ਸਬੰਧਿਤ ਢੁਕਵੇਂ ਵੇਰਵਿਆਂ ਰਾਹੀਂ ਸਹਿਜ-ਸੁਭਾਵਕ ਸਰੂਪ ਵਾਲਾ ਬਿਰਤਾਂਤ ਸਿਰਜਣ ਵਿਚ ਹੈ।

ਤੌਕੀਰ ਚੁਗਤਾਈ ਦੀ ਕਹਾਣੀ 'ਮੈਂ ਤਿਲਕ ਗਿਆ ਸਾਂ' (ਸਮਕਾਲੀ ਸਾਹਿਤ, ਅਪਰੈਲ-ਜੂਨ) ਉਤਮ-ਪੁਰਖੀ, ਅਧਖੜ ਉਮਰ ਦੇ ਪਾਕਿਸਤਾਨੀ ਪੰਜਾਬੀ, ਬਿਰਤਾਂਤਕਾਰ ਰਾਹੀਂ ਜ਼ਿੰਦਗੀ ਦੇ ਇਕ ਅਹਿਮ ਮੋੜ ਦਾ ਬਿਰਤਾਂਤ ਸਿਰਜਦੀ ਹੈ। ਉਮਰ ਦੇ ਇਸ ਪੜਾਅ ਉੱਤੇ ਪਹੁੰਚ ਕੇ ਮਨੁੱਖ ਦੇ ਆਲੇ-ਦੁਆਲੇ ਬਹੁਤ ਕੁਝ ਉਸ ਨੂੰ ਰੁਆਉਣ ਵਾਲਾ ਵਾਪਰਦਾ ਹੈ, ਪਰ ਬੇਝਿਜਕ ਰੋਣ ਲਈ ਕੋਈ ਹਮਦਰਦ-ਮੋਢਾ ਨਹੀਂ ਮਿਲਦਾ। ਅਵਾਜ਼ਾਰੀ ਦਾ ਅਹਿਸਾਸ ਭੋਗ ਰਹੇ ਪਾਤਰ ਨੂੰ ਆਪਣੀ ਪੰਜ-ਛੇ ਵਰ੍ਹਿਆਂ ਦੀ ਬਾਲੜੀ ਦਾ, ਮਾਂ ਜਾਂ ਦਾਦੀ ਵਰਗਾ, ਹਮਦਰਦ-ਮੋਢਾ ਮਿਲਦਾ ਹੈ ਤਾਂ ਉਹ ਰੋ ਕੇ ਹਲਕਾ ਮਹਿਸੂਸ ਕਰਦਾ ਹੈ। ਅਤੀ ਸੰਖੇਪ ਬਿਰਤਾਂਤਕ ਫੈਲਾਅ ਵਾਲੀ ਇਸ ਕਹਾਣੀ ਦਾ ਸਲਾਹੁਣਯੋਗ ਪੱਖ ਬੰਦੇ ਦੇ ਅਹਿਮ ਅਸਤਿੱਤਵੀ ਸਰੋਕਾਰਾਂ ਵੱਲ ਝਾਤ ਪੁਆਉਣ ਨਾਲ ਸਬੰਧਿਤ ਹੈ।

ਸਾਂਵਲ ਧਾਮੀ ਦੀ ਕਹਾਣੀ 'ਮਹਿਕਦੀ ਚੂੰਢੀ' (ਚਿਰਾਗ, ਅਪਰੈਲ-ਸਤੰਬਰ) ਅੰਨਯ-ਪੁਰਖੀ ਬਿਰਤਾਂਤਕਾਰ ਰਾਹੀਂ ਇੱਕ ਪਨਾਹਗੀਰ ਬਜੁਰਗ ਗੁਰਮੀਤ ਸਿੰਘ ਢੇਸੀ ਦਾ ਬਿਰਤਾਂਤ ਪੇਸ਼ ਕਰਦੀ ਹੈ। ਉਸ ਦੇ ਅਵਚੇਤਨ ਵਿਚ ਇੱਕੋ ਸਮੇਂ, ਸੰਤਾਲੀ



ਹਰਜੀਤ ਅਟਵਾਲ

ਦੀ ਵੰਡ ਦੇ ਹਵਾਲੇ ਨਾਲ, ਅੰਗਰੇਜ਼ ਹਕੂਮਤ ਵੱਲੋਂ ਦਿੱਤਾ ਦਰਦ ਪਿਆ ਹੈ, ਪਰ ਨਾਲ ਹੀ ਇਕ ਮੇਮ ਮੁਟਿਆਰ ਵੱਲੋਂ, ਪਿਆਰ ਭਰੀ ਚੂੰਢੀ ਨਾਲ, ਦਿੱਤਾ ਸੁਖਦ ਅਹਿਸਾਸ ਵੀ ਸ਼ਾਮਿਲ ਹੈ। ਯਾਦ ਦੀ ਕਥਾ-ਜੁਗਤ ਨਾਲ ਸਿਰਜੀ ਇਹ ਬਹੁਤ ਸੂਖਮ ਕਹਾਣੀ ਬੜੀ ਸਮਰੱਥਾ ਨਾਲ ਜ਼ਿੰਦਗੀ ਦੇ ਮੂਲ ਸੱਚ ਕਿ ਜ਼ਿੰਦਗੀ ਦੁੱਖ-ਸੁਖ ਦਾ ਮਿਲਗੋਭਾ ਹੀ ਹੈ, ਵੱਲ ਸੰਕੇਤ ਕਰਦੀ ਹੈ। ਮਨੁੱਖੀ ਅਵਚੇਤਨ 'ਚ ਬਹੁਤ ਡੂੰਘੇ ਉਤਰ ਕੇ ਹੀ ਅਜਿਹੇ ਸੱਚ ਤੱਕ ਪਹੁੰਚਣਾ ਸੰਭਵ ਹੁੰਦਾ ਹੈ।

ਇਨ੍ਹਾਂ ਉਪਰੋਕਤ ਵਰਣਿਤ ਕਹਾਣੀਆਂ ਤੋਂ ਇਲਾਵਾ ਕੁਝ ਹੋਰ ਵੀ ਉਲੇਖਯੋਗ ਕਹਾਣੀਆਂ ਹਨ, ਜਿਵੇਂ ਚੱਲ ਟਿਮ ਹੌਰਟਨ ਚੱਲੀਏ (ਗੁਰਮੀਤ ਕੜਿਆਲਵੀ, ਹੁਣ, ਜਨਵਰੀ-ਅਪਰੈਲ), ਛਣ-ਛਣ (ਭਗਵੰਤ ਰਸੂਲਪੁਰੀ, ਕਹਾਣੀ ਧਾਰਾ, ਅਕਤੂਬਰ-ਦਸੰਬਰ), ਜ਼ੀਰਾ ਆਲੂ (ਬਲਬੀਰ ਪਰਵਾਨਾ, ਪ੍ਰਵਚਨ, ਜੁਲਾਈ-ਸਤੰਬਰ), ਵਰਜਿਤ ਫਲ (ਕੁਲਜੀਤ ਮਾਨ, ਪ੍ਰਵਚਨ, ਜਨਵਰੀ-ਮਾਰਚ), ਕ੍ਰਿਸਮਿਸ ਈਵ (ਸੰਤੋਖ ਧਾਲੀਵਾਲ, ਪ੍ਰਵਚਨ, ਜਨਵਰੀ-ਮਾਰਚ), ਭਾਰ (ਬਲਬੀਰ ਕੌਰ ਸੰਘੇੜਾ, ਪ੍ਰਵਚਨ, ਜਨਵਰੀ-ਮਾਰਚ), ਦੂਰੀਆਂ (ਜਿੰਦਰ, ਸ਼ਬਦ, ਜਨਵਰੀ-ਮਾਰਚ), ਗਤੀ (ਸੰਦੀਪ ਸਮਰਾਲਾ, ਸ਼ਬਦ, ਅਪਰੈਲ-ਜੂਨ), ਚੀਸ (ਅਨੇਮਨ ਸਿੰਘ, ਸ਼ਬਦ, ਅਪਰੈਲ-ਜੂਨ), ਮਸਤ (ਹਰਜੀਤ ਅਟਵਾਲ, ਸ਼ਬਦ, ਜੁਲਾਈ-ਸਤੰਬਰ), ਬੇਅਦਬੀ (ਬਲਦੇਵ ਢੀਂਡਸਾ, ਸ਼ਬਦ, ਜੁਲਾਈ-ਸਤੰਬਰ), ਨੋਵਲ ਕਮੀਨਾ ਵਾਇਰਸ (ਕੇਸਰਾ ਰਾਮ, ਸਿਰਜਣਾ, ਜੁਲਾਈ-ਸਤੰਬਰ), ਰੀਟ੍ਰੀਟ (ਹਰਪ੍ਰੀਤ ਸੇਖਾ, ਸਿਰਜਣਾ, ਜੁਲਾਈ-ਸਤੰਬਰ), ਇਕ ਸੱਚੇ ਕਾਮਰੇਡ ਦਾ ਇਕਲਾਪਾ (ਬਲਬੀਰ ਪਰਵਾਨਾ, ਸਿਰਜਣਾ, ਅਕਤੂਬਰ-ਦਸੰਬਰ), ਮੈਂ ਕੋਈ ਚਾਬੁਕ ਨਹੀਂ (ਹਰਜੀਤ ਅਟਵਾਲ, ਅੱਖਰ, ਨਵੰਬਰ-ਦਸੰਬਰ), ਗੜੀ ਪਠਾਣਾ (ਅਜਮੇਰ ਸਿੱਧੂ, ਰਾਗ, ਮਈ-ਦਸੰਬਰ), ਸ਼ਾਇਦ ਦਿਨ ਚੜ੍ਹ ਜਾਂਦਾ (ਪਵਿੱਤਰ ਮਾਟੀ, ਅੱਖਰ, ਨਵੰਬਰ-ਦਸੰਬਰ) ਆਦਿ।

ਇਸ ਸਾਲ ਦੀ ਕਹਾਣੀ ਪੜ੍ਹਦਿਆਂ ਜਿਹੜੇ ਕੁਝ ਹੋਰ ਤੱਥ ਉੱਭਰ ਕੇ ਸਾਹਮਣੇ ਆਏ, ਉਹ ਇਸ ਤਰ੍ਹਾਂ ਹਨ:

-ਇਸ ਸਾਲ ਤੀਜੇ ਪੜਾਅ ਦੇ ਮੁਹਤਬਰ ਕਹਾਣੀਕਾਰਾਂ ਦੀਆਂ ਕਹਾਣੀਆਂ ਕਾਫੀ ਮਾਤਰਾ 'ਚ ਛਪੀਆਂ ਹਨ, ਜਿਵੇਂ ਗਰਦਾਵਰੀ, ਜੂਲੀ ਦੇ ਵੱਸ (ਪ੍ਰੇਮ ਪ੍ਰਕਾਸ਼), ਸ਼ਬਦ, ਜਨਵਰੀ-ਮਾਰਚ, ਜੁਲਾਈ-ਸਤੰਬਰ), ਰੇਸ਼ੂ ਨੰਬਰ ਵੰਨ (ਪ੍ਰੇਮ ਗੋਰਖੀ, ਸਿਰਜਣਾ, ਜਨਵਰੀ-ਮਾਰਚ), ਗੁੱਡ ਮਾਰਨਿੰਗ (ਜਰਨੈਲ ਸਿੰਘ ਸੇਖਾ, ਸਿਰਜਣਾ, ਅਕਤੂਬਰ-ਦਸੰਬਰ), ਜਿਸ ਤਨ ਲਾਗੈ (ਪ੍ਰੇਮ ਮਾਨ, ਸਿਰਜਣਾ, ਅਕਤੂਬਰ-ਦਸੰਬਰ), ਊਧਮ ਸਿੰਘ ਦੀ ਜੱਸੀ (ਮਨਮੋਹਨ ਬਾਵਾ, ਪ੍ਰਵਚਨ, ਅਪਰੈਲ-ਜੂਨ), ਸਾਡੇ ਹਿੱਸਾ ਦਾ ਹਿੰਦੁਸਤਾਨ (ਅਤਰਜੀਤ, ਪ੍ਰਵਚਨ, ਅਪਰੈਲ-ਜੂਨ), ਹੈਲੋ ਪੈਡੀ (ਜਸਬੀਰ ਭੁੱਲਰ, ਸਮਕਾਲੀ ਸਾਹਿਤ, ਅਪਰੈਲ-ਜੂਨ), ਮੋਰ-ਘੁੱਗੀਆਂ (ਮੁਖਤਾਰ ਗਿੱਲ, ਸਾਹਿਤਕ ਏਕਮ, ਜਨਵਰੀ-ਮਾਰਚ), ਕੀੜਿਆਂ ਦਾ ਭੌਣ (ਕਿਰਪਾਲ ਕਜ਼ਾਕ, ਹੁਣ, ਜਨਵਰੀ-ਅਪਰੈਲ), ਮਦਾਰੀ (ਸੁਰਿੰਦਰ ਉਬਰਾਏ, ਆਬਰੂ, ਅਕਤੂਬਰ-ਦਸੰਬਰ), ਡੈਡ ਨਹੀਂ ਫਾਦਰ (ਸੰਤੋਖ ਧਾਲੀਵਾਲ, ਅੱਖਰ, ਨਵੰਬਰ-ਦਸੰਬਰ), ਭਾਰਤ ਰਤਨ (ਗੁਰਦੇਵ ਰੁਪਾਣਾ, ਹੁਣ, ਜਨਵਰੀ ਅਪਰੈਲ) ਆਦਿ। ਇਹ ਹੌਸਲਾ-ਵਧਾਊ ਗੱਲ ਹੈ ਕਿ ਤੀਜੇ ਪੜਾਅ ਦੇ ਇਹ ਸਾਡੇ ਮਾਣਯੋਗ ਕਹਾਣੀਕਾਰ ਵੀ ਅਜੇ ਪੂਰੀ ਸਰਗਰਮੀ ਨਾਲ ਲਿਖ ਰਹੇ ਹਨ ਅਤੇ ਇਨ੍ਹਾਂ ਕੋਲ ਪ੍ਰੌਢ ਗਲਪੀ ਹੁਨਰ ਵੀ ਹੈ, ਪਰ ਵਸਤੂ-ਚੋਣ ਤੋਂ ਪਤਾ ਲਗਦਾ ਹੈ ਕਿ ਅਨੁਭਵ ਵਿਚ ਸੱਜਰਾਪਣ ਨਹੀਂ ਰਿਹਾ। ਇਉਂ ਜਾਪਦਾ ਹੈ ਜਿਵੇਂ ਪੁਰਾਣੀਆਂ ਯਾਦਾਂ ਨੂੰ ਹੀ ਮਾੜੀ-ਮੋਟੀ ਗਲਪੀ ਰੰਗਣ ਦੇ ਕੇ ਸਾਂਝੀਆਂ ਕਰ ਰਹੇ ਹੋਣ।

-ਸਾਡੇ ਕੁਝ ਅਹਿਮ ਕਹਾਣੀਕਾਰ ਇਸ ਸਾਲ ਸਦੀਵੀ ਵਿਛੋੜਾ ਦੇ ਗਏ ਹਨ। ਵੇਰਵਾ ਇਸ ਤਰ੍ਹਾਂ ਹੈ: ਇੰਦਰ ਸਿੰਘ ਖਾਮੋਸ਼, ਦਿਲੀਪ ਕੌਰ ਟਿਵਾਣਾ, ਜਸਵੰਤ ਸਿੰਘ ਕੰਵਲ, ਜ਼ੋਰਾ ਸਿੰਘ ਸੰਧੂ, ਹਮਦਰਦਵੀਰ ਨੌਸ਼ਹਿਰਵੀ, ਆਮੀਨ ਮਲਿਕ, ਰਾਜ ਕੁਮਾਰ ਗਰਗ, ਰਾਕੇਸ਼ ਰਮਨ, ਭੂਰਾ ਸਿੰਘ ਕਲੇਰ ਅਤੇ ਸ਼ਰਨਜੀਤ ਕੌਰ।

***ਨਵ-ਨਾਰੀਵਾਦ, ਨਵ-ਦਲਿਤਵਾਦ, ਪਾਰ-ਰਾਸ਼ਟਰਵਾਦ ਤਾਂ ਪਹਿਲਾਂ ਹੀ ਇਸ ਨਵੇਂ ਮੱਧਵਰਗ ਦੀ ਬਿਰਤਾਂਤ-ਚੇਤਨਾ ਦਾ ਭਰਵਾਂ ਅੰਗ ਬਣੇ ਹੋਏ ਹਨ, ਹੁਣ ਕਿਸਾਨੀ ਸੰਘਰਸ਼ ਨੇ ਮਜ਼ਦੂਰ-ਕਿਸਾਨ ਦੇ ਨਵੇਂ ਰਾਜਸੀ ਅਵਚੇਤਨ ਅਤੇ ਮਾਨਵੀ ਸਰੋਕਾਰਾਂ ਨੂੰ ਵੀ ਨਵੇਂ ਸਿਰਿਉਂ ਪਰਿਭਾਸ਼ਤ ਕਰਨਾ ਸ਼ੁਰੂ ਕਰ ਦਿੱਤਾ ਹੈ।***

-ਮੇਰੇ ਅਜ਼ੀਜ਼, ਨਾਮਵਰ ਪਾਕਿਸਤਾਨੀ ਪੰਜਾਬੀ ਚਿੰਤਕ ਅਤੇ ਕਹਾਣੀਕਾਰ ਡਾ. ਕਰਾਮਤ ਮੁਗਲ ਦੁਆਰਾ ਸਾਂਝੀ ਕੀਤੀ ਜਾਣਕਾਰੀ ਅਨੁਸਾਰ ਇਸ ਵਰੇ ਓਧਰ ਅੱਧੀ ਦਰਜਨ ਦੇ ਕਰੀਬ ਮੌਲਿਕ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਹੋਏ ਅਤੇ ਇੱਕ ਸੰਪਾਦਿਤ ਕਹਾਣੀ-ਸੰਗ੍ਰਹਿ 'ਰੰਗ ਬਰੰਗੀ ਕਹਾਣੀ' (ਸੰਪਾਦਕ ਮਲਿਕ ਸ਼ਾਹ ਸਵਾਰ ਨਾਸਿਰ) ਵੀ ਛਪਿਆ ਹੈ। ਢਾਹਾਂ ਪੁਰਸਕਾਰ ਦੀ ਹੌਸਲਾ ਅਫਜਾਈ ਨਾਲ ਓਧਰ ਕਾਫੀ ਸਰਗਰਮੀ ਵਧੀ ਹੈ।


-ਪਾਕਿਸਤਾਨੀ ਪੰਜਾਬੀ ਕਹਾਣੀ ਨਾਲੋ ਨਾਲ ਲਿਪੀਅੰਤਰ ਹੋ ਕੇ ਅਜੇ ਅਲਪਮਾਤਰ ਹੀ ਗੁਰਮੁਖੀ ਵਿਚ ਪਹੁੰਚਦੀ ਹੈ, ਪਰ ਇਸ ਸਾਲ ਬੈਲਜੀਅਮ ਵਸਦੇ ਨਾਮਵਰ ਪਾਕਿਸਤਾਨੀ ਪੰਜਾਬੀ ਕਹਾਣੀਕਾਰ ਆਗ਼ਾ ਅਲੀ ਮੁਦੱਸਰ ਦਾ ਮਹੱਤਵਪੂਰਨ ਕਹਾਣੀ-ਸੰਗ੍ਰਹਿ 'ਕਾਵਾਂ ਦੇ ਅੱਥਰੂ' ਗੁਰਮੁਖੀ ਵਿਚ ਵੀ ਛਪਿਆ ਹੈ, ਜਿਸ ਦਾ ਲਿਪੀਅੰਤਰ ਨੌਜਵਾਨ ਚਿੰਤਕ ਡਾ. ਪਰਮਜੀਤ ਸਿੰਘ ਮੀਸ਼ਾ ਨੇ ਕੀਤਾ ਹੈ।

-ਪਰਵਾਸੀ ਪੰਜਾਬੀ ਕਹਾਣੀ ਦਾ ਸੰਸਾਰ, ਕੈਨੇਡਾ ਤੋਂ ਬਾਹਰ, ਭਾਵੇਂ ਤੇਜੀ ਨਾਲ ਸੁੰਗੜਨਾ ਸ਼ੁਰੂ ਹੋ ਚੁਕਾ ਹੈ, ਪਰ ਇਸ ਵਰ੍ਹੇ ਕਰਮ ਸਿੰਘ ਮਾਨ (ਅਮਰੀਕਾ) ਦਾ ਕਹਾਣੀ ਸੰਗ੍ਰਹਿ 'ਬੋਸਕੀ ਦਾ ਪਜਾਮਾ' ਅਤੇ ਹਰਜੀਤ ਅਟਵਾਲ (ਯੂ. ਕੇ.) ਦੀਆਂ ਇਕੱਠੀਆਂ ਤਿੰਨ ਕਹਾਣੀਆਂ ਛਪਣਾ ਇਸ ਪੱਖੋਂ ਕੁਝ ਢਾਰਸ ਦੇਣ ਵਾਲਾ ਹੈ।

-2019 ਲਈ ਢਾਹਾਂ ਪੁਰਸਕਾਰ ਜਿਨ੍ਹਾਂ ਦੋ ਕਹਾਣੀ ਸੰਗ੍ਰਹਿਆਂ ਦੇ ਹਿੱਸੇ ਆਇਆ ਉਨ੍ਹਾਂ ਦੇ ਰਚਨਹਾਰ ਕੇਸਰਾ ਰਾਮ (ਜਨਾਨੀ ਪੌਦ), ਜ਼ੁਬੈਰ ਅਹਿਮਦ (ਪਾਣੀ ਦੀ ਕੰਧ) ਵਧਾਈ ਦੇ ਹੱਕਦਾਰ ਹਨ।

-ਇਸੇ ਤਰ੍ਹਾਂ ਸਾਹਿਤਯ ਅਕਾਦਮੀ ਦਾ ਪੁਰਸਕਾਰ ਪ੍ਰਸਿੱਧ ਕਹਾਣੀਕਾਰ ਕਿਰਪਾਲ ਕਜ਼ਾਕ ਨੂੰ ਪ੍ਰਾਪਤ ਹੋਇਆ, ਜੋ ਕਹਾਣੀ ਖੇਤਰ ਲਈ ਵੱਡੇ ਮਾਣ ਵਾਲੀ ਗੱਲ ਹੈ।

-ਇਸ ਵਰੇ ਕਰੋਨਾ ਦੀ ਕ੍ਰੋਪੀ ਕਰਕੇ 'ਹੁਣ' ਵਰਗੇ ਕੁਝ ਚੰਗੇ ਰਿਸਾਲਿਆਂ ਦੇ ਅੰਕ ਜਾਂ ਛਪ



ਕਿਰਪਾਲ ਕਜ਼ਾਕ

ਨਹੀਂ ਸਕੇ ਜਾਂ ਬਹੁਤ ਪਛੜ ਕੇ ਛਪ ਸਕੇ। ਇਸ ਕਰਕੇ ਚੰਗੀਆਂ ਕਹਾਣੀਆਂ ਬਹੁਤ ਘੱਟ ਮਾਤਰਾ ਵਿਚ ਪ੍ਰਾਪਤ ਹੋ ਸਕੀਆਂ, ਪਰ ਸੰਕਟ ਸਮੇਂ ਵੀ ਰਿਸਾਲੇ 'ਪ੍ਰਵਚਨ' ਨੇ ਡਲਹੌਜੀ ਕਹਾਣੀ ਗੋਸ਼ਟੀ: ਵਿਸ਼ੇਸ਼ ਅੰਕ (ਜਨਵਰੀ-ਮਾਰਚ) ਛਾਪ ਕੇ ਆਪਣੀ ਸਿਹਤਮੰਦ ਪਿਰਤ ਨੂੰ ਜਾਰੀ ਰੱਖਿਆ ਹੈ।

-ਸ਼ਾਹਕਾਰ ਕਹਾਣੀਆਂ ਲਿਖਣ ਵਾਲੇ ਹਰਪ੍ਰੀਤ ਸਿੰਘ ਚਨੂੰ ਨੇ ਪੈਂਤੀ-ਚਾਲੀ ਸਾਲਾਂ ਦੇ ਵਕਫੇ ਮਗਰੋਂ ਇਸ ਸਾਲ ਕਹਾਣੀ 'ਸੱਥਰ' ਨਾਲ ਮੁੜ ਭਰਵੀਂ ਦਸਤਕ ਦੇ ਕੇ ਖੂਬ ਪ੍ਰਸ਼ੰਸਾ ਹਾਸਿਲ ਕੀਤੀ ਹੈ, ਖੁਸ਼ਆਮਦੀਦ ਕਹਿਣਾ ਬਣਦਾ ਹੈ।

-ਇਸ ਸਾਲ ਕਰੋਨਾ ਦੇ ਬਾਵਜੂਦ ਕਹਾਣੀ-ਸੰਗ੍ਰਹਿ ਸੰਪਾਦਿਤ ਕਰਨ ਵਿਚ ਬਹੁਤ ਸਰਗਰਮੀ ਵੇਖਣ ਨੂੰ ਮਿਲੀ। ਕੁਝ ਉਲੇਖਯੋਗ ਸੰਗ੍ਰਹਿ ਹਨ: ਸਰਵੋਤਮ ਸਮਕਾਲੀ ਪੰਜਾਬੀ ਕਹਾਣੀ, (ਨੈਸ਼ਨਲ ਬੁੱਕ ਟਰੱਸਟ), ਟੂਣੇਹਾਰੀ ਰੁੱਤ-ਇੱਕੀਵੀਂ ਸਦੀ ਦੀ ਚੋਣਵੀਂ ਪੰਜਾਬੀ ਕਹਾਣੀ, ਨਵੀਂ ਰੁੱਤ ਦੇ ਸੁਪਨੇ-ਸਾਲ 2019 ਦੀ ਸਰਵੋਤਮ ਪੰਜਾਬੀ ਕਹਾਣੀ (ਸੰਪਾਦਕ ਬਲਦੇਵ ਸਿੰਘ ਧਾਲੀਵਾਲ), ਸੰਕਟਨਾਮਾ ਪੰਜਾਬ-ਪੰਜਾਬ ਸੰਕਟ ਦੀ ਚੋਣਵੀਂ ਪੰਜਾਬੀ ਕਹਾਣੀ (ਸੰਪਾਦਕ ਬਲਦੇਵ ਸਿੰਘ ਧਾਲੀਵਾਲ ਅਤੇ ਸੁਰਜੀਤ ਸਿੰਘ), ਕਮਰਾ ਨੰਬਰ 302 ਅਤੇ ਹੋਰ ਕਹਾਣੀਆਂ-ਵਿਦਿਆਰਥੀ ਲੇਖਕਾਂ ਦੀਆਂ 26 ਕਹਾਣੀਆਂ (ਸੰਪਾਦਕ ਬਲਵੀਰ ਕੌਰ ਰੀਹਲ, ਕੁਲਵਿੰਦਰ ਸਿੰਘ ਸੱਗੀ), 31 ਦਲਿਤ ਕਹਾਣੀਆਂ (ਸੰਪਾਦਕ ਅਨੇਮਨ ਸਿੰਘ), ਸ਼ਾਇਦ ਦਿਨ ਚੜ੍ਹ ਜਾਂਦਾ-ਕਿਸਾਨੀ ਜੀਵਨ 'ਤੇ ਕੇਂਦਰਿਤ 25 ਕਹਾਣੀਆਂ (ਸੰਪਾਦਕ ਰਵੇਲ ਸਿੰਘ), 2019 ਦੀਆਂ ਬੇਹਤਰੀਨ ਕਹਾਣੀਆਂ (ਭਾਗ-1), 2019 ਦੀਆਂ ਚੋਣਵੀਆਂ ਕਹਾਣੀਆਂ (ਭਾਗ-2) (ਸੰਪਾਦਕ ਸੁਸ਼ੀਲ ਦੁਸਾਂਝ), 2019 ਦੀਆਂ ਪ੍ਰਤੀਨਿਧ ਕਹਾਣੀਆਂ (ਸੰਪਾਦਕ ਸੁਕੀਰਤ)। ਵਿਸ਼ੇਮੂਲਕ ਵੰਨਗੀ ਦੇ ਕਹਾਣੀ-ਸੰਗ੍ਰਹਿ ਤਿਆਰ ਕਰਨਾ ਬਹੁਤ ਵਧੀਆ ਪਿਰਤ ਹੈ ਤੇ ਜਾਰੀ ਰਹਿਣੀ ਚਾਹੀਦੀ ਹੈ, ਪਰ ਸੰਪਾਦਕਾਂ ਨੂੰ ਆਪਣੀ ਸੰਪਾਦਨ-ਦ੍ਰਿਸ਼ਟੀ ਸਬੰਧੀ ਰਤਾ ਹੋਰ ਗੰਭੀਰ ਹੋਣ ਦੀ ਜ਼ਰੂਰਤ ਹੈ। ਸੰਪਾਦਨ-ਕਾਰਜ ਬਹੁਤ ਮਿਹਨਤ ਅਤੇ ਖੋਜ-ਕੁਸ਼ਲਤਾ ਦੀ ਮੰਗ ਕਰਦਾ ਹੈ, ਇਸ ਲਈ ਇਹ ਕਾਰਜ ਨਿਰੋਲ ਮੰਡੀ ਦੀਆਂ ਲੋੜਾਂ ਪੂਰੀਆਂ ਕਰਨ ਜਾਂ ਨਿਜੀ ਹਉਮੈ ਨੂੰ ਸੰਤੁਸ਼ਟ ਕਰਨ ਲਈ ਨਹੀਂ ਹੋਣਾ ਚਾਹੀਦਾ।

ਪੰਜਾਬੀ ਕਹਾਣੀ ਦੇ ਖੇਤਰ ਦੀਆਂ ਇਨ੍ਹਾਂ ਸਮੂਹ ਸਰਗਰਮੀਆਂ ਦੇ ਆਧਾਰ ਉੱਤੇ ਇਹ ਕਿਹਾ ਜਾ ਸਕਦਾ ਹੈ ਕਿ ਕਰੋਨਾ ਦੇ ਆਫਤੀ ਦੌਰ ਵਿਚ ਵੀ ਇਹ ਸੁਖਦ ਅਹਿਸਾਸ ਦੇਣ ਵਾਲੀ ਗੱਲ ਹੈ ਕਿ ਪੰਜਾਬੀ ਕਹਾਣੀਕਾਰ ਇਤਿਹਾਸਕ ਚੁਣੌਤੀ ਨੂੰ ਸਮਝਦਿਆਂ ਪੂਰੇ ਉਤਸ਼ਾਹ ਨਾਲ ਅਜੋਕੇ 'ਨਿਊ ਨਾਰਮਲ' ਦੀ ਪਛਾਣ ਕਰਨ ਅਤੇ ਉਸ ਨੂੰ ਗਲਪ-ਬਿੰਬ ਰਾਹੀਂ ਪੇਸ਼ ਕਰਨ ਵਿਚ ਜੁਟੇ ਰਹੇ ਹਨ। ਬਹੁਤੀ ਅਜੋਕੀ ਪੰਜਾਬੀ ਕਹਾਣੀ ਉਤਮ-ਪੁਰਖੀ ਬਿਰਤਾਂਤਕਾਰ ਦੀ ਵਿਧੀ ਨਾਲ ਲਿਖੀ ਜਾ ਰਹੀ ਹੈ, ਪਰ ਉਤਮ-ਪੁਰਖੀ ਬਿਰਤਾਂਤਕਾਰ ਰਾਹੀਂ ਕਹਾਣੀ ਕਹਿਣ ਦੇ ਪ੍ਰਸੰਗ ਵਿਚ ਪੰਜਾਬੀ ਕਹਾਣੀਕਾਰਾਂ ਨੇ ਇਸ ਵਾਰ ਵੀ ਗੰਭੀਰ ਉਕਾਈਆਂ ਕੀਤੀਆਂ ਹਨ। ਇਸ ਗੱਲ ਵੱਲੋਂ ਉਹ ਅਕਸਰ ਅਵੇਸਲੇ ਹੋ ਜਾਂਦੇ ਹਨ ਕਿ ਉਤਮ-ਪੁਰਖੀ ਬਿਰਤਾਂਤਕਾਰ ਪਾਤਰ-ਰੂਪ ਹੁੰਦਾ ਹੈ, ਇਸ ਲਈ ਉਸ ਦੀ ਭਾਸ਼ਾ ਅਤੇ ਵਿਅਕਤਿਤਵ ਉਸ ਪਾਤਰ-ਵਿਸ਼ੇਸ਼ ਦੇ ਅਨੁਕੂਲ ਹੀ ਹੋਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਉਤਮ-ਪੁਰਖੀ ਬਿਰਤਾਂਤਕਾਰ ਲੇਖਕ ਦਾ ਧੁਤੂ ਨਹੀਂ ਹੁੰਦਾ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਵੇਂ ਪੜਾਅ ਦੇ ਸਪੱਸ਼ਟ ਨਕਸ਼ਾਂ ਵਾਲੀ ਪੰਜਾਬੀ ਕਹਾਣੀ ਨੇ ਭਾਵੇਂ ਅਜੇ ਨਵੀਆਂ ਸਿਖਰਾਂ ਤਾਂ ਅਗਲੇ ਸਾਲਾਂ ਵਿਚ ਛੋਹਣੀਆਂ ਹਨ, ਪਰ ਆਪਣੀ ਬੁਨਿਆਦ ਬਹੁਤ ਮਜ਼ਬੂਤ ਢੰਗ ਨਾਲ ਰੱਖੀ ਹੈ। ਇਸ ਲਈ ਇਨ੍ਹਾਂ ਨਵੇਂ ਹੋਣਹਾਰ ਕਹਾਣੀਕਾਰਾਂ ਦਾ ਭਰਵਾਂ ਸੁਆਗਤ ਕਰਨਾ ਬਣਦਾ ਹੈ।

***ਵਿਸ਼ਵੀਕਰਨ ਦਾ ਮਾਨਵੀ ਰੂਪ ਵਾਲਾ ਚਿਹਰਾ ਕਿ ਇਸ ਨਾਲ ਸੰਸਾਰ ਵਿਚ ਸਹਿਭਾਵੀ ਆਦਾਨ-ਪ੍ਰਦਾਨ ਵਧੇਗਾ, ਨੰਗਾ ਹੋ ਚੁਕਾ ਹੈ। ਅਸਲ ਰੂਪ ਵਿਚ ਵਿਸ਼ਵੀਕਰਨ ਸਰਮਾਏਦਾਰ ਪੱਛਮੀ ਮੁਲਕਾਂ ਲਈ ਇਕਪਾਸੜ ਵਿਕਾਸ ਦਾ ਧਾਰਨੀ, ਨਵ-ਬਸਤੀਵਾਦ ਹੀ ਸੀ, ਜਿਸ ਨੇ ਅੰਤ ਨੂੰ ਕੇਂਦਰ-ਮੁੱਖ ਨਵ-ਰਾਸ਼ਟਰਵਾਦ ਦੀ ਵਿਸ਼ਵ-ਦ੍ਰਿਸ਼ਟੀ ਨੂੰ ਹੀ ਉਭਾਰਨਾ ਸੀ। ਉਹੀ ਵਾਪਰਿਆ ਜਿਸ ਦਾ ਡਰ ਸੀ, ਪਰ ਹੁਣ ਇਸ ਸੱਜੇ-ਪੱਖੀ ਵਿੰਗ ਦੇ ਪਾਪੂਲਿਸਟ ਅਤੇ ਉਤਸ਼ਾਹੀ ਆਰਥਕ ਰਾਸ਼ਟਰਵਾਦ ਦੇ ਵਿਰੁੱਧ ਉਤਰ-ਬਸਤੀਵਾਦੀ ਜਾਂ ਧਰਤ-ਮੁੱਖ ਤੇ ਬਹੁਵੰਨੇ ਸਭਿਆਚਾਰਕ ਵਿਕਾਸ ਦਾ ਲੋਕ-ਪੱਖੀ ਮਾਡਲ ਵੀ ਤੇਜੀ ਨਾਲ ਉਭਰ ਰਿਹਾ ਪ੍ਰਤੱਖ ਨਜ਼ਰ ਆਉਂਦਾ ਹੈ। ਇਨਾਂ ਦੋਹਾਂ ਵਿਸ਼ਵ-ਦ੍ਰਿਸ਼ਟੀਆਂ ਦੀ ਤਿੱਖੀ ਕਸ਼ਮਕਸ਼ ਵਿਚੋਂ ਹੀ ਅਜੋਕਾ ਸਾਹਿਤਕ ਪ੍ਰਵਚਨ, ਜਿਸ ਵਿਚ ਪੰਜਵੇਂ ਪੜਾਅ ਦੀ ਪੰਜਾਬੀ ਕਹਾਣੀ ਵੀ ਇਕ ਅਹਿਮ ਵੰਨਗੀ ਵਜੋਂ ਸ਼ਾਮਿਲ ਹੈ, ਪੈਦਾ ਹੋ ਰਿਹਾ ਹੈ।***

# ਕਬੱਡੀ ਖਿਡਾਰੀ ਕਾਲੇ ਸੰਘਿਆਂ ਵਾਲਾ ਮੋਹਣਾ

**ਖੇਡ ਸੰਸਾਰ**

ਕਾਲੇ ਸੰਘਿਆਂ ਦਾ ਜ਼ਿਕਰ ਆਉਂਦੇ ਹੀ ਇਸ ਪਿੰਡ ਕਈ ਮਹਾਨ ਕਬੱਡੀ ਖਿਡਾਰੀ ਦਿਲ ਦਿਮਾਗ 'ਤੇ ਛਾ ਜਾਂਦੇ ਨੇ, ਜਿਨ੍ਹਾਂ 'ਚੋਂ ਇਕ ਖਿਡਾਰੀ ਹੈ ਮੋਹਣ ਸਿੰਘ ਮੋਹਣਾ, ਜੋ ਕਬੱਡੀ ਜਗਤ ਵਿਚ ਮੋਹਣੇ ਸੰਘੇ ਨਾਲ ਮਸ਼ਹੂਰ ਹੋਇਐ, ਜਿਸ ਨੇ ਵਧੀਆ ਕਬੱਡੀ ਖੇਡੀ ਤੇ ਉਹਦੀ ਖੇਡ ਨੂੰ ਲੋਕ ਅੱਜ ਵੀ ਯਾਦ ਕਰਦੇ ਨੇ।

ਇੰਗਲੈਂਡ ਜਾਣ ਤੋਂ ਪਹਿਲਾਂ ਮੋਹਣੇ ਨੇ ਸਕੂਲਾਂ, ਕਾਲਜਾਂ ਤੋਂ ਹੁੰਦੇ ਹੋਏ ਇਲਾਕੇ ਦੇ ਵੱਖ ਵੱਖ ਹਿੱਸਿਆਂ 'ਚ ਕਬੱਡੀ ਖੇਡੀ ਅਤੇ ਪਹਿਲਵਾਨੀ ਕਰਕੇ ਪਿੰਡ ਅਤੇ ਮਾਤਾ-ਪਿਤਾ ਦਾ ਨਾਂ ਉਚਾ



**ਇਕਬਾਲ ਸਿੰਘ ਜੱਬੋਵਾਲੀਆ**
ਫੋਨ: 917-375-6395

ਕੀਤਾ। ਚੱਕ ਕਲਾਂ, ਨਕੋਦਰ, ਵੱਡਾ ਰੁੜਕਾ, ਛੋਟਾ ਰੁੜਕਾ, ਟਿੱਬੇ (ਰੱਤੂ ਟਿੱਬੇ ਦਾ ਪਿੰਡ), ਸਿੱਧਵਾਂ, ਰਾਏਪੁਰ ਬੱਲਾਂ, ਅਤੇ ਕਈ ਹੋਰ ਕਲੱਬਾਂ ਨਾਲ ਮੈਚ ਖੇਡੇ। ਪਿੰਡ ਦੀ ਟੀਮ 'ਚ ਰੋਡਾ, ਗੀਤਾ, ਮੱਖਣ, ਇਕਬਾਲ, ਟੋਨੀ ਜਾਫੀ ਹੁੰਦੇ ਸਨ, ਜਦੋਂ ਕਿ ਰੇਡਰਾਂ 'ਚ ਮੋਹਣਾ, ਪੱਪੂ, ਕੀਕਾ ਤੇ ਪੱਪੂ ਪੰਛੀ ਸਨ।

ਉਨ੍ਹਾਂ ਆਈ. ਟੀ. ਆਈ. ਤਲਵਾੜਾ ਵਲੋਂ ਖੇਡਦਿਆਂ ਆਈ. ਟੀ. ਆਈ. ਪੰਜਾਬ ਦੀਆਂ ਸਾਰੀਆਂ ਟੀਮਾਂ ਹਰਾਈਆਂ। ਆਈ. ਟੀ. ਆਈ. ਦੇ ਖਿਡਾਰੀਆਂ 'ਚ ਖੁਦ ਮੋਹਣਾ, ਸਰੂਪਾ, ਸੇਮਾਂ ਲਾਂਬੜਾ, ਕੀਪਾ ਗਾਜ਼ੀਪੁਰ ਰੇਡਰ ਅਤੇ ਗੁਰਦੀਪ ਗੀਤਾ, ਸੋਖਾ ਨਿੱਝਰ ਤੇ ਤੋਖਾ ਰਹੀਮਪੁਰ ਜਾਫੀ ਸ਼ਾਮਲ ਸਨ। ਪਿੰਡਾਂ ਦੇ ਮੈਚ ਨਕੋਦਰ, ਸਿਕਰੀ, ਢੱਡਾ, ਕੁੱਕੜ ਪਿੰਡ, ਮਿੱਠਾਪੁਰ ਅਤੇ ਹੋਰ ਨਾਮਵਰ ਟੀਮਾਂ ਨਾਲ ਖੇਡੇ।

ਆਈ. ਟੀ. ਆਈ. ਤਲਵਾੜਾ ਵਲੋਂ ਲੁਧਿਆਣੇ ਮੈਚਾਂ 'ਚ ਖੇਡਣ ਗਏ। ਲੁਧਿਆਣਾ ਦੀ ਟੀਮ ਦੇ ਵੀ ਤਕੜੇ ਖਿਡਾਰੀ ਸਨ। ਜ਼ਬਰਦਸਤ ਟੱਕਰਾਂ ਹੋਈਆਂ। ਸ. ਸਰਦੂਲ ਸਿੰਘ ਰੰਧਾਵਾ ਕੋਚ ਉਹਦੀ ਖੇਡ ਦਾ ਬੜਾ ਕਦਰਦਾਨੀ ਤੇ ਹਮੇਸ਼ਾ ਥਾਪੜਾ ਦੇਣ ਵਾਲਾ ਇਨਸਾਨ ਸੀ।

ਰਾਏਪੁਰ ਬੱਲਾਂ ਇਕ ਵਾਰ ਮੈਚ ਖੇਡਣ ਗਏ। ਜਿੱਤ ਦੀ ਆਸ ਨਾਲ ਰਾਏਪੁਰ ਬੱਲਾਂ ਵਾਲਿਆਂ ਆਪਣੇ ਪਿੰਡ ਦੀ ਟੀਮ ਨੂੰ ਵਾਜੇ-ਗਾਜੇ ਨਾਲ ਗਰਾਊਂਡ ਵਿਚ ਉਤਾਰਿਆ। ਮੈਚ ਵੇਖਣ ਲਈ ਦੂਰੋਂ ਦੂਰੋਂ ਲੋਕ ਢੁੱਕੇ ਹੋਏ ਸਨ। ਅੱਡੀਆਂ ਚੁੱਕ ਚੁੱਕ ਦਰਸ਼ਕ ਮੈਚ ਸ਼ੁਰੂ ਹੋਣ ਦਾ ਇੰਤਜ਼ਾਰ ਕਰ ਰਹੇ ਸਨ। ਸੂਰਜ ਦੇਵਤਾ ਵੀ ਢਲਣ ਕਿਨਾਰੇ ਜਾ ਰਿਹਾ ਸੀ। ਵਿਰੋਧੀ ਟੀਮ 'ਚ ਨੇਕੀ ਸਿੱਧਵਾਂ, ਜੋਗਾ ਚਮਿਆਰਾ, ਬੱਲੂ ਭਾਣੋਂਕੀ ਤੇ ਤੋਖਾ ਰਹੀਮਪੁਰ ਮੰਨੇ ਜਾਫੀ ਸਨ। ਮੋਹਣੇ ਨੇ ਲਗਾਤਾਰ ਸੱਤ ਰੇਡਾਂ ਪਾਈਆਂ ਤੇ ਸੱਤਾਂ ਰੇਡਾਂ 'ਚੋਂ ਸਿਰਫ ਇਕ ਵਾਰ ਤਕੜੇ ਜਾਫੀ ਨੇਕੀ ਕੋਲੋਂ ਰੁਕਿਆ। ਮੋਹਣੇ ਵੱਲ ਗੁਰਦੀਪ ਗੀਤਾ ਤੇ ਸੋਖੇ ਨਿੱਝਰ ਵਰਗੇ ਤਕੜੇ ਖਿਡਾਰੀ ਸਨ।

ਖੁਸ਼ ਹੋ ਕੇ ਰਾਏਪੁਰ ਬੱਲਾਂ ਦੀ ਪ੍ਰਬੰਧਕ ਕਮੇਟੀ ਨੇ ਮੋਹਣਾ, ਗੀਤਾ ਤੇ ਸਰੂਪੇ-ਤਿੰਨਾਂ ਖਿਡਾਰੀਆਂ ਨੂੰ ਢਾਈ-ਢਾਈ ਤੋਲੇ ਦੇ ਸੋਨੇ ਦੇ ਮੈਡਲ, ਨਕਦ ਮਾਇਆ ਤੇ ਟਰਾਫੀ ਭੇਟ ਕੀਤੀ। ਪੈਸੇ ਤੇ ਟਰਾਫੀ ਨਾਲ ਬੜੀ ਖੁਸ਼ੀ ਹੋਈ ਤੇ ਮੈਡਲਾਂ ਨਾਲ ਖੁਸ਼ੀ ਦੁਗਣੀ-ਚੌਗੁਣੀ ਹੋ ਗਈ। ਉਹ ਮੁੜ ਮੁੜ ਮੈਡਲਾਂ ਨੂੰ ਚੁੰਮੀ ਤੇ ਵੇਖੀ ਜਾਣ। ਉਸ ਪਿੰਡ ਦੇ ਵਿਦੇਸ਼ ਰਹਿੰਦੇ ਸ. ਜੋਗਿੰਦਰ ਸਿੰਘ ਨੇ ਇਹ ਸਾਰਾ ਮਾਣ-ਤਾਣ ਕੀਤਾ ਸੀ। ਸੋਨੇ ਦੇ ਮੈਡਲ ਤੇ ਮਾਇਆ ਰੱਖ ਲਈ ਤੇ ਟਰਾਫੀ ਬਾਬਾ ਕਾਹਨ ਦਾਸ ਮਹਾਂ-ਪੁਰਸ਼ਾਂ ਦੇ ਡੇਰੇ 'ਤੇ ਪਹਿਲਾਂ ਹੀ ਸੁਖਣਾ ਸੁਖੀ ਹੋਈ ਕਰਕੇ ਚੜ੍ਹਾ ਦਿੱਤੀ।

1983 'ਚ ਰਾਮਪੁਰਾ ਫੂਲ ਚੈਂਪੀਅਨਸ਼ਿਪ ਦੇ ਸੈਮੀ-ਫਾਈਨਲ ਮੁਕਾਬਲੇ 'ਚ ਲੁਧਿਆਣੇ ਦਾ ਪਹਿਲਾ, ਜਦੋਂ ਕਿ ਮੋਹਣੇ ਹੁਰੀਂ ਦੂਜੇ ਸਥਾਨ 'ਤੇ ਰਹੇ। ਖਿਡਾਰੀਆਂ 'ਚ ਮੋਹਣਾ, ਜਰਨੈਲ ਜੈਲਾ ਤੇ ਅਖਤਰ ਧਾਵੀ ਸਨ ਤੇ ਜਾਫੀਆਂ 'ਚ ਕੀਪਾ, ਰੋਡਾ ਤੇ ਰਸ਼ੀਦ ਸਨ। ਇਕ ਵਾਰ ਸ. ਜਸਵੰਤ ਸਿੰਘ ਕੰਵਲ ਦੇ ਪਿੰਡ ਢੁਡੀਕੇ ਮੈਚ ਖੇਡਣ ਦਾ ਮੌਕਾ ਮਿਲਿਆ। ਕਬੱਡੀ 'ਚ ਵੱਡੇ ਇਨਾਮਾਂ ਵਾਲੇ ਪਿੰਡ ਔਜਲੇ ਖੇਡਣ ਗਏ। ਔਜਲਿਆਂ ਦੀ ਤਕੜੀ ਟੀਮ ਨੂੰ ਬੜੇ ਜੋਰ ਨਾਲ ਜਿੱਤਿਆ ਤੇ ਵੱਡੇ ਇਨਾਮਾਂ ਨਾਲ ਮਾਣ ਖੱਟਿਆ।



1991 'ਚ ਉਹ ਆਪਣੇ ਨਾਨਕੇ ਪਿੰਡ ਦੁਸਾਂਝ ਕਲਾਂ ਖੇਡਣ ਗਿਆ। ਬੜੀ ਰੂਹ ਨਾਲ ਨਾਨਕੀਂ ਕਬੱਡੀ ਖੇਡੀ। ਦੋਹਤੇ, ਭਾਣਜੇ ਨੇ ਨਾਨਕਿਆਂ ਦੇ ਪਿੰਡ ਦੁਸਾਂਝ ਕਲਾਂ ਦੀ ਬੱਲੇ ਬੱਲੇ ਕਰਾਈ। ਇਨਾਮਾਂ ਦੀ ਵੰਡ ਕਰਨ ਆਏ ਪੱਦੀ ਜਗੀਰ ਵਾਲੇ ਪਹਿਲਵਾਨ ਅਤੇ ਪੁਲਿਸ ਅਫਸਰ ਸ. ਸੁਖਵੰਤ ਸਿੰਘ ਨੇ ਘੁੱਟ ਕੇ ਜੱਫੀ ਪਾਈ।



ਕਾਲੇ ਸੰਘਿਆਂ ਦੇ ਜੀਤਾ ਮੌੜ, ਜਵਾਹਰਾ, ਤੋਚੀ ਕੈਨੇਡਾ ਵੀ ਨਾਮਵਰ ਕਬੱਡੀ ਖਿਡਾਰੀ ਰਹਿ ਚੁਕੇ ਹਨ। ਉਸੇ ਪਿੰਡ ਦਾ 82-83 ਸਾਲਾਂ ਦਾ ਕੈਨੇਡਾ ਰਹਿੰਦਾ ਭਜਨ ਸਿੰਘ ਆਪਣੇ ਸਮੇਂ ਦਾ ਤਕੜਾ ਕਬੱਡੀ ਖਿਡਾਰੀ ਰਿਹੈ, ਜਦੋਂ ਕਿ ਉਹਦਾ ਭਰਾ ਕ੍ਰਿਪਾਲ ਸਿੰਘ ਪਾਲਾ ਪਹਿਲਵਾਨ ਰਹਿ ਚੁਕੈ। ਮਹਿੰਦਰ ਮੌੜ ਹੁਰੀਂ ਪੰਜੇ ਭਰਾ ਘੁੱਲਦੇ ਸਨ।

ਕਬੱਡੀ ਦੇ ਨਾਲ ਨਾਲ ਮੋਹਣੇ ਨੇ ਪਹਿਲਵਾਨੀ ਵੀ ਕੀਤੀ। ਕਾਲੇ-ਸੰਘਿਆਂ ਛਿੰਝ 'ਚ ਰਾਣੇ ਮੱਖੂ ਨਾਲ ਛੋਟੀ ਕੁਸ਼ਤੀ ਲੜੀ ਸੀ, ਜਦੋਂ ਕਿ ਵੱਡੀ ਕੁਸ਼ਤੀ 'ਚ ਪਹਿਲਵਾਨ ਬਲਵੀਰ ਸਿੰਘ ਸ਼ੀਰੀ ਸੱਘਵਾਲ ਆਇਆ ਹੋਇਆ ਸੀ। ਇਕ ਵਾਰ ਸਪੋਰਟਸ ਵਿੰਗ ਕਪੂਰਥਲਾ ਵਲੋਂ ਘੁਲਦਿਆਂ ਸ਼ੰਕਰ ਛਿੰਝ 'ਚ ਘੁੱਲਣ ਦਾ ਮੌਕਾ ਮਿਲਿਆ। ਘੁਲਦਿਆਂ ਘੁਲਦਿਆਂ ਉਹਦੇ ਕੋਲੋਂ ਐਸਾ ਦਾਅ ਵੱਜਾ ਕਿ ਵਿਰੋਧੀ ਪਹਿਲਵਾਨ ਦੇ ਧੌਣ 'ਚ ਕਸੂਤੀ ਸੱਟ ਵੱਜ ਗਈ ਸੀ। ਪਰਮਾਤਮਾ ਨੇ ਬਚਾ ਕਰ'ਤਾ, ਨਹੀਂ ਤਾਂ ਵਿਰੋਧੀ ਪਹਿਲਵਾਨ ਦੇ ਲੱਗੀ ਸੱਟ ਦਾ ਮੋਹਣੇ ਨੂੰ ਸਾਰੀ ਉਮਰ ਪਛਤਾਵਾ ਰਹਿਣਾ ਸੀ। ਗੁਰਦਾਵਰ ਪਹਿਲਵਾਨ ਵੀ ਉਸ ਵੇਲੇ ਉਥੇ ਸੀ। ਇਹ ਵਾਰਤਾ ਸੰਨ 1979-80 ਦੀ ਹੈ।


ਸਪੋਰਟਸ ਵਿੰਗ ਵਿਚ ਕਬੱਡੀ ਖੇਡਦਿਆਂ ਉਹਦੇ ਨਾਲ ਲਹਿੰਬਰ ਲੰਬੜ ਕੈਲੀਫੋਰਨੀਆ ਤੇ ਪੰਡੋਰੀ ਫੱਗੂਵਾਲ ਵਾਲਾ ਅਵਤਾਰ ਸਿੰਘ ਪੱਪੂ ਨਾਲ ਖਿਡਾਰੀ ਹੁੰਦੇ ਸਨ। ਅਵਤਾਰ ਪੱਪੂ ਕਬੱਡੀ ਦਾ ਤਕੜਾ ਖਿਡਾਰੀ ਸੀ ਤੇ ਪੁਲਿਸ ਵਿਭਾਗ ਵਿਚੋਂ ਡੀ. ਐਸ. ਪੀ. ਰਿਟਾਇਰ ਹੋਇਐ।

1984 'ਚ ਮੋਹਣਾ ਤੇ ਕਿਸ਼ਨ ਮਹਿੰਦਰ ਮੌੜ ਦੇ ਸੱਦੇ 'ਤੇ ਇੰਗਲੈਂਡ ਖੇਡਣ ਗਏ। ਇੰਗਲੈਂਡ ਜਾ ਕੇ ਨਾਮਵਰ ਖਿਡਾਰੀਆਂ ਨਾਲ ਮੈਚ ਲਾਏ। ਮੈਚ ਵੀ ਖੇਡਦਾ ਰਿਹਾ ਤੇ ਘਰ ਦੇ ਖਰਚੇ ਚਲਾਉਣ ਲਈ ਮਹਿੰਦਰ ਮੌੜ ਵਲੋਂ ਚਲਾਈ ਜਾਂਦੀ 'ਮੌੜ ਡੇਅਰੀ' ਉਤੇ ਉਹ ਤੇ ਲੁਧਿਆਣੇ ਵਾਲਾ ਮੇਜ਼ੀ ਲੋਕਾਂ ਦੇ ਘਰਾਂ 'ਚ ਦੁੱਧ ਪਾਉਣ ਜਾਂਦੇ ਰਹੇ। 1986 'ਚ ਮੋਹਣੇ ਦਾ ਛੋਟਾ ਭਰਾ ਮੇਜਰ ਵੀ ਮੌੜ ਨੇ ਕਬੱਡੀ ਖੇਡਣ ਇੰਗਲੈਂਡ ਸੱਦ ਲਿਆ ਸੀ।

1986 ਤੇ 87 'ਚ ਪਾਕਿਸਤਾਨ ਦੀ ਟੀਮ ਇੰਗਲੈਂਡ ਖੇਡਣ ਗਈ। ਧਾਵੀਆਂ 'ਚ ਮੋਹਣਾ, ਮੇਜ਼ੀ ਲੁਧਿਆਣਾ ਤੇ ਭੱਜੀ ਸਨ ਅਤੇ ਜਾਫੀਆਂ 'ਚ ਜਸਵੀਰ ਘੁੱਗੀ, ਸ਼ਿੰਦਾ ਅਮਲੀ, ਚੁੰਨੀ ਪੱਤੜ ਤੇ ਦੇਬੂ ਗੁਰਦਾਸਪੁਰ ਸਨ। 1987 'ਚ ਕਾਮਰੇਡਾਂ ਵਲੋਂ ਕਰਵਾਏ ਜਾਂਦੇ ਟੋਰਾਂਟੋ ਮੈਚ ਖੇਡਣ ਗਏ। ਰੋਡਾ ਪਹਿਲਵਾਨ ਵੀ ਨਾਲ ਸੀ। ਇਸੇ ਤਰ੍ਹਾਂ ਹੀ ਵੈਨਕੂਵਰ ਜਾ ਕੇ ਵੀ ਕਬੱਡੀ ਕੱਪ ਖੇਡਿਆ।

1989 'ਚ ਇੰਗਲੈਂਡ ਵਲੋਂ ਅਮਰੀਕਾ ਖੇਡਣ ਗਏ। 1990 'ਚ ਇੰਗਲੈਂਡ ਦੀ ਟੀਮ ਨਾਲ ਪੰਜਾਬ ਖੇਡਣ ਗਿਆ। ਉਸੇ ਸਾਲ ਜਿਲਿਆਂ ਦੇ ਮੈਚ ਖੇਡੇ। ਸ. ਸਰਦੂਲ ਸਿੰਘ ਰੰਧਾਵਾ ਕੋਚ ਨੇ ਮਾਈਕ 'ਤੇ ਉਹਦੀ ਬੜੀ ਬੱਲੇ ਬੱਲੇ ਕਰਾਈ, "ਔਹ ਜਾਂਦੈ ਹੱਥ ਲਾ ਕੇ ਭੱਜਿਆ...ਮੇਰਾ ਸ਼ਾਗਿਰਦ...ਮੇਰਾ ਪੱਠਾ। ਮਾਣ ਹੈ ਮੋਹਣੇ 'ਤੇ...ਸ਼ਾਬਾਸ਼ ਜੁਆਨਾਂ...ਖਿੱਚੀ ਰੱਖ।"

ਪੁਰਾਣੇ ਖਿਡਾਰੀਆਂ ਦੀ ਵੀ ਉਹ ਬੜੀ ਕਦਰ ਕਰਦੈ, ਜਿਨ੍ਹਾਂ 'ਚ ਬੋਲਾ ਪੱਤੜ, ਜਸਵੀਰ ਘੁੱਗੀ (ਮੌੜ ਦਾ ਭਤੀਜਾ), ਪ੍ਰੀਤਾ ਨਡਾਲਾ, ਜੀਤੀ ਖੈਰਾ, ਮਹਿੰਦਰ ਢੁੱਡੀਆਂ ਵਾਲਾ, ਵੀਰ੍ਹਾ ਚਮਿਆਰਾ, ਬਲਕਾਰ ਸਿੰਘ ਬਲਕਾਰਾ, ਭੱਜੀ ਖੀਰਾਂ ਵਾਲੀ, ਬੰਸਾਂ, ਬਿੰਦਰ ਘੱਲ ਕਲਾਂ, ਮੇਜ਼ੀ ਲੁਧਿਆਣਾ, ਦੇਬੂ ਗੁਰਦਾਸਪੁਰ, ਜੱਸਾ, ਸੁਲੱਖਣ ਖੈੜਿਆਂ ਵਾਲਾ, ਸ਼ੀਰਾ ਸ਼ੰਮੀਪੁਰੀਆ, ਸ਼ਿੰਦਰ ਲੈਸਟਰ, ਰਛਪਾਲ ਬਿੱਲਾ, ਧੀਰਾ ਡੱਡਵਿੰਡੀ ਤੇ ਹੋਰ। ਮੋਹਣੇ ਦੇ ਦੱਸਣ ਅਨੁਸਾਰ ਅਜਿਹੇ ਖਿਡਾਰੀਆਂ ਨੂੰ ਵੇਖ ਚਾਅ ਚੜ੍ਹਦਾ ਸੀ। ਉਹ ਬੋਲੇ ਦੀ ਖੇਡ ਅਤੇ ਸਰੀਰ ਤੋਂ ਬੜਾ ਪ੍ਰਭਾਵਿਤ ਸੀ।



ਉਹਦਾ ਆਪਣੇ ਬਾਬੇ ਨਾਲ ਦਿਲੀ ਪਿਆਰ ਹੋਣ ਕਰਕੇ ਹਰ ਗੱਲ ਦਾ ਸ਼ੁਗਲ ਕਰ ਲੈਣਾ। ਬਾਬੇ ਨੇ ਹਮੇਸ਼ਾ ਚੰਗੀ ਖੇਡ, ਨਸ਼ਿਆਂ ਤੋਂ ਬਚਣ ਅਤੇ ਹਮੇਸ਼ਾ ਚੰਗੀਆਂ ਨਸੀਹਤਾਂ ਦੇਣੀਆਂ। ਮੋਹਣ ਸਿੰਘ ਆਪਣੀ ਜ਼ਿੰਦਗੀ 'ਚ ਕੋਚ ਸਰਦੂਲ ਸਿੰਘ ਅਤੇ ਮਹਿੰਦਰ ਮੌੜ ਦਾ ਵੱਡਾ ਹੱਥ ਸਮਝਦਾ ਹੈ। ਮੋਹਣਾ ਅਤੇ ਉਹਦਾ ਸਾਰਾ ਪਰਿਵਾਰ ਮਹਿੰਦਰ ਮੌੜ ਦੀ ਬਦੌਲਤ ਯੂ. ਕੇ. ਵਿਚ ਸੈਟਲ ਹੈ। ਆਪਣੇ ਆਪ ਨੂੰ ਉਹ ਬੜਾ ਖੁਸ਼ ਕਿਸਮਤ ਸਮਝਦਾ ਹੈ, ਜ਼ਿੰਦਗੀ ਦਾ ਜਿਸ ਨੂੰ ਬਹੁਤ ਸਮਾਂ ਅੰਕਲ ਮੌੜ ਨਾਲ ਗੁਜ਼ਾਰਨ ਦਾ ਮੌਕਾ ਮਿਲਿਆ।

ਮਹਿੰਦਰ ਮੌੜ ਦੀ ਮੌਤ ਤੋਂ ਬਾਅਦ ਖੇਡ ਪ੍ਰੋਮੋਟਰਾਂ, ਸਹਿਯੋਗੀਆਂ ਅਤੇ ਯਾਰਾਂ-ਬੇਲੀਆਂ ਦੇ ਸਹਿਯੋਗ ਨਾਲ ਮੋਹਣ ਸਿੰਘ ਮੋਹਣੇ ਦੀ ਇਹੀ ਕੋਸ਼ਿਸ਼ ਹੈ ਕਿ ਇੰਗਲੈਂਡ ਦੀਆਂ ਸਾਰੀਆਂ ਕਲੱਬਾਂ ਇਕ ਹੋ ਜਾਣ। ਬੜੇ ਸਾਲਾਂ ਤੋਂ ਮੌੜ ਦਾ ਸਾਥੀ ਤੇ ਕਬੱਡੀ ਪ੍ਰੋਮੋਟਰ ਸ. ਸੁਰਜਨ ਸਿੰਘ ਚੱਠਾ ਦੀ ਸੋਚ ਨੂੰ ਸਲਾਮ ਹੈ, ਜਿਨ੍ਹਾਂ ਦੁਖੀ ਹਿਰਦੇ ਨਾਲ ਕਿਹਾ ਕਿ ਮਹਿੰਦਰ ਮੌੜ ਬਣਨਾ ਬੜਾ ਮੁਸ਼ਕਿਲ ਹੈ, ਪਰ ਕੋਸ਼ਿਸ਼ ਜਾਰੀ ਰਹੇਗੀ ਕਿ ਸਾਰੇ ਇਕੋ ਪਲੇਟਫਾਰਮ 'ਤੇ 'ਕੱਠੇ ਹੋ ਜਾਣ। ਮਹਿੰਦਰ ਮੌੜ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ।

ਪਿਤਾ ਸ. ਸੁੱਚਾ ਸਿੰਘ ਅਤੇ ਮਾਤਾ ਸ੍ਰੀਮਤੀ ਨਛੱਤਰ ਕੌਰ ਦਾ ਖਿਡਾਰੀ ਤੇ ਪਹਿਲਵਾਨ ਪੁੱਤ ਮੋਹਣਾ 1984 'ਚ ਕੋਟਲਾ ਨੇੜੇ ਕੁਲਾਰਾਂ ਦੀ ਮਨਜੀਤ ਕੌਰ ਨਾਲ ਵਿਆਹ ਦੇ ਬੰਧਨ 'ਚ ਬੰਨ੍ਹਿਆ ਗਿਐ। ਪਰਮਾਤਮਾ ਨੇ ਦੋ ਬੇਟਿਆਂ ਦੀ ਦਾਤ ਬਖਸ਼ੀ। ਦੋਨੋਂ ਬੇਟੇ ਆਪੋ ਆਪਣੀ ਜਗ੍ਹਾ ਸੈਟ ਨੇ। ਭਰਾ ਮੇਜਰ ਸਿੰਘ ਉਹਦੇ ਕੋਲ ਇੰਗਲੈਂਡ ਰਹਿੰਦਾ ਹੈ। ਇਕਲੌਤੀ ਭੈਣ ਬਲਵਿੰਦਰ ਕੌਰ ਪਰਿਵਾਰ ਸਮੇਤ ਇਟਲੀ ਰਹਿ ਰਹੀ ਹੈ। ਮਾਤਾ ਨਛੱਤਰ ਕੌਰ ਜਿਲਾ ਕਪੂਰਥਲੇ ਦੇ ਚੇਅਰਪਰਸਨ ਰਹਿ ਚੁਕੇ ਨੇ। ਚੰਗੀ ਸੂਝ-ਬੂਝ, ਉਚ ਸਿੱਖਿਆ ਅਤੇ ਜ਼ਿੰਦਗੀ ਦੇ ਹਰ ਪੱਖ ਨੂੰ ਮੱਦੇਨਜ਼ਰ ਰੱਖਦੇ ਸਰਕਾਰ ਵਲੋਂ ਇਹ ਅਹੁਦਾ ਬਖਸ਼ਿਸ਼ ਕੀਤਾ ਗਿਆ ਸੀ। ਉਸ ਵੇਲੇ ਦੇ ਐਮ. ਐਲ. ਏ. ਸ. ਰਘਵੀਰ ਸਿੰਘ ਨਾਲ ਪਰਿਵਾਰਕ ਸਾਂਝ ਹੈ। ਬਰਤਾਨੀਆ ਰਹਿੰਦਾ ਉਹ ਵੀ ਵਧੀਆ ਜ਼ਿੰਦਗੀ ਜੀਅ ਰਿਹੈ। ਖੇਡ ਜ਼ਿੰਦਗੀ ਨੂੰ ਯਾਦ ਕਰਕੇ ਖੁਸ਼ ਰਹਿੰਦੈ, ਪਰ ਮੌੜ ਸਾਹਿਬ ਦੀ ਘਾਟ ਹਮੇਸ਼ਾ ਮਹਿਸੂਸ ਕਰਦੈ। ਸਲਾਮ ਹੈ ਮਹਿੰਦਰ ਮੌੜ ਵਰਗੇ ਇਨਸਾਨਾਂ ਨੂੰ, ਜਿਨ੍ਹਾਂ ਕਬੱਡੀ ਨੂੰ ਉਚਾ ਚੁਕਣ ਲਈ ਕਾਲੇ ਸੰਘਿਆਂ ਦਾ ਨਾਂ ਸਾਰੀ ਦੁਨੀਆਂ 'ਚ ਰੌਸ਼ਨ ਕੀਤਾ।

ਜ਼ਬਰਦਸਤ ਟੱਕਰਾਂ ਵੇਖਣ ਲਈ,
ਗਰਾਊਂਡ ਦੁਆਲੇ ਲੋਕ ਬਹਿਣ ਲੱਗਦੇ।
ਬੱਲੇ ਬੱਲੇ ਕਰਾ'ਤੀ ਮੋਹਣ ਸਿੰਹਾਂ,
ਉਚੀ ਉਚੀ ਲੋਕ ਕਹਿਣ ਲੱਗਦੇ।
ਸਲਾਮਤ ਲੇਖਣੀ 'ਇਕਬਾਲ ਜੱਬੋਵਾਲੀਏ' ਦੀ,
ਮਹਾਨ ਖਿਡਾਰੀਆਂ ਦੀਆਂ ਕੌਡੀਆਂ
ਕਲਮਾਂ ਨਾਲ ਪਾਉਣ ਲੱਗਦੇ।



ਮਾਣ-ਸਨਮਾਨ ਦੀਆਂ ਘੜੀਆਂ





ਮਹਿੰਦਰ ਮੌੜ ਤੇ ਮੋਹਣਾ ਸੰਘਾ ਅਤੇ (ਐਨ ਸੱਜੇ) ਮਸੇਰ ਪੁੱਤ ਮੋਹਣਾ ਅਤੇ ਸਵਰਗੀ ਅਰਵਿੰਦਰ ਭਲਵਾਨ ਲੱਖਣ ਕੇ ਪੱਡੇ


# ਚਾਰਲੀ ਚੈਪਲਿਨ ਦੀ ਆਖਰੀ ਫਿਲਮ 'ਲਾਈਮਲਾਈਟ'

ਵਿਰਾਸਤ-ਏ-ਸਿਨੇਮਾ



ਡਾ. ਕੁਲਦੀਪ ਕੌਰ
ਫੋਨ: +91-98554-04330

*ਡਾ. ਕੁਲਦੀਪ ਕੌਰ ਇਸ ਕਾਲਮ ਰਾਹੀਂ ਸੰਸਾਰ ਸਿਨੇਮਾ ਦੇ ਉਨ੍ਹਾਂ ਫਿਲਮਸਾਜ਼ਾਂ ਦੀ ਸਿਰਜਣਾ ਬਾਰੇ ਸੰਵਾਦ ਰਚਾ ਰਹੇ ਹਨ ਜਿਨ੍ਹਾਂ ਲਈ ਫਿਲਮਾਂ ਬਣਾਉਣਾ ਸਾਹ ਲੈਣ ਵਾਂਗ ਹੈ। ਐਤਕੀਂ ਸੰਸਾਰ ਪ੍ਰਸਿੱਧ ਫਿਲਮਸਾਜ਼ ਚਾਰਲੀ ਚੈਪਲਿਨ ਦੀ ਫਿਲਮ 'ਲਾਈਮਲਾਈਟ' ਬਾਰੇ ਚਰਚਾ ਕੀਤੀ ਗਈ ਹੈ। ਇਸ ਫਿਲਮ ਵਿਚ ਚਾਰਲੀ ਚੈਪਲਿਨ ਨੇ ਫਿਲਮਸਾਜ਼ੀ ਅਤੇ ਜ਼ਿੰਦਗੀ ਨਾਲ ਜੁੜੀਆਂ ਸੁਰਾਂ ਦੀ ਸਾਰੰਗੀ ਉਤੇ ਆਪਣੀ ਸ਼ਖਸੀਅਤ ਦਾ ਗਜ਼ ਫੇਰਿਆ ਹੈ। -ਸੰਪਾਦਕ*






*ਉਘੇ ਫਿਲਮਸਾਜ਼ ਚਾਰਲੀ ਚੈਪਲਿਨ ਦੀ ਫਿਲਮ 'ਲਾਈਮਲਾਈਟ' ਦਾ ਪੋਸਟਰ ਅਤੇ (ਸੱਜੇ) ਫਿਲਮ ਦੇ ਇਕ ਦ੍ਰਿਸ਼ ਵਿਚ ਚਾਰਲੀ ਚੈਪਲਿਨ ਅਤੇ ਅਦਾਕਾਰਾ ਕਲੇਅਰ ਬਲੂਮ।*

ਫਿਲਮਸਾਜ਼ ਚਾਰਲੀ ਚੈਪਲਿਨ ਦੀ ਆਖਰੀ ਫਿਲਮ 'ਲਾਈਮਲਾਈਟ' ਸਿਨੇਮਾ ਦੇ ਇਤਿਹਾਸ ਵਿਚ ਦੰਦ-ਕਥਾ ਬਣ ਚੁੱਕੀ ਹੈ। ਇਸ ਫਿਲਮ ਦੇ ਨਿਰਮਾਣ ਦੀ ਪ੍ਰਕਿਰਿਆ ਨਾਲ ਜੁੜਿਆ ਸਾਰਾ ਕੁਝ ਇੰਨਾ ਅਚੰਭਿਤ ਕਰ ਦੇਣ ਵਾਲਾ ਹੈ ਕਿ ਇਸ ਦੀ ਕਹਾਣੀ, ਕਿਰਦਾਰਾਂ ਅਤੇ ਨਿਰਦੇਸ਼ਨ ਨਾਲੋਂ ਇਸ ਨੂੰ ਬਣਾਉਣ ਵਾਲੇ ਦੀ ਸੋਚ ਤੇ ਬੌਧਿਕਤਾ ਤੇ ਰਸ਼ਕ ਆਉਂਦਾ ਹੈ। ਜਦੋਂ ਇਹ ਫਿਲਮ ਬਣਨੀ ਸ਼ੁਰੂ ਹੋਈ ਤਾਂ ਚਾਰਲੀ ਚੈਪਲਿਨ ਆਪਣੀ ਫਿਲਮੀ ਜ਼ਿੰਦਗੀ ਦੀ ਫੇਡ ਹੋ ਰਹੀ ਲਾਈਮਲਾਈਟ ਅਤੇ ਆਪਣੀ ਅਸਲ ਜ਼ਿੰਦਗੀ ਵਿਚ ਵੀ ਅਨੇਕਾਂ ਦਵੰਦਾਂ ਤੇ ਵਿਸੰਗਤੀਆਂ ਵਿਚ ਘਿਰਿਆ ਹੋਇਆ ਸੀ। ਅਕਤੂਬਰ 1952 ਨੂੰ ਜਦੋਂ ਉਹ ਲੰਡਨ ਵਿਚ ਆਪਣੀ ਇਸ ਫਿਲਮ ਦੇ ਪਹਿਲੇ ਸ਼ੋਅ ਸਮੇਂ ਇਸ ਦਾ ਪਰਦਾ ਉਠਣ ਦਾ ਇੰਤਜ਼ਾਰ ਕਰ ਰਿਹਾ ਸੀ ਤਾਂ ਉਸ ਨੂੰ ਸੁਨੇਹਾ ਮਿਲਿਆ ਕਿ ਉਸ ਦੀਆਂ ਫਿਲਮਾਂ ਦੀ ਸਮਾਜਵਾਦੀ ਸੁਰ ਕਾਰਨ ਉਸ ਨੂੰ ਅਮਰੀਕਾ ਨੇ ਜਲਾਵਤਨ ਕਰ ਦਿੱਤਾ ਹੈ। ਇਸ ਕਾਰਨ ਇਸ ਫਿਲਮ ਦੀ ਰਿਲੀਜ਼ ਤੋਂ ਬਾਅਦ ਉਸ ਨੂੰ ਬਦਲੇ ਹਾਲਾਤ ਕਾਰਨ ਸਵਿੱਟਜ਼ਰਲੈਂਡ ਲਈ ਰਵਾਨਾ ਹੋਣਾ ਪਿਆ।

ਇਸ ਫਿਲਮ ਬਾਰੇ ਦੂਜੀ ਮਹਤੱਵਪੂਰਨ ਗੱਲ ਇਹ ਹੋਈ ਕਿ ਜਦੋਂ ਹੀ ਉਸ ਦੀ ਜਲਾਵਤਨੀ ਦਾ ਫੈਸਲਾ ਅਮਰੀਕੀ ਲੋਕਾਂ ਤੱਕ ਪਹੁੰਚਿਆ, ਉਸ ਦੀ ਫਿਲਮ ਦੇ ਡਿਸਟ੍ਰੀਬਿਊਟਰਾਂ ਅਤੇ ਸਿਨੇਮਾ ਮਾਲਕਾਂ ਨੇ ਫਿਲਮ ਨੂੰ ਸਿਨੇਮਿਆਂ ਵਿਚ ਲਗਾਉਣ ਤੋਂ ਇਨਕਾਰ ਕਰ ਦਿੱਤਾ। ਫਿਲਮ ਰਾਤੋ-ਰਾਤ ਬਕਸਿਆਂ ਵਿਚ ਬੰਦ ਹੋ ਗਈ। ਅਜੀਬ ਗੱਲ ਇਹ ਵੀ ਸੀ ਕਿ ਇਸ ਫਿਲਮ ਦੀ ਕਹਾਣੀ ਵੀ ਅਸਲ ਵਿਚ ਅਸਫਲ ਹੀਰੋ ਅਤੇ ਅਸਫਲ ਬੈਲੇ ਡਾਂਸਰ ਦੀ ਹੈ ਜਿਸ ਵਿਚ ਉਹ ਲਗਭਗ ਆਪਣੀ ਜ਼ਿੰਦਗੀ ਤੇ ਕੈਰੀਅਰ ਦੀਆਂ ਸਭ ਤੋਂ ਨੀਵੀਆਂ ਖਾਈਆਂ ਵਿਚੋਂ ਲੰਘ ਰਹੇ ਹਨ। ਇਸ ਤਰ੍ਹਾਂ ਇਸ ਫਿਲਮ ਦਾ ਸਫਰ ਹੀ ਆਪਣੇ ਆਪ ਵਿਚ ਬਹੁਤ ਅਨੋਖਾ ਅਤੇ ਦਿਲਚਸਪ ਹੈ।

ਇਹ ਫਿਲਮ ਚਾਰਲੀ ਚੈਪਲਿਨ ਦੇ ਦਿਲ ਦੇ ਇਸ ਲਈ ਵੀ ਨੇੜੇ ਹੈ ਕਿਉਂਕਿ ਇਸ ਵਿਚ ਉਸ ਦੇ ਘੱਟੋ-ਘੱਟ ਪੰਜ ਪਰਿਵਾਰਕ ਜੀਆਂ ਨੇ ਅਦਾਕਾਰੀ ਕੀਤੀ ਤੇ ਪਰਿਵਾਰ ਦੇ ਕਈ ਹੋਰ ਜੀਆਂ ਨੇ ਹਰ ਤਰ੍ਹਾਂ ਨਾਲ ਸਹਿਯੋਗ ਦਿੱਤਾ। ਫਿਲਮ ਦੀ ਕਹਾਣੀ ਵੀ ਲੀਹ ਤੋਂ ਹਟ ਕੇ ਹੈ। ਇਸ ਨੂੰ ਦੇਖਦਿਆਂ ਅਤੇ ਇਸ ਵਿਚ ਸ਼ਾਮਿਲ ਲੰਮੀਆਂ ਗੱਲਾਂ-ਬਾਤਾਂ ਨੂੰ ਸਮਝਦਿਆਂ ਹੈਰਾਨੀ ਹੁੰਦੀ ਹੈ ਕਿ ਇੰਨਾ ਸਮਾਂ 'ਮੂਕ' ਫਿਲਮਾਂ 'ਤੇ ਰਾਜ਼ ਕਰਨ ਵਾਲੇ ਚਾਰਲੀ ਚੈਪਲਿਨ ਦੇ ਦਿਲ ਵਿਚ ਦੁਨੀਆ ਨੂੰ ਦੱਸਣ ਅਤੇ ਸੁਣਾਉਣ ਲਈ ਇੰਨਾ ਕੁਝ ਕਿਵੇਂ ਬਚਿਆ ਪਿਆ ਸੀ!

ਇਹ ਫਿਲਮ ਹਰ ਪੱਧਰ 'ਤੇ ਚਾਰਲੀ ਚੈਪਲਿਨ ਦੀ ਸੰਜੀਦਗੀ ਅਤੇ ਬੌਧਿਕਤਾ ਉਪਰ ਮੋਹਰ ਲਗਾਉਂਦੀ ਹੈ। ਜਿਉਂ-ਜਿਉਂ ਫਿਲਮ ਦੀ ਕਹਾਣੀ ਅੱਗੇ ਵਧਦੀ ਹੈ, ਦਰਸ਼ਕਾਂ ਦੀਆਂ ਨਜ਼ਰਾਂ ਵਿਚ ਉਸ ਦਾ ਮਸਖਰੇ ਤੇ ਕਾਮੇਡੀ-ਕਿੰਗ ਵਾਲਾ ਬਿੰਬ ਟੁੱਟਦਾ ਜਾਂਦਾ ਹੈ ਅਤੇ ਉਸ ਬਾਰੇ ਨਵੇਂ ਸਿਰਿਉਂ ਸੋਚਣ ਦੀ ਸੁਰ ਉਚੀ ਹੁੰਦੀ ਜਾਂਦੀ ਹੈ। ਉਸ ਅਨੁਸਾਰ, ਇਸ ਫਿਲਮ ਦਾ ਨਿਰਮਾਣ ਉਹਦੇ ਲਈ ਉਹਦੀ ਆਪਣੀ ਸਫਲਤਾ ਅਤੇ ਕਮੀਆਂ ਬਾਰੇ ਵਿਹਾਰਕ ਤੇ ਸੰਵੇਦਨਸ਼ੀਲ ਖੁਦ ਨਾਲ ਸੰਵਾਦ ਕਰਨ ਵਾਂਗ ਸੀ। ਲਾਈਮਲਾਈਟ ਦਾ ਫੇਡ ਹੋਣਾ ਜ਼ਿੰਦਗੀ ਦੀ ਲਗਾਤਾਰਤਾ ਦਾ ਅਹਿਮ ਹਿੱਸਾ ਹੈ। ਇਸ ਤੋਂ ਮੁਨਕਰ ਹੋਣਾ ਸੰਭਵ ਹੀ ਨਹੀਂ। ਅਸਲ ਮਸਲਾ ਤੁਹਾਡਾ ਆਪਣੇ ਆਪ ਅਤੇ ਆਪਣੇ ਕੰਮ ਪ੍ਰਤੀ ਸਮਰਪਿਤ ਹੋਣਾ ਹੈ। ਇਹੀ ਇਕਲੌਤਾ ਸੱਚ ਇਤਿਹਾਸ ਵਿਚ ਕਿਸੇ ਵੀ ਕਲਾਕਾਰ ਜਾਂ ਆਮ ਬੰਦੇ ਦੀ ਜਗ੍ਹਾ ਤੈਅ ਕਰਦਾ ਹੈ।

ਇਸ ਫਿਲਮ ਦੀ ਕਹਾਣੀ ਅਤੇ ਇਸ ਦੇ ਕੇਂਦਰੀ ਨੁਕਤਿਆਂ ਬਾਰੇ ਗੱਲ ਕਰਨੀ ਜ਼ਰੂਰੀ ਹੈ। ਇਸ ਫਿਲਮ ਰਾਹੀਂ ਚਾਰਲੀ ਚੈਪਲਿਨ ਦੁਨੀਆ ਵਿਚ ਸਫਲ ਜਾਂ ਅਸਫਲ ਹੋਣ, ਆਪਣੀ ਜ਼ਿੰਦਗੀ ਦੇ ਸੁਫਨਿਆਂ ਦੀ ਪ੍ਰਾਪਤੀ ਅਤੇ ਆਪਣੀ ਕਲਾ ਨੂੰ ਸਵੀਕਾਰਨ ਬਾਰੇ ਚੀਰ-ਫਾੜ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਜ਼ਿੰਦਗੀ ਦਾ ਅੰਤਿਮ ਸੱਚ ਇਸ ਨੂੰ ਜਿਊਣਾ ਹੈ, ਇਸ ਦੀਆਂ ਮੁਸ਼ਕਿਲਾਂ ਤੇ ਸੰਘਰਸ਼ਾਂ ਵਿਚੋਂ ਸਾਬਤ-ਸਬੂਤੇ ਨਿਕਲਣਾ ਹੈ। ਜ਼ਿੰਦਗੀ ਦੀ ਤੋਰ ਇੰਨੀ ਲਗਾਤਾਰ ਅਤੇ ਬੇਰੋਕ ਹੈ ਕਿ ਉਸ ਵਿਚ ਬੰਦੇ ਦੀ ਹੋਂਦ ਕਿਣਕਾ ਮਾਤਰ ਹੈ। ਅਸੀਂ ਕਿੱਥੋਂ ਆਏ ਹਾਂ? ਇੱਥੇ ਕੀ ਕਰ ਰਹੇ ਹਾਂ? ਅਸੀਂ ਅੱਗੇ ਕਿੱਥੇ ਜਾਣਾ ਹੈ? ਇਨ੍ਹਾਂ ਸਾਰੇ ਸਵਾਲਾਂ ਦਰਮਿਆਨ ਸਾਡੀ ਹੋਂਦ ਲਗਾਤਾਰ ਦੂਜਿਆਂ ਨਾਲ ਵੱਖ-ਵੱਖ ਪੱਧਰਾਂ 'ਤੇ ਟਕਰਾ ਰਹੀ ਹੈ। ਉਨ੍ਹਾਂ ਦਾ ਨਜ਼ਰੀਆਂ ਸਾਨੂੰ ਕਿਵੇਂ ਘੜਦਾ ਹੈ? ਇਸ ਘਾੜਤ ਵਿਚੋਂ ਅਸੀਂ ਕਿੰਨੇ ਖਾਲਸ ਜਾਂ ਖਰੇ ਹੋ ਕੇ ਨਿੱਤਰਦੇ ਹਾਂ, ਇਹ ਨੁਕਤਾ ਮਨੁੱਖੀ ਹੋਂਦ ਨਾਲ ਜੁੜਿਆ ਹੋਇਆ ਹੈ।

ਇਸ ਫਿਲਮ ਦਾ ਤਾਣਾ-ਬਾਣਾ ਪ੍ਰੇਮ ਕਹਾਣੀ ਦੇ ਇਰਦ-ਗਿਰਦ ਬੁਣਿਆ ਗਿਆ ਹੈ ਪਰ ਇਹ ਕਹਾਣੀ ਸਾਧਾਰਨ ਨਹੀਂ। ਇਸ ਵਿਚ ਬਹੁਤ ਕੁਝ ਅਜਿਹਾ ਹੈ ਜੋ ਅਸਹਿਜ ਕਰਦਾ ਹੈ, ਸਾਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਮਜ਼ਬੂਰ ਕਰਦਾ ਹੈ। ਫਿਲਮ ਦੀ ਸੁਰ ਇਹੀ ਹੈ ਕਿ ਬਹੁਤ ਜ਼ਿਆਦਾ ਔਖੀਆਂ ਘੜੀਆਂ ਵੀ ਆਖਰਕਾਰ ਗੁਜ਼ਰ ਜਾਂਦੀਆਂ ਹਨ। ਬੱਸ, ਆਪਣਾ ਸਿਦਕ ਤੇ ਇਮਾਨ ਜ਼ਿੰਦਾ ਰੱਖਣਾ ਜ਼ਰੂਰੀ ਹੈ। ਇਸ ਫਿਲਮ ਨਾਲ ਜੁੜਿਆ ਸਭ ਤੋਂ ਮਹੱਤਵਪੂਰਨ ਕਿੱਸਾ ਚਾਰਲੀ ਚੈਪਲਿਨ ਦੇ ਸਮਕਾਲੀ ਅਤੇ ਬਰਾਬਰ ਦੇ ਕਲਾਕਾਰ ਬਸਟਨ ਕੀਟਨ ਦੇ ਇਸ ਫਿਲਮ ਵਿਚ ਰੋਲ ਕਰਨ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਦੋਵਾਂ ਦੀ ਪੇਸ਼ੇਵਰ ਦੁਸ਼ਮਣੀ ਅਤੇ ਮੁਕਾਬਲੇ ਬਾਰੇ ਸਾਰਾ ਹਾਲੀਵੁੱਡ ਜਾਣੂ ਸੀ। ਇਸ ਫਿਲਮ ਦੇ ਨਿਰਮਾਣ ਦੌਰਾਨ ਇੱਕ ਦਿਨ ਚਾਰਲੀ ਚੈਪਲਿਨ ਕੋਲ ਉਸ ਦਾ ਨਾਮ ਸਹਾਇਕ ਅਦਾਕਾਰ ਵਜੋਂ ਵਿਚਾਰਨ ਲਈ ਆਇਆ। ਉਹ ਇਸ ਨਾਮ ਨੂੰ ਸੁਣ ਕੇ ਦੰਗ ਰਹਿ ਗਿਆ। ਬਾਅਦ ਵਿਚ ਚਾਰਲੀ ਚੈਪਲਿਨ ਦੇ ਮੁੰਡੇ ਨੇ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਕਿਵੇਂ ਚਾਰਲੀ ਨੇ ਨਾ ਸਿਰਫ ਆਪਣਾ ਰੋਲ ਕੱਟ ਕੇ ਉਸ ਦੀ ਭੂਮਿਕਾ ਨੂੰ ਲੰਮੀ ਕੀਤਾ ਬਲਿਕ ਉਸ ਨੇ ਗੱਲਾਂ-ਗੱਲਾਂ ਵਿਚ ਮਜ਼ਾਕੀਆਂ ਢੰਗ ਨਾਲ ਉਸ ਨੂੰ ਆਪਣੇ ਹਿੱਸੇ ਆਪਣੇ ਢੰਗ ਨਾਲ ਲਿਖਣ, ਕਰਨ ਅਤੇ ਨਿਰਦੇਸ਼ਤ ਕਰਨ ਲਈ ਵੀ ਆਜ਼ਾਦ ਕਰ ਦਿੱਤਾ। ਇੱਕ ਕਲਾਕਾਰ ਦੀ ਇਸ ਤੋਂ ਵੱਧ ਮਹਾਨਤਾ ਹੋਰ ਕੀ ਹੋ ਸਕਦੀ ਹੈ?

ਇਹ ਪਹਿਲੀ ਅਤੇ ਆਖਰੀ ਫਿਲਮ ਸੀ ਜਿਸ ਵਿਚ ਸਿਨੇਮਾ ਦੇ ਇਤਿਹਾਸ ਵਿਚ ਮੂਕ ਫਿਲਮਾਂ ਦੇ ਦੋ ਮਹਾਂਰਥੀ ਇਕੱਠੇ ਸਨ ਤੇ ਉਨ੍ਹਾਂ ਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਨੂੰ ਸੁੰਨ ਕਰ ਦਿੱਤਾ। ਇਸ ਫਿਲਮ ਦੀ ਕਹਾਣੀ ਮੁਤਾਬਿਕ ਚਾਰਲੀ ਚੈਪਲਿਨ ਦਾ ਕਿਰਦਾਰ ਨੌਜਵਾਨ ਬੈਲੇ ਡਾਂਸਰ ਨੂੰ ਮੁੜ ਤੋਂ ਜਿਊਣ ਦੀ ਪ੍ਰੇਰਨਾ ਦਿੰਦਾ ਹੈ, ਫਿਲਮ ਤੋਂ ਬਾਹਰ ਉਹ ਆਪਣੇ ਸਮਕਾਲੀ ਅਤੇ ਜ਼ਿੰਦਗੀ ਭਰ ਉਸ ਨਾਲ ਸਖਤ ਮੁਕਾਬਲੇ ਵਿਚ ਰਹੇ ਬਸਟਨ ਕੀਟਨ ਨੂੰ ਫਿਰ ਤੋਂ ਨਵਿਆ ਦਿੰਦਾ ਹੈ। ਇਹ ਕਲਾ ਦੀ ਹੀ ਸਾਰਥਿਕਤਾ ਹੋ ਸਕਦੀ ਹੈ। ਇਹੀ ਜ਼ਿੰਦਗੀ ਦਾ ਕੁੱਲ ਸਰਮਾਇਆ ਹੋ ਨਿਬੜਦਾ ਹੈ।





*ਚਾਰਲੀ ਚੈਪਲਿਨ ਦੀ ਅਹਿਮ ਫਿਲਮ ਫਿਲਮ 'ਲਾਈਮਲਾਈਟ' ਦੇ ਦੋ ਹੋਰ ਦ੍ਰਿਸ਼।*

# ਅਰਬ-ਪਤੀ ਬਣਿਆ ਰਾਹਤ ਫਤਿਹ ਅਲੀ ਖਾਨ

ਗਾਇਕ ਰਾਹਤ ਫਤਹਿ ਅਲੀ ਖਾਨ ਦੇ ਗੀਤ 'ਜ਼ਰੂਰੀ ਥਾ' ਨੂੰ ਯੂਟਿਊਬ ਉਤੇ ਇੱਕ ਅਰਬ ਤੋਂ ਵੱਧ ਲੋਕਾਂ ਨੇ ਦੇਖਿਆ ਹੈ। ਇਹ ਗਾਣਾ ਛੇ ਸਾਲ ਪਹਿਲਾਂ ਰਿਲੀਜ਼ ਕੀਤਾ ਗਿਆ ਸੀ ਅਤੇ ਇਹ ਅਦਾਕਾਰਾ ਗੌਹਰ ਖਾਨ ਅਤੇ ਅਦਾਕਾਰ ਕੁਸ਼ਾਲ ਟੰਡਨ 'ਤੇ ਫਿਲਮਾਇਆ ਗਿਆ ਸੀ ਜਿਨ੍ਹਾਂ ਨੇ ਮਸ਼ਹੂਰ ਰਿਐਲਟੀ ਸ਼ੋਅ 'ਬਿੱਗ ਬੌਸ 7' ਵਿਚ ਆਪਣੀ ਪੇਸ਼ਕਾਰੀ ਮਗਰੋਂ ਕਾਫੀ ਪ੍ਰਸਿੱਧੀ ਪ੍ਰਾਪਤ ਕੀਤੀ ਸੀ ਅਤੇ ਅਸਲ ਜ਼ਿੰਦਗੀ ਵਿਚ ਵੀ ਇਕ-ਦੂਜੇ ਦੇ ਨੇੜੇ ਆ ਗਏ ਸਨ। ਇਹ ਗਾਣਾ ਸੰਗੀਤ ਐਲਬਮ 'ਬੈਕ 2 ਲਵ' ਦਾ ਹਿੱਸਾ ਸੀ ਜੋ ਜੂਨ 2014 ਵਿਚ ਸੰਸਾਰ ਪੱਧਰ 'ਤੇ ਰਿਲੀਜ਼ ਹੋਈ ਸੀ ਅਤੇ ਉਸ ਵਕਤ ਵੀ ਇਸ ਨੂੰ ਭਰਵਾਂ ਹੁੰਗਾਰਾ ਸੀ। ਨਾਲ ਹੀ ਇਸ ਅਦਾਕਾਰ ਜੋੜੀ ਦੀ ਚਰਚਾ ਹਰ ਗਲੀ, ਹਰ ਕੂਚੇ ਅੰਦਰ ਹੋਈ ਸੀ।

'ਯੂਟਿਊਬ 'ਤੇ ਇਸ ਗਾਣੇ ਨੂੰ ਇੱਕ ਅਰਬ ਲੋਕਾਂ ਵੱਲੋਂ ਦੇਖੇ ਜਾਣ 'ਤੇ ਰਾਹਤ ਫਤਹਿ ਅਲੀ ਖਾਨ ਬੇਹੱਦ ਖੁਸ਼ ਹੈ। ਇਸ ਪ੍ਰਾਂਪਤੀ ਲਈ ਉਨ੍ਹਾਂ ਨੇ ਗੀਤ ਦੀ ਤਿਆਰੀ ਵਿਚ ਸ਼ਾਮਲ ਪੂਰੀ ਟੀਮ ਦਾ ਧੰਨਵਾਦ ਕੀਤਾ। ਇਸ ਟੀਮ ਵਿਚ ਗੀਤਕਾਰ ਖਲੀਲ-ਉਰ-ਰਹਿਮਾਨ ਕਮਰ ਵੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰਿਆਂ ਨੇ ਗੀਤ ਨੂੰ ਖੂਬਸੂਰਤ ਬਣਾਉਣ ਅਤੇ ਹਿੱਟ ਕਰਨ ਦਾ ਕੰਮ ਕੀਤਾ ਹੈ। ਗੀਤ ਵਿੱਚ ਗੌਹਰ ਖਾਨ ਅਤੇ ਕੁਸ਼ਾਲ ਟੰਡਨ ਦੀ ਸਕਰੀਨ ਕੈਮਿਸਟਰੀ ਨੂੰ ਸਾਰਿਆਂ ਨੇ ਬਹੁਤ ਪਸੰਦ ਕੀਤਾ ਸੀ।

ਗਾਇਕ ਰਾਹਤ ਅਲੀ ਖਾਨ ਅੱਜ ਸੰਗੀਤ ਦੀ ਦੁਨੀਆ ਦਾ ਵੱਡਾ ਨਾਂ ਹੈ। ਉਸ ਦਾ ਜਨਮ 9 ਦਸੰਬਰ 1974 ਨੂੰ ਕੱਵਾਲਾਂ ਅਤੇ ਕਲਾਸੀਕਲ ਗਾਇਕਾਂ ਦੇ ਇਕ ਪਰਿਵਾਰ ਵਿਚ ਫੈਸਲਾਬਾਦ (ਲਹਿੰਦਾ ਪੰਜਾਬ) ਵਿਚ ਹੋਇਆ। ਉਸ ਦੇ ਅੱਬਾ ਦਾ ਨਾਂ ਫਾਰੁਖ ਫਤਿਹ ਅਲੀ ਖਾਨ ਅਤੇ ਦਾਦੇ ਦਾ ਨਾਂ ਫਤਿਹ ਅਲੀ ਖਾਨ ਹੈ। ਮਿਸਾਲੀ ਕੱਵਾਲੀ ਗਾਇਕ ਨੁਸਰਤ ਫਤਿਹ ਅਲੀ ਖਾਨ ਉਸ ਦਾ ਚਾਚਾ ਸੀ। ਰਾਹਤ ਨੇ ਬਚਪਨ ਵਿਚ ਹੀ ਸੰਗੀਤ ਦੀ ਦੁਨੀਆ ਵਿਚ ਆਪਣਾ ਰੰਗ ਦਿਖਾਉਣਾ ਆਰੰਭ ਕਰ ਦਿੱਤਾ ਸੀ। ਉਹ ਨੌਂ ਵਰ੍ਹਿਆਂ ਦਾ ਸੀ ਜਦੋਂ ਉਹਨੇ ਪਹਿਲੀ ਵਾਰ ਜਨਤਕ ਤੌਰ 'ਤੇ ਸੁਰਾਂ ਲਾਈਆਂ। ਇਹ ਉਹਦੇ ਦਾਦੇ ਦੀ ਬਰਸੀ ਦਾ ਮੌਕਾ ਸੀ। 15 ਸਾਲ ਦੀ ਉਮਰ ਤੱਕ ਅੱਪੜਦਿਆਂ ਉਹ ਨੁਸਰਤ ਫਤਿਹ ਅਲੀ ਖਾਨ ਦੀ ਟੀਮ ਦਾ ਸਰਕਰਦਾ ਮੈਂਬਰ ਬਣ ਗਿਆ ਅਤੇ ਫਿਰ ਤਾਂ ਚੱਲ ਸੋ ਚੱਲ, ਉਹ ਸੰਗੀਤ ਦੀ ਦੁਨੀਆ ਦੇ ਪੌਡੇ ਚੜ੍ਹਦਾ ਗਿਆ।

-ਆਮਨਾ ਕੌਰ





*ਗਾਇਕ ਰਾਹਤ ਫਤਿਹ ਅਲੀ ਖਾਨ ਅਤੇ (ਸੱਜੇ) ਗਾਣੇ 'ਜ਼ਰੂਰੀ ਥਾ' ਦੀ ਵੀਡੀਓ ਦੀ ਇਕ ਝਲਕ।*

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com